ਕੌਮਾਂਤਰੀ www.amritsartimes.live

# ਅੰਮ੍ਰਿਤਸਰ ਟਾਈਮਜ਼

QUOMANTRY AMRITSAR TIMES

West/East Coast Edition | Volume 22 | Issue 166| 12 March to 18 March, 2025 | Ph.: (510) 240-5949 | Email: asrtimes@gmail.com

# ਜਥੇਦਾਰਾਂ ਨੂੰ ਸੇਵਾ ਮੁਕਤ ਕਰਨ ਤੋਂ ਬਾਅਦ ਅਕਾਲੀ ਸੰਕਟ ਵਧਿਆ

## ਅਕਾਲੀ ਸਫ਼ਾਂ 'ਚੋਂ ਬ਼ਗਾਵਤ ਉੱਠੀ | ਮਜੀਠੀਆ ਸਮੇਤ ਕਈ ਅਕਾਲੀ ਆਗੂਆਂ ਨੇ ਕੀਤੀ ਬ਼ਗਾਵਤ

## ਭਾਜਪਾ ਨੇੜਲੀਆਂ ਸਿੱਖ ਧਿਰਾਂ ਅਕਾਲੀ ਦਲ ਦੇ ਖ਼ਾਤਮੇ ਲਈ ਹੋਈਆਂ ਸਰਗਰਮ

**ਪ੍ਰੋ.ਫੈਸਰ ਬਲਵਿੰਦਰ ਪਾਲ ਸਿੰਘ**

ਸ਼੍ਰੋਮਣੀ ਅਕਾਲੀ ਦਲ ਦੀ ਲੀਡਰਸ਼ਿਪ ਅਤੇ ਸਿੱਖਾਂ ਦੇ ਸਿਰਮੌਰ ਤਖ਼ਤਾਂ ਦੇ ਜਥੇਦਾਰਾਂ ਵਿਚਕਾਰ ਪਿਛਲੇ ਕੁਝ ਸਮੇਂ ਤੋਂ ਚੱਲ ਰਹੀ ਕਸ਼ਮਕਸ਼ ਨੇ ਪਿਛਲੇ ਦਿਨੀਂ ਦੋ ਹੋਰ ਜਥੇਦਾਰਾਂ ਦੀ ਬਲੀ ਲੈ ਲਈ ਹੈ। ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀ ਅੰਤ੍ਰਿੰਗ ਕਮੇਟੀ ਵੱਲੋਂ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਜਥੇਦਾਰ ਗਿਆਨੀ ਰਘਬੀਰ ਸਿੰਘ ਅਤੇ ਤਖ਼ਤ ਸ੍ਰੀ ਕੇਸਗੜ੍ਹ ਸਾਹਿਬ ਦੇ ਜਥੇਦਾਰ ਗਿਆਨੀ ਸੁਲਤਾਨ ਸਿੰਘ ਨੂੰ ਅਹੁਦੇ ਤੋਂ ਹਟਾਉਣ ਦਾ ਕਦਮ ਸ਼੍ਰੋਮਣੀ ਅਕਾਲੀ ਦਲ ਵੱਲੋਂ ਪੰਥਕ ਬਿਰਤਾਂਤ 'ਤੇ ਆਪਣੀ ਪਕੜ ਬਣਾਉਣ ਦੀ ਕੋਸ਼ਿਸ਼ ਦੀ ਉਪਜ ਜਾਪਦਾ ਹੈ। ਹਾਲਾਂ ਕਿ, ਦਰਬਾਰ ਸਾਹਿਬ ਦੇ ਹੈੱਡ ਗ੍ਰੰਥੀ ਵਜੋਂ ਗਿਆਨੀ ਰਘਬੀਰ ਸਿੰਘ ਦੀਆਂ ਸੇਵਾਵਾਂ ਜਾਰੀ ਰਹਿਣਗੀਆਂ।

ਸ਼੍ਰੋਮਣੀ ਕਮੇਟੀ ਦੇ ਸੀਨੀਅਰ ਮੀਤ ਪ੍ਰਧਾਨ ਰਘੂਜੀਤ ਸਿੰਘ ਵਿਰਕ ਨੇ ਜਥੇਦਾਰ ਸਾਹਿਬਾਨ ਨੂੰ ਬਦਲਣ ਦਾ ਕਾਰਨ ਇਹ ਦੱਸਿਆ ਹੈ ਕਿ ਸਿੱਖ ਪੰਥ ਨੂੰ ਦਰਪੇਸ਼ ਚੁਣੌਤੀਆਂ ਦੇ ਮੱਦੇ-ਨਜ਼ਰ, ਜਥੇਦਾਰ ਗਿਆਨੀ ਰਘੁਬੀਰ ਸਿੰਘ ਸੰਪਰਦਾ ਦੀਆਂ ਚੁਣੌਤੀਆਂ ਨੂੰ ਹੱਲ ਕਰਨ ਅਤੇ ਸਹੀ ਅਗਵਾਈ ਦੇਣ ਦੇ ਅਸਮਰੱਥ ਰਹੇ ਹਨ। ਵਿਰਕ ਨੇ ਕਿਹਾ ਕਿ ਸਿੱਖ ਸੰਸਥਾਵਾਂ ਵਿੱਚ ਵਧ ਰਹੇ ਪਾੜੇ ਅਤੇ ਵਿਸ਼ਵ ਪੱਧਰ 'ਤੇ ਸਿੱਖ ਪਛਾਣ ਅਤੇ ਸਵੈ-ਮਾਣ ਲਈ ਵਧ ਰਹੇ ਖ਼ਤਰੇ 'ਤੇ ਠੋਸ ਕਾਰਵਾਈ ਨਹੀਂ ਕੀਤੀ ਜਾ ਸਕੀ। ਇਸੇ ਕਰਕੇ ਸੇਵਾ ਮੁਕਤ ਕੀਤਾ ਗਿਆ ਹੈ।

ਯਾਦ ਰਹੇ ਕਿ ਲੰਘੀ 11 ਫ਼ਰਵਰੀ 2025 ਨੂੰ 15 ਮੈਂਬਰੀ ਕਾਰਜਕਾਰੀ ਕਮੇਟੀ ਨੇ ਤਖ਼ਤ ਦਮਦਮਾ ਸਾਹਿਬ ਦੇ ਜਥੇਦਾਰ ਗਿਆਨੀ ਹਰਪ੍ਰੀਤ ਸਿੰਘ ਦੀਆਂ ਸੇਵਾਵਾਂ ਖ਼ਤਮ ਕਰ ਦਿੱਤੀਆਂ ਸਨ। ਇਸ ਤਰ੍ਹਾਂ ਪਿਛਲੇ ਸਾਲ ਦੋ ਦਸੰਬਰ ਨੂੰ ਸ਼੍ਰੋਮਣੀ ਅਕਾਲੀ ਦਲ ਦੇ ਸਾਬਕਾ ਪ੍ਰਧਾਨ ਸੁਖਬੀਰ ਸਿੰਘ ਬਾਦਲ ਅਤੇ ਹੋਰਨਾਂ ਅਕਾਲੀ ਆਗੂਆਂ ਨੂੰ ਪਿਛਲੇ ਅਰਸੇ ਦੌਰਾਨ ਪੰਥ ਅਤੇ ਪੰਜਾਬ ਦੇ ਹਿੱਤਾਂ ਖ਼ਿਲਾਫ਼ ਕੀਤੀਆਂ ਗਈਆਂ ਕਾਰਵਾਈਆਂ ਬਦਲੇ ਤਨਖ਼ਾਹੀਏ ਕਰਾਰ ਦੇਣ ਦੇ ਇਤਿਹਾਸਕ ਹੁਕਮਨਾਮੇ ਦੀ ਇਬਾਰਤ ਲਿਖਣ ਵਾਲੇ ਹੁਣ ਤਕ ਤਿੰਨ ਜਥੇਦਾਰਾਂ ਨੂੰ ਹਟਾ ਦਿੱਤਾ ਗਿਆ ਹੈ ਪਰ ਸਵਾਲ ਹੈ ਕਿ ਕੀ ਉਨ੍ਹਾਂ ਨੂੰ ਪੰਥਕ ਤੇ ਸਿਆਸੀ ਤੇ ਪੰਥਕ ਦ੍ਰਿਸ਼ ਤੋਂ ਲਾਂਭੇ ਕੀਤਾ ਜਾ ਸਕਿਆ ਹੈ? ਕੀ ਇਸ ਨਾਲ ਅਕਾਲੀ ਸੰਕਟ ਹੋਰ ਡੂੰਘਾ ਨਹੀਂ ਹੋਇਆ? ਇਥੇ





ਜ਼ਿਕਰਯੋਗ ਹੈ ਕਿ ਪੰਜ ਸਿੰਘ ਸਾਹਿਬਾਨ ਦੇ ਦੋ ਦਸੰਬਰ ਦੇ ਹੁਕਮਨਾਮੇ ਵਿਚੋਂ ਉਪਜੀ 7 ਮੈਂਬਰੀ ਕਮੇਟੀ ਨੂੰ ਸ਼੍ਰੋਮਣੀ ਅਕਾਲੀ ਦਲ ਦੀ ਲੀਡਰਸ਼ਿਪ ਨੇ ਚੋਣ ਕਮਿਸ਼ਨ ਨੂੰ ਆਧਾਰ ਬਣਾ ਕੇ ਮਾਨਤਾ ਨਹੀਂ ਦਿੱਤੀ ਸੀ। ਪਹਿਲਾਂ ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਹਰਜਿੰਦਰ ਸਿੰਘ ਧਾਮੀ ਅਤੇ ਸਾਬਕਾ ਪ੍ਰਧਾਨ ਕ੍ਰਿਪਾਲ ਸਿੰਘ ਬਡੂੰਗਰ ਦੇ ਅਸਤੀਫ਼ਿਆਂ ਜ਼ਰੀਏ ਅਕਾਲ ਤਖ਼ਤ ਸਾਹਿਬ ਦੀ ਭਰਤੀ ਕਮੇਟੀ ਨੂੰ ਨਕਾਰਾ ਬਣਾਉਣ ਦੀ ਕੋਸ਼ਿਸ਼ ਕੀਤੀ ਗਈ ਪਰ ਜਦੋਂ ਅਕਾਲ ਤਖ਼ਤ ਸਾਹਿਬ ਦੇ ਜਥੇਦਾਰ ਵੱਲੋਂ ਪੰਜ ਮੈਂਬਰੀ ਕਮੇਟੀ ਨੂੰ ਸ਼੍ਰੋਮਣੀ ਅਕਾਲੀ ਦਲ ਦੀ ਨਵੀਂ ਭਰਤੀ ਲਈ ਆਪਣਾ ਕੰਮ ਜਾਰੀ ਰੱਖਣ ਅਤੇ ਮੌਜੂਦਾ ਮੈਂਬਰਾਂ ਵਿਚੋਂ ਹੀ ਨਵਾਂ ਮੁਖੀ ਚੁਣ ਲੈਣ ਦੀ ਸੇਧ ਦੇਣ ਤੋਂ ਬਾਅਦ 5 ਮੈਂਬਰੀ ਕਮੇਟੀ ਨੇ 18 ਮਾਰਚ ਤੋਂ ਸ੍ਰੀ ਅਕਾਲ ਤਖ਼ਤ ਸਾਹਿਬ ਤੋਂ ਨਵੀਂ ਭਰਤੀ ਆਰੰਭ ਕਰਨ ਦਾ ਐਲਾਨ ਕਰ ਦਿੱਤਾ। ਇਸ ਨਾਲ ਸ਼੍ਰੋਮਣੀ ਅਕਾਲੀ ਦਲ ਲਈ ਵੱਡੀ ਚੁਣੌਤੀ ਪੈਦਾ ਹੋ ਗਈ ਸੀ। ਹਾਲਾਂ ਕਿ ਬਾਦਲ ਅਕਾਲੀ ਦਲ ਨੇ ਇਸ ਤੋਂ ਪਹਿਲਾਂ ਆਪਣੀ ਭਰਤੀ ਪ੍ਰਕਿਰਿਆ ਲਗਭਗ ਮੁਕੰਮਲ ਕਰਨ ਦਾ ਐਲਾਨ ਕਰ ਦਿੱਤਾ ਸੀ। ਇਸੇ ਕਰਕੇ ਜਥੇਦਾਰਾਂ ਦੀ ਬਰਤਰਫ਼ੀ ਕੀਤੀ ਗਈ। ਮੰਨਿਆ ਜਾ ਰਿਹਾ ਹੈ ਕਿ ਜਥੇਦਾਰ ਸਾਹਿਬਾਨ ਨੂੰ ਹਟਾਉਣ ਦੀ ਕਾਰਵਾਈ ਦਾ ਅਕਾਲੀ ਦਲ ਦਾ ਸੰਕਟ ਅੱਗੇ ਨਾਲੋਂ ਹੋਰ ਜ਼ਿਆਦਾ ਵਧੇਗਾ ਜੋ ਬਾਦਲ ਅਕਾਲੀ ਦਲ ਪਹਿਲਾਂ ਹੀ ਆਪਣੀ ਭਰੋਸੇਯੋਗਤਾ ਲਈ ਜੱਦੋ-ਜਹਿਦ ਕਰ ਰਿਹਾ ਹੈ। ਸ਼੍ਰੋਮਣੀ ਕਮੇਟੀ ਦੀ ਅੰਤਰਿਮ ਕਮੇਟੀ ਵੱਲੋਂ ਚੁੱਕਿਆ ਗਿਆ ਇਹ ਕਦਮ ਪੰਥਕ ਜਥੇਬੰਦੀਆਂ ਵਲੋਂ ਸਿੱਖ ਕੌਮ ਦੀਆਂ ਭਾਵਨਾਵਾਂ ਨੂੰ ਠੇਸ ਪਹੁੰਚਾਉਣ ਵਾਲਾ ਦੱਸਿਆ ਜਾ ਰਿਹਾ ਹੈ।

### ਨਵੀਂ ਜਥੇਦਾਰ ਦੀ ਨਿਯੁਕਤੀ ਤੇ ਮਰਿਯਾਦਾ ਬਾਰੇ ਬਹਿਸ

ਹੁਣ ਗਿਆਨੀ ਕੁਲਦੀਪ ਸਿੰਘ ਗੜ੍ਹਗਜ, ਜੋ ਕਿ 2001 ਤੋਂ 'ਕਥਾਵਾਚਕ' ਹਨ, ਨੂੰ ਤਖ਼ਤ ਸ੍ਰੀ ਕੇਸਗੜ੍ਹ ਸਾਹਿਬ ਦਾ ਜਥੇਦਾਰ ਨਿਯੁਕਤ ਕੀਤਾ ਗਿਆ ਹੈ ਅਤੇ ਉਨ੍ਹਾਂ ਨੂੰ ਅਕਾਲ ਤਖ਼ਤ ਸਾਹਿਬ ਦੇ ਕਾਰਜਕਾਰੀ ਜਥੇਦਾਰ ਦੀ ਵਾਧੂ ਜ਼ਿੰਮੇਵਾਰੀ ਸੌਂਪੀ ਗਈ ਹੈ। ਸੰਤ ਬਾਬਾ ਟੇਕ ਸਿੰਘ ਧਨੌਲਾ ਨੂੰ ਤਖ਼ਤ ਦਮਦਮਾ ਸਾਹਿਬ ਦਾ ਜਥੇਦਾਰ ਨਿਯੁਕਤ ਕੀਤਾ ਗਿਆ ਹੈ। ਤਖ਼ਤ ਸ੍ਰੀ ਕੇਸਗੜ੍ਹ ਸਾਹਿਬ ਦੇ ਨਵ-ਨਿਯੁਕਤ ਜਥੇਦਾਰ ਗਿਆਨੀ ਕੁਲਦੀਪ ਸਿੰਘ ਗੜਗੱਜ ਵਲੋਂ ਬੀਤੇ ਦਿਨੀਂ ਅੰਮ੍ਰਿਤ ਵੇਲੇ ਪੰਜ ਪਿਆਰਿਆਂ ਦੀ ਹਾਜ਼ਰੀ ਵਿੱਚ ਤਖ਼ਤ ਸਾਹਿਬ ਦੇ ਜਥੇਦਾਰ ਵਜੋਂ ਸੇਵਾ ਸੰਭਾਲ ਲਈ ਗਈ ਸੀ।

(ਬਾਕੀ ਸਫ਼ਾ 30 'ਤੇ)

## ਬਾਦਲ ਦਲ ਵਿੱਚ ਬ਼ਗਾਵਤ ਤਿੱਖੀ

ਇਸ ਪੂਰੇ ਘਟਨਾਕ੍ਰਮ ਤੋਂ ਬਾਅਦ ਪੰਥਕ ਰਾਜਨੀਤੀ ਵਿੱਚ ਵੱਡੀ ਹਲਚਲ ਹੈ। ਸੁਖਬੀਰ ਸਿੰਘ ਬਾਦਲ ਦੀ ਅਗਵਾਈ ਹੇਠ ਅਕਾਲੀ ਦਲ ਪਹਿਲਾਂ ਹੀ ਆਪਣਾ ਬਹੁਤ ਸਾਰਾ ਸਿਆਸੀ ਅਧਾਰ ਗੁਆ ਚੁੱਕਾ ਹੈ। ਅਕਾਲੀ ਦਲ ਦੇ ਨਾਰਾਜ਼ ਆਗੂਆਂ ਦਾ ਇੱਕ ਹਿੱਸਾ ਵੀ ਸੁਖਬੀਰ ਸਿੰਘ ਬਾਦਲ ਦੀ ਅਗਵਾਈ ਨੂੰ ਰੱਦ ਕਰਦੇ ਹੋਏ ਵੱਖ ਹੋ ਗਿਆ ਸੀ। ਹੁਣ ਸੁਖਬੀਰ ਬਾਦਲ ਨੂੰ ਸਭ ਤੋਂ ਵੱਡੀ ਚੁਣੌਤੀ ਬਿਕਰਮ ਸਿੰਘ ਮਜੀਠੀਆ ਤੋਂ ਜਾਪਦੀ ਹੈ। ਬਿਕਰਮ ਸਿੰਘ ਮਜੀਠੀਆ, ਸ਼ਰਨਜੀਤ ਸਿੰਘ ਢਿੱਲੋਂ, ਲਖਬੀਰ ਸਿੰਘ ਲੋਧੀਨੰਗਲ ਸਮੇਤ ਦਰਜਨਾਂ ਛੋਟੇ-ਵੱਡੇ ਆਗੂ, ਜੋ ਹਰ ਸੰਕਟ ਸਮੇਂ ਸੁਖਬੀਰ ਸਿੰਘ ਬਾਦਲ ਦੇ ਹੱਕ



ਵਿੱਚ ਖੜ੍ਹਦੇ ਆਏ ਸਨ, ਹੁਣ ਪਾਰਟੀ ਦੇ ਫ਼ੈਸਲਿਆਂ ਤੇ ਰਣਨੀਤੀ ਪ੍ਰਤੀ ਸਵਾਲ ਕਰਨ ਲੱਗੇ ਹਨ। ਬਿਕਰਮ ਸਿੰਘ ਮਜੀਠੀਆ ਨੇ ਇਸ ਕਾਰਵਾਈ ਨੂੰ ਸਿੱਖ ਪੰਥ ਦੇ ਮਾਣ-ਸਨਮਾਨ ਅਤੇ ਅਕਾਲ ਤਖ਼ਤ ਸਾਹਿਬ ਦੀ ਉਲੰਘਣਾ ਦੱਸਿਆ। ਉਨ੍ਹਾਂ ਦਾ ਕਹਿਣਾ ਹੈ ਕਿ ਅਕਾਲੀ ਦਲ ਪਿਛਲੇ ਸਮਿਆਂ ਵਾਂਗ ਸੰਕਟ ਵਿੱਚੋਂ ਉਭਰੇਗਾ ਅਤੇ ਮੁੜ ਸੁਰਜੀਤ ਹੋਵੇਗਾ।

ਪਾਰਟੀ ਦੇ ਕਾਰਜਕਾਰੀ ਪ੍ਰਧਾਨ ਬਲਵਿੰਦਰ ਸਿੰਘ ਭੂੰਦੜ ਨੇ ਅਜਿਹੇ ਆਗੂਆਂ ਉੱਤੇ ਪਾਰਟੀ ਅਨੁਸ਼ਾਸਨ ਭੰਗ ਕਰਨ ਦੇ ਦੋਸ਼ ਲਾਉਂਦਿਆਂ ਜ਼ਾਬਤਾ ਕਾਰਵਾਈ ਦੀ ਚਿਤਾਵਨੀ ਦਿੱਤੀ ਹੈ। ਬਾਦਲ ਅਕਾਲੀ ਦਲ ਦੇ ਬੁਲਾਰੇ ਦਲਜੀਤ ਸਿੰਘ ਚੀਮਾ ਨੇ

(ਬਾਕੀ ਸਫ਼ਾ 30 'ਤੇ)

## ਕੀ ਹੋਵੇ ਪੰਥਕ ਸੰਕਟ ਦਾ ਹੱਲ?

ਪੰਥ ਅਤੇ ਪੰਜਾਬ ਦੀਆਂ ਸਮੂਹ ਪ੍ਰਮੁੱਖ ਸ਼ਖ਼ਸੀਅਤਾਂ ਅਤੇ ਸੰਸਥਾਵਾਂ ਇਹ ਚਰਚਾ ਕਰ ਰਹੀਆਂ ਹਨ ਕਿ ਪੰਜਾਬ ਦਾ ਭਵਿੱਖ ਅਕਾਲੀ ਦਲ ਦੀ ਮਜ਼ਬੂਤੀ ਨਾਲ ਹੈ। ਇਸ ਪਾਰਟੀ ਦੇ ਕਮਜ਼ੋਰ ਹੋਣ ਨਾਲ ਪੰਥ ਅਤੇ ਪੰਜਾਬ ਦਾ ਨੁਕਸਾਨ ਹੋ ਰਿਹਾ ਹੈ। ਇਸ ਨੁਕਸਾਨ ਤੋਂ ਕਿਵੇਂ ਬਚਿਆ ਜਾ ਸਕਦਾ ਹੈ? ਦਿਨੋ-ਦਿਨ ਵਧ ਰਹੀਆਂ ਦੂਰੀਆਂ ਕਿਵੇਂ ਘੱਟ ਹੋ ਸਕਦੀਆਂ ਹਨ? ਇਹ ਚਿੰਤਨ ਪਿਛਲੇ ਕੁਝ ਸਮੇਂ ਤੋਂ ਨਿਰੰਤਰ ਚਲਦਾ ਆ ਰਿਹਾ ਹੈ। ਹੈਰਾਨੀ ਦੀ ਗੱਲ ਹੈ ਕਿ ਇਕੱਠੇ ਮਿਲ ਕੇ ਚੱਲਣ ਦਾ ਚਿੰਤਨ ਜਿੰਨਾ ਵਧੇਰੇ ਹੋ ਰਿਹਾ ਹੈ, ਦੂਰੀਆਂ ਓਨੀਆਂ ਹੀ ਵਧਦੀਆਂ ਜਾ ਰਹੀਆਂ ਹਨ।

ਅਕਾਲੀ ਦਲ ਨਾਲ ਜੁੜੇ ਹੋਏ ਬਹੁਤ ਸਾਰੇ ਆਗੂ ਇਹ ਮਹਿਸੂਸ ਕਰਦੇ ਹਨ ਕਿ 2 ਦਸੰਬਰ ਵਾਲਾ ਫ਼ੈਸਲਾ ਪੰਥ ਦੇ ਸੰਕਟ ਹੋਰ ਸੰਕਟ ਵਿੱਚ ਲੈ ਗਿਆ ਹੈ। ਪਰ ਪੰਥਕ ਜਥੇਬੰਦੀਆਂ ਵਿੱਚ ਇਹ ਸੰਦੇਸ਼ ਗਿਆ ਕਿ ਅਕਾਲੀ ਦਲ ਬਾਦਲ ਤੇ ਸ਼੍ਰੋਮਣੀ ਕਮੇਟੀ ਨੇ ਸੁਖਬੀਰ ਸਿੰਘ ਬਾਦਲ ਦੀ ਪ੍ਰਧਾਨਗੀ ਨੂੰ ਕਾਇਮ ਰੱਖਣ ਲਈ ਹੁਕਮਨਾਮੇ ਤੇ ਭਰਤੀ ਕਮੇਟੀ ਨੂੰ ਰੱਦ ਕੀਤਾ ਹੈ। ਸ੍ਰੀ ਅਕਾਲ ਤਖ਼ਤ ਸਾਹਿਬ ਦੇ ਆਦੇਸ਼ ਨੂੰ ਨਾ ਮੰਨਦੇ ਹੋਏ ਪਹਿਲਾਂ ਤੋਂ ਮਿਥੀ ਹੋਈ ਯੋਜਨਾ ਅਨੁਸਾਰ ਸ਼੍ਰੋਮਣੀ ਅਕਾਲੀ ਦਲ ਦੇ ਪਹਿਲਾਂ ਵਾਲੇ ਪ੍ਰਧਾਨ ਨੂੰ ਹੀ ਦੁਬਾਰਾ ਨਿਯੁਕਤ ਕਰਨ ਲਈ ਰਾਹ ਪੱਧਰਾ ਕੀਤਾ ਜਾ ਰਿਹਾ ਹੈ। ਇਸ ਸਮੇਂ ਦੌਰਾਨ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਨਵ-ਨਿਯੁਕਤ ਜਥੇਦਾਰ ਸਾਹਿਬ ਨੇ ਪਹਿਲੇ ਦਿਨ ਹੀ ਭਰਤੀ ਕਮੇਟੀ ਦੀ ਨਜ਼ਰਸਾਨੀ ਸੰਬੰਧੀ ਬਿਆਨ ਦੇ ਕੇ ਇਸ ਖ਼ਦਸ਼ੇ ਨੂੰ ਹੋਰ ਵਧੇਰੇ ਪ੍ਰਪੱਕ ਕਰ ਦਿੱਤਾ ਹੈ।

ਸਮੂਹ ਸਿੱਖ ਇਹ ਚਾਹੁੰਦੇ ਹਨ ਕਿ ਮੌਜੂਦਾ ਮਸਲੇ ਦਾ ਸੁਖਾਵਾਂ ਹੱਲ ਨਿਕਲੇ, ਕਿਉਂਕਿ ਭਾਜਪਾ ਨੂੰ ਸਮਰਪਿਤ ਸਿੱਖ ਆਗੂ ਤੇ ਜਥੇਬੰਦੀਆਂ ਇਸ ਮਾਮਲੇ ਨੂੰ ਉਲਝਾਉਣਾ ਚਾਹੁੰਦੀਆਂ ਹਨ। ਉਹ ਇਸ ਮਸਲੇ ਨੂੰ ਉਲਝਾਉਣ ਲਈ ਸਰਗਰਮ ਹੋ ਚੁੱਕੀਆਂ ਹਨ। ਆਮ ਸਿੱਖਾਂ ਦਾ ਮੰਨਣਾ ਹੈ ਕਿ ਇਹ ਤਾਂ ਹੀ ਸੰਭਵ ਹੋ ਸਕਦਾ ਹੈ, ਜੇਕਰ ਗੁਰਮਤਿ ਦੇ ਸਿਧਾਂਤ ਨੂੰ ਪੰਥਕ ਧਿਰਾਂ ਤੇ ਸਿੱਖ ਲੀਡਰਸ਼ਿਪ ਮਨ ਵਿੱਚ ਧਾਰਨ ਕਰੇ। ਸ੍ਰੀ ਅਕਾਲ ਤਖ਼ਤ ਸਾਹਿਬ ਮੀਰੀ-ਪੀਰੀ ਦਾ ਕੇਂਦਰ ਹੈ। ਜਥੇਦਾਰਾਂ ਦੀ ਨਿਯੁਕਤੀ ਬਾਰੇ ਨਿਯਮ ਹੋਣ। ਉਹ ਉੱਚ ਸ਼ਖ਼ਸੀਅਤ ਦੇ ਮਾਲਕ ਹੋਣ ਤੇ ਸਿੱਖ ਸਿਧਾਂਤ ਦੇ ਪਹਿਰੇਦਾਰ ਹੋਣ।

ਪੰਥਕ ਮਾਹਿਰਾਂ ਦਾ ਮੰਨਣਾ ਹੈ ਕਿ ਜਥੇਦਾਰ ਸਾਹਿਬਾਨ ਨੂੰ ਸੇਵਾ ਦੇਣ ਅਤੇ ਸੇਵਾ ਮੁਕਤੀ ਲਈ ਵਿਧੀ ਵਿਧਾਨ ਬਣਨਾ ਬਹੁਤ ਜ਼ਰੂਰੀ ਹੈ ਘੱਟੋ-ਘੱਟ ਪੰਥਕ ਜਥੇਬੰਦੀਆਂ ਦੀ ਸਲਾਹ ਤੇ ਜਨਰਲ ਇਜਲਾਸ ਵਿੱਚ ਪਾਸ ਹੋਣ ਉਪਰੰਤ ਸੇਵਾ ਦਿੱਤੀ ਜਾ ਸਕੇ ਤੇ ਸੇਵਾ ਮੁਕਤ ਕੀਤਾ ਜਾ ਸਕੇ। ਪੰਥਕ ਸਮੱਸਿਆਵਾਂ ਦੇ ਸਮਾਧਾਨ ਅਤੇ ਸ੍ਰੀ ਅਕਾਲ ਤਖ਼ਤ ਸਾਹਿਬ ਤੋਂ ਹੁਕਮਨਾਮਾ ਜਾਰੀ ਕੀਤੇ ਜਾਣ ਦਾ ਸਪੱਸ਼ਟ ਵਿਧੀ-ਵਿਧਾਨ ਸੁਨਿਸ਼ਚਿਤ ਕੀਤਾ ਜਾਵੇ ਤਾਂ ਜੋ ਭਵਿੱਖ ਵਿੱਚ ਕਿਸੇ ਵਲੋਂ ਵੀ ਸ੍ਰੀ ਅਕਾਲ ਤਖ਼ਤ ਸਾਹਿਬ ਜੀ ਦੀ ਨਿੱਜੀ ਹਿੱਤਾਂ ਲਈ ਵਰਤੋਂ ਦੀ ਸੰਭਾਵਨਾ ਹੀ ਨਾ ਰਹੇ ਅਤੇ ਖ਼ਾਲਸਾ ਪੰਥ ਵਿੱਚ ਸ੍ਰੀ ਅਕਾਲ ਤਖ਼ਤ ਸਾਹਿਬ ਤੋਂ ਸਮੇਂ-ਸਮੇਂ ਜਾਰੀ ਕੀਤੇ ਜਾਂਦੇ ਹੁਕਮਨਾਮਿਆਂ ਦੀ ਮਾਨਤਾ ਅਤੇ ਪਵਿੱਤਰਤਾ ਕਾਇਮ ਰਹੇ।



# ਮਾਰਕ ਕਾਰਨੇ ਹੋਣਗੇ ਕੈਨੇਡਾ ਦੇ ਅਗਲੇ ਪ੍ਰਧਾਨ ਮੰਤਰੀ

## ਸੱਤਾਧਾਰੀ ਲਿਬਰਲ ਪਾਰਟੀ ਨੇ ਬੈਂਕ ਆਫ ਕੈਨੇਡਾ ਦੇ ਸਾਬਕਾ ਮੁਖੀ ਮਾਰਕ ਕਾਰਨੇ ਨੂੰ ਆਪਣਾ ਨੇਤਾ ਚੁਣਿਆ

ਅੰਮ੍ਰਿਤਸਰ ਟਾਈਮਜ਼

ਕੈਨੇਡਾ ਦੀ ਸੱਤਾਧਾਰੀ ਲਿਬਰਲ ਪਾਰਟੀ ਨੇ ਬੈਂਕ ਆਫ ਕੈਨੇਡਾ ਦੇ ਸਾਬਕਾ ਮੁਖੀ ਮਾਰਕ ਕਾਰਨੇ ਨੂੰ ਆਪਣਾ ਨੇਤਾ ਚੁਣਿਆ ਹੈ ਅਤੇ ਹੁਣ ਉਹ ਦੇਸ਼ ਦੇ ਨਵੇਂ ਪ੍ਰਧਾਨ ਮੰਤਰੀ ਹੋਣਗੇ। ਕਾਰਨੇ ਦੇ ਹੱਥ ਕਮਾਨ ਅਜਿਹੇ ਮੌਕੇ ਆਈ ਹੈ ਜਦੋਂ ਅਮਰੀਕੀ ਰਾਸ਼ਟਰਪਤੀ ਡੋਨਲਡ ਟਰੰਪ ਨੇ ਟੈਰਿਫ (ਟੈਕਸ) ਜੰਗ ਛੇੜੀ ਹੋਈ ਹੈ ਅਤੇ ਉਨ੍ਹਾਂ ਵੱਲੋਂ ਕੈਨੇਡਾ ਨੂੰ 51ਵੇਂ ਰਾਜ ਵੱਲੋਂ ਆਪਣੇ ਵਿਚ ਸ਼ਾਮਲ ਕਰਨ ਦੀ ਧਮਕੀ ਵੀ ਦਿੱਤੀ ਜਾ ਰਹੀ ਹੈ। ਇਸ ਦੌਰਾਨ ਕਾਰਨੇ ਨੇ ਵੀ ਅਮਰੀਕਾ 'ਤੇ ਜਵਾਬੀ ਟੈਰਿਫ ਲਾਉਣਾ ਜਾਰੀ ਰੱਖਣ ਦਾ ਐਲਾਨ ਕੀਤਾ ਹੈ।

ਕਾਰਨੇ ਪ੍ਰਧਾਨ ਮੰਤਰੀ ਜਸਟਿਨ ਟਰੂਡੋ ਦੀ ਥਾਂ ਲੈਣਗੇ, ਜਿਨ੍ਹਾਂ ਨੇ ਜਨਵਰੀ ਵਿੱਚ ਆਪਣੇ ਅਸਤੀਫ਼ੇ ਦਾ ਐਲਾਨ ਕੀਤਾ ਸੀ। ਕਾਰਨੇ ਕਿਸੇ ਵੇਲੇ ਜਸਟਿਨ ਟਰੂਡੋ ਦੀ ਥਾਂ ਕੈਨੇਡਾ ਦੇ ਪ੍ਰਧਾਨ ਮੰਤਰੀ ਵਜੋਂ ਸਹੁੰ ਚੁੱਕ ਸਕਦੇ ਹਨ। ਉਹ ਸੰਸਦ ਮੈਂਬਰ ਨਾ ਹੋਣ ਦੇ ਬਾਵਜੂਦ ਪ੍ਰਧਾਨ ਮੰਤਰੀ ਬਣਨਗੇ। 1984 'ਚ ਜਸਟਿਨ ਟਰੂਡੋ ਦੇ ਪਿਤਾ ਪੀਅਰ ਟਰੂਡੋ ਦੀ ਥਾਂ ਪ੍ਰਧਾਨ ਮੰਤਰੀ ਬਣਨ ਵਾਲੇ ਜੌਹਨ ਟਰਨਰ ਵੀ ਅਹੁਦਾ ਸੰਭਾਲਣ ਵੇਲੇ ਸੰਸਦ ਮੈਂਬਰ ਨਹੀਂ ਸਨ। ਆਗੂ ਦੀ ਚੋਣ ਲਈ ਮਾਰਕ ਕਾਰਨੇ ਨੂੰ 85.9 ਫੀਸਦ ਵੋਟਾਂ ਮਿਲੀਆਂ। ਇਸੇ ਤਰ੍ਹਾਂ ਸਾਬਕਾ ਵਿੱਤ ਮੰਤਰੀ ਤੇ ਦੇਸ਼ ਦੀ ਉਪ ਪ੍ਰਧਾਨ ਮੰਤਰੀ ਕ੍ਰਿਸਟੀਆ ਫ੍ਰੀਲੈਂਡ ਨੂੰ 8 ਫੀਸਦ, ਸਾਬਕ ਮੰਤਰੀ ਕਰੀਨਾ ਗੌਲਡ ਨੂੰ 3.2 ਫੀਸਦੀ ਤੇ ਫਰੈਂਕ ਬੈਲਿਸ ਨੂੰ 3 ਫੀਸਦ ਵੋਟਾਂ ਨਾਲ ਸਬਰ ਕਰਨਾ ਪਿਆ। ਕਾਰਨੇ ਬੈਂਕ ਆਫ ਕੈਨੇਡਾ ਦੇ ਸਾਬਕਾ ਮੁਖੀ ਹਨ ਅਤੇ ਬੈਂਕ ਆਫ ਇੰਗਲੈਂਡ ਵਿੱਚ ਵੀ ਅਹਿਮ ਅਹੁਦਿਆਂ 'ਤੇ ਸੇਵਾ ਨਿਭਾਅ ਚੁੱਕੇ ਹਨ। ਮੰਨਿਆ ਜਾ ਰਿਹਾ ਹੈ ਕਿ ਇਨ੍ਹਾਂ ਮਹੱਤਵਪੂਰਨ ਅਹੁਦਿਆਂ 'ਤੇ ਰਹਿਣ ਕਰਕੇ ਉਹ ਦੇਸ਼ ਨੂੰ ਆਰਥਿਕ ਚੁਣੌਤੀਆਂ ਤੋਂ ਬਾਹਰ ਕੱਢਣ ਵਿੱਚ ਸਫਲ ਹੋਣਗੇ। ਆਰਥਿਕ ਮਾਹਿਰ ਵਜੋਂ ਮਸ਼ਹੂਰ ਕਾਰਨੇ ਨੇ ਚੋਣ ਜਿੱਤਣ ਤੋਂ ਬਾਅਦ ਸਮਰਥਕਾਂ ਦੇ ਇਕੱਠ ਨੂੰ ਸੰਬੋਧਨ ਕਰਦਿਆਂ ਕਿਹਾ ਕਿ ਉਹ ਅਜਿਹੇ ਮੌਕੇ ਦੇਸ਼ ਦੀ ਵਾਗਡੋਰ ਸੰਭਾਲ ਰਹੇ ਹਨ, ਜਦੋਂ ਦੇਸ਼ ਚੁਫੇਰਿਓਂ ਸਮੱਸਿਆਵਾਂ ਵਿੱਚ ਘਿਰਿਆ ਹੋਇਆ ਹੈ। ਉਨ੍ਹਾਂ ਕਿਹਾ ਕਿ ਉਹ ਆਪਣੀਆਂ ਨੀਤੀਆਂ ਅਤੇ ਦੇਸ਼ ਵਾਸੀਆਂ ਦੇ ਸਹਿਯੋਗ ਨਾਲ ਇਹ ਔਖਾ ਪੈਂਡਾ ਤੈਅ ਕਰ ਲੈਣਗੇ ਤੇ ਕੈਨੇਡਾ ਦੀ ਥਿੜਕੀ ਹੋਈ ਆਰਥਿਕਤਾ ਨੂੰ ਪੈਰਾਂ ਸਿਰ ਕਰਨ ਦੇ ਨਾਲ-ਨਾਲ ਇਸ ਨੂੰ ਮਜ਼ਬੂਤੀ ਵੱਲ ਲੈ ਕੇ ਜਾਣਗੇ। ਉਨ੍ਹਾਂ ਕਿਹਾ ਕਿ ਕੈਨੇਡਾ ਉਦੋਂ ਤੱਕ ਜਵਾਬੀ ਟੈਰਿਫ ਲਾਗੂ ਰੱਖੇਗਾ, ਜਦੋਂ ਤੱਕ ਅਮਰੀਕਾ ਇਸ ਨੂੰ ਜਾਰੀ ਰੱਖਦਾ ਹੈ। ਉਨ੍ਹਾਂ ਕਿਹਾ, 'ਅਸੀਂ ਇਹ ਲੜਾਈ ਸ਼ੁਰੂ ਨਹੀਂ ਕੀਤੀ ਪਰ ਜਦੋਂ ਕੋਈ ਤੰਗ ਕਰਦਾ ਹੈ ਤਾਂ ਕੈਨੇਡਾ ਵਾਸੀ ਉਸ ਨੂੰ ਛੱਡਦੇ ਵੀ ਨਹੀਂ।' ਉਨ੍ਹਾਂ ਕਿਹਾ, 'ਅਮਰੀਕਾ ਕੈਨੇਡਾ ਨਹੀਂ ਹੈ ਅਤੇ ਕੈਨੇਡਾ ਕਦੇ ਵੀ ਕਿਸੇ ਵੀ ਰੂਪ ਵਿੱਚ ਅਮਰੀਕਾ ਦਾ ਹਿੱਸਾ ਨਹੀਂ ਬਣੇਗਾ।' ਜਸਟਿਨ ਟਰੂਡੋ ਦੀ ਬੇਟੀ ਐਲਾ ਗ੍ਰੇਸ ਨੇ ਕਿਹਾ ਕਿ ਉਸ ਨੂੰ ਆਪਣੇ ਪਿਤਾ ਵੱਲੋਂ ਨਿਭਾਈਆਂ ਸ਼ਾਨਦਾਰ ਸੇਵਾਵਾਂ 'ਤੇ ਮਾਣ ਹੈ।




### ਨਵੇਂ ਪ੍ਰਧਾਨ ਮੰਤਰੀ ਤੋਂ ਵੱਡੀਆਂ ਉਮੀਦਾਂ: ਜਗਮੀਤ ਸਿੰਘ

ਐੱਨ.ਡੀ.ਪੀ. ਪ੍ਰਧਾਨ ਜਗਮੀਤ ਸਿੰਘ ਨੇ ਚੋਣ ਜਿੱਤਣ 'ਤੇ ਮਾਰਕ ਕਾਰਨੇ ਨੂੰ ਵਧਾਈ ਦਿੰਦਿਆਂ ਕਿਹਾ ਕਿ ਉਨ੍ਹਾਂ ਨੂੰ ਨਵੇਂ ਪ੍ਰਧਾਨ ਮੰਤਰੀ ਤੋਂ ਵੱਡੀਆਂ ਉਮੀਦਾਂ ਹਨ। ਕੰਜ਼ਰਵੇਟਿਵ ਆਗੂ ਪੀਅਰ ਪੋਲੀਵਰ ਨੇ ਵੀ ਕਾਰਨੇ ਨੂੰ ਜਿੱਤ ਦੀ ਵਧਾਈ ਦਿੱਤੀ। ਉਨ੍ਹਾਂ ਕਿਹਾ ਕਿ ਲਿਬਰਲ ਪਾਰਟੀ ਚਿਹਰੇ ਬਦਲ ਕੇ ਚੌਥੀ ਵਾਰ ਸਰਕਾਰ ਬਣਾਉਣ ਦੇ ਸੁਪਨੇ ਦੇਖਣੇ ਛੱਡ ਦੇਵੇ।



## ਕਾਰਨੇ ਦੀਆਂ ਨੀਤੀਆਂ 'ਤੇ ਰਹੇਗੀ ਭਾਰਤ ਦੀ ਨਜ਼ਰ



ਟੋਰਾਂਟੋ/ਏ.ਟੀ.ਨਿਊਜ਼:ਪ੍ਰਧਾਨ ਮੰਤਰੀ ਵਜੋਂ ਅਹੁਦਾ ਸੰਭਾਲਣ ਮਗਰੋਂ ਮਾਰਕ ਕਾਰਨੇ ਨੂੰ ਘਰੇਲੂ ਤੇ ਕੌਮਾਂਤਰੀ ਪੱਧਰ 'ਤੇ ਕਈ ਚੁਣੌਤੀਆਂ ਦਾ ਸਾਹਮਣਾ ਕਰਨਾ ਪਵੇਗਾ। ਹਾਲਾਂਕਿ ਇਸ ਵਿੱਚ ਕੋਈ ਸ਼ੱਕ ਨਹੀਂ ਹੈ ਕਿ ਕਾਰਨੇ ਦਾ ਤੁਰੰਤ ਧਿਆਨ ਘਰੇਲੂ ਮੁੱਦਿਆਂ 'ਤੇ ਹੋਵੇਗਾ ਪਰ ਕੀ ਉਨ੍ਹਾਂ ਦੇ ਆਉਣ ਅਤੇ ਜਸਟਿਨ ਟਰੂਡੋ ਦੇ ਜਾਣ ਮਗਰੋਂ ਭਾਰਤ ਨਾਲ ਕੈਨੇਡਾ ਦੇ ਤਣਾਅਪੂਰਨ ਸਬੰਧਾਂ ਵਿੱਚ ਸੁਧਾਰ ਹੋਵੇਗਾ, ਇਹ ਇੱਕ ਵੱਡਾ ਸਵਾਲ ਬਣਿਆ ਹੋਇਆ ਹੈ। ਕਾਰਨੇ ਦੀਆਂ ਨੀਤੀਆਂ 'ਤੇ ਭਾਰਤ ਦੀ ਨੇੜਿਓਂ ਨਜ਼ਰ ਰਹੇਗੀ। ਕਾਰਨੇ ਅਜਿਹੇ ਸਮੇਂ ਦੇਸ਼ ਦੀ ਅਗਵਾਈ ਕਰਨਗੇ, ਜਦੋਂ ਕੈਨੇਡਾ-ਭਾਰਤ ਰਿਸ਼ਤੇ ਆਪਣੇ ਸਭ ਤੋਂ ਹੇਠਲੇ ਪੱਧਰ 'ਤੇ ਹਨ। ਇਸ ਦਾ ਮੁੱਖ ਕਾਰਨ ਕੈਨੇਡਾ ਵਿੱਚ ਖ਼ਾਲਿਸਤਾਨ ਲਹਿਰ ਮੰਨਿਆ ਜਾ ਸਕਦਾ ਹੈ। ਭਾਰਤ ਨਾਲ ਕੈਨੇਡਾ ਦੇ ਰਿਸ਼ਤੇ 2023 ਵਿੱਚ ਉਸ ਵੇਲੇ ਹੇਠਲੇ ਪੱਧਰ 'ਤੇ ਪਹੁੰਚ ਗਏ ਸਨ, ਜਦੋਂ ਪ੍ਰਧਾਨ ਮੰਤਰੀ ਜਸਟਿਨ ਟਰੂਡੋ ਨੇ ਭਾਰਤ 'ਤੇ ਖ਼ਾਲਿਸਤਾਨੀ ਵੱਖਵਾਦੀ ਹਰਦੀਪ ਸਿੰਘ ਨਿੱਝਰ ਦੀ ਹੱਤਿਆ ਵਿੱਚ ਸਰਗਰਮੀ ਨਾਲ ਸ਼ਾਮਲ ਹੋਣ ਦਾ ਦੋਸ਼ ਲਾਇਆ ਸੀ। ਇਸ ਨਾਲ ਵੱਡਾ ਕੂਟਨੀਤਕ ਟਕਰਾਅ ਪੈਦਾ ਹੋ ਗਿਆ ਸੀ ਤੇ ਦੋਵਾਂ ਦੇਸ਼ਾਂ ਨੇ ਇੱਕ-ਦੂਜੇ ਦੇ ਡਿਪਲੋਮੈਟਾਂ ਨੂੰ ਆਪੋ-ਆਪਣੇ ਦੇਸ਼ਾਂ 'ਚੋਂ ਬਾਹਰ ਕੱਢ ਦਿੱਤਾ ਸੀ। ਕਾਰਨੇ ਨੇ ਖ਼ਾਲਿਸਤਾਨ ਦੇ ਮੁੱਦੇ 'ਤੇ ਜਨਤਕ ਤੌਰ 'ਤੇ ਕੋਈ ਟਿੱਪਣੀ ਨਹੀਂ ਕੀਤੀ ਅਤੇ ਇਹ ਦੇਖਣਾ ਬਾਕੀ ਹੈ ਕਿ ਉਹ ਇਸ ਮੁੱਦੇ 'ਤੇ ਕਿਹੋ ਜਿਹੀ ਪਹੁੰਚ ਅਪਣਾਉਂਦੇ ਹਨ। ਉਨ੍ਹਾਂ ਦੀ ਅਸਲ ਚੁਣੌਤੀ ਖ਼ਾਲਿਸਤਾਨੀ ਹਮਦਰਦਾਂ ਨਾਲ ਨਜਿੱਠਣ ਦੀ ਹੋਵੇਗੀ, ਜੋ ਲਿਬਰਲ ਪਾਰਟੀ ਵਿੱਚ ਵੱਡੀ ਗਿਣਤੀ 'ਚ ਮੌਜੂਦ ਹਨ। ਆਉਂਦੇ ਦਿਨਾਂ 'ਚ ਭਾਰਤ ਇਸ ਗੱਲ 'ਤੇ ਨਜ਼ਰ ਰੱਖੇਗਾ ਕਿ ਕੀ ਕਾਰਨੇ ਕੈਨੇਡਾ ਵਿੱਚ ਭਾਰਤ ਵਿਰੋਧੀ ਗਤੀਵਿਧੀਆਂ ਵਿਰੁੱਧ ਸਖ਼ਤ ਰੁਖ ਅਪਣਾਉਂਦੇ ਹਨ ਜਾਂ ਨਹੀਂ। ਮਾਹਿਰਾਂ ਦਾ ਕਹਿਣਾ ਹੈ ਕਿ ਵਪਾਰ ਇੱਕ ਅਜਿਹਾ ਖੇਤਰ ਹੈ, ਜਿਸ ਵਿੱਚ ਕਾਰਨੇ ਦੀ ਅਗਵਾਈ ਭਾਰਤ ਨੂੰ ਪ੍ਰਭਾਵਿਤ ਕਰ ਸਕਦੀ ਹੈ। ਕੈਨੇਡਾ ਦੀਆਂ ਇਮੀਗ੍ਰੇਸ਼ਨ ਤੇ ਸਿੱਖਿਆ ਨੀਤੀਆਂ 'ਤੇ ਵੀ ਭਾਰਤੀਆਂ ਦੀ ਨਜ਼ਰ ਹੋਵੇਗੀ। ਕੈਨੇਡਾ 'ਚ ਪੜ੍ਹ ਰਹੇ ਕੌਮਾਂਤਰੀ ਵਿਦਿਆਰਥੀਆਂ 'ਚੋਂ ਵੱਡੀ ਗਿਣਤੀ ਭਾਰਤੀਆਂ ਦੀ ਹੈ ਪਰ ਵਿਦਿਆਰਥੀ ਪਰਮਿਟਾਂ 'ਤੇ ਹਾਲ ਹੀ ਵਿੱਚ ਲਾਈਆਂ ਪਾਬੰਦੀਆਂ ਅਤੇ ਵਰਕ ਪਰਮਿਟ ਜਾਰੀ ਕਰਨ ਦੇ ਨਿਯਮਾਂ ਵਿੱਚ ਹੋਰ ਤਬਦੀਲੀਆਂ ਨੇ ਹਜ਼ਾਰਾਂ ਭਾਰਤੀ ਵਿਦਿਆਰਥੀਆਂ ਦਾ ਭਵਿੱਖ ਦਾਅ 'ਤੇ ਲਾ ਦਿੱਤਾ ਹੈ। ਇਨ੍ਹਾਂ ਮੁੱਦਿਆਂ 'ਤੇ ਵੀ ਕਾਰਨੇ ਦਾ ਰੁਖ ਹਾਲੇ ਸਪੱਸ਼ਟ ਨਹੀਂ ਹੈ।

## ਟਰੰਪ ਨੇ ਕੈਨੇਡਾ ਨੂੰ ਸਟੀਲ ਅਤੇ ਐਲੂਮੀਨੀਅਮ 'ਤੇ ਦੁੱਗਣਾ ਟੈਰਿ.ਫ ਲਗਾਉਣ ਦੀ ਦਿੱਤੀ ਧਮਕੀ

ਵਾਸ਼ਿੰਗਟਨ/ਏ.ਟੀ.ਨਿਊਜ਼ :- ਰਾਸ਼ਟਰਪਤੀ ਡੋਨਾਲਡ ਟਰੰਪ ਨੇ ਮੰਗਲਵਾਰ ਨੂੰ ਕਿਹਾ ਕਿ ਉਹ ਕੈਨੇਡਾ ਤੋਂ ਆਯਾਤ ਕੀਤੇ ਜਾਣ ਵਾਲੇ ਸਟੀਲ ਅਤੇ ਐਲੂਮੀਨੀਅਮ 'ਤੇ ਟੈਰਿਫ 25 ਫੀਸਦੀ ਵਧਾ ਦੇਣਗੇ, ਜਿਸ ਨਾਲ ਇਨ੍ਹਾਂ ਸਾਮਾਨਾਂ 'ਤੇ ਕੁੱਲ ਡਿਊਟੀ ਦੁੱਗਣੀ ਹੋ ਕੇ 50 ਫੀਸਦੀ ਹੋ ਜਾਵੇਗੀ। ਇਹ ਵਾਧਾ ਓਨਟਾਰੀਓ ਸੂਬੇ ਵੱਲੋਂ ਅਮਰੀਕਾ ਤੋਂ ਆਉਣ ਵਾਲੀ ਬਿਜਲੀ 'ਤੇ 25 ਫੀਸਦੀ ਡਿਊਟੀ ਲਗਾਉਣ ਦੇ ਜਵਾਬ ਵਿੱਚ ਕੀਤਾ ਗਿਆ ਹੈ।

ਆਪਣੇ ਟਰੂਥਆਉਟ ਸੋਸ਼ਲ ਪਲੇਟਫਾਰਮ 'ਤੇ ਇੱਕ ਪੋਸਟ ਵਿੱਚ ਟਰੰਪ ਨੇ ਕਿਹਾ ਕਿ ਉਹ ਓਨਟਾਰੀਓ ਦੁਆਰਾ ਨਿਸ਼ਾਨਾ ਬਣਾਏ ਗਏ ਸੈਕਟਰ 'ਤੇ 'ਰਾਸ਼ਟਰੀ ਐਮਰਜੈਂਸੀ' ਦਾ ਐਲਾਨ ਕਰਨਗੇ ਤਾਂ ਜੋ ਟੈਰਿਫ ਬੁੱਧਵਾਰ ਤੋਂ ਲਾਗੂ ਹੋ ਸਕਣ।



ਟਰੰਪ ਨੇ ਕੈਨੇਡਾ ਨੂੰ ਅਮਰੀਕੀ ਡੇਅਰੀ ਉਤਪਾਦਾਂ 'ਤੇ ਲਗਾਈਆਂ ਜਾਣ ਵਾਲੀਆਂ ਡਿਊਟੀਆਂ ਨੂੰ ਖਤਮ ਕਰਨ ਦੀ ਵੀ ਅਪੀਲ ਕੀਤੀ ਅਤੇ ਧਮਕੀ ਦਿੱਤੀ ਕਿ ਜੇਕਰ ਦੇਸ਼ ਨੇ 'ਹੋਰ ਗੰਭੀਰ, ਲੌਂਗ ਟਰਮ ਟੈਰਿਫ' ਨੂੰ ਨਹੀਂ ਹਟਾਇਆ ਤਾਂ ਉਹ ਅਮਰੀਕਾ ਵਿੱਚ ਆਯਾਤ ਕੀਤੀਆਂ ਜਾਣ ਵਾਲੀਆਂ ਕਾਰਾਂ 'ਤੇ ਟੈਰਿਫ 'ਕਾਫ਼ੀ ਹੱਦ ਤੱਕ ਵਧਾ' ਦੇਣਗੇ।

ਓਨਟਾਰੀਓ ਦੇ ਪ੍ਰੀਮੀਅਰ ਡੱਗ ਫੋਰਡ ਨੇ ਸੋਮਵਾਰ ਨੂੰ ਮਿਸ਼ੀਗਨ, ਮਿਨੀਸੋਟਾ ਅਤੇ ਨਿਊਯਾਰਕ ਦੇ ਲਗਭਗ 1.5 ਮਿਲੀਅਨ ਨਿਵਾਸੀਆਂ ਦੁਆਰਾ ਵਰਤੀ ਜਾਂਦੀ ਬਿਜਲੀ 'ਤੇ 25 ਫੀਸਦੀ ਟੈਰਿਫ ਦਾ ਐਲਾਨ ਕੀਤਾ ਸੀ, ਜੋ ਕਿ ਟਰੰਪ ਦੇ ਕੈਨੇਡਾ ਪ੍ਰਤੀ ਹਾਲ ਹੀ ਵਿੱਚ ਹਮਲਾਵਰ ਭਾਸ਼ਾ ਦੇ ਜਵਾਬ ਵਿੱਚ ਸੋਮਵਾਰ ਤੋਂ ਲਾਗੂ ਹੋ ਗਿਆ ਹੈ।

# ਮਲਿਕ ਦੇ ਕਤਲ ਕੇਸ 'ਚ ਭਾੜੇ ਦੇ ਕਾਤਲ ਹੋਸੇ ਲੂਪੇਜ਼ ਨੂੰ ਉਮਰ ਕੈਦ

## 20 ਸਾਲ ਤੱਕ ਜ਼ਮਾਨਤ ਨਹੀਂ | ਸੁਪਾਰੀ ਦੇ ਕੇ ਕਤਲ ਕਰਾਉਣ ਪਿੱਛੇ ਕਿਹੜੀਆਂ ਤਾਕਤਾਂ ਸ਼ਾਮਿਲ ? | ਇਹ ਸਵਾਲ ਜਿਉਂ ਦਾ ਤਿਉਂ ਬਰਕਰਾਰ !

ਡਾ. ਗੁਰਵਿੰਦਰ ਸਿੰਘ ਕੈਨੇਡਾ

ਬ੍ਰਿਟਿਸ਼ ਕੋਲੰਬੀਆ, ਕੈਨੇਡਾ ਦੀ ਅਦਾਲਤ ਨੇ ਪਿਛਲੇ ਦਿਨੀਂ ਕੈਨੇਡਾ ਦੇ ਸਿੱਖ ਭਾਈ ਰਿਪੁਦਮਨ ਸਿੰਘ ਮਲਿਕ ਦੀ 14 ਜੁਲਾਈ 2022 ਨੂੰ ਕੀਤੀ ਗਈ ਹੱਤਿਆ ਦੇ ਮਾਮਲੇ ਵਿੱਚ ਭਾੜੇ ਦੇ ਕਾਤਲ ਐਬਸਫ਼ੋਰਡ ਵਾਸੀ ਅਪਰਾਧੀ 26 ਸਾਲਾ ਹੋਸੇ ਲੁਪੇਜ਼ ਨੂੰ ਉਮਰ ਕੈਦ ਦੀ ਸਜ਼ਾ ਸੁਣਾਈ ਹੈ। ਉਸ ਨੂੰ 20 ਸਾਲ ਤੱਕ ਜ਼ਮਾਨਤ ਨਹੀਂ ਮਿਲੇਗੀ। ਇਸ ਮਾਮਲੇ ਵਿੱਚ ਪਹਿਲੇ ਦੋਸ਼ੀ 24 ਸਾਲਾ ਟੈਨਰ ਫ਼ੋਕਸ ਨੂੰ ਪਹਿਲਾਂ ਹੀ ਉਮਰ ਕੈਦ ਦੀ ਸਜ਼ਾ ਸੁਣਾਈ ਜਾ ਚੁੱਕੀ ਹੈ। ਉਸ ਵੇਲੇ ਦੂਜੇ ਕਾਤਲ ਹੋਸੇ ਲੁਪੇਜ਼ ਵੱਲੋਂ ਆਪਣਾ ਦੋਸ਼ ਕਬੂਲ ਕਰ ਲਿਆ ਗਿਆ ਸੀ। ਇਸ ਦੌਰ ਅਦਾਲਤ ਵਿੱਚ ਮੌਜੂਦ ਭਾਈ ਮਲਿਕ ਦੀ ਨੂੰਹ ਬੀਬੀ ਸੰਦੀਪ ਕੌਰ ਧਾਲੀਵਾਲ ਨੇ ਦੋਸ਼ੀ ਤੋਂ ਪੁੱਛਿਆ ਸੀ ਕਿ ਉਹ ਉਹਨਾਂ ਨਾਵਾਂ ਨੂੰ ਨਸ਼ਰ ਕਰੇ, ਜਿਨਾਂ ਦੇ ਕਹਿਣ ਤੇ ਉਸਨੇ ਸੁਪਾਰੀ ਲੈ ਕੇ ਉਹਨਾਂ ਦੇ ਪਿਤਾ ਦਾ ਕਤਲ ਕੀਤਾ ਸੀ। ਦੁਬਾਰਾ ਅਦਾਲਤ ਵਿੱਚ ਹਾਜ਼ਰ ਹੋਈ ਸੰਦੀਪ ਕੌਰ ਧਾਲੀਵਾਲ ਨੇ ਕਿਹਾ ਕਿ ਉਹ ਇਸ ਦੁਖਦਾਈ ਘਟਨਾ ਵਿੱਚ ਮੁੜ ਆਪਣੇ 'ਡੈਡੀ ਜੀ' ਦੇ ਕਾਤਲਾਂ ਦੀ ਸਜ਼ਾ ਮੌਕੇ ਹਾਜ਼ਰ ਹਨ। ਉਹਨਾਂ ਇਨਸਾਫ਼ ਦੀ ਮੰਗ ਕੀਤੀ ਅਤੇ ਕਤਲ ਪਿੱਛੇ ਤਾਕਤਾਂ ਦੀ ਨਿਸ਼ਾਨਦੇਹੀ ਲਈ ਆਵਾਜ਼ ਉਠਾਈ।

ਮਰਹੂਮ ਰਿਪੁਦਮਨ ਸਿੰਘ ਮਲਿਕ ਦੀ ਧੀ ਕੀਰਤ ਕੌਰ ਮਲਿਕ ਨੇ ਕਿਹਾ ਕਿ ਉਸਦੇ ਪਿਤਾ ਭਾਈਚਾਰੇ ਦਾ ਥੰਮ ਸਨ, ਜਿਨ੍ਹਾਂ ਆਪਣਾ ਜੀਵਨ ਭਾਈਚਾਰੇ ਦੇ ਲੇਖੇ ਲਾਇਆ ਅਤੇ ਜ਼ਿੰਦਗੀ ਸਿੱਖੀ ਦੇ ਪ੍ਰਚਾਰ ਅਤੇ ਵਿੱਦਿਆ ਨੂੰ ਸਮਰਪਿਤ ਕੀਤੀ। ਪਹਿਲੇ ਕਾਤਲ ਟੈਨਰ ਫ਼ੋਕਸ ਦੀ ਸਜ਼ਾ ਮੌਕੇ ਰਿਪੁਦਮਨ ਸਿੰਘ ਮਲਿਕ ਦੇ ਪੁੱਤਰ ਵਕੀਲ ਜਸਪ੍ਰੀਤ ਸਿੰਘ ਮਲਿਕ ਨੇ ਅਦਾਲਤ ਬਾਹਰ ਇੱਕ ਪ੍ਰੈਸ ਨੂੰ ਸੰਬੋਧਨ ਕਰਦਿਆਂ ਕਿਹਾ ਸੀ ਕਿ ਉਹਨਾਂ ਦੇ ਪਰਿਵਾਰ 'ਤੇ ਖ਼ੌਫ਼ ਕਾਇਮ ਹੈ ਅਤੇ ਇਸ ਗੱਲ ਦਾ ਸੱਚ ਸਾਹਮਣੇ ਆਉਣਾ ਚਾਹੀਦਾ ਹੈ ਕਿ ਇਹਨਾਂ ਭਾੜੇ ਦੇ ਕਾਤਲਾਂ ਨੂੰ ਕਿੰਨਾ ਤਾਕਤਾਂ ਨੇ ਵਰਤਿਆ।



ਜਸਪ੍ਰੀਤ ਸਿੰਘ ਮਲਿਕ ਨੇ ਸਪੱਸ਼ਟ ਰੂਪ 'ਚ ਆਖਿਆ ਸੀ ਕਿ ਪਿਛਲੇ ਸਾਲ, 2024 ਮਈ ਮਹੀਨੇ ਸੀ.ਬੀ.ਸੀ. ਨੇ ਆਪਣੀ ਰਿਪੋਰਟ ਵਿੱਚ ਇੰਕਸ਼ਾਫ਼ ਕੀਤਾ ਸੀ ਕਿ ਆਰ.ਸੀ.ਐਮ.ਪੀ. ਭਾੜੇ ਦੇ ਕਾਤਲਾਂ ਅਤੇ ਭਾਰਤ ਸਰਕਾਰ ਵਿਚਕਾਰ ਸੰਬੰਧਾਂ ਦੀ ਜਾਂਚ ਕਰ ਰਹੀ ਹੈ। ਉਹਨਾਂ ਕਾਤਲਾਂ ਤੋਂ ਮੰਗ ਕੀਤੀ ਕਿ ਉਹ ਸੱਚ ਆਰ.ਸੀ.ਐਮ.ਪੀ. ਨੂੰ ਦੱਸਣ ਕਿ ਉਹਨਾਂ ਨੂੰ ਕਿਸ ਨੇ ਕਾਤਲ ਲਈ ਸੁਪਾਰੀ ਦਿੱਤੀ ਸੀ, ਇਹ ਸੱਚ ਸਾਹਮਣੇ ਆਉਣਾ ਚਾਹੀਦਾ ਹੈ।

ਜ਼ਿਕਰਯੋਗ ਹੈ ਕਿ ਰਿਪੁਦਮਨ ਸਿੰਘ ਮਲਿਕ ਦੀ ਹੱਤਿਆ ਸਮੇਂ ਭਾਰਤ ਦੇ ਮੀਡੀਏ ਵੱਲੋਂ ਇਹ ਬਿਰਤਾਂਤ ਖੜਾ ਕੀਤਾ ਗਿਆ ਸੀ ਕਿ ਖ਼ਾਲਿਸਤਾਨੀ ਧਿਰ ਦੇ ਸਿੱਖ ਆਗੂ ਭਾਈ ਹਰਦੀਪ ਸਿੰਘ ਨਿਝਰ ਨੇ ਮਲਿਕ ਨੂੰ ਕਤਲ ਕਰਾਇਆ ਹੈ। ਮਗਰੋਂ ਭਾਈ ਹਰਦੀਪ ਸਿੰਘ ਨਿੱਝਰ ਦੀ ਗੁਰੂ ਨਾਨਕ ਗੁਰਦੁਆਰਾ ਸਾਹਿਬ ਸਰੀ ਡੈਲਟਾ ਵਿਖੇ 18 ਜੂਨ 2023 ਨੂੰ ਭਾੜੇ ਦੇ ਕਾਤਲਾਂ ਰਾਹੀਂ ਸਾਜਿਸ਼ੀ ਢੰਗ ਨਾਲ ਹੱਤਿਆ ਕਰ ਦਿੱਤੀ ਗਈ ਸੀ।

ਭਾਈ ਹਰਦੀਪ ਸਿੰਘ ਨਿੱਝਰ ਦੇ ਕਤਲ ਬਾਰੇ ਕੈਨੇਡਾ ਦੀ ਪਾਰਲੀਮੈਂਟ ਵਿੱਚ ਪ੍ਰਧਾਨ ਮੰਤਰੀ ਜਸਟਿਨ ਟਰੂਡੋ ਨੇ ਇਸ ਪਿੱਛੇ, ਭਾਰਤੀ ਸਰਕਾਰ ਦੀ ਏਜੰਟਾਂ ਦੇ ਹੱਥ ਦੇ ਸਪਸ਼ਟ ਦੋਸ਼ ਲਾਏ ਸਨ। ਕੈਨੇਡਾ ਵੱਸਦਾ ਸਿੱਖ ਭਾਈਚਾਰਾ ਆਸਬੰਦ ਹੈ ਕਿ ਇਨਾਂ ਕਤਲਾਂ ਪਿੱਛੇ ਜਿਹੜੀਆਂ ਤਾਕਤਾਂ ਸ਼ਾਮਿਲ ਹਨ, ਉਹ ਅੱਜ ਨਹੀਂ ਤਾਂ ਕੱਲ, ਜ਼ਰੂਰ ਜਨਤਕ ਹੋਣਗੀਆਂ।

# ਦੁਨੀਆਂ ਦੇ 20 ਸਭ ਤੋਂ ਪ੍ਰਦੂਸ਼ਿਤ ਸ਼ਹਿਰਾਂ ਦੀ ਸੂਚੀ ਜਾਰੀ

## ਸੂਚੀ ਵਿੱਚ ਭਾਰਤ ਦੇ 13 ਸ਼ਹਿਰਾਂ ਦੇ ਨਾਮ ਸ਼ਾਮਲ, ਅਸਾਮ ਦਾ ਬਰਨੀਹਾਟ ਸਭ ਤੋਂ ਵੱਧ ਪ੍ਰਦੂਸ਼ਿਤ

ਦੁਨੀਆਂ ਦੇ 20 ਸਭ ਤੋਂ ਪ੍ਰਦੂਸ਼ਿਤ ਸ਼ਹਿਰਾਂ ਦੀ ਸੂਚੀ ਜਾਰੀ ਕੀਤੀ ਗਈ ਹੈ ਅਤੇ ਇਸ ਸੂਚੀ ਵਿੱਚ ਭਾਰਤ ਦੇ 13 ਸ਼ਹਿਰਾਂ ਦੇ ਨਾਮ ਸ਼ਾਮਲ ਹਨ। 11 ਮਾਰਚ ਨੂੰ ਪ੍ਰਕਾਸ਼ਿਤ ਇੱਕ ਰਿਪੋਰਟ ਵਿੱਚ ਖੁਲਾਸਾ ਹੋਇਆ ਹੈ ਕਿ ਅਸਾਮ ਦਾ ਬਰਨੀਹਾਟ ਭਾਰਤ ਦਾ ਸਭ ਤੋਂ ਪ੍ਰਦੂਸ਼ਿਤ ਸ਼ਹਿਰ ਹੈ।

ਸਵਿਸ ਏਅਰ ਕੁਆਲਿਟੀ ਟੈਕਨਾਲੋਜੀ ਕੰਪਨੀ ਆਈਕਿਊਏਅਰ ਦੁਆਰਾ ਜਾਰੀ ਕੀਤੀ ਗਈ ਕੁਆਲਿਟੀ ਰਿਪੋਰਟ 2024 ਵਿੱਚ ਕਿਹਾ ਗਿਆ ਹੈ ਕਿ ਭਾਰਤ ਵਿੱਚ ਦਿੱਲੀ ਵਿਸ਼ਵ ਪੱਧਰ ’ਤੇ ਸਭ ਤੋਂ ਵੱਧ ਪ੍ਰਦੂਸ਼ਿਤ ਰਾਜਧਾਨੀ ਸ਼ਹਿਰ ਬਣਿਆ ਹੋਇਆ ਹੈ। ਸਾਲ 2024 ਵਿੱਚ, ਭਾਰਤ ਦੁਨੀਆਂ ਦਾ 5ਵਾਂ ਸਭ ਤੋਂ ਵੱਧ ਪ੍ਰਦੂਸ਼ਿਤ ਦੇਸ਼ ਬਣ ਗਿਆ ਹੈ।2023 ਵਿੱਚ, ਭਾਰਤ ਤੀਜੇ ਸਥਾਨ ’ਤੇ ਸੀ।



### ਰਿਪੋਰਟ ਵਿੱਚ ਕੀ ਹੈ ?

ਰਿਪੋਰਟ ਦੇ ਅਨੁਸਾਰ, ਭਾਰਤ ਵਿੱਚ 2024 ਵਿੱਚ ਪੀ.ਐਮ. 2.5 ਦੀ ਗਾੜ੍ਹਾਪਣ ਵਿੱਚ 7 ਪ੍ਰਤੀਸ਼ਤ ਦੀ ਗਿਰਾਵਟ ਦੇਖਣ ਨੂੰ ਮਿਲੇਗੀ, ਜੋ ਕਿ 2023 ਵਿੱਚ 54.5 ਮਾਈਕ੍ਰੋਗ੍ਰਾਮ ਪ੍ਰਤੀ ਘਣ ਮੀਟਰ ਦੇ ਮੁਕਾਬਲੇ ਔਸਤਨ 50.6 ਮਾਈਕ੍ਰੋਗ੍ਰਾਮ ਪ੍ਰਤੀ ਘਣ ਮੀਟਰ ਹੋਵੇਗੀ। ਇਸ ਦੇ ਬਾਵਜੂਦ, ਦੁਨੀਆਂ ਦੇ 10 ਸਭ ਤੋਂ ਪ੍ਰਦੂਸ਼ਿਤ ਸ਼ਹਿਰਾਂ ਵਿੱਚੋਂ 6 ਭਾਰਤੀ ਸ਼ਹਿਰ ਬਰਨੀਹਾਟ, ਦਿੱਲੀ, ਮੁੱਲਾਂਪੁਰ (ਪੰਜਾਬ), ਫਰੀਦਾਬਾਦ, ਲੋਨੀ, ਨਵੀਂ ਦਿੱਲੀ, ਗੁਰੂਗ੍ਰਾਮ, ਗੰਗਾਨਗਰ, ਗ੍ਰੇਟਰ ਨੋਇਡਾ, ਭਿਵਾੜੀ, ਮੁਜ਼ੱਫਰਨਗਰ, ਹਨੂੰਮਾਨਗੜ੍ਹ, ਨੋਇਡਾ ਆਦਿ ਹਨ।

### ਸਿਹਤ ਲਈ ਗੰਭੀਰ ਖ਼ਤਰਾ ਪੈਦਾ ਕਰਦਾ ਹੈ ਪ੍ਰਦੂਸ਼ਣ

ਭਾਰਤ ਵਿੱਚ ਹਵਾ ਪ੍ਰਦੂਸ਼ਣ ਲੰਬੇ ਸਮੇਂ ਤੋਂ ਇੱਕ ਗੰਭੀਰ ਸਿਹਤ ਖ਼ਤਰਾ ਰਿਹਾ ਹੈ।ਹਵਾ ਪ੍ਰਦੂਸ਼ਣ ਜੀਵਨ ਕਾਲ ਨੂੰ 5.2 ਸਾਲ ਘਟਾ ਰਿਹਾ ਹੈ।ਪਿਛਲੇ ਸਾਲ ਪ੍ਰਕਾਸ਼ਿਤ ਲੈਂਸੇਟ ਪਲੈਨੇਟਰੀ ਹੈਲਥ ਅਧਿਐਨ ਦੇ ਅਨੁਸਾਰ, ਪ੍ਰਦੂਸ਼ਣ ਕਾਰਨ 2009 ਤੋਂ 2019 ਤੱਕ ਹਰ ਸਾਲ ਲਗਭਗ 1.5 ਮਿਲੀਅਨ ਮੌਤਾਂ ਹੋਈਆਂ।

### ਪੀ.ਐਮ. 2.5 ਕੀ ਹੈ ?

2.5 ਮਾਈਕਰੋਨ ਤੋਂ ਛੋਟੇ ਹਵਾ ਪ੍ਰਦੂਸ਼ਣ ਦੇ ਕਣ ਫੇਫੜਿਆਂ ਅਤੇ ਖੂਨ ਦੇ ਪ੍ਰਵਾਹ ਵਿੱਚ ਦਾਖਲ ਹੋ ਸਕਦੇ ਹਨ। ਇਸ ਨਾਲ ਸਾਹ ਲੈਣ ਵਿੱਚ ਤਕਲੀਫ਼, ਦਿਲ ਦੀ ਬਿਮਾਰੀ ਅਤੇ ਇੱਥੋਂ ਤੱਕ ਕਿ ਕੈਂਸਰ ਦਾ ਖ਼ਤਰਾ ਵੀ ਹੋ ਸਕਦਾ ਹੈ। ਇਹ ਵਾਹਨਾਂ ਦੇ ਧੂੰਏਂ, ਉਦਯੋਗਿਕ ਨਿਕਾਸ ਅਤੇ ਲੱਕੜ ਜਾਂ ਫਸਲਾਂ ਦੀ ਰਹਿੰਦ-ਖੂੰਹਦ ਨੂੰ ਸਾੜਨ ਕਾਰਨ ਵੀ ਫੈਲ ਸਕਦਾ ਹੈ।

### ਕੀ ਕੀਤਾ ਜਾਵੇ ?

ਸਭ ਤੋਂ ਜ਼ਿਆਦਾ ਪ੍ਰਦੂਸ਼ਣ ਜੈਵਿਕ ਬਾਲਣਾਂ ਅਤੇ ਵਾਹਨਾਂ ਕਰਕੇ ਹੁੰਦਾ ਹੈ। ਯੂਰਪ ਦੇ ਲਗਭਗ ਸਾਰੇ ਦੇਸਾਂ ਨੇ ਨਿੱਜੀ ਵਾਹਨਾਂ ਦੀ ਗਿਣਤੀ ਘਟਾਉਣ ਲਈ ਆਵਾਜਾਈ ਦੇ ਜਨਤਕ ਸਾਧਨ ਇੰਨੇ ਚੁਸਤ-ਦਰੁਸਤ ਕਰ ਦਿੱਤੇ ਹਨ ਕਿ ਲੋਕ ਨਿੱਜੀ ਵਾਹਨਾਂ ਦੀ ਥਾਂ ਜਨਤਕ ਵਾਹਨਾਂ ਨੂੰ ਤਰਜੀਹ ਦਿੰਦੇ ਹਨ।ਭਾਰਤ ਸਰਕਾਰ ਨੂੰ ਵੀ ਯੂਰੋਪੀਅਨ ਦੇਸ਼ਾਂ ਤੋਂ ਸਬਕ ਲੈਂਦੇ ਹੋਏ ਸਾਰੇ ਦੇਸ਼ ਵਿੱਚ ਜਨਤਕ ਆਵਾਜਾਈ ਦੇ ਸਾਧਨਾਂ ਨੂੰ ਚੁਸਤ-ਦਰੁਸਤ ਕਰਨਾ ਚਾਹੀਦਾ ਹੈ। ਜਨਤਕ ਆਵਾਜਾਈ ਦੇ ਸਾਧਨਾਂ ਦੀ ਸੁਵਿਧਾ ਨਾਲ ਜਿੱਥੇ ਇੱਕ ਪਾਸੇ ਹਵਾ ਦੇ ਪ੍ਰਦੂਸ਼ਣ ਤੋਂ ਰਾਹਤ ਮਿਲੇਗੀ ਉੱਥੇ ਦੂਜੇ ਪਾਸੇ ਗਰੀਨਹਾਊਸ ਗੈਸਾਂ ਦੇ ਨਿਕਾਸ ਵਿੱਚ ਕਮੀ ਆ ਜਾਵੇਗੀ ਜਿਸ ਨਾਲ ਤਾਪਮਾਨ ਦੇ ਵਾਧੇ ਉੱਤੇ ਕਾਬੂ ਪਾਉਣਾ ਵੀ ਸੌਖਾ ਹੋ ਜਾਵੇਗਾ।

ਇਸ ਦੇ ਨਾਲ ਨਾਲ ਕੇਂਦਰ ਸਰਕਾਰ ਅਤੇ ਰਾਜ ਸਰਕਾਰਾਂ ਉਦਯੋਗਿਕ ਇਕਾਈਆਂ ਵਿੱਚ ਪ੍ਰਦੂਸ਼ਿਤ ਹਵਾ ਨੂੰ ਸਾਫ਼ ਕਰਨ ਵਾਲੇ ਯੰਤਰ ਲਗਾਉਣੇ ਯਕੀਨੀ ਬਣਾਉਣ। ਕੁਤਾਹੀ ਕਰਨ ਵਾਲੀਆਂ ਇਕਾਈਆਂ ਨੂੰ ਜੁਰਮਾਨਾ ਕੀਤਾ ਜਾਵੇ। ਉਸਾਰੀ ਦੇ ਕੰਮਾਂ ਵਾਲੀਆਂ ਥਾਵਾਂ ਉੱਤੇ ਉੱਚੇਚੇ ਪ੍ਰਬੰਧ ਕੀਤੇ ਜਾਣ ਤਾਂ ਕਿ ਧੂੜ, ਅਤੇ ਮਿੱਟੀ ਦੇ ਕਣ ਵਾਤਾਵਰਨ ਨੂੰ ਪ੍ਰਦੂਸ਼ਿਤ ਨਾ ਕਰਨ। ਕੂੜੇ ਦੇ ਢੇਰਾਂ ਨੂੰ ਵਿਗਿਆਨਕ ਵਿਧੀ ਨਾਲ ਸਮੇਟਿਆ ਜਾਵੇ। ਬਿਜਲੀ ਕੋਲੇ ਨਾਲ ਪੈਦਾ ਕਰਨ ਦੀ ਥਾਂ ਉੱਤੇ ਨਵਿਆਉਣਯੋਗ ਸਰੋਤਾਂ ਤੋਂ ਪੈਦਾ ਕੀਤੀ ਜਾਵੇ। ਦਰੱਖ਼ਤਾਂ ਦੀ ਗਿਣਤੀ ਵਿੱਚ ਵਾਧਾ ਕੀਤਾ ਜਾਵੇ। ਕੇਂਦਰ ਅਤੇ ਰਾਜ ਸਰਕਾਰਾਂ ਨੂੰ ਇਹ ਵੀ ਚਾਹੀਦਾ ਹੈ ਕਿ ਸਲਾਨਾ ਬੱਜਟ ਵਿੱਚ ਹਵਾ ਦੇ ਪ੍ਰਦੂਸ਼ਣ ਨਾਲ ਨਜਿੱਠਣ ਲਈ ਵੱਖਰਾ ਫੰਡ ਰੱਖਿਆ ਜਾਵੇ।

ਭਾਰਤ ਦੇ ਵੱਖ- ਵੱਖ ਖੇਤਰਾਂ ਵਿੱਚ ਫਸਲੀ-ਚੱਕਰ ਉੱਥੋਂ ਦੀਆਂ ਖੇਤੀਬਾੜੀ-ਜਲਵਾਯੂ ਹਾਲਤਾਂ ਅਨੁਸਾਰ ਯਕੀਨੀ ਬਣਾਇਆ ਜਾਣਾ ਚਾਹੀਦਾ ਹੈ। ਵਾਤਾਵਰਨ ਨੂੰ ਸਾਫ਼-ਸੁਥਰਾ ਰੱਖਣ ਲਈ ਦੇਸ਼ ਦੇ ਹਰ ਨਾਗਰਿਕ ਦਾ ਫਰਜ਼ ਬਣਦਾ ਹੈ ਕਿ ਉਹ ਆਪਣਾ ਬਣਦਾ ਹਿੱਸਾ ਪਾਵੇ ਜਿਸ ਨਾਲ ਦੇਸ਼ ਦੇ ਹਰ ਨਾਗਰਿਕ ਦਾ ਭਵਿੱਖ ਸੁਰੱਖਿਅਤ ਹੋ ਜਾਵੇ।

# ਗੁਰਦੁਆਰਾ ਸਾਹਿਬ ਫਰੀਮਾਂਟ ਦੀਆਂ ਚੋਣਾਂ ’ਚ ਸਿੱਖ ਪੰਚਾਇਤ ਜੇਤੂ

## ਵਿਰੋਧੀ ਧਿਰ ਦੇ ਕੂੜ ਪ੍ਰਚਾਰ ਨੂੰ ਸੰਗਤ ਨੇ ਨਕਾਰਿਆ

ਫਰੀਮਾਂਟ/ਏ.ਟੀ.ਨਿਊਜ਼ :- ਗੁਰਦੁਆਰਾ ਸਾਹਿਬ ਫਰੀਮਾਂਟ ਦੀਆਂ ਹਰ 2 ਸਾਲ ਬਾਅਦ ਹੋਣ ਵਾਲੀਆਂ ਚੋਣਾਂ ਵਿੱਚ ਸਿੱਖ ਪੰਚਾਇਤ ਵੱਡੇ ਫਰਕ ਨਾਲ ਜੇਤੂ ਰਹੀ ਹੈ। ਸਿੱਖ ਪੰਚਾਇਤ ਨੂੰ ਤਕਰੀਬਨ 2400 ਅਤੇ ਸਿੱਖ ਸੰਗਤ ਬੇ-ਏਰੀਆ ਨੂੰ 1700 ਵੋਟ ਪਈ। ਇਹ ਚੋਣ ਸਿੱਖ ਪੰਚਾਇਤ ਲਈ ਇੱਕ ਪਰਖ ਦੀ ਘੜੀ ਸੀ ਕਿਉਂ ਕਿ ਉਹਨਾਂ ਨੇ ਫੈਸਲਾ ਲਿਆ ਕਿ ਚੋਣਾਂ ਵਿੱਚ ਵਿਰੋਧੀ ਵਿਰੁੱਧ ਕੂੜ ਪ੍ਰਚਾਰ ਕੀਤਾ ਜਾਂਦਾ ਹੈ ਜੋ ਉਹ ਨਹੀਂ ਕਰਨਗੇ। ਦੂਜਾ ਰੋਚਿਕ ਫੈਕਟਰ ਇਹ ਸੀ ਕਿ ਸੈਨਹੋਜ਼ੇ ਦਾ ਬਾਬ ਢਿੱਲੋਂ ਤੇ ਸੁਖਦੇਵ ਸਿੰਘ ਬੈਨੀਵਾਲ ਇਸ ਚੋਣ ਵਿੱਚ ਸਿੱਧੇ ਨਿੱਤਰ ਕੇ ਸਿੱਖ ਪੰਚਾਇਤ ਦੇ ਵਿਰੋਧ ਵਿੱਚ ਆਏ। ਯਾਦ ਰਹੇ, ਬੌਬ ਢਿੱਲੋਂ ਪੰਥ ਵਿਰੋਧੀ ਸਟੈਂਡ ਲਈ ਜਾਣਿਆ ਜਾਂਦਾ ਹੈ ਤੇ ਜੋ ਉਸ ਵਿਰੁੱਧ ਬੋਲਦਾ ਹੈ ਉਸ ਨੂੰ ਕੋਰਟ ਕੇਸਾਂ ਦਾ ਸਾਹਮਣਾ ਕਰਨਾ ਪੈਂਦਾ ਹੈ। ਸਿੱਖ ਸੰਗਤ ਬੇ-ਏਰੀਆ ਚਾਹੇ ਆਪਣੇ ਆਪ ਨੂੰ ਪੰਥਕ ਦੱਸਦੀ ਹੈ ਪਰ ਇਹ ਲੀਡਰਸ਼ਿਪ ਬੌਬ ਢਿੱਲੋਂ ਦੀ ਹੀ ਮੰਨਦੀ ਹੈ।

ਸਿੱਖ ਪੰਚਾਇਤ ਨੇ ਸੰਗਤਾਂ ਦਾ ਧੰਨਵਾਦ ਕਰਦੇ ਹੋਏ ਕਿਹਾ ਕਿ ਅਗਲੇ ਦੋ ਸਾਲਾਂ ਵਿੱਚ ਫੇਜ਼ 2 ਦੀ ਉਸਾਰੀ ਸਮੇਤ ਕਈ ਪ੍ਰਾਜੈਕਟ ਹਨ ਜੋ ਉਹਨਾਂ ਨੇ ਪੂਰੇ ਕਰਨੇ ਹਨ।



ਸੁਰਿੰਦਰਜੀਤ ਕੌਰ
Surinderjit Kaur



ਅੰਮ੍ਰਿਤਪਾਲ ਸਿੰਘ
Amritpal Singh



ਇਸ਼ਮੀਤ ਸਿੰਘ
Ishmeet Singh



ਜਸਦੇਵ ਸਿੰਘ
Jasdev Singh



ਜਸਵੰਤ ਸਿੰਘ
Jaswant Singh

## ਮੀਰੀ-ਪੀਰੀ ਦੇ ਪਹਿਰਾ ਦੇਣਾ ਕਰਕੇ ਸਿੱਖ ਪੰਚਾਇਤ ਦੀ ਸ਼ਲਾਘਾ

ਮੀਰੀ-ਪੀਰੀ Temporal Sovereignty-Spiritual Sovereignty ਉੱਤੇ ਡੱਟ ਕੇ ਪਹਿਰਾ ਦੇਣ ਵਾਲੀ ਪੰਥਕ ਜਥੇਬੰਦੀ ਸਿੱਖ ਪੰਚਾਇਤ ਦੁਆਰਾ ਗੁਰਮਤੇ ਰਾਹੀਂ ਚੁਣੇ ਗਏ ਪੰਜ ਸਿੰਘਾਂ ਸਿੰਘਣੀਆਂ ਨੂੰ ਵੋਟ ਪਾ ਕੇ ਆਪ ਸਿੱਖ ਸੰਗਤਾਂ ਨੇ ਅਸ਼ੀਰਵਾਦ ਬਖ਼ਸ਼ਦਿਆਂ ਕਾਮਯਾਬੀ ਦੇ ਨਾਲ ਨਾਲ ਵੱਡੀ ਜ਼ਿੰਮੇਵਾਰੀ ਵੀ ਮੋਢਿਆਂ ਉੱਤੇ ਪਾਈ ਹੈ।

ਸਿੱਖ ਪੰਚਾਇਤ ਨੂੰ ਹਿਮਾਇਤ ਦੇ ਕੇ ਜੋ ਵੱਡੀ ਸੇਵਾ ਦੀ ਜ਼ਿੰਮੇਵਾਰੀ ਆਪ ਸਿੱਖ ਸੰਗਤਾਂ ਨੇ ਸਿੱਖ ਪੰਚਾਇਤ ਦੇ ਉਮੀਦਵਾਰਾਂ ਸਿਰ ਪਾਈ ਹੈ ਉਸਨੇ ਇਹ ਸਾਬਤ ਕਰ ਦਿੱਤਾ ਹੈ ਕਿ ਆਪ ਸਿੱਖ ਪੰਚਾਇਤ ਨੂੰ ਕਿਸੇ ਦੀ ਨਿੱਜੀ ਜਗੀਰ ਨਹੀਂ ਸਮਝਦੇ ਬਲਕਿ ਹਮੇਸ਼ਾਂ ਮੀਰੀ-ਪੀਰੀ ਦੇ ਸਿੱਖ ਸਿਧਾਂਤ ਉੱਤੇ ਡੱਟ ਕੇ ਪਹਿਰਾ ਦੇਣ ਵਾਲੀ ਪੰਥ ਦੀ ਸਾਂਝੀ ਪੰਥਕ-ਜਥੇਬੰਦੀ ਸਮਝਦੇ ਹੋ

ਸਿੱਖ ਪੰਚਾਇਤ ਆਪ ਸਿੱਖ ਸੰਗਤਾਂ ਨੂੰ ਇਹ ਭਰੋਸਾ ਦਿਵਾਉਂਦੀ ਹੈ ਕਿ ਸਿੱਖ ਪੰਚਾਇਤ ਦੁਆਰਾ ਪੇਸ਼ ਕੀਤੀ ਤੇ ਆਪ ਦੁਆਰਾ ਦਿੱਤੀ ਅਸੀਸ ਉੱਤੇ ਪੂਰਾ ਉੱਤਰਦਿਆਂ ਸੁਪਰੀਮ ਕੌਂਸਲ ਤੇ ਗੁਰਦੁਆਰਾ ਪ੍ਰਬੰਧਕ ਕਮੇਟੀ ਪਹਿਲਾਂ ਤੋਂ ਚੱਲ ਰਹੇ ਕਾਰਜਾਂ, ਵਾਇਦਿਆਂ ਤੇ ਵਚਨਾਂ ਨੂੰ ਪੂਰਾ ਕਰਨ ਲਈ ਪੂਰਾ ਟਿੱਲ ਲਾ ਦੇਵੇਗੀ।

ਜਿਸ ਵਿੱਚ ਆਪਦੇ ਸਹਿਯੋਗ ਤੇ ਸਮਰਥਨ ਦੀ ਹਮੇਸ਼ਾਂ ਲੋੜ ਰਹੇਗੀ।

ਇੱਕ ਵਾਰ ਫਿਰ ਆਪ ਸਿੱਖ ਸੰਗਤਾਂ ਦਾ ਜਿੱਤ ਦੀ ਬਖਸ਼ਿਸ਼ ਲਈ ਸਤਿਕਾਰ ਸਹਿਤ ਬਹੁਤ ਬਹੁਤ ਧੰਨਵਾਦ ।

ਆਪ ਨੇ ਸਾਡੇ ਸਮੁੱਚੇ ਟੀਚਿਆਂ ਉੱਤੇ ਤੇ ਭਵਿਖੱਤ ਨਿਸ਼ਾਨਿਆਂ ਉੱਤੇ ਜੋ ਮੋਹਰ ਲਾਈ ਹੈ ਉਹ ਇਸ ਤਰਾਂ ਹਨ :

1. ਇਸ ਨੇ ਪੀਰੀ ਭਾਵ ਸ਼ਬਦ ਗੁਰੂ ਦੀ ਪ੍ਰਭੁਸੱਤਾ ਉੱਤੇ ਡੱਟ ਕੇ ਪਹਿਰਾ ਦਿੱਤਾ ਹੈ।

2. ਇਸ ਨੇ ਮੀਰੀ ਭਾਵ ਹਲੇਮੀ ਰਾਜ- ਰਾਜ ਕਰੇਗਾ ਖ਼ਾਲਸਾ-ਖ਼ਾਲਿਸਤਾਨ ਦੀ ਸਥਾਪਤੀ ਦੇ ਗੁਰੂ ਬਖ਼ਸ਼ੇ ਸਿਧਾਂਤ ਉੱਤੇ ਡੱਟ ਕੇ ਪਹਿਰਾ ਦਿੱਤਾ ਹੈ

3. ਹਮੇਸ਼ਾ ਸਾਧ-ਸੰਗਤ ਨੂੰ ਸਤਿਕਾਰਨ, ਜੋੜਨ ਤੇ ਪਹਿਲ ਦੇਣ ਉੱਤੇ ਪਹਿਰਾ ਦਿੱਤਾ ਹੈ।

4. ਸੈਨ ਫ਼ਰਾਂਸਿਸਕੋ ਵਿੱਚ ਸਾਹਿਬ ਸ੍ਰੀ ਗੁਰੂ ਅਰਜਨ ਦੇਵ ਜੀ ਦੀ ਸ਼ਹੀਦੀ ਮਨਾਉਂਦਿਆਂ ਖ਼ਾਲਿਸਤਾਨ ਦੇ ਸ਼ਹੀਦਾਂ ਦੀ ਯਾਦ ਵਿੱਚ ਸਿੱਖ ਪ੍ਰਭੁਸੱਤਾ ਰੈਲੀ ਤੇ ਫ਼ਰੀਡਮ ਮਾਰਚ ਨੂੰ ਹਰ ਹਾਲਤ ਵਿੱਚ ਜਾਰੀ ਰੱਖਿਆ ਹੈ ਤੇ ਜਾਰੀ ਰੱਖਣਾ ਹੈ।

5. ਗੁਰਦੁਆਰਾ ਸਾਹਿਬ ਫਰੀਮਾਂਟ ਵਿੱਚ ਸਿੱਖ ਨਸਲਕੁਸ਼ੀ-1984 ਦੀ ਯਾਦਗਾਰ ਸਥਾਪਤ ਕਰਨ ਲਈ ਯਾਦਗਾਰੀ ਪਲੇਟ ਸਥਾਪਤ ਕੀਤੀ ਹੈ ਤਾਂ ਕਿ ਅਸੀਂ ਇਹ ਕਾਰਜ ਭੁੱਲ ਨਾ ਜਾਈਏ।

6. ਖ਼ਾਲਿਸਤਾਨ ਐਲਾਨ ਦਿਵਸ ਨੂੰ ਹਰ ਸਾਲ ਚੜ੍ਹਦੀ ਕਲਾ ਨਾਲ ਮਨਾਇਆ ਜਾਂਦਾ ਹੈ।

7. ਅੰਮ੍ਰਿਤ ਛਕਾਉਣ ਭਾਵ ਸਿੰਘ-ਸਿੰਘਣੀਆਂ ਸਜਾਉਣ ਨੂੰ ਪਹਿਲ ਦੇ ਅਧਾਰ ਉੱਤੇ ਰੱਖਿਆ ਹੈ।

8. ਨੌਜਵਾਨ ਸਿੱਖ ਪੀੜ੍ਹੀ ਨੂੰ ਸਿੱਖੀ ਨਾਲ ਜੋੜਨ ਲਈ ਵਿਸ਼ੇਸ਼ ਯਤਨ ਕੀਤੇ ਜਾਂਦੇ ਹਨ।

9. ਇਲਾਹੀ ਕੀਰਤਨ, ਕਥਾ, ਗੁਰਬਾਣੀ ਸੰਥਿਆ, ਗੁਰੂ ਤੇ ਸਿੱਖ ਇਤਿਹਾਸ ਦੀ ਸਿਖਲਾਈ ਲਈ ਮਾਹਰਾਂ ਦੀਆਂ ਸੇਵਾਵਾਂ ਲਈਆਂ ਜਾਂਦੀ ਹਨ।

10. ਇਸ ਤੋਂ ਇਲਾਵਾ ਗੁਰਮਤਿ ਦੇ ਹਰ ਖੇਤਰ ਲਈ ਚੰਗੇ ਉੱਦਮ ਕੀਤੇ ਜਾਂਦੇ ਹਨ।

11. ਖ਼ਾਲਸਾ ਪੰਥ ਦੇ ਉਜਵਲ ਭਵਿੱਖ ਲਈ ਜੇਤੂ ਸਿੱਖ ਪੰਚਾਇਤ, ਸੈਕੰਡ ਟੀਮ ਸਿੱਖ ਸੰਗਤ ਬੇਅ ਏਰੀਆ ਕੋਲੋਂ ਵੀ ਇਹ ਉਮੀਦ ਰੱਖਦੀ ਹੈ ਕਿ ਉਹ ਪ੍ਰਬੰਧਕ ਕਮੇਟੀ ਨੂੰ ਪੂਰਾ ਸਹਿਯੋਗ ਦੇਣਗੇ ਤਾਂ ਕਿ ਵਡੇਰੇ ਪੰਥਕ ਕਾਰਜ ਬਿਨਾ ਕਿਸੇ ਰੁਕਾਵਟ ਦੇ ਨੇਪਰੇ ਚੜ੍ਹਦੇ ਰਹਿਣ।

ਇਨ੍ਹਾਂ ਸਾਰੇ ਕਾਰਜਾਂ ਉੱਤੇ ਮੋਹਰ ਲਾਉਂਦਿਆਂ ਆਪ ਸਿੱਖ ਸੰਗਤਾਂ ਨੇ ਅਸੀਸ ਬਖ਼ਸ਼ੀ ਹੈ, ਜਿਸ ਨਾਲ ਆਪਦੇ ਵੱਡੇ ਸਹਿਯੋਗ ਤੇ ਸਮਰਥਨ ਨਾਲ ਸਿੱਖ ਪੰਚਾਇਤ ਦੇ 5 ਉਮੀਦਵਾਰਾਂ ਦੀ ਜਿੱਤ ਹੋਈ ਹੈ, ਆਓ ! ਮਿਲ-ਜੁਲ ਕੇ ਇਨ੍ਹਾਂ ਸੇਵਾਦਾਰਾਂ ਕੋਲੋਂ ਸਿੱਖੀ ਦੀ ਪ੍ਰਫ਼ੁੱਲਤਾ ਲਈ ਵੱਧ ਤੋਂ ਵੱਧ ਸੇਵਾ ਲਈਏ।

**-ਇਕਬਾਲ ਸਿੰਘ**

# 1 ਲੱਖ ਤੋਂ ਵਧੇਰੇ ਭਾਰਤੀ ਨੌਜਵਾਨਾਂ ਨੂੰ ਅਮਰੀਕਾ ਦੇ ਸਕਦੈ ਦੇਸ਼ ਨਿਕਾਲਾ

ਵਾਸ਼ਿੰਗਟਨ/ਏ.ਟੀ.ਨਿਊਜ਼: ਅਮਰੀਕਾ ਆਪਣੀ ਇਮੀਗ੍ਰੇਸ਼ਨ ਨੀਤੀਆਂ ਨੂੰ ਸਖ਼ਤ ਕਰਦਾ ਜਾ ਰਿਹਾ ਹੈ। ਇਸ ਦੇ ਤਹਿਤ ਐੱਚ-1ਬੀ ਵੀਜ਼ਾ ਧਾਰਕ ਜੋ ਨਾਬਾਲਗ ਵਜੋਂ ਆਏ ਸਨ ਅਤੇ ਹੁਣ 21 ਸਾਲ ਦੇ ਹੋਣ ਵਾਲੇ ਹਨ, ਅਮਰੀਕਾ ਵਿੱਚ ਆਪਣੇ ਠਹਿਰਨ ਨੂੰ ਲੈ ਕੇ ਦੁਚਿੱਤੀ ਦਾ ਸਾਹਮਣਾ ਕਰ ਰਹੇ ਹਨ। ਉਨ੍ਹਾਂ ਨੂੰ ਹੁਣ ਮਾਪਿਆਂ (8-4 ਵੀਜ਼ਾ ਧਾਰਕਾਂ) ਦੇ ਨਿਰਭਰ ਨਹੀਂ ਮੰਨਿਆ ਜਾ ਸਕਦਾ। ਅਮਰੀਕੀ ਨੀਤੀ ਤਹਿਤ ਹੁਣ ਤੱਕ ਉਨ੍ਹਾਂ ਨੂੰ 'ਏਜ ਆਊਟ' ਤੋਂ ਬਾਅਦ ਨਵਾਂ ਵੀਜ਼ਾ ਦਰਜਾ ਚੁਣਨ ਲਈ ਦੋ ਸਾਲ ਦਿੱਤੇ ਜਾਂਦੇ ਸਨ, ਪਰ ਇਮੀਗ੍ਰੇਸ਼ਨ ਨਿਯਮਾਂ ਅਤੇ ਅਦਾਲਤੀ ਮਾਮਲਿਆਂ ਵਿੱਚ ਹਾਲ ਹੀ ਵਿੱਚ ਹੋਏ ਬਦਲਾਅ ਕਾਰਨ, ਉਨ੍ਹਾਂ ਨੂੰ ਚਿੰਤਾ ਹੈ ਕਿ ਇਹ ਵਿਵਸਥਾ ਖਤਮ ਹੋ ਸਕਦੀ ਹੈ। ਉਨ੍ਹਾਂ ਨੂੰ ਡਰ ਹੈ ਕਿ ਉਨ੍ਹਾਂ ਨੂੰ ਭਾਰਤ 'ਸਵੈ-ਦੇਸ਼ ਨਿਕਾਲੇ' ਲਈ ਮਜਬੂਰ ਕੀਤਾ ਜਾ ਸਕਦਾ ਹੈ, ਇੱਕ ਅਜਿਹਾ ਦੇਸ਼ ਜਿਸ ਤੋਂ ਉਹ ਬਹੁਤ ਘੱਟ ਜਾਣੂ ਹਨ ਜਾਂ ਅਮਰੀਕਾ ਵਿੱਚ 'ਬਾਹਰਲੇ' ਵਜੋਂ ਰਹਿਣਾ ਪੈ ਸਕਦਾ ਹੈ।



**ਚਿੰਤਾ ਵਿੱਚ ਡੁੱਬੇ 1 ਲੱਖ ਤੋਂ ਵਧੇਰੇ ਭਾਰਤੀ ਨੌਜਵਾਨ**

ਮਾਰਚ 2023 ਦੇ ਅੰਕੜਿਆਂ ਅਨੁਸਾਰ ਅਜਿਹਾ ਅਨੁਮਾਨ ਹੈ ਕਿ ਲਗਭਗ 1.34 ਲੱਖ ਭਾਰਤੀ ਬੱਚਿਆਂ ਦੀ ਨਿਰਭਰ ਵੀਜ਼ਾ ਸਥਿਤੀ ਉਨ੍ਹਾਂ ਦੇ ਪਰਿਵਾਰਾਂ ਨੂੰ ਗ੍ਰੀਨ ਕਾਰਡ ਮਿਲਣ ਤੋਂ ਪਹਿਲਾਂ ਹੀ ਖਤਮ ਹੋ ਜਾਵੇਗੀ। ਇਸ ਉਲਝਣ ਨੂੰ ਹੋਰ ਵਧਾਉਂਦਿਆਂ ਟੈਕਸਾਸ ਦੀ ਇੱਕ ਹਾਲੀਆ ਅਦਾਲਤ ਨੇ ਡਿਫਰਡ ਐਕਸ਼ਨ ਫਾਰ ਚਾਈਲਡਹੁੱਡ ਅਰਾਈਵਲ (ਡੀ.ਏ.ਸੀ.ਏ.) ਤਹਿਤ ਨਵੇਂ ਬਿਨੈਕਾਰਾਂ ਨੂੰ ਵਰਕ ਪਰਮਿਟ ਦੇਣ 'ਤੇ ਰੋਕ ਲਗਾ ਦਿੱਤੀ ਹੈ। ਡੀ.ਏ.ਸੀ.ਏ. ਗੈਰ-ਦਸਤਾਵੇਜ਼ੀ ਪ੍ਰਵਾਸੀਆਂ ਨੂੰ ਦੇਸ਼ ਨਿਕਾਲੇ ਤੋਂ ਦੋ ਸਾਲਾਂ ਦੀ ਅਸਥਾਈ ਸੁਰੱਖਿਆ ਪ੍ਰਦਾਨ ਕਰਦਾ ਹੈ, ਜਿਸ ਵਿੱਚ ਉਹ ਬੱਚੇ ਵੀ ਸ਼ਾਮਲ ਹਨ ਜੋ 21 ਸਾਲ ਦੀ ਉਮਰ ਤੋਂ ਬਾਅਦ ਮਾਪਿਆਂ ਦੇ ਨਿਰਭਰ ਵਜੋਂ ਆਪਣੀ ਸਥਿਤੀ ਲਈ ਅਯੋਗ ਹੋ ਜਾਂਦੇ ਹਨ ਅਤੇ ਜਿਨ੍ਹਾਂ ਕੋਲ ਨਵੀਨੀਕਰਨ ਦੀ ਸੰਭਾਵਨਾ ਹੁੰਦੀ ਹੈ। ਇਸ ਵਿਵਸਥਾ ਤੋਂ ਬਿਨਾਂ ਭਾਰਤੀ ਨੌਜਵਾਨਾਂ ਨੂੰ ਡਰ ਹੈ ਕਿ ਉਹ ਅਨਿਸ਼ਚਿਤਤਾ ਵਿੱਚ ਫਸ ਸਕਦੇ ਹਨ। ਵੱਡੀ ਗੱਲ ਇਹ ਹੈ ਕਿ ਮਾਪਿਆਂ ਨੇ ਗ੍ਰੀਨ ਕਾਰਡਾਂ ਲਈ ਜੋ ਅਰਜ਼ੀ ਦਿੱਤੀ ਹੈ, ਉਸ ਦੀ ਉਡੀਕ ਮਿਆਦ 12 ਸਾਲ ਤੋਂ ਲੈ ਕੇ 100 ਸਾਲ ਤੱਕ ਹੈ। ਇਨ੍ਹਾਂ ਵਿੱਚੋਂ ਕੁਝ ਨੌਜਵਾਨ ਕੈਨੇਡਾ ਜਾਂ ਯੂ.ਕੇ ਵਰਗੇ ਹੋਰ ਦੇਸ਼ਾਂ ਵਿੱਚ ਜਾਣ ਬਾਰੇ ਵੀ ਵਿਚਾਰ ਕਰ ਰਹੇ ਹਨ, ਜਿੱਥੇ ਇਮੀਗ੍ਰੇਸ਼ਨ ਨੀਤੀਆਂ ਨੂੰ ਵਧੇਰੇ ਸਮਾਵੇਸ਼ੀ ਮੰਨਿਆ ਜਾਂਦਾ ਹੈ। ਮੈਮਫ਼ਿਸ ਵਿੱਚ ਰਹਿਣ ਵਾਲੇ ਇੱਕ ਅੰਡਰਗ੍ਰੈਜੁਏਟ ਵਿਦਿਆਰਥੀ, ਜੋ ਅਪ੍ਰੈਲ ਵਿੱਚ 21 ਸਾਲ ਦਾ ਹੋ ਜਾਵੇਗਾ ਨੇ ਕਿਹਾ,'ਇਹ ਇੱਕ ਸੌਖਾ ਵਿਕਲਪ ਹੋ ਸਕਦਾ ਹੈ।' ਉਸਨੇ ਅੱਗੇ ਕਿਹਾ, 'ਮੈਂ ਆਪਣੇ ਆਪ ਨੂੰ ਭਾਰਤ ਵਾਪਸ ਜਾਂਦੇ ਹੋਏ ਨਹੀਂ ਦੇਖ ਸਕਦਾ ਕਿਉਂਕਿ ਇਹ ਮੈਨੂੰ ਕਿਸੇ ਹੋਰ ਵਿਦੇਸ਼ੀ ਧਰਤੀ ਵਾਂਗ ਮਹਿਸੂਸ ਹੁੰਦਾ ਹੈ। ਮੈਂ ਇਸਨੂੰ ਆਪਣੇ ਬਚਪਨ ਵਿੱਚ ਛੱਡ ਦਿੱਤਾ ਸੀ। ਮੈਨੂੰ ਨਵੇਂ ਸਿਰੇ ਤੋਂ ਸ਼ੁਰੂਆਤ ਕਰਨੀ ਪਵੇਗੀ।'

# ਅਮਰੀਕੀ ਸਮਾਨ 'ਤੇ ਲੱਗਿਆ ਟੈਕਸ ਘਟਾਏਗਾ ਭਾਰਤ: ਟਰੰਪ

ਵਾਸ਼ਿੰਗਟਨ/ਏ.ਟੀ.ਨਿਊਜ਼: ਅਮਰੀਕੀ ਰਾਸ਼ਟਰਪਤੀ ਡੋਨਾਲਡ ਟਰੰਪ ਨੇ ਕਿਹਾ ਕਿ ਭਾਰਤ ਆਪਣੇ ਟੈਕਸ 'ਚ 'ਲੋੜੀਂਦੀ' ਕਟੌਤੀ ਕਰਨ ਲਈ ਸਹਿਮਤ ਹੋ ਗਿਆ ਹੈ ਕਿਉਂਕਿ ਭਾਰਤ ਅਮਰੀਕਾ 'ਤੇ ਬਹੁਤ ਜ਼ਿਆਦਾ ਟੈਕਸ ਲਾਉਂਦਾ ਹੈ, ਜਿਸ ਨਾਲ ਉੱਥੇ ਉਤਪਾਦ ਵੇਚਣਾ ਮੁਸ਼ਕਿਲ ਹੋ ਜਾਂਦਾ ਹੈ।

ਟਰੰਪ ਨੇ ਓਵਲ ਆਫਿਸ 'ਚ ਦਿੱਤੇ ਬਿਆਨ ਵਿੱਚ ਕਿਹਾ, 'ਆਰਥਿਕ, ਵਿੱਤੀ ਤੇ ਵਪਾਰਕ ਨਜ਼ਰੀਏ ਤੋਂ ਸਾਡੇ ਦੇਸ਼ ਨੂੰ ਦੁਨੀਆਂ ਦੇ ਤਕਰੀਬਨ ਹਰ ਮੁਲਕ ਨੇ ਪੂਰੀ ਤਰ੍ਹਾਂ ਠੱਗਿਆ ਹੈ। ਕੈਨੇਡਾ, ਮੈਕਸਿਕੋ ਅਤੇ ਭਾਰਤ ਸਾਡੇ 'ਤੇ ਬਹੁਤ ਜ਼ਿਆਦਾ ਟੈਕਸ ਲਾਉਂਦੇ ਹਨ। ਤੁਸੀਂ ਭਾਰਤ 'ਚ ਕੁਝ ਵੀ ਨਹੀਂ ਵੇਚ ਸਕਦੇ। ਇਹ ਤਕਰੀਬਨ ਪਾਬੰਦੀ ਦੀ ਤਰ੍ਹਾਂ ਹੈ। ਅਸੀਂ ਬਹੁਤ ਘੱਟ ਵਪਾਰ ਕਰ ਸਕਦੇ ਹਾਂ।' ਉਨ੍ਹਾਂ ਕਿਹਾ, 'ਵੈਸੇ ਉਹ ਇਸ ਗੱਲ 'ਤੇ ਸਹਿਮਤ ਹੋ ਗਏ ਹਨ ਕਿ ਹੁਣ ਉਹ ਆਪਣੇ ਟੈਕਸ 'ਚ ਕਟੌਤੀ ਕਰਨਾ ਚਾਹੁੰਦੇ ਹਨ ਕਿਉਂਕਿ ਹੁਣ ਕੋਈ ਤਾਂ ਉਨ੍ਹਾਂ ਦੇ ਕੀਤੇ ਦੀ ਪੋਲ ਖੋਲ੍ਹ ਰਿਹਾ ਹੈ।'



ਉਨ੍ਹਾਂ ਕਿਹਾ, 'ਚੀਨ ਨਾਲ ਵੀ ਇਹੀ ਗੱਲ ਹੈ। ਹੋਰ ਕਈ ਦੇਸ਼ਾਂ ਨਾਲ ਵੀ ਇਹੀ ਗੱਲ ਹੈ ਤੇ ਯੂਰਪੀ ਯੂਨੀਅਨ ਇਸ ਦੇਸ਼ ਦੀ ਬਹੁਤ ਜ਼ਿਆਦਾ ਦੁਰਵਰਤੋਂ ਕਰ ਰਹੀ ਹੈ।' ਟਰੰਪ ਦੀ ਇਹ ਟਿੱਪਣੀ ਸਨਅਤ ਤੇ ਵਣਜ ਮੰਤਰੀ ਪਿਊਸ਼ ਗੋਇਲ ਦੀ ਉਨ੍ਹਾਂ ਦੇ ਅਮਰੀਕੀ ਹਮਰੁਤਬਾ ਹਾਵਰਡ ਲੁਟਿਕ ਨਾਲ ਵਪਾਰ ਵਾਰਤਾ ਲਈ ਅਮਰੀਕਾ ਦੀ ਯਾਤਰਾ ਤੋਂ ਬਾਅਦ ਆਈ ਹੈ। ਟਰੰਪ ਨੇ ਇਸ ਹਫ਼ਤੇ 'ਚ ਤੀਜੀ ਵਾਰ ਭਾਰਤ ਵੱਲੋਂ ਲਾਏ ਗਏ ਟੈਕਸ ਦੀ ਆਲੋਚਨਾ ਕੀਤੀ ਹੈ।

# ਵਿਦੇਸ਼ੀ ਸਹਾਇਤਾ ਲਈ ਅਮਰੀਕਾ ਨੇ ਰੋਕੀ ਫ਼ੰਡਿੰਗ

## ਸੰਯੁਕਤ ਰਾਸ਼ਟਰ ਏਜੰਸੀਆਂ ਦੀ ਆਰਥਿਕਤਾ ਵਿਗੜੀ, ਕਰਮਚਾਰੀਆਂ ਦੀ ਹੋਈ ਛਾਂਟੀ

ਜੇਨੇਵਾ/ਏ.ਟੀ.ਨਿਊਜ਼ : ਵਿਦੇਸ਼ੀ ਸਹਾਇਤਾ ਲਈ ਅਮਰੀਕੀ ਫੰਡਿੰਗ 'ਤੇ ਰੋਕ ਨੇ ਸੰਯੁਕਤ ਰਾਸ਼ਟਰ ਦੀਆਂ ਬਹੁਤ ਸਾਰੀਆਂ ਏਜੰਸੀਆਂ ਨੂੰ ਅਫਗਾਨਿਸਤਾਨ, ਸੁਡਾਨ, ਯੂਕ੍ਰੇਨ ਅਤੇ ਹੋਰ ਥਾਵਾਂ 'ਤੇ ਸਟਾਫ, ਬਜਟ ਅਤੇ ਸੇਵਾਵਾਂ ਵਿੱਚ ਕਟੌਤੀ ਕਰਨ ਲਈ ਮਜਬੂਰ ਕੀਤਾ ਹੈ। ਜਨਰਲ ਸਕੱਤਰ ਐਂਟੋਨੀਓ ਗੁਟੇਰੇਸ ਨੇ ਕਿਹਾ ਕਿ ਅਫਗਾਨਿਸਤਾਨ ਵਿੱਚ 90 ਲੱਖ ਤੋਂ ਵੱਧ ਲੋਕ ਸਿਹਤ ਅਤੇ ਸੁਰੱਖਿਆ ਸੇਵਾਵਾਂ ਤੋਂ ਵਾਂਝੇ ਰਹਿ ਜਾਣਗੇ। ਪਿਛਲੇ ਸਾਲ ਯੂਕ੍ਰੇਨ ਵਿੱਚ 10 ਲੱਖ ਲੋਕਾਂ ਦੀ ਮਦਦ ਕਰਨ ਵਾਲੇ ਨਕਦ ਵੰਡ ਨੂੰ ਮੁਅੱਤਲ ਕਰ ਦਿੱਤਾ ਗਿਆ ਹੈ।

ਜਿਨ੍ਹਾਂ ਏਜੰਸੀਆਂ ਦੇ ਸਭ ਤੋਂ ਵੱਧ ਪ੍ਰਭਾਵਿਤ ਹੋਣ ਦੀ ਸੰਭਾਵਨਾ ਹੈ ਉਨ੍ਹਾਂ ਵਿੱਚ ਸੰਯੁਕਤ ਰਾਸ਼ਟਰ ਸ਼ਰਨਾਰਥੀ ਏਜੰਸੀ, ਵਿਸ਼ਵ ਸਿਹਤ ਸੰਗਠਨ, ਮਨੁੱਖੀ ਮਾਮਲਿਆਂ ਦੇ ਤਾਲਮੇਲ ਲਈ ਸੰਯੁਕਤ ਰਾਸ਼ਟਰ ਦਫ਼ਤਰ ਆਦਿ ਸ਼ਾਮਲ ਹਨ। ਪਿਛਲੇ ਸਾਲ, ਯੂ.ਐਨ.ਐਚ.ਸੀ.ਆਰ. ਨੂੰ ਆਪਣੇ 5 ਬਿਲੀਅਨ ਡਾਲਰ ਦੇ ਬਜਟ ਦਾ 40 ਪ੍ਰਤੀਸ਼ਤ ਤੋਂ ਵੱਧ ਹਿੱਸਾ ਸੰਯੁਕਤ ਰਾਜ ਅਮਰੀਕਾ ਤੋਂ ਮਿਲਿਆ ਸੀ। ਇੰਟਰਨੈਸ਼ਨਲ ਆਰਗੇਨਾਈਜ਼ੇਸ਼ਨ ਫਾਰ ਮਾਈਗ੍ਰੇਸ਼ਨ ਨੂੰ 2023 ਵਿੱਚ ਆਪਣੇ 3.4 ਬਿਲੀਅਨ ਡਾਲਰ ਦੇ ਬਜਟ ਦਾ 40 ਪ੍ਰਤੀਸ਼ਤ ਤੋਂ ਵੱਧ ਹਿੱਸਾ ਸੰਯੁਕਤ ਰਾਜ ਅਮਰੀਕਾ ਤੋਂ ਪ੍ਰਾਪਤ ਹੋਵੇਗਾ। ਟਰੰਪ ਪ੍ਰਸ਼ਾਸਨ ਵਿਸ਼ਵ ਸਿਹਤ ਸੰਗਠਨ ਪ੍ਰਤੀ ਖਾਸ ਤੌਰ 'ਤੇ ਸਖ਼ਤ ਰਿਹਾ ਹੈ। ਉਨ੍ਹਾਂ ਦੇ ਸ਼ੁਰੂਆਤੀ ਕਾਰਜਕਾਰੀ ਆਦੇਸ਼ਾਂ ਵਿੱਚੋਂ ਇੱਕ ਨੇ ਸੰਯੁਕਤ ਰਾਸ਼ਟਰ ਦੀ ਸਿਹਤ ਏਜੰਸੀ ਤੋਂ ਅਮਰੀਕਾ ਦੇ ਪਿੱਛੇ ਹਟਣ ਦਾ ਐਲਾਨ ਕੀਤਾ।

ਵਿਸ਼ਵ ਸਿਹਤ ਸੰਗਠਨ ਦਾ ਕਹਿਣਾ ਹੈ ਕਿ ਗਲੋਬਲ ਖਸਰਾ ਅਤੇ ਰੁਬੇਲਾ ਪ੍ਰਯੋਗਸ਼ਾਲਾ ਨੈੱਟਵਰਕ ਢਹਿ ਜਾਣ ਦਾ ਖ਼ਤਰਾ ਹੈ ਕਿਉਂਕਿ ਇਸਦੀ ਲਗਭਗ 8 ਮਿਲੀਅਨ ਡਾਲਰ ਪ੍ਰਤੀ ਸਾਲ ਦੀ ਸਹਾਇਤਾ ਪੂਰੀ ਤਰ੍ਹਾਂ ਸੰਯੁਕਤ ਰਾਜ ਅਮਰੀਕਾ ਦੁਆਰਾ ਫੰਡ ਕੀਤੀ ਜਾਂਦੀ ਹੈ।

**ਖਰਚ ਲਈ ਵਿਭਾਗ ਤੋਂ ਪ੍ਰਵਾਨਗੀ ਜ਼ਰੂਰੀ**

ਵਾਤਾਵਰਣ ਸੁਰੱਖਿਆ ਏਜੰਸੀ ਨੇ ਨਵੇਂ ਦਿਸ਼ਾ-ਨਿਰਦੇਸ਼ ਜਾਰੀ ਕੀਤੇ ਹਨ। ਇਸ ਵਿੱਚ ਕਿਹਾ ਗਿਆ ਹੈ ਕਿ 50,000 ਡਾਲਰ ਤੋਂ ਵੱਧ ਦੇ ਖਰਚਿਆਂ ਲਈ ਹੁਣ ਐਲੋਨ ਮਸਕ ਦੇ ਸਰਕਾਰੀ ਕੁਸ਼ਲਤਾ ਵਿਭਾਗ ਤੋਂ ਪ੍ਰਵਾਨਗੀ ਦੀ ਲੋੜ ਹੋਵੇਗੀ। ਰਾਸ਼ਟਰਪਤੀ ਡੋਨਾਲਡ ਟਰੰਪ ਨੇ ਪਬਲਿਕ ਸਰਵਿਸ ਲੋਨ ਮਾਫ਼ੀ ਪ੍ਰੋਗਰਾਮ ਵਿੱਚ ਬਦਲਾਅ ਦੇ ਆਦੇਸ਼ ਵੀ ਦਿੱਤੇ ਹਨ। ਇਸ ਦੇ ਤਹਿਤ, ਗਲਤ ਗਤੀਵਿਧੀਆਂ ਵਿੱਚ ਸ਼ਾਮਲ ਪਾਏ ਜਾਣ ਵਾਲੇ ਗੈਰ-ਮੁਨਾਫ਼ਾ ਸਮੂਹਾਂ ਦੇ ਕਰਮਚਾਰੀਆਂ ਨੂੰ ਅਯੋਗ ਕਰਾਰ ਦਿੱਤਾ ਜਾਵੇਗਾ। ਕਾਂਗਰਸ ਨੇ 2007 ਵਿੱਚ ਸਰਕਾਰੀ ਜਾਂ ਗੈਰ-ਮੁਨਾਫ਼ਾ ਸਮੂਹਾਂ ਵਿੱਚ ਕੈਰੀਅਰ ਨੂੰ ਉਤਸ਼ਾਹਿਤ ਕਰਨ ਲਈ ਇਹ ਪ੍ਰੋਗਰਾਮ ਬਣਾਇਆ ਸੀ।

# ਵਿਸ਼ਵ ਊਰਜਾ ਬਾਜ਼ਾਰ ਵਿੱਚ ਅਮਰੀਕੀ ਤੇਲ ਦੀ ਮੰਗ ਵਧੀ

ਨਵੀਂ ਦਿੱਲੀ/ਏ.ਟੀ.ਨਿਊਜ਼: ਅਮਰੀਕਾ ਤੋਂ ਕੱਚੇ ਤੇਲ ਦੀ ਬਰਾਮਦ 2 ਸਾਲ ਦੇ ਸਭ ਤੋਂ ਉੱਚੇ ਪੱਧਰ 'ਤੇ ਪਹੁੰਚ ਗਈ ਹੈ। ਵਿਸ਼ਵ ਊਰਜਾ ਬਾਜ਼ਾਰ ਵਿੱਚ ਵਧਦੀ ਮੰਗ ਅਤੇ ਬਰਾਮਦ ਵਿੱਚ ਤੇਜ਼ੀ ਕਾਰਨ ਅਮਰੀਕਾ ਤੋਂ ਹੋਣ ਵਾਲੀ ਸਪਲਾਈ ਵਿੱਚ ਵਰਣਨਯੋਗ ਵਾਧਾ ਦਰਜ ਕੀਤਾ ਗਿਆ ਹੈ। ਅਜਿਹਾ ਇਸ ਲਈ ਕਿਉਂਕਿ ਦੇਸ਼ ਦੀਆਂ ਰਿਫਾਇਨਰੀਆਂ ਰੂਸ 'ਤੇ ਅਮਰੀਕੀ ਪਾਬੰਦੀਆਂ ਕਾਰਨ ਬਦਲਵੀਂ ਸਪਲਾਈ ਦੀ ਭਾਲ ਕਰ ਰਹੀਆਂ ਹਨ। ਸ਼ਿਪ ਟ੍ਰੈਕਿੰਗ ਫਰਮ ਕੇਪਲਰ ਦੇ ਅੰਕੜਿਆਂ ਅਨੁਸਾਰ ਅਮਰੀਕਾ ਨੇ ਫਰਵਰੀ ਵਿੱਚ ਭਾਰਤ ਨੂੰ ਰੋਜ਼ਾਨਾ ਲਗਭਗ 3,57,000 ਬੈਰਲ ਪ੍ਰਤੀ ਦਿਨ (ਬੀ. ਪੀ. ਡੀ.) ਕੱਚਾ ਤੇਲ ਨਿਰਯਾਤ ਕੀਤਾ। ਇਹ ਪਿਛਲੇ ਸਾਲ ਦੇ 2,21,000 ਬੈਰਲ ਪ੍ਰਤੀ ਦਿਨ (ਬੀ. ਪੀ. ਡੀ.) ਨਾਲੋਂ ਬੜਾ ਵੱਧ ਹੈ।




ਫਰਵਰੀ ਵਿੱਚ ਅਮਰੀਕਾ ਨੇ ਦੱਖਣੀ ਕੋਰੀਆ ਨੂੰ ਰਿਕਾਰਡ 6,56,000 ਬੈਰਲ ਪ੍ਰਤੀ ਦਿਨ (ਬੀ. ਪੀ. ਡੀ.) ਕੱਚਾ ਤੇਲ ਬਰਾਮਦ ਕੀਤਾ। ਓਧਰ, ਚੀਨ ਵੱਲੋਂ ਅਮਰੀਕੀ ਤੇਲ 'ਤੇ 10 ਪ੍ਰਤੀਸ਼ਤ ਟੈਰਿਫ ਲਗਾਉਣ ਦੇ ਕਾਰਨ ਬਰਾਮਦ ਦੀ ਦਿਸ਼ਾ ਬਦਲ ਗਈ। ਅਮਰੀਕਾ ਤੋਂ ਚੀਨ ਨੂੰ ਕੱਚੇ ਤੇਲ ਦੀ ਬਰਾਮਦ ਘਟ ਕੇ ਸਿਰਫ਼ 76,000 ਬੈਰਲ ਪ੍ਰਤੀ ਦਿਨ ਰਹਿ ਗਈ, ਜੋ ਕਿ ਪਿਛਲੇ 5 ਸਾਲਾਂ ਵਿੱਚ ਸਭ ਤੋਂ ਹੇਠਲੇ ਪੱਧਰਾਂ ਵਿੱਚੋਂ ਇੱਕ ਹੈ।

**ਅਮਰੀਕਾ ਨੇ ਲਗਾਈਆਂ ਪਾਬੰਦੀਆਂ**

ਅਮਰੀਕਾ ਨੇ ਅਕਤੂਬਰ 2024 ਤੋਂ ਇਰਾਨ ਅਤੇ ਰੂਸ ਦੇ ਤੇਲ ਨਾਲ ਜੁੜੇ ਸ਼ਿਪਸ ਅਤੇ ਕੰਪਨੀਆਂ 'ਤੇ ਕਈ ਦੌਰ ਦੀਆਂ ਪਾਬੰਦੀਆਂ ਲਗਾਈਆਂ ਹਨ, ਜਿਸ ਨਾਲ ਇਨ੍ਹਾਂ ਦੇਸ਼ਾਂ ਤੋਂ ਵੱਡੇ ਦਰਾਮਦਕਾਰਾਂ ਨੂੰ ਕੱਚੇ ਤੇਲ ਦੀ ਸਪਲਾਈ ਵਿੱਚ ਰੁਕਾਵਟਾਂ ਪੈ ਰਹੀਆਂ ਹਨ। ਭਾਰਤ ਸਰਕਾਰ ਦੇ ਅਨੁਸਾਰ ਅਮਰੀਕਾ ਤੋਂ ਭਾਰਤ ਦੀ ਊਰਜਾ ਖਰੀਦ ਨੇੜਲੇ ਭਵਿੱਖ ਵਿੱਚ 15 ਅਰਬ ਡਾਲਰ ਤੋਂ ਵੱਧ ਕੇ 25 ਅਰਬ ਡਾਲਰ ਤੱਕ ਪਹੁੰਚ ਸਕਦੀ ਹੈ।

**ਅਮਰੀਕਾ ਦੀ ਕੁੱਲ ਬਰਾਮਦ ਦਾ 80 ਫੀਸਦੀ**

ਅੰਕੜਿਆਂ ਦੇ ਅਨੁਸਾਰ, ਭਾਰਤ ਨੂੰ ਅਮਰੀਕਾ ਦੇ ਕੁੱਲ ਕਰੂਡ ਬਰਾਮਦ ਦਾ 80 ਫੀਸਦੀ ਹਿੱਸਾ ਲਾਈਟ-ਸਵੀਟ ਵੈਸਟ ਟੈਕਸਾਸ ਇੰਟਰਮੀਡੀਏਟ (ਡਬਲਿਊ. ਟੀ. ਆਈ.)-ਮਿਡਲੈਂਡ ਕੱਚਾ ਤੇਲ ਸੀ। ਇਨ੍ਹਾਂ ਵਿੱਚ ਭਾਰਤ ਤੋਂ ਟਾਪ ਖਰੀਦਦਾਰਾਂ ਵਿੱਚ ਇੰਡੀਅਨ ਆਇਲ ਕਾਰਪੋਰੇਸ਼ਨ (ਆਈ.ਓ.ਸੀ.), ਰਿਲਾਇੰਸ ਇੰਡਸਟਰੀਜ਼ (ਆਰ. ਆਈ. ਐੱਲ.), ਭਾਰਤ ਪੈਟਰੋਲੀਅਮ ਕਾਰਪੋਰੇਸ਼ਨ (ਬੀ.ਪੀ.ਸੀ. ਐੱਲ.) ਰਹੀ ਜਦਕਿ ਅਮਰੀਕਾ ਦੇ ਟਾਪ ਐਕਪੋਰਟਰਜ਼ ਵਿੱਚ ਆਕਸੀਡੈਂਟਲ ਪੈਟਰੋਲੀਅਮ, ਇਕਵਿਨੋਰ, ਐਕਸਾਨ ਮੋਬਿਲ, ਟਰੇਡਿੰਗ ਫਰਮ ਗਨਵਰ ਸ਼ਾਮਲ ਹਨ। ਤੁਹਾਨੂੰ ਦੱਸ ਦੇਈਏ ਕਿ ਕੰਪਨੀਆਂ ਨੇ ਫਿਲਹਾਲ ਇਸ ਮਾਮਲੇ 'ਤੇ ਕੋਈ ਵੀ ਟਿੱਪਣੀ ਕਰਨ ਤੋਂ ਇਨਕਾਰ ਕਰ ਦਿੱਤਾ ਹੈ।

ਕੌਮਾਂਤਰੀ ਅੰਮ੍ਰਿਤਸਰ ਟਾਈਮਜ਼ QUOMANTRY AMRITSAR TIMES

Manager: Pardeep Singh Sub: Editor: Balwinderpal Singh, Dr. Sarbjeet Kaur Jang Online Interview Host: Balraj Pannu

Designer: A.K.V. Content Composer: S. Jagmohan Singh US Distributor: Amritsar Times Inc. Owner: Amritsar Times Pvt Ltd.

Quomantry Amritsar Times is owned by Amritsar Times Pvt Ltd, a company based in India. It owns the content of the Newspaper and hereby does not authorize anyone to redistribute without prior consent. The opinions expressed in this publication are those of the authors unless written by AT Bureau. They do not purport to reflect the opinions or views of the Owner or its members.

All legal disputes must be handled in the courts of State of Punjab in India.

ਲੇਖਾਂ ਤੇ ਰਚਨਾਵਾਂ ਵਿੱਚ ਲੇਖਕਾਂ ਵੱਲੋਂ ਪ੍ਰਗਟਾਏ ਵਿਚਾਰ ਉਹਨਾਂ ਦੇ ਨਿੱਜੀ ਹਨ। ਲੇਖਕਾਂ ਦੇ ਵਿਚਾਰਾਂ ਨਾਲ ਸੰਪਾਦਕ ਦਾ ਸਹਿਮਤ ਹੋਣਾ ਜ਼ਰੂਰੀ ਨਹੀਂ ਹੈ।

# ਚੀਨ 'ਚ ਜ਼ਮੀਨ ਅੰਦਰ ਮਿਲਿਆ 'ਕਾਲਾ ਸੋਨਾ'

ਬੀਜਿੰਗ/ਏ.ਟੀ.ਨਿਊਜ਼ :- ਅਮਰੀਕਾ ਨਾਲ ਛਿੜੀ ਟੈਰਿਫ ਵਾਰ ਦੇ ਵਿਚਕਾਰ ਚੀਨ ਦੇ ਹੱਥ ਇੱਕ ਵੱਡਾ ਖਜ਼ਾਨਾ ਲੱਗਾ ਹੈ। ਚੀਨ ਨੇ ਦੋ ਸ਼ੇਲ ਤੇਲ ਖੇਤਰ ਲੱਭੇ ਹਨ। ਇਨ੍ਹਾਂ ਦੋਵਾਂ ਤੇਲ ਭੰਡਾਰਾਂ 'ਚ ਕੁੱਲ 18 ਕਰੋੜ ਟਨ ਤੇਲ ਦਾ ਭੰਡਾਰ ਹੈ। ਚੀਨ ਜੈਵਿਕ ਇੰਧਨ ਲਈ ਨਿਰਯਾਤ 'ਤੇ ਬਹੁਤ ਜ਼ਿਆਦਾ ਨਿਰਭਰ ਹੈ ਅਤੇ ਨਵੀਂ ਖੋਜ ਨਿਰਯਾਤ 'ਤੇ ਆਪਣੀ ਨਿਰਭਰਤਾ ਨੂੰ ਘਟਾਉਣ ਦੇ ਉਸਦੇ ਯਤਨਾਂ ਨੂੰ ਮਜ਼ਬੂਤੀ ਮਿਲੇਗੀ।




ਚੀਨ ਦੇ ਸਭ ਤੋਂ ਵੱਡੇ ਤੇਲ ਰਿਫਾਇਨਰ ਸਿਨੋਪੇਕ ਨੇ ਇਨ੍ਹਾਂ ਖੋਜਾਂ ਦਾ ਐਲਾਨ ਕੀਤਾ। ਕੰਪਨੀ ਨੇ ਕਿਹਾ ਕਿ ਤੇਲ ਦੇ ਭੰਡਾਰ ਉੱਤਰ-ਪੂਰਬੀ ਚੀਨ ਵਿੱਚ ਬੋਹਾਈ ਖਾੜੀ ਬੇਸਿਨ ਅਤੇ ਪੂਰਬੀ ਸੂਬੇ ਜਿਆਂਗਸੂ ਵਿੱਚ ਸੁਬੇਈ ਬੇਸਿਨ ਵਿੱਚ ਸਥਿਤ ਹਨ।

ਚੀਨ ਦੀ ਸਰਕਾਰੀ ਖ਼ਬਰ ਏਜੰਸੀ ਸ਼ਿਨਹੂਆ ਦੇ ਅਨੁਸਾਰ, ਸ਼ੁਰੂਆਤੀ ਮੁਲਾਂਕਣ ਦਰਸਾਉਂਦੇ ਹਨ ਕਿ ਦੋਵੇਂ ਸ਼ੇਲ ਤੇਲ ਖੇਤਰਾਂ ਵਿੱਚ ਲੰਬੇ ਸਮੇਂ ਲਈ ਟਿਕਾਊ ਤੇਲ ਉਤਪਾਦਨ ਕਰਨ ਦੀ ਸਮਰੱਥਾ ਹੈ। ਇਹ ਪਹਿਲੀ ਵਾਰ ਹੈ ਜਦੋਂ ਚੀਨ ਨੇ ਸ਼ੇਲ ਤੇਲ ਭੰਡਾਰਾਂ ਦਾ ਮੁਲਾਂਕਣ ਕਰਨ ਲਈ ਘਰੇਲੂ ਤੌਰ 'ਤੇ ਵਿਕਸਤ ਮਾਪਦੰਡਾਂ ਦੀ ਵਰਤੋਂ ਕੀਤੀ ਹੈ।

ਚੀਨ ਜੈਵਿਕ ਇੰਧਨ, ਲਿਥੀਅਮ, ਕੋਬਾਲਟ ਅਤੇ ਦੁਰਲੱਭ ਧਰਤੀ ਦੀਆਂ ਧਾਤਾਂ ਸਮੇਤ ਮਹੱਤਵਪੂਰਨ ਕੁਦਰਤੀ ਸਰੋਤਾਂ ਦੇ ਘਰੇਲੂ ਸਰੋਤਾਂ ਦੀ ਭਾਲ ਕਰਦੇ ਕਰ ਰਿਹਾ ਹੈ ਅਤੇ ਇਸੇ ਕ੍ਰਮ 'ਚ ਉਸਨੂੰ ਤੇਲ ਭੰਡਾਰ ਲੱਭੇ ਹਨ। ਇਨ੍ਹਾਂ ਕੁਦਰਤੀ ਸਰੋਤਾਂ ਦੀ ਪੜਚੋਲ ਕਰਨ ਲਈ ਚੀਨ ਨੇ ਦੇਸ਼ ਦੀ ਊਰਜਾ ਸੁਰੱਖਿਆ ਨੂੰ ਮਜ਼ਬੂਤ ਕਰਨ ਦੇ ਉਦੇਸ਼ ਨਾਲ 2011 ਵਿੱਚ 'ਦਿ ਮਿਨਰਲ ਐਕਸਪਲੋਰੇਸ਼ਨ ਬ੍ਰੇਕਥਰੂ ਸਟ੍ਰੈਟਜੀ' ਸ਼ੁਰੂ ਕੀਤੀ।

ਚੀਨ ਦੇ ਕੁਦਰਤੀ ਸਰੋਤ ਮੰਤਰਾਲੇ ਨੇ ਪਿਛਲੇ ਹਫ਼ਤੇ ਇੱਕ ਪ੍ਰੈਸ ਕਾਨਫਰੰਸ ਵਿੱਚ ਕਿਹਾ ਸੀ ਕਿ ਪਿਛਲੇ ਚਾਰ ਸਾਲਾਂ ਵਿੱਚ ਇਹ ਕਾਰਜ ਤੇਜ਼ੀ ਨਾਲ ਅੱਗੇ ਵਧਿਆ ਹੈ, ਜਿਸ ਦੇ ਨਤੀਜੇ ਵਜੋਂ 10 ਨਵੇਂ ਤੇਲ ਖੇਤਰਾਂ ਦੀ ਖੋਜ ਹੋਈ ਹੈ। ਇਨ੍ਹਾਂ ਵਿੱਚੋਂ ਹਰੇਕ ਕੋਲ 10 ਕਰੋੜ ਟਨ ਤੋਂ ਵੱਧ ਤੇਲ ਦੇ ਭੰਡਾਰ ਹਨ। 19 ਕੁਦਰਤੀ ਗੈਸ ਖੇਤਰਾਂ ਦੀ ਖੋਜ ਕੀਤੀ ਗਈ ਹੈ ਜਿਨ੍ਹਾਂ ਵਿੱਚ 100 ਅਰਬ ਘਣ ਮੀਟਰ ਤੋਂ ਵੱਧ ਗੈਸ ਭੰਡਾਰ ਹਨ। ਇਸ ਮੁਹਿੰਮ ਤਹਿਤ 10 ਵੱਡੇ ਯੂਰੇਨੀਅਮ ਭੰਡਾਰ ਵੀ ਲੱਭੇ ਗਏ ਹਨ।

# ਰਾਸ਼ਟਰਮੰਡਲ ਖੇਡ ਫ਼ੈਡਰੇਸ਼ਨ ਦਾ ਨਾਮ ਹੁਣ 'ਰਾਸ਼ਟਰਮੰਡਲ ਖੇਡਾਂ'

ਲੰਡਨ/ਏ.ਟੀ.ਨਿਊਜ਼: ਰਾਸ਼ਟਰਮੰਡਲ ਖੇਡ ਫ਼ੈਡਰੇਸ਼ਨ ਨੇ ਇਹ ਕਹਿੰਦਿਆਂ ਆਪਣਾ ਨਾਮ ਬਦਲ ਕੇ ਰਾਸ਼ਟਰਮੰਡਲ ਖੇਡਾਂ ਰੱਖ ਲਿਆ ਕਿ ਇਹ ਪ੍ਰਬੰਧਕ ਸੰਸਥਾ ਤੋਂ 'ਅੰਦੋਲਨ' ਬਣਨ ਦਾ ਸੰਕੇਤ ਹੈ। ਇਹ ਐਲਾਨ ਪਿਛਲੇ ਦਿਨੀਂ ਰਾਸ਼ਟਰਮੰਡਲ ਦਿਵਸ 'ਤੇ ਕੀਤਾ ਗਿਆ। ਰਾਸ਼ਟਰਮੰਡਲ ਖੇਡਾਂ ਅਤੇ ਰਾਸ਼ਟਰਮੰਡਲ ਯੁਵਾ ਖੇਡਾਂ ਦੀ ਪ੍ਰਬੰਧਕ ਸੰਸਥਾ ਨੇ ਬਿਆਨ ਵਿੱਚ ਕਿਹਾ, 'ਰਾਸ਼ਟਰਮੰਡਲ ਦਿਵਸ 2025 ਤੋਂ ਰਾਸ਼ਟਰਮੰਡਲ ਖੇਡ ਫੈਡਰੇਸ਼ਨ ਨੂੰ ਰਾਸ਼ਟਰਮੰਡਲ ਖੇਡਾਂ ਵਜੋਂ ਜਾਣਿਆ ਜਾਵੇਗਾ।' ਬਿਆਨ ਅਨੁਸਾਰ, 'ਰਾਸ਼ਟਰਮੰਡਲ ਖੇਡ ਫੈਡਰੇਸ਼ਨ ਆਪਣਾ ਜਨਤਕ ਬ੍ਰਾਂਡ ਨਾਮ ਬਦਲ ਕੇ ਰਾਸ਼ਟਰਮੰਡਲ ਖੇਡਾਂ ਰੱਖ ਰਿਹਾ ਹੈ। ਇਹ ਬ੍ਰਾਂਡ ਵਿਕਾਸ ਸੰਸਥਾ ਦੇ 'ਖੇਡ ਫੈਡਰੇਸ਼ਨ' ਦੀ 'ਖੇਡ ਅੰਦੋਲਨ' ਵਿੱਚ ਤਬਦੀਲੀ ਨੂੰ ਦਰਸਾਉਂਦਾ ਹੈ।' ਰਾਸ਼ਟਰਮੰਡਲ ਖੇਡਾਂ ਦੀ ਸੀ.ਈ.ਓ. ਕੇਟੀ ਸੈਡਲੀਅਰ ਨੇ ਦੱਸਿਆ ਕਿ 'ਰਾਸ਼ਟਰਮੰਡਲ ਖੇਡ ਫੈਡਰੇਸ਼ਨ' ਨੂੰ ਸਿਰਫ਼ ਕਾਨੂੰਨੀ ਇਕਾਈ ਦੇ ਨਾਮ ਵਜੋਂ ਵਰਤਿਆ ਜਾਵੇਗਾ।

# ਆਸਟ੍ਰੇਲੀਆ 'ਚ ਸਿੱਖ ਸੰਸਥਾਵਾਂ ਨੇ ਚਲਾਈ 'ਹਰ ਸਿੱਖ ਵੋਟਰ ਅਹਿਮ ਹੈ' ਮੁਹਿੰਮ

ਮੈਲਬਰਨ/ਏ.ਟੀ.ਨਿਊਜ਼: ਆਸਟ੍ਰੇਲੀਆ ਵਿੱਚ ਹੋਣ ਵਾਲੀਆਂ ਆਮ ਚੋਣਾਂ ਸਬੰਧੀ ਮੁਲਕ ਦੇ ਸਿੱਖਾਂ ਦੀ ਸ਼ਮੂਲੀਅਤ ਵਧਾਉਣ ਲਈ ਸਿੱਖ ਸੰਸਥਾਵਾਂ ਨੇ 'ਹਰ ਸਿੱਖ ਵੋਟਰ ਅਹਿਮ ਹੈ' ਮੁਹਿੰਮ ਚਲਾਉਣ ਦਾ ਐਲਾਨ ਕੀਤਾ ਹੈ।



ਇੱਥੋਂ ਜਾਰੀ ਪ੍ਰੈੱਸ ਬਿਆਨ 'ਚ ਕਿਹਾ ਗਿਆ ਹੈ ਕਿ ਜਨਗਣਨਾ ਅੰਕੜਿਆਂ ਮੁਤਾਬਕ ਮੁਲਕ 'ਚ ਦੋ ਲੱਖ ਦਸ ਹਜ਼ਾਰ ਵਿਅਕਤੀਆਂ ਨੇ ਆਪਣੀ ਪਛਾਣ ਸਿੱਖ ਵਜੋਂ ਦਰਜ ਕਰਵਾਈ ਹੈ ਅਤੇ ਹੁਣ ਇਹ ਗਿਣਤੀ ਪਹਿਲਾਂ ਨਾਲੋਂ ਵਧੀ ਹੈ, ਜਿਸ ਕਾਰਨ ਸਿਆਸੀ ਗਲਿਆਰਿਆਂ 'ਚ ਭਾਈਚਾਰੇ ਦੀ ਆਵਾਜ਼ ਬੁਲੰਦ ਕਰਨਾ ਸਮੇਂ ਦੀ ਮੰਗ ਹੈ। ਇਸ ਮੁਹਿੰਮ ਤਹਿਤ ਲੋਕਾਂ ਨੂੰ ਵੋਟ ਪ੍ਰਣਾਲੀ ਪ੍ਰਤੀ ਜਾਗਰੂਕ ਕਰਨ ਲਈ ਵਰਕਸ਼ਾਪਾਂ ਲਾਉਣੀਆਂ, ਸਿੱਖ ਵੋਟਰਾਂ ਨੂੰ ਆਪਣੀ ਸਮਾਜਿਕ ਆਵਾਜ਼ ਦਰਜ ਕਰਵਾਉਣ ਵੱਲ ਪ੍ਰੇਰਿਤ ਕਰਨਾ, ਬਹੁ-ਸੱਭਿਆਚਾਰਕ ਭਾਈਚਾਰੇ 'ਚ ਆਪਣੀ ਪਛਾਣ ਅਤੇ ਇੱਕ-ਦੂਜੇ ਪ੍ਰਤੀ ਜਾਣਕਾਰੀਆਂ ਤੇ ਗਲਤਫ਼ਹਿਮੀਆਂ ਦੂਰ ਕਰਨਾ, ਨਰੋਏ ਸਮਾਜਿਕ ਤਾਣੇ-ਬਾਣੇ, ਆਪਸੀ ਸਦਭਾਵਨਾ ਤੇ ਸਤਿਕਾਰ ਸੰਵਾਦ ਚਲਾਉਣਾ ਅਤੇ ਭਾਈਚਾਰਕ ਖਲਾਅ ਘਟਾਉਣਾ ਇਸ ਮੁਹਿੰਮ ਦਾ ਮੁੱਖ ਹਿੱਸਾ ਹੈ।

ਮੁਹਿੰਮ ਦੇ ਬੁਲਾਰੇ ਮੁਤਾਬਕ 'ਹਰ ਸਿੱਖ ਵੋਟ ਅਹਿਮ ਹੈ' ਮੁਹਿੰਮ ਵਿੱਚ ਭਾਈਚਾਰਕ ਸ਼ਮੂਲੀਅਤ ਦਾ ਸੱਦਾ ਦਿੰਦਿਆਂ ਇਸ ਹਾਂ-ਪੱਖੀ ਕਾਰਜ ਲਈ ਸਾਰਿਆਂ ਨੂੰ ਅੱਗੇ ਆਉਣ ਦਾ ਸੱਦਾ ਦਿੱਤਾ ਗਿਆ ਹੈ। ਜ਼ਿਕਰਯੋਗ ਹੈ ਕਿ ਮਈ ਤੋਂ ਪਹਿਲਾਂ ਆਸਟਰੇਲੀਆ 'ਚ ਆਮ ਚੋਣਾਂ ਹੋਣੀਆਂ ਹਨ, ਜਿਸ ਦਾ ਐਲਾਨ ਕਿਸੇ ਵੇਲੇ ਵੀ ਸੰਭਵ ਹੈ।

# ਅਫ਼ਗਾਨਿਸਤਾਨ 'ਚ ਔਰਤਾਂ ਦਾ ਮਾਣ, ਮਰਿਆਦਾ ਤੇ ਕਾਨੂੰਨੀ ਹੱਕ ਮੁੱਖ ਤਰਜੀਹ: ਤਾਲਿਬਾਨ

ਕਾਬੁਲ/ਏ.ਟੀ.ਨਿਊਜ਼: ਤਾਲਿਬਾਨ ਨੇ ਕਿਹਾ ਹੈ ਕਿ ਅਫ਼ਗਾਨਿਸਤਾਨੀ ਮਹਿਲਾਵਾਂ ਸੁਰੱਖਿਅਤ ਹਨ ਤੇ ਉਨ੍ਹਾਂ ਦੇ ਅਧਿਕਾਰ ਮਹਿਫੂਜ਼ ਹਨ। ਹਾਲਾਂਕਿ, ਦੂਜੇ ਪਾਸੇ, ਸੰਯੁਕਤ ਰਾਸ਼ਟਰ ਵੱਲੋਂ ਅਫ਼ਗਾਨਿਸਤਾਨ ਵਿੱਚ ਔਰਤਾਂ ਵੱਲੋਂ ਨੌਕਰੀ ਕਰਨ ਤੇ ਸਿੱਖਿਆ ਹਾਸਲ ਕਰਨ 'ਤੇ ਲਾਈਆਂ ਪਾਬੰਦੀਆਂ ਹਟਾਉਣ ਦੀ ਲਗਾਤਾਰ ਮੰਗ ਕੀਤੀ ਜਾ ਰਹੀ ਹੈ। ਤਾਲਿਬਾਨ ਦੇ ਮੁੱਖ ਬੁਲਾਰੇ ਜ਼ਬੀਹੁੱਲ੍ਹਾ ਮੁਜਾਹਿਦ ਨੇ ਆਪਣੇ 'ਐਕਸ' ਖਾਤੇ ਉੱਤੇ ਬਿਆਨ ਜਾਰੀ ਕਰਦਿਆਂ ਕਿਹਾ ਕਿ ਇਸਲਾਮਿਕ ਅਮੀਰਾਤ (ਤਾਲਿਬਾਨ ਵੱਲੋਂ ਆਪਣੀ ਸਰਕਾਰ ਲਈ ਵਰਤੇ ਜਾਂਦੇ ਸ਼ਬਦ) ਵਿੱਚ ਔਰਤਾਂ ਦਾ ਮਾਣ, ਮਰਿਆਦਾ ਤੇ ਕਾਨੂੰਨੀ ਹੱਕ ਮੁੱਖ ਤਰਜੀਹ ਹਨ। ਅਫ਼ਗਾਨੀ ਔਰਤਾਂ ਸਰੀਰਕ ਤੇ ਮਾਨਸਿਕ ਤੌਰ 'ਤੇ ਸੁਰੱਖਿਅਤ ਮਾਹੌਲ 'ਚ ਰਹਿ ਰਹੀਆਂ ਹਨ।



ਇਸ ਦੌਰਾਨ ਸੰਯੁਕਤ ਰਾਸ਼ਟਰ ਨੇ ਮੁੜ ਤਾਲਿਬਾਨ ਨੂੰ ਮਹਿਲਾਵਾਂ 'ਤੇ ਲਾਈਆਂ ਗਈਆਂ ਵੱਖ-ਵੱਖ ਪਾਬੰਦੀਆਂ ਹਟਾਉਣ ਦੀ ਮੰਗ ਦੁਹਰਾਈ ਹੈ। ਅਫ਼ਗਾਨਿਸਤਾਨ ਵਿੱਚ ਸੰਯੁਕਤ ਰਾਸ਼ਟਰ ਮਿਸ਼ਨ ਦੇ ਮੁਖੀ ਰੋਜ਼ਾ ਓਤੁਨਬੇਏਵਾ ਨੇ ਕਿਹਾ,'ਜਨਤਕ ਖੇਤਰ 'ਚੋਂ ਔਰਤਾਂ ਤੇ ਲੜਕੀਆਂ ਨੂੰ ਬਾਹਰ ਕੱਢਣ ਨੂੰ ਅਣਗੌਲਿਆ ਨਹੀਂ ਕੀਤਾ ਜਾ ਸਕਦਾ।'

# ਆਰਥਿਕ ਮੰਦੀ ਦਾ ਸ਼ਿਕਾਰ ਹੋਏ ਆਸਟ੍ਰੇਲੀਆ 'ਚ ਰਹਿ ਰਹੇ ਕੌਮਾਂਤਰੀ ਵਿਦਿਆਰਥੀ

## ਕਾਰੋਬਾਰੀਆਂ ਵੱਲੋਂ ਸਸਤੀ ਲੇਬਰ ਵਜੋਂ ਵਰਤਿਆ ਜਾ ਰਿਹਾ ਹੈ ਵਿਦਿਆਰਥੀਆਂ ਨੂੰ

ਸਿਡਨੀ/ਏ.ਟੀ.ਨਿਊਜ਼: ਆਸਟ੍ਰੇਲੀਆ ਵਿੱਚ ਪੜ੍ਹਾਈ ਦੇ ਵੀਜ਼ੇ 'ਤੇ ਭਾਰਤ ਸਮੇਤ ਹੋਰ ਮੁਲਕਾਂ ਤੋਂ ਆਏ ਵਧੇਰੇ ਕੌਮਾਂਤਰੀ ਵਿਦਿਆਰਥੀ ਮੰਦੀ ਦਾ ਸ਼ਿਕਾਰ ਹਨ। ਰੁਜ਼ਗਾਰ ਨਾ ਹੋਣ ਕਾਰਨ ਉਨ੍ਹਾਂ ਲਈ ਕਾਲਜਾਂ ਦੀਆਂ ਫ਼ੀਸਾਂ, ਰਿਹਾਇਸ਼ ਤੇ ਰੋਟੀ-ਪਾਣੀ ਦੇ ਖ਼ਰਚੇ ਕੱਢਣੇ ਵੀ ਔਖੇ ਹਨ।



ਪੰਜਾਬ ਦੇ ਬਟਾਲਾ ਤੋਂ ਆਏ ਰਣਧੀਰ ਸਿੰਘ ਨੇ ਦੁਖੀ ਮਨ ਨਾਲ ਦੱਸਿਆ ਕਿ ਤਿੰਨ ਸਾਲ ਪਹਿਲਾਂ ਉਹ ਕੁੱਕਰੀ ਦੀ ਪੜ੍ਹਾਈ ਕਰਨ ਲਈ ਇੱਥੇ ਆਇਆ ਸੀ। ਪੜ੍ਹਾਈ ਖ਼ਤਮ ਹੋਣ ਮਗਰੋਂ ਪੀ.ਆਰ. ਲਈ ਅਰਜ਼ੀ ਦਾਖ਼ਲ ਕਰਨ ਵੇਲੇ ਪਤਾ ਲੱਗਾ ਕਿ ਹੁਣ ਸੂਬੇ 'ਚ ਕੁੱਕਰੀ ਦੀ ਸ਼੍ਰੇਣੀ ਸਕਿਲਡ ਵਰਕਰ ਪ੍ਰੋਗਰਾਮ 'ਚੋਂ ਬਾਹਰ ਹੈ। ਹੁਣ ਉਹ ਨਵੇਂ ਕੋਰਸ ਦੀ ਭਾਲ ਵਿੱਚ ਹੈ। ਅਜਿਹਾ ਸਿਰਫ਼ ਰਣਧੀਰ ਨਾਲ ਹੀ ਨਹੀਂ ਵਾਪਰਿਆ, ਸਗੋਂ ਉਸ ਵਰਗੇ ਸੈਂਕੜੇ ਵਿਦਿਆਰਥੀ ਹਨ, ਜਿਨ੍ਹਾਂ ਦਾ ਭਵਿੱਖ ਡਾਵਾਂਡੋਲ ਹੋਇਆ ਪਿਆ ਹੈ। ਅਜਨਾਲਾ ਨੇੜਲੇ ਪਿੰਡ ਤੋਂ ਆਇਆ ਕੰਵਲਜੀਤ ਦੱਸਦਾ ਹੈ ਕਿ ਉਹ ਵਾਪਸ ਮੁੜਨਾ ਚਾਹੁੰਦਾ ਹੈ ਪਰ ਮਾਂ-ਪਿਓ ਨੇ ਸਾਰੀ ਜ਼ਮੀਨ ਗਹਿਣੇ ਰੱਖ ਕੇ 25 ਲੱਖ ਰੁਪਏ ਦਾ ਕਰਜ਼ਾ ਲੈ ਕੇ ਉਸ ਨੂੰ ਇੱਥੇ ਭੇਜਿਆ ਸੀ, ਜੋ ਉਸ ਨੂੰ ਖਾਲੀ ਹੱਥ ਵਾਪਸ ਨਹੀਂ ਜਾਣ ਦੇ ਰਿਹਾ।

ਇਸੇ ਤਰ੍ਹਾਂ ਨਕੋਦਰ ਤੋਂ ਆਈ ਸੁਨੀਤਾ ਦੱਸਦੀ ਹੈ ਕਿ ਕਾਰੋਬਾਰੀਆਂ ਵੱਲੋਂ ਵਿਦਿਆਰਥੀਆਂ ਨੂੰ ਸਸਤੀ ਲੇਬਰ ਵਜੋਂ ਵਰਤਿਆ ਜਾ ਰਿਹਾ ਹੈ। ਵੀਜ਼ੇ ਮੁਤਾਬਕ ਹਫਤੇ 'ਚ ਸਿਰਫ ਵੀਹ ਘੰਟੇ ਕੰਮ ਕਰਨ ਨਾਲ ਉਨ੍ਹਾਂ ਦੇ ਖਰਚੇ ਪੂਰੇ ਨਹੀਂ ਹੁੰਦੇ।

# ਰੂਸ 'ਤੇ ਵੀ ਟੈਕਸ ਲਗਾ ਸਕਦੈ ਅਮਰੀਕਾ: ਟਰੰਪ

ਵਾਸ਼ਿੰਗਟਨ/ਏ.ਟੀ.ਨਿਊਜ਼: ਅਮਰੀਕੀ ਰਾਸ਼ਟਰਪਤੀ ਡੋਨਲਡ ਟਰੰਪ ਨੇ ਕਿਹਾ ਕਿ ਉਹ ਯੂਕ੍ਰੇਨ ਨਾਲ 'ਜੰਗਬੰਦੀ ਤੇ ਆਖ਼ਰੀ ਸ਼ਾਂਤੀ ਸਮਝੌਤੇ' 'ਤੇ ਪਹੁੰਚਣ ਤੱਕ ਰੂਸ 'ਤੇ 'ਵੱਡੇ ਪੱਧਰ 'ਤੇ ਬੈਂਕਿੰਗ ਪਾਬੰਦੀ ਤੇ ਟੈਰਿਫ ਲਾਉਣ 'ਤੇ ਗੰਭੀਰਤਾ ਨਾਲ ਵਿਚਾਰ ਕਰ ਰਹੇ ਹਨ।' ਟਰੰਪ ਦਾ ਇਹ ਬਿਆਨ ਮਾਸਕੋ ਵੱਲੋਂ ਯੂਕ੍ਰੇਨੀ ਊਰਜਾ ਤੇ ਗੈਸ ਬੁਨਿਆਦੀ ਢਾਂਚੇ 'ਤੇ ਵੱਡੇ ਪੱਧਰ 'ਤੇ ਡਰੋਨ ਤੇ ਮਿਜ਼ਾਈਲ ਹਮਲਿਆਂ ਤੋਂ ਬਾਅਦ ਆਇਆ ਹੈ। ਟਰੁੱਥ ਸੋਸ਼ਲ 'ਤੇ ਪਾਈ ਪੋਸਟ 'ਚ ਟਰੰਪ ਨੇ ਲਿਖਿਆ, 'ਰੂਸ ਇਸ ਸਮੇਂ ਜੰਗ ਦੇ ਮੈਦਾਨ 'ਚ ਯੂਕ੍ਰੇਨ 'ਤੇ ਬੁਰੀ ਤਰ੍ਹਾਂ ਹਮਲੇ ਕਰ ਰਿਹਾ ਹੈ। ਜਦੋਂ ਤੱਕ ਕਿ ਜੰਗਬੰਦੀ ਤੇ ਸ਼ਾਂਤੀ ਬਾਰੇ ਆਖ਼ਰੀ ਸਮਝੌਤਾ ਨਹੀਂ ਹੋ ਜਾਂਦਾ ਮੈਂ ਰੂਸ 'ਤੇ ਵੱਡੇ ਪੱਧਰ 'ਤੇ ਬੈਂਕਿੰਗ ਪਾਬੰਦੀ ਤੇ ਟੈਰਿਫ ਲਾਉਣ ਬਾਰੇ ਗੰਭੀਰਤਾ ਨਾਲ ਵਿਚਾਰ ਕਰ ਰਿਹਾ ਹਾਂ।' ਉਨ੍ਹਾਂ ਕਿਹਾ ਕਿ ਇਸ ਤੋਂ ਪਹਿਲਾਂ ਕਿ ਬਹੁਤ ਜ਼ਿਆਦਾ ਦੇਰ ਹੋ ਜਾਵੇ ਇਹ ਯੂਕ੍ਰੇਨ ਤੇ ਰੂਸ ਲਈ ਮਿਲ ਕੇ ਵਿਚਾਰ ਕਰਨ ਦਾ ਸਮਾਂ ਹੈ।

# ਉੱਤਰ ਕੋਰੀਆ ਵੱਲੋਂ ਪਰਮਾਣੂ ਊਰਜਾ ਨਾਲ ਚੱਲਣ ਵਾਲੀ ਨਿਰਮਾਣ ਅਧੀਨ ਪਣਡੁੱਬੀ ਦਾ ਪ੍ਰਦਰਸ਼ਨ

ਸਿਓਲ/ਏ.ਟੀ.ਨਿਊਜ਼:ਉੱਤਰ ਕੋਰੀਆ ਨੇ ਪਹਿਲੀ ਵਾਰ ਨਿਰਮਾਣਅਧੀਨ ਪਰਮਾਣੂ ਊਰਜਾ ਨਾਲ ਚੱਲਣ ਵਾਲੀ ਪਣਡੁੱਬੀ ਦੀ ਝਲਕ ਦਿਖਾਈ। ਇਹ ਹਥਿਆਰ ਪ੍ਰਣਾਲੀ ਹੈ ਜੋ ਦੱਖਣੀ ਕੋਰੀਆ ਅਤੇ ਅਮਰੀਕਾ ਲਈ ਵੱਡਾ ਸੁਰੱਖਿਆ ਖ਼ਤਰਾ ਪੈਦਾ ਕਰ ਸਕਦੀ ਹੈ। ਸਰਕਾਰੀ ਮੀਡੀਆ ਨੇ ਇਸ ਦੀਆਂ ਤਸਵੀਰਾਂ ਜਾਰੀ ਕੀਤੀਆਂ ਤੇ ਇਨ੍ਹਾਂ ਤਸਵੀਰਾਂ ਵਿੱਚ ਦਿਖਾਈ ਗਈ ਪਣਡੁੱਬੀ ਨੂੰ ਉਸ ਨੇ 'ਪਰਮਾਣੂ ਊਰਜਾ ਨਾਲ ਚੱਲਣ ਵਾਲੀ ਰਣਨੀਤਕ ਨਿਰਦੇਸ਼ਿਤ ਮਿਜ਼ਾਈਲ ਪਣਡੁੱਬੀ' ਕਿਹਾ। ਇਸ ਦੌਰਾਨ ਉੱਤਰ ਕੋਰੀਆ ਨੇ ਪਰਮਾਣੂ ਰਿਐਕਟਰ ਦੇ ਉਤਪਾਦਨ ਲਈ ਰੂਸੀ ਤਕਨੀਕੀ ਸਹਾਇਤਾ ਮਿਲਣ ਦੀ ਆਸ ਪ੍ਰਗਟਾਈ।



ਖ਼ਬਰ ਮੁਤਾਬਕ ਉੱਤਰ ਕੋਰੀਆ ਦੇ ਨੇਤਾ ਕਿਮ ਜੋਂਗ ਉਨ ਨੇ ਉਨ੍ਹਾਂ ਪ੍ਰਮੁੱਖ ਸ਼ਿਪਯਾਰਡਾਂ ਦਾ ਦੌਰਾ ਕੀਤਾ, ਜਿੱਥੇ ਕਿ ਜੰਗੀ ਬੇੜੇ ਬਣਾਏ ਜਾਂਦੇ ਹਨ। ਕੋਰੀਅਨ ਸੈਂਟਰਲ ਨਿਊਜ਼ ਏਜੰਸੀ ਜਾਂ ਕੇ.ਸੀ.ਐੱਨ.ਏ. ਨੇ ਪਣਡੁੱਬੀ ਬਾਰੇ ਵੇਰਵਾ ਨਹੀਂ ਦਿੱਤਾ ਪਰ ਇਹ ਜ਼ਰੂਰ ਕਿਹਾ ਕਿ ਕਿਮ ਨੂੰ ਇਸ ਦੇ ਨਿਰਮਾਣ ਬਾਰੇ ਜਾਣਕਾਰੀ ਦਿੱਤੀ ਗਈ ਸੀ। ਸਿਓਲ ਦੀ ਹਾਨਯਾਂਗ ਯੂਨੀਵਰਸਿਟੀ ਵਿੱਚ ਪੜ੍ਹਾਉਣ ਵਾਲੇ ਦੱਖਣੀ ਕੋਰਿਆਈ ਪਣਡੁੱਬੀ ਮਾਹਿਰ ਮੂਨ ਕਿਊਨ-ਸਿਕ ਨੇ ਕਿਹਾ ਕਿ ਜਲ ਸੈਨਾ ਦਾ ਇਹ ਬੇੜਾ 6000 ਟਨ ਵਰਗ ਜਾਂ 7000 ਟਨ ਵਰਗ ਦਾ ਲੱਗਦਾ ਹੈ, ਜੋ ਲਗਪਗ 10 ਮਿਜ਼ਾਈਲਾਂ ਨੂੰ ਲੈ ਕੇ ਜਾ ਸਕਦਾ ਹੈ। ਪਰਮਾਣੂ ਊਰਜਾ ਨਾਲ ਚੱਲਣ ਵਾਲੀ ਪਣਡੁੱਬੀ ਉਨ੍ਹਾਂ ਅਤਿਆਧੁਨਿਕ ਹਥਿਆਰਾਂ ਦੀ ਲੰਬੀ ਇੱਛਾ ਸੂਚੀ ਵਿੱਚ ਸ਼ਾਮਲ ਹੈ, ਜਿਨ੍ਹਾਂ ਨੂੰ ਕਿਮ ਨੇ 2021 ਵਿੱਚ ਪ੍ਰਮੁੱਖ ਸਿਆਸੀ ਸੰਮੇਲਨ ਦੌਰਾਨ ਪੇਸ਼ ਕਰਨ ਦੀ ਸਹੁੰ ਚੁੱਕੀ ਸੀ ਤਾਂ ਜੋ ਅਮਰੀਕਾ ਦੀ ਅਗਵਾਈ ਵਾਲੀਆਂ ਫੌਜੀ ਚੁਣੌਤੀਆਂ ਤੋਂ ਨਜਿੱਠਿਆ ਜਾ ਸਕੇ।

ਪਣਡੁੱਬੀ ਮਾਹਿਰ ਮੂਨ ਨੇ ਕਿਹਾ ਕਿ ਉੱਤਰ ਕੋਰੀਆ ਨੂੰ ਯੂਕ੍ਰੇਨ ਖ਼ਿਲਾਫ਼ ਰੂਸ ਦੀਆਂ ਜੰਗੀ ਕੋਸ਼ਿਸ਼ਾਂ ਦਾ ਸਮਰਥਨ ਕਰਨ ਲਈ ਰਸਮੀ ਹਥਿਆਰਾਂ ਤੇ ਸੈਨਿਕਾਂ ਦੀ ਸਪਲਾਈ ਬਦਲੇ ਪਣਡੁੱਬੀ ਵਿੱਚ ਇਸਤੇਮਾਲ ਹੋਣ ਵਾਲੇ ਪਰਮਾਣੂ ਰਿਐਕਟਰ ਦੇ ਉਤਪਾਦਨ ਲਈ ਰੂਸੀ ਤਕਨੀਕੀ ਸਹਾਇਤਾ ਮਿਲ ਸਕਦੀ ਹੈ।

# ਕੀ ਫ਼ਾਸ਼ੀਵਾਦ ਵੱਲ ਵੱਧ ਰਿਹੈ ਭਾਰਤੀ ਲੋਕਤੰਤਰ ?

## ਸਿਰਫ਼ ਚੋਣਾਂਵੀ ਲੋਕਤੰਤਰ ਤੱਕ ਹੀ ਸੀਮਿਤ ਹੋਇਆ | ਭਾਰਤ ਲੋਕਤੰਤਰ ਸੂਚਕਾਂਕ ਵਿੱਚ 104ਵੇਂ ਸਥਾਨ 'ਤੇ ਖਿਸਕਿਆ

### ਪ੍ਰੈਸ ਦੀ ਅਜ਼ਾਦੀ ਤੇ ਅਦਾਲਤਾਂ ਦੇ ਅਧਿਕਾਰਾਂ ਵਿੱਚ ਹੋ ਰਹੀ ਹੈ ਦਖ਼ਲ ਅੰਦਾਜ਼ੀ

ਭਾਰਤ ਦੁਨੀਆਂ ਦਾ ਸਭ ਤੋਂ ਵੱਡਾ ਲੋਕਤੰਤਰ ਹੈ ਅਤੇ ਇਹ ਲੰਬੇ ਸਮੇਂ ਤੋਂ ਲੋਕਤੰਤਰੀ ਆਦਰਸ਼ਾਂ ਦਾ ਪ੍ਰਤੀਕ ਰਿਹਾ ਹੈ। ਇਸਨੇ ਰਾਜਨੀਤਿਕ ਆਜ਼ਾਦੀਆਂ, ਅਧਿਕਾਰਾਂ, ਗੱਠਜੋੜਾਂ ਅਤੇ ਹਿਸੇਦਾਰੀਆਂ ਦੇ ਮੌਕਿਆਂ ਦਾ ਇੱਕ ਮਜ਼ਬੂਤ ਢਾਂਚਾ ਪ੍ਰਦਾਨ ਕੀਤਾ। ਪਰ ਹਾਲ ਹੀ ਦੇ ਸਾਲਾਂ ਵਿੱਚ ਭਾਰਤੀ ਲੋਕਤੰਤਰ ਸੁੰਗੜ ਕੇ 'ਚੋਣਵਾਂ ਲੋਕਤੰਤਰ' ਬਣਕੇ ਰਹਿ ਗਿਆ ਹੈ ਜੋ ਫ਼ਾਸ਼ੀਵਾਦ ਦੇ ਨਵੇਂ ਰੂਪ ਵਿੱਚ ਤਬਦੀਲ ਹੋ ਰਿਹਾ ਹੈ। ਇਸ ਕਿਸਮ ਦੇ ਲੋਕਤੰਤਰ ਵਿੱਚ, ਚੋਣਾਂ 'ਤੇ ਜ਼ੋਰ ਦਿੱਤਾ ਜਾਂਦਾ ਹੈ, ਜਦੋਂ ਕਿ ਲੋਕਤੰਤਰੀ ਸ਼ਾਸਨ ਦੇ ਬੁਨਿਆਦੀ ਸਿਧਾਂਤ ਜਿਵੇਂ ਕਿ ਜਾਂਚ ਅਤੇ ਸੰਤੁਲਨ, ਨਿਆਂ ਜਵਾਬਦੇਹੀ, ਪਾਰਦਰਸ਼ਤਾ ਅਤੇ ਮੌਲਿਕ ਅਧਿਕਾਰਾਂ ਦੀ ਸੁਰੱਖਿਆ ਲੋਕਤੰਤਰ ਵਿਚੋਂ ਮਨਫ਼ੀ ਹੋ ਜਾਂਦੇ ਹਨ।

ਵੀ-ਡੈਮ (ਵੈਰੀਟੀਜ਼ ਆਫ਼ ਡੈਮੋਕਰੇਸੀ) ਸੰਸਥਾ ਦੀ ਇੱਕ ਤਾਜ਼ਾ ਰਿਪੋਰਟ ਭਾਰਤ ਦੇ ਲੋਕਤੰਤਰੀ ਪਤਨ ਦੇ ਵਧ ਰਹੇ ਰੁਝਾਨ 'ਤੇ ਰੌਸ਼ਨੀ ਪਾਉਂਦੀ ਹੈ, ਖਾਸ ਕਰਕੇ ਚੋਣ ਲੋਕਤੰਤਰ ਵਿੱਚ ਤਬਦੀਲੀ ਦੇ ਸੰਦਰਭ ਵਿੱਚ। ਇਸ ਰਿਪੋਰਟ ਦੇ ਅਨੁਸਾਰ, ਭਾਰਤ ਲੋਕਤੰਤਰ ਸੂਚਕਾਂਕ ਵਿੱਚ 104ਵੇਂ ਸਥਾਨ 'ਤੇ ਖਿਸਕ ਗਿਆ ਹੈ। 2018 ਵਿੱਚ ਹੀ, ਭਾਰਤ ਉਦਾਰ ਲੋਕਤੰਤਰ ਦੀ ਸ਼੍ਰੇਣੀ ਤੋਂ ਚੋਣ ਲੋਕਤੰਤਰ ਦੀ ਸ਼੍ਰੇਣੀ ਵਿੱਚ ਆ ਗਿਆ ਅਤੇ ਤਾਨਾਸ਼ਾਹੀ ਜਾਂ ਫ਼ਾਸ਼ੀਵਾਦੀ ਪਹੁੰਚ ਵਧ ਰਹੀ ਹੈ।

ਵੀ-ਡੈਮ ਇੰਸਟੀਚਿਊਟ ਸਵੀਡਨ ਵਿੱਚ ਸਥਿਤ ਇੱਕ ਪ੍ਰਸਿੱਧ ਗਲੋਬਲ ਥਿੰਕ ਟੈਂਕ ਹੈ। ਇਹ ਦੁਨੀਆਂ ਭਰ ਵਿੱਚ ਲੋਕਤੰਤਰ ਦੀ ਗੁਣਵੱਤਾ 'ਤੇ ਵਿਆਪਕ ਖੋਜ ਕਰਦਾ ਹੈ। ਆਪਣੀਆਂ ਰਿਪੋਰਟਾਂ ਵਿੱਚ, ਵੀ-ਡੈਮ ਦੇਸ਼ਾਂ ਨੂੰ ਉਨ੍ਹਾਂ ਦੇ ਲੋਕਤੰਤਰ ਦੇ ਪੱਧਰ ਦੇ ਆਧਾਰ 'ਤੇ ਵਰਗੀਕਰਨ ਕਰਦਾ ਹੈ।



ਵੀ-ਡੈਮ ਰਿਪੋਰਟ ਕਹਿੰਦੀ ਹੈ ਕਿ ਭਾਰਤ ਨੇ ਪਿਛਲੇ ਦਹਾਕਿਆਂ ਦੌਰਾਨ ਇੱਕ ਮਹੱਤਵਪੂਰਨ ਤਬਦੀਲੀ ਦੇਖੀ ਹੈ। ਵੀ-ਡੈਮ ਰਿਪੋਰਟ ਕਹਿੰਦੀ ਹੈ ਕਿ ਭਾਰਤ ਨੇ ਪਿਛਲੇ ਦਹਾਕਿਆਂ ਦੌਰਾਨ ਇੱਕ ਮਹੱਤਵਪੂਰਨ ਤਬਦੀਲੀ ਦੇਖੀ ਹੈ। ਭਾਰਤ ਨੂੰ ਹੁਣ 'ਉਦਾਰਵਾਦੀ ਲੋਕਤੰਤਰ' ਦੀ ਬਜਾਏ 'ਚੋਣਵਾਂ ਲੋਕਤੰਤਰ' ਵਜੋਂ ਸ਼੍ਰੇਣੀਬੱਧ ਕੀਤਾ ਜਾ ਰਿਹਾ ਹੈ।

ਭਾਰਤ ਦੇ ਲੋਕਤੰਤਰ ਦੇ ਪਤਨ ਦੇ ਸਭ ਤੋਂ ਮਹੱਤਵਪੂਰਨ ਪਹਿਲੂਆਂ ਵਿੱਚੋਂ ਇੱਕ ਹੈ ਨਾਗਰਿਕ ਆਜ਼ਾਦੀਆਂ ਅਤੇ ਲੋਕਤੰਤਰੀ ਨਿਯਮਾਂ ਨੂੰ ਖੋਰਾ ਲੱਗਣਾ। ਇਸ ਵਿੱਚ ਅਸਹਿਮਤੀ ਲਈ ਸੁੰਗੜਦੀ ਜਗ੍ਹਾ, ਪ੍ਰੈਸ ਦੀ ਆਜ਼ਾਦੀ 'ਤੇ ਪਾਬੰਦੀਆਂ, ਰਾਜਨੀਤੀ ਵਿੱਚ ਪੈਸੇ ਦਾ ਵਧਦਾ ਪ੍ਰਭਾਵ ਅਤੇ ਕਾਰਜਪਾਲਿਕਾ ਵਿੱਚ ਸ਼ਕਤੀ ਦਾ ਵਧਦਾ ਕੇਂਦਰੀਕਰਨ ਸ਼ਾਮਲ ਹੈ।

ਵੀ-ਡੈਮ ਇੰਸਟੀਚਿਊਟ ਅਤੇ ਮਾਹਿਰਾਂ ਦੁਆਰਾ ਪਛਾਣਿਆ ਗਿਆ ਇੱਕ ਪ੍ਰਮੁੱਖ ਰੁਝਾਨ ਕਾਰਜਪਾਲਿਕਾ ਦੇ ਹੱਥਾਂ ਵਿੱਚ ਸ਼ਕਤੀ ਦਾ ਕੇਂਦਰੀਕਰਨ ਹੈ। ਸੰਸਦ ਅਤੇ ਨਿਆਂਪਾਲਿਕਾ ਦੀ ਭੂਮਿਕਾ ਕਮਜ਼ੋਰ ਹੋ ਗਈ ਹੈ ਜੋ ਮਜ਼ਬੂਤ ਲੋਕਤੰਤਰ ਦਾ ਆਧਾਰ ਸੀ । ਇਸ ਵਧਦੇ ਕੇਂਦਰੀਕਰਨ ਦੇ ਤਹਿਤ, ਫ਼ੈਸਲਾ ਲੈਣ ਦੀ ਸ਼ਕਤੀ ਪ੍ਰਧਾਨ ਮੰਤਰੀ ਦੇ ਦਫ਼ਤਰ ਵਿੱਚ ਕੇਂਦ੍ਰਿਤ ਹੋ ਗਈ ਹੈ ਅਤੇ ਮਹੱਤਵਪੂਰਨ ਸੰਸਥਾਗਤ ਨਿਯੰਤਰਣ, ਜਿਵੇਂ ਕਿ ਇੱਕ ਸੁਤੰਤਰ ਨਿਆਂਪਾਲਿਕਾ ਅਤੇ ਇੱਕ ਮਜ਼ਬੂਤ ਵਿਰੋਧੀ ਧਿਰ, ਨੂੰ ਖਤਮ ਕਰ ਦਿੱਤਾ ਗਿਆ ਹੈ।

ਸੱਤਾ ਵਿੱਚ ਇਹ ਤਬਦੀਲੀ ਕਾਰਜਪਾਲਿਕਾ ਨੂੰ ਰਾਜਨੀਤਿਕ ਦ੍ਰਿਸ਼ 'ਤੇ ਹਾਵੀ ਹੋਣ ਦੀ ਆਗਿਆ ਦੇ ਰਹੀ ਹੈ। ਸਰਕਾਰ ਦੀ ਨਿਆਂਇਕ ਸਮੀਖਿਆ ਤੋਂ ਬਚਣ ਅਤੇ ਵਿਰੋਧੀ ਆਵਾਜ਼ਾਂ ਨੂੰ ਦਬਾਉਣ ਦੀ ਧਾਰਨਾ ਵਧੀ ਹੈ, ਜਿਸ ਨਾਲ ਲੋਕਤੰਤਰੀ ਨਿਯਮਾਂ ਦਾ ਹੌਲੀ-ਹੌਲੀ ਖੋਰਾ ਲੱਗ ਰਿਹਾ ਹੈ। ਵਿਰੋਧੀ ਪਾਰਟੀਆਂ ਦੇ ਕਮਜ਼ੋਰ ਹੋਣ ਅਤੇ ਸੁਤੰਤਰ ਸੰਸਥਾਵਾਂ ਦੀ ਅਣਦੇਖੀ ਨੇ ਰਾਜਨੀਤਿਕ ਮਾਮਲਿਆਂ ਵਿੱਚ ਸੱਤਾਧਾਰੀ ਪਾਰਟੀ ਦੇ ਦਬਦਬੇ ਨੂੰ ਹੋਰ ਮਜ਼ਬੂਤ ਕੀਤਾ ਹੈ।

(ਬਾਕੀ ਸਫ਼ਾ 30 'ਤੇ)

**ਵੀ-ਡੈਮ ਇੰਸਟੀਚਿਊਟ ਦੀ ਰਿਪੋਰਟ ਭਾਰਤੀ ਲੋਕਤੰਤਰ ਦੀਆਂ ਘਾਟਾਂ ਦਾ ਸਹੀ ਪਰਦਾਫ਼ਾਸ਼ ਕਰਦੀ ਹੈ। ਜਿਸ ਤਰ੍ਹਾਂ ਭਾਰਤੀ ਰਾਜਨੀਤੀ ਨੂੰ ਸਿਰਫ਼ ਨੰਬਰਾਂ ਦੀ ਗੇਮ ਅਤੇ ਵੋਟ ਬੈਂਕ ਤੱਕ ਹੀ ਸੀਮਿਤ ਕਰ ਦਿੱਤਾ ਗਿਆ ਹੈ ਤਾਂ ਸਹਿਜੇ ਹੀ ਅੰਦਾਜ਼ਾ ਲਗਾਇਆ ਜਾ ਸਕਦਾ ਹੈ ਕਿ ਇਸ ਵਿੱਚ ਨਾਗਰਿਕ ਤਾਂ ਬਚੇ ਹੀ ਨਹੀਂ। ਭਾਰਤੀ ਲੋਕਤੰਤਰ ਵਿੱਚ ਪਾਰਟੀਆਂ ਇੱਕ ਦੂਜੇ ਉੱਪਰ ਦੂਸ਼ਣਬਾਜੀ ਤੱਕ ਹੀ ਸੀਮਿਤ ਹੋ ਗਈਆਂ ਹਨ ਜਿਸ ਨੇ ਸਰਕਾਰਾਂ ਅਤੇ ਪ੍ਰਸ਼ਾਸਨ ਦਾ ਨੁਕਸਾਨ ਕੀਤਾ ਹੈ। ਲੋਕ ਆਪਣੇ ਨੇਤਾਵਾਂ ਨੂੰ ਵੋਟ ਦੇ ਕੇ ਜਿਤਾਉਂਦੇ ਹਨ, ਪਰ ਉਹ ਸਿਰਫ਼ ਮੁਫ਼ਤਖੋਰੀ ਦਾ ਹੀ ਪ੍ਰਚਾਰ ਕਰਦੇ ਹਨ। ਭਾਰਤੀ ਲੋਕਤੰਤਰ ਅੱਜ ਮਹਿਜ਼ ਸ਼ੋਅ ਹੀ ਬਣ ਕੇ ਰਹਿ ਗਿਆ ਹੈ।**

# ਮੋਦੀ ਸਰਕਾਰ ਭਗਵੇਂਵਾਦੀ ਫ਼ਿਰਕੂ ਬਾਬੇ ਧੀਰੇਂਦਰ ਸ਼ਾਸਤਰੀ ਨੂੰ ਉਤਸ਼ਾਹਿਤ ਕਰਨ ਲੱਗੀ

## ਪ੍ਰਧਾਨ ਮੰਤਰੀ ਨੇ 'ਬਾਗੇਸ਼ਵਰ ਸਰਕਾਰ' ਵੱਲੋਂ ਬਣਾਏ ਗਏ ਕੈਂਸਰ ਹਸਪਤਾਲ ਦਾ ਨੀਂਹ ਪੱਥਰ ਰਖਿਆ

ਛਤਰਪੁਰ/ਏ.ਟੀ.ਨਿਊਜ਼: ਪਿਛਲੇ ਦਿਨੀਂ ਮੱਧ ਪ੍ਰਦੇਸ਼ ਦੇ ਛਤਰਪੁਰ ਦੇ ਪ੍ਰਵਚਨਕਰਤਾ ਧੀਰੇਂਦਰ ਸ਼ਾਸਤਰੀ ਦੇ ਦੋ ਸਮਾਰੋਹਾਂ 'ਚ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਤੇ ਰਾਸ਼ਟਰਪਤੀ ਦਰੋਪਦੀ ਮੁਰਮੂ ਦੀ ਮੌਜੂਦਗੀ ਇਸੇ ਤਰ੍ਹਾਂ ਦੀ ਇੱਕ ਮਿਸਾਲ ਹੈ। ਇਹ ਬਾਗੇਸ਼ਵਰ ਧਾਮ 'ਸਰਕਾਰ' ਵਿੱਚ ਵਿਧੀ ਵੱਲੋਂ ਸਥਾਪਤ ਤੇ ਭਾਰਤ ਦੇ ਸੰਵਿਧਾਨ ਦੇ ਆਧਾਰ 'ਤੇ ਸੰਚਾਲਤ 'ਭਾਰਤ ਸਰਕਾਰ' ਦੀ ਹਾਜ਼ਰੀ ਸੀ। ਭਾਰਤ ਸਰਕਾਰ ਦੇ ਪ੍ਰਧਾਨ ਮੰਤਰੀ 'ਬਾਗੇਸ਼ਵਰ ਸਰਕਾਰ' ਵੱਲੋਂ ਬਣਾਏ ਗਏ ਕੈਂਸਰ ਹਸਪਤਾਲ ਦਾ ਨੀਂਹ ਪੱਥਰ ਰੱਖਣ ਦੇ ਨਾਂਅ 'ਤੇ ਗਏ ਤਾਂ ਅਗਲੇ ਦਿਨ ਰਾਸ਼ਟਰਪਤੀ ਇੱਕ ਸਮੂਹਕ ਵਿਆਹ ਸਮਾਰੋਹ ਵਿੱਚ ਅਸ਼ੀਰਵਾਦ ਦੇਣ ਗਈ। ਉੱਥੇ ਜੋ ਵੀ ਹੋਇਆ, ਉਹ ਹਿੰਦੂਤਵਵਾਦੀ ਫ਼ਿਰਕਾਪ੍ਰਸਤੀ ਤੇ ਕਾਰਪੋਰੇਟ ਦੇ ਗੱਠਜੋੜ ਦਾ ਵਿਸਤਾਰ ਹੀ ਸੀ। ਬਾਗੇਸ਼ਵਰ ਧਾਮ ਸਰਕਾਰ ਵਾਲਾ ਧੀਰੇਂਦਰ ਸ਼ਾਸਤਰੀ ਬਾਕੀ ਜੋ ਵੀ ਹੋਵੇ ਸੰਤ ਜਾਂ ਸਾਧੂ ਤਾਂ ਕਿਸੇ ਪਾਸਿਓਂ ਨਹੀਂ ਹੈ। ਫ਼ਿਰ ਉਸ ਵਿੱਚ ਅਜਿਹਾ ਕੀ ਹੈ ਕਿ ਦੇਸ਼ ਦੀ ਸਰਕਾਰ ਉਸ ਦੀ ਸਰਕਾਰ ਦੇ ਸੱਦੇ 'ਤੇ ਬੁੰਦੇਲਖੰਡ ਵਿੱਚ ਪੈਂਦੇ ਛਤਰਪੁਰ ਦੇ ਵੀ ਅੰਦਰਲੇ ਹਿੱਸੇ ਵਿੱਚ ਵਿਸ਼ਾਲ ਆਕਾਰ ਲੈਂਦੇ ਧਾਮ ਵਿੱਚ ਜਾ ਪੁੱਜੀ।





ਧੀਰੇਂਦਰ ਸ਼ਾਸਤਰੀ ਦੀ ਇੱਕੋ-ਇੱਕ ਖਾਸੀਅਤ ਹੈ, ਹੱਦ ਤੱਕ ਜਨੂੰਨ ਭੜਕਾਉਣਾ। ਹਾਲ ਹੀ ਵਿੱਚ ਲੱਗੇ ਮਹਾਂਕੁੰਭ ਮੇਲੇ ਦੌਰਾਨ ਉਸ ਨੇ ਦੋ ਬਿਆਨ ਦਿੱਤੇ ਸੀ। ਪਹਿਲੇ ਵਿੱਚ ਕਿਹਾ ਸੀ ਕਿ ਜਿਹੜਾ ਹਿੰਦੂ ਮਹਾਂਕੁੰਭ ਵਿੱਚ ਨਹੀਂ ਆਵੇਗਾ, ਉਹ ਦੇਸ਼ਧ੍ਰੋਹੀ ਹੈ। ਜਦੋਂ ਮੇਲੇ ਵਿੱਚ ਭਗਦੜ ਮਚੀ ਤੇ ਕਈ ਲੋਕ ਕੁਚਲ ਕੇ ਮਾਰੇ ਗਏ ਤਾਂ ਬਿਆਨ ਦਿੱਤਾ ਕਿ ਗੰਗਾ ਕੰਢੇ ਮਰਨ ਵਾਲੇ ਦੀ ਮੌਤ ਨਹੀਂ ਹੁੰਦੀ, ਉਸ ਦਾ ਮੋਕਸ਼ ਹੋ ਜਾਂਦਾ ਹੈ ਅਤੇ ਫ਼ਿਰ ਮਰਨਾ ਤਾਂ ਸਭ ਨੇ ਹੈ, ਕੋਈ 20 ਸਾਲ ਬਾਅਦ ਮਰੇਗਾ ਤਾਂ ਕੋਈ 30 ਸਾਲ ਬਾਅਦ। ਇਸੇ ਖਾਸੀਅਤ ਕਰਕੇ ਉਹ ਭਾਜਪਾ ਤੇ ਆਰ ਐੱਸ ਐੱਸ ਨੂੰ ਪਿਆਰਾ ਲੱਗਦਾ ਹੈ। ਧੀਰੇਂਦਰ ਸ਼ਾਸਤਰੀ ਫ਼ਾਸ਼ੀਵਾਦ ਦੇ ਭਾਰਤੀ ਸੰਸਕਰਣ ਹਿੰਦੂਤਵ, ਜਿਸ ਦਾ ਹਿੰਦੂ ਧਰਮ ਦੀਆਂ ਮਾਨਤਾਵਾਂ ਜਾਂ ਪਰੰਪਰਾਵਾਂ ਨਾਲ ਕੋਈ ਲੈਣਾ-ਦੇਣਾ ਨਹੀਂ ਹੈ, ਵੱਲੋਂ ਕਾਇਮ ਕੀਤੇ ਜਾ ਰਹੇ 'ਧਰਮ' ਅਤੇ ਉਸ ਦੇ ਪ੍ਰਤੀਕ ਦੇ ਰੂਪ ਵਿੱਚ ਖੜ੍ਹੇ ਕੀਤੇ ਜਾ ਰਹੇ ਬਾਬਿਆਂ ਦੀ ਕੜੀ ਦਾ ਹਿੱਸਾ ਹੈ। ਉਸ ਨੇ ਇੱਕ ਵਾਰ ਕਿਹਾ ਕਿ ਸਾਰੇ ਇਸਾਈ ਤੇ ਮੁਸਲਮਾਨ ਹਿੰਦੂ ਹਨ, ਕਿਉਂਕਿ ਉਹ ਹਿੰਦੁਸਤਾਨ ਵਿੱਚ ਰਹਿੰਦੇ ਹਨ ਤੇ ਅਗਲੇ ਪ੍ਰਵਚਨ ਵਿੱਚ ਬੋਲਿਆ ਕਿ ਦੇਸ਼ ਵਿੱਚ ਹਿੰਦੂਆਂ ਦੀ ਆਬਾਦੀ ਘੱਟ ਹੋ ਰਹੀ ਹੈ ਅਤੇ ਗਜ਼ਵਾ-ਇ-ਹਿੰਦ ਚਾਹੁੰਣ ਵਾਲਿਆਂ ਦੀ ਵਧਦੀ ਆਬਾਦੀ ਦੇਸ਼ ਲਈ ਘਾਤਕ ਹੈ, ਅਜਿਹੇ ਵਿੱਚ ਹਿੰਦੂਆਂ ਨੂੰ ਇੱਕ ਦੀ ਥਾਂ ਚਾਰ ਬੱਚੇ ਪੈਦਾ ਕਰਨੇ ਜ਼ਰੂਰੀ ਹਨ। ਅਜਿਹੇ ਵਿਅਕਤੀ ਤੇ ਉਸ ਦੇ ਅਦਾਰੇ ਨਾਲ ਖੜ੍ਹੇ ਹੋ ਕੇ ਪ੍ਰਧਾਨ ਮੰਤਰੀ ਤੇ ਰਾਸ਼ਟਰਪਤੀ ਸਭ ਨੂੰ ਕੀ ਦਿਖਾਉਣਾ ਚਾਹੁੰਦੇ ਹਨ ? ਕਿਸ ਤਰ੍ਹਾਂ ਦੇ ਆਦਰਸ਼ ਪੇਸ਼ ਕਰਨਾ ਚਾਹੁੰਦੇ ਹਨ, ਇਸ ਨੂੰ ਦੁਹਰਾਉਣ ਦੀ ਲੋੜ ਨਹੀਂ ਹੈ। ਰਾਸ਼ਟਰਪਤੀ ਮੁਰਮੂ ਨੇ ਭਾਰਤ ਦੀ ਪਰੰਪਰਾ ਵਿੱਚ ਸਦੀਆਂ ਤੋਂ ਆਪਣੇ ਕਰਮ ਤੇ ਧਰਮ ਨਾਲ ਸੰਤਾਂ ਵੱਲੋਂ ਲੋਕਾਂ ਨੂੰ ਰਾਹ ਦਿਖਾਉਣ ਅਤੇ ਕੁਰੀਤੀਆਂ ਤੇ ਅੰਧਵਿਸ਼ਵਾਸਾਂ ਖਿਲਾਫ਼ ਜਾਗਰੂਕ ਕਰਨ ਦੀ ਗੱਲ ਕਹੀ। ਹਾਲਾਂਕਿ ਇਸ ਸੰਦਰਭ ਵਿੱਚ ਜਿਨ੍ਹਾਂ ਗੁਰੂ ਨਾਨਕ, ਰਵਿਦਾਸ ਤੇ ਤੁਕਾਰਾਮ ਦਾ ਜ਼ਿਕਰ ਕੀਤਾ, ਉਨ੍ਹਾਂ ਵਿੱਚੋਂ ਕੋਈ ਵੀ ਸਨਾਤਨੀ ਨਹੀਂ ਸੀ। ਸਹੀ ਮਾਅਨਿਆਂ ਵਿੱਚ ਇਹ ਸਾਰੇ ਸਨਾਤਨ ਦੀ ਜੜ੍ਹਤਾ ਖਿਲਾਫ਼ ਲੋਕਾਂ ਨੂੰ ਜਗਾਉਣ ਵਾਲੇ ਸੁਧਾਰਕ ਸਨ। ਰਾਸ਼ਟਰਪਤੀ ਨੇ ਸੰਤਾਂ ਵੱਲੋਂ ਮਹਿਲਾਵਾਂ ਨੂੰ ਸਮਾਜ ਵਿੱਚ ਬਣਦਾ ਸਥਾਨ ਦਿਵਾਉਣ ਲਈ ਪਾਏ ਯੋਗਦਾਨ ਦਾ ਜ਼ਿਕਰ ਕੀਤਾ, ਪਰ ਧੀਰੇਂਦਰ ਸ਼ਾਸਤਰੀ ਨੇ ਇਸ ਮੌਕੇ ਕਿਹਾ ਕਿ ਜਿਹੜੀ ਇਸਤਰੀ ਦੀ ਮਾਂਗ ਵਿੱਚ ਸਿੰਧੂਰ ਤੇ ਗਲੇ ਵਿੱਚ ਮੰਗਲਸੂਤਰ ਨਾ ਹੋਵੇ ਤਾਂ ਸਮਝੋ ਕਿ ਉਹ ਅਜਿਹਾ ਖਾਲੀ ਪਲਾਟ ਹੈ, ਜਿਸ ਨੂੰ ਦੇਖਣ-ਸੰਭਾਲਣ ਵਾਲਾ ਕੋਈ ਹੈ। ਜਿਸ ਦੇ ਇਹ ਦੋਨੋਂ ਹਨ, ਉਸ ਨੂੰ ਦੇਖ ਕੇ ਲੋਕ ਸਮਝ ਲੈਂਦੇ ਹਨ ਕਿ ਇਸ ਦੀ ਰਜਿਸਟਰੀ ਹੋ ਚੁੱਕੀ ਹੈ। ਮਹਿਲਾਵਾਂ ਨੂੰ ਸੰਪਤੀ ਤੇ ਰਜਿਸਟਰੀ ਕਰਾ ਕੇ ਕਬਜ਼ੇ ਵਿੱਚ ਲੈਣ ਵਰਗੀ ਸੋਚ ਰੱਖਣ ਵਾਲੇ ਬਾਬੇ ਨੇ ਇਸ ਤੋਂ ਵੀ ਵਧ ਕੇ ਇਹ ਗੱਲ ਕਹੀ ਕਿ ਸਭ ਤੋਂ ਵੱਧ ਸਰਾਪ ਤਾਂ ਬਿਊਟੀ ਪਾਰਲਰ ਵਾਲਿਆਂ ਨੂੰ ਲੱਗੇਗਾ, ਜੋ ਕਾਲੀ ਜਾਮਣ ਉੱਪਰ ਵੀ ਏਨਾ ਫ਼ਾਊਂਡੇਸ਼ਨ ਲਾ ਦਿੰਦੇ ਹਨ। ਬਾਬੇ ਨੇ ਮੋਦੀ ਨੂੰ ਇੱਕ ਅਜਿਹਾ ਪ੍ਰਧਾਨ ਮੰਤਰੀ ਦੱਸਿਆ, ਜਿਸ ਨੂੰ ਡੋਨਾਲਡ ਟਰੰਪ ਵੀ ਭਾਰਤ ਦਾ ਮਹਾਨ ਪੀਐੱਮ ਦੱਸਦਾ ਹੈ। ਇਸ ਦੇ ਜਵਾਬ ਵਿੱਚ ਮੋਦੀ ਨੇ ਬਾਬੇ ਨੂੰ ਅਜਿਹਾ ਵਿਅਕਤੀ ਦੱਸਿਆ, ਜੋ ਦੇਸ਼ ਵਿੱਚ ਏਕਤਾ ਦੇ ਮੰਤਰ ਨੂੰ ਲੈ ਕੇ ਜਾਗਰੂਕਤਾ ਫ਼ੈਲਾ ਰਿਹਾ ਹੈ। ਕੁਲ ਮਿਲਾ ਕੇ ਬਾਗੇਸ਼ਵਰ ਧਾਮ ਵਿੱਚ ਕੈਂਸਰ ਹਸਪਤਾਲ ਦੇ ਨੀਂਹ ਪੱਥਰ ਤੇ 251 ਜੋੜਿਆਂ ਦੇ ਵਿਆਹ ਦੀ ਆੜ ਵਿੱਚ ਜੋ ਹੋਇਆ, ਉਹ ਹਿੰਦੂਤਵ ਵਾਦੀ ਫ਼ਿਰਕਾਪ੍ਰਸਤੀ ਤੇ ਕਾਰਪੋਰੇਟ ਦੇ ਗੱਠਜੋੜ ਦਾ ਮੁਜ਼ਾਹਰਾ ਸੀ।

# ਸਾਂਸਦ ਭਾਈ ਅੰਮ੍ਰਿਤਪਾਲ ਸਿੰਘ ਨੂੰ ਹਾਈ ਕੋਰਟ ਤੋਂ ਨਹੀਂ ਮਿਲੀ ਰਾਹਤ

ਚੰਡੀਗੜ੍ਹ/ਏ.ਟੀ.ਨਿਊਜ਼: ਖਡੂਰ ਸਾਹਿਬ ਤੋਂ ਸਾਂਸਦ ਬਣੇ ਭਾਈ ਅੰਮ੍ਰਿਤਪਾਲ ਸਿੰਘ ਨੂੰ ਹਾਈਕੋਰਟ ਤੋਂ ਰਾਹਤ ਨਹੀਂ ਮਿਲੀ ਹੈ। ਹਾਈ ਕੋਰਟ ਨੇ ਅੰਮ੍ਰਿਤਪਾਲ ਸਿੰਘ ਦੀ ਛੁੱਟੀ ਦੀ ਅਰਜ਼ੀ ਮਨਜ਼ੂਰ ਕਰਨ ਮਗਰੋਂ ਪਟੀਸ਼ਨ ਦਾ ਨਿਪਟਾਰਾ ਕਰ ਦਿੱਤਾ ਹੈ। ਉਹ ਸੰਸਦ ਦੇ ਸੈਸ਼ਨ 'ਚ ਸ਼ਾਮਲ ਨਹੀਂ ਹੋ ਸਕਣਗੇ। ਫ਼ਿਲਹਾਲ ਉਸਦੀ ਮੈਂਬਰਸ਼ਿਪ 'ਤੇ ਕੋਈ ਖਤਰਾ ਨਹੀਂ ਹੈ।

ਕੇਂਦਰ ਨੇ ਪੰਜਾਬ ਅਤੇ ਹਰਿਆਣਾ ਹਾਈ ਕੋਰਟ ਨੂੰ ਦੱਸਿਆ ਕਿ ਖਡੂਰ ਸਾਹਿਬ ਤੋਂ ਸੰਸਦ ਮੈਂਬਰ ਅੰਮ੍ਰਿਤਪਾਲ ਸਿੰਘ ਦੀ 54 ਦਿਨਾਂ ਦੀ ਛੁੱਟੀ ਮਨਜ਼ੂਰ ਕਰ ਲਈ ਗਈ ਹੈ। ਚੀਫ਼ ਜਸਟਿਸ ਸ਼ੀਲ ਨਾਗੂ ਤੇ ਜਸਟਿਸ ਸੁਮਿਤ ਗੋਇਲ ਦੇ ਡਿਵੀਜ਼ਨ ਬੈਂਚ ਅੱਗੇ ਇਹ ਜਾਣਕਾਰੀ ਅਜਿਹੇ ਮੌਕੇ ਰੱਖੀ ਗਈ ਹੈ ਜਦੋਂ ਅਜੇ ਪਿਛਲੇ ਦਿਨਾਂ ਵਿੱਚ ਲੋਕ ਸਭਾ ਦੇ ਸਪੀਕਰ ਨੇ ਅੰਮ੍ਰਿਤਪਾਲ ਸਿੰਘ ਸਣੇ ਸੰਸਦ ਮੈਂਬਰਾਂ ਦੀ ਛੁੱਟੀ ਦੀ ਅਰਜ਼ੀ ਘੋਖਣ ਲਈ 15 ਮੈਂਬਰੀ ਕਮੇਟੀ ਬਣਾਈ ਸੀ।



ਇਹ ਮਾਮਲਾ ਜਿਵੇਂ ਹੀ ਮੁੜ ਸੁਣਵਾਈ ਲਈ ਆਇਆ ਤਾਂ ਭਾਰਤ ਦੇ ਵਧੀਕ ਸੌਲਿਸਟਰ-ਜਨਰਲ ਸੱਤਿਆ ਪਾਲ ਜੈਨ ਨੇ ਵਕੀਲ ਧੀਰਜ ਜੈਨ ਨਾਲ ਲੋਕ ਸਭਾ ਸਕੱਤਰੇਤ ਵੱਲੋਂ 11 ਮਾਰਚ ਨੂੰ ਜਾਰੀ ਕੀਤਾ ਗਿਆ ਪੱਤਰ ਬੈਂਚ ਦੇ ਸਾਹਮਣੇ ਰੱਖਿਆ। ਇਸ ਪੱਤਰ ਵਿੱਚ 24 ਜੂਨ, 2024 ਤੋਂ 2 ਜੁਲਾਈ, 2024 ਤੱਕ, ਅਤੇ 22 ਜੁਲਾਈ, 2024 ਤੋਂ 9 ਅਗਸਤ, 2024 ਤੱਕ, ਅਤੇ ਫਿਰ 25 ਨਵੰਬਰ, 2024 ਤੋਂ 20 ਦਸੰਬਰ, 2024 ਤੱਕ 54 ਦਿਨਾਂ ਦੀ ਗੈਰਹਾਜ਼ਰੀ ਦੀ ਛੁੱਟੀ ਦਿੱਤੀ ਗਈ ਸੀ। ਪੱਤਰ ਦਾ ਨੋਟਿਸ ਲੈਂਦਿਆਂ ਬੈਂਚ ਨੇ ਜ਼ੋਰ ਦੇ ਕੇ ਆਖਿਆ, "ਜਿੱਥੋਂ ਤੱਕ ਪਟੀਸ਼ਨਰ ਦੀ ਗੈਰਹਾਜ਼ਰੀ ਕਾਰਨ ਸੰਸਦ ਤੋਂ ਕੱਢੇ ਜਾਣ ਦੇ ਖਦਸ਼ੇ ਦਾ ਸਵਾਲ ਹੈ, 11 ਮਾਰਚ ਦੇ ਪੱਤਰ ਨਾਲ ਉਸ ਦੇ ਫਿਕਰ ਦੂਰ ਹੋ ਜਾਂਦੇ ਹਨ।"

ਸਥਾਨਕ ਵਿਕਾਸ ਪ੍ਰੋਜੈਕਟਾਂ ਨੂੰ ਮੁਖਾਤਿਬ ਹੋਣ ਲਈ ਸੰਸਦ ਮੈਂਬਰ ਸਥਾਨਕ ਖੇਤਰ ਵਿਕਾਸ ਯੋਜਨਾ ਸਬੰਧੀ ਅਧਿਕਾਰੀਆਂ ਅਤੇ ਮੰਤਰੀਆਂ ਨੂੰ ਮਿਲਣ ਲਈ ਅਧਿਕਾਰ ਦੇਣ ਦੀ ਬੇਨਤੀ ਸਬੰਧੀ ਪਟੀਸ਼ਨਰ ਦੀ ਦੂਜੀ ਅਪੀਲ ਦਾ ਹਵਾਲਾ ਦਿੰਦੇ ਹੋਏ ਬੈਂਚ ਨੇ ਕਿਹਾ ਸੰਸਦੀ ਸੈਸ਼ਨਾਂ ਦਾ ਸੰਚਾਲਨ ਨਿਯਮਾਂ ਤਹਿਤ ਕੀਤਾ ਜਾਂਦਾ ਹੈ, ਲਿਹਾਜ਼ਾ ਪਟੀਸ਼ਨਰ ਲਈ ਵਾਜਬ ਹੋਵੇਗਾ ਕਿ ਉਹ ਲੋਕ ਸਭਾ ਦੇ ਸਪੀਕਰ ਅੱਗੇ ਆਪਣੀ ਗੱਲ ਰੱਖਣ ਨੂੰ ਤਰਜੀਹ ਦੇਵੇ।

ਖਡੂਰ ਸਾਹਿਬ ਤੋਂ ਸੰਸਦ ਮੈਂਬਰ ਤੇ 'ਵਾਰਿਸ ਪੰਜਾਬ ਦੇ' ਜਥੇਬੰਦੀ ਦੇ ਮੁਖੀ ਅੰਮ੍ਰਿਤਪਾਲ ਸਿੰਘ ਕੌਮੀ ਸੁਰੱਖਿਆ ਐਕਟ (ਐੱਨ.ਐੱਸ.ਏ.) ਤਹਿਤ ਅਸਾਮ ਦੀ ਡਿਬਰੂਗੜ੍ਹ ਜੇਲ੍ਹ ਵਿੱਚ ਬੰਦ ਹੈ। ਅੰਮ੍ਰਿਤਪਾਲ ਸਿੰਘ ਨੇ ਸੀਨੀਅਰ ਵਕੀਲ ਆਰਐੱਸ.ਬੈਂਸ ਰਾਹੀਂ ਦਾਖ਼ਲ ਪਟੀਸ਼ਨ ਵਿੱਚ ਸੰਸਦੀ ਇਜਲਾਸ ਵਿੱਚ ਹਾਜ਼ਰੀ ਭਰਨ ਦੀ ਇਜਾਜ਼ਤ ਮੰਗੀ ਸੀ। ਪਟੀਸ਼ਨਰ ਨੇ ਦਲੀਲ ਦਿੱਤੀ ਸੀ ਕਿ ਸੰਸਦ 'ਚੋਂ ਉਸ ਦੀ ਲਗਾਤਾਰ ਗੈਰਹਾਜ਼ਰੀ ਉਸ ਦੇ ਸੰਵਿਧਾਨਕ ਹੱਕਾਂ ਦੀ ਉਲੰਘਣਾ ਹੈ।

# ਸਾਈਪ੍ਰਸ ’ਚ ਸਿੱਖ ਪੰਥ ਦੇ ਇਤਿਹਾਸ, ਸੰਘਰਸ਼ ਅਤੇ ਪਛਾਣ ਦੀ ਇੱਕ ਵਿਲੱਖਣ ਗਾਥਾ



ਸਾਈਪ੍ਰਸ ਵਿੱਚ ਸਿੱਖ ਪੰਥ ਹੌਲੀ-ਹੌਲੀ ਆਪਣੀ ਮੌਜੂਦਗੀ ਨੂੰ ਮਜ਼ਬੂਤ ਕਰ ਰਿਹਾ ਹੈ। 2021 ਦੀ ਮਰਦਮਸ਼ੁਮਾਰੀ ਦੇ ਅਨੁਸਾਰ, ਸਾਈਪ੍ਰਸ ਵਿੱਚ 2,264 ਸਿੱਖ ਰਹਿੰਦੇ ਹਨ, ਜੋ ਦੇਸ਼ ਦੀ ਕੁੱਲ ਆਬਾਦੀ ਦਾ 0.24% ਹਨ। ਇਹ ਗਿਣਤੀ ਉਨ੍ਹਾਂ ਨੂੰ ਸਾਈਪ੍ਰਸ ਵਿੱਚ ਚੌਥਾ ਸਭ ਤੋਂ ਵੱਡਾ ਧਰਮ ਬਣਾਉਂਦੀ ਹੈ।

ਪਿਛਲੇ ਕੁਝ ਦਹਾਕਿਆਂ ਤੋਂ, ਸਿੱਖ ਪੰਥ ਨੇ ਇਸ ਦੇਸ਼ ਵਿੱਚ ਆਪਣੀ ਪਛਾਣ ਬਣਾਈ ਹੈ। ਬਹੁਤ ਸਾਰੇ ਲੋਕ ਰੁਜ਼ਗਾਰ ਦੀ ਭਾਲ ਵਿੱਚ ਆਏ, ਜਦੋਂ ਕਿ ਕੁਝ ਨੇ ਇੱਥੇ ਕਾਰੋਬਾਰ ਸਥਾਪਿਤ ਕੀਤੇ। ਅੱਜ, ਸਿੱਖ ਭਾਈਚਾਰਾ ਸਾਈਪ੍ਰਸ ਦੀ ਸੱਭਿਆਚਾਰਕ ਵਿਭਿੰਨਤਾ ਦਾ ਇੱਕ ਮਹੱਤਵਪੂਰਨ ਹਿੱਸਾ ਬਣ ਗਿਆ ਹੈ। ਜਾਣਕਾਰੀ ਅਨੁਸਾਰ, ਸਿੱਖ ਇੱਥੇ ਬ੍ਰਿਟਿਸ਼ ਰਾਜ ਦੌਰਾਨ ਪਹੁੰਚੇ ਸਨ। ਸਿੱਖਾਂ ਦਾ ਸਾਈਪ੍ਰਸ ਨਾਲ ਸਬੰਧ 19ਵੀਂ ਸਦੀ ਦੇ ਅਖੀਰ ਤੋਂ ਹੈ। ਦੂਜੇ ਐਂਗਲੋ-ਅਫ਼ਗਾਨ ਯੁੱਧ (1878-1880) ਦੌਰਾਨ, ਜਦੋਂ ਬ੍ਰਿਟਿਸ਼ ਫ਼ੌਜ ਨੇ ਅਫ਼ਗਾਨਿਸਤਾਨ ਵਿੱਚ ਆਪਣੀਆਂ ਫ਼ੌਜੀ ਕਾਰਵਾਈਆਂ ਕੀਤੀਆਂ, ਤਾਂ ਸਿੱਖ ਸੈਨਿਕਾਂ ਨੂੰ ਵੀ ਉੱਥੇ ਭੇਜਿਆ ਗਿਆ ਸੀ। ਇਸ ਦੌਰਾਨ, ਬ੍ਰਿਟਿਸ਼ ਸਾਮਰਾਜ ਨੇ ਇੱਕ ਗੁਪਤ ਸਮਝੌਤੇ ਤਹਿਤ ਸਾਈਪ੍ਰਸ ਉੱਤੇ ਕਬਜ਼ਾ ਕਰਨ ਲਈ ਸਿੱਖ ਫ਼ੌਜਾਂ ਦੀ ਵਰਤੋਂ ਕੀਤੀ। ਇਹਨਾਂ ਫ਼ੌਜਾਂ ਨੂੰ ਮਾਲਟਾ ਤੋਂ ਸਾਈਪ੍ਰਸ ਭੇਜਿਆ ਗਿਆ ਸੀ, ਜਿੱਥੇ ਉਹਨਾਂ ਨੇ ਬ੍ਰਿਟਿਸ਼ ਪ੍ਰਸ਼ਾਸਨ ਦੀ ਸਹਾਇਤਾ ਕੀਤੀ।

ਆਧੁਨਿਕ ਸਮੇਂ ਵਿੱਚ ਸਿੱਖ ਪ੍ਰਵਾਸ ਅੱਜ ਦੇ ਸਮੇਂ ਦੌਰਾਨ, ਸਾਈਪ੍ਰਸ ਵਿੱਚ ਇੱਕ ਮਹੱਤਵਪੂਰਨ ਸਿੱਖ ਡਾਇਸਪੋਰਾ ਹੈ, ਜਿਨ੍ਹਾਂ ਵਿੱਚੋਂ ਜ਼ਿਆਦਾਤਰ ਭਾਰਤੀ ਰਾਜ ਪੰਜਾਬ ਤੋਂ ਆਏ ਹਨ। ਇੱਥੇ ਆ ਕੇ ਉਨ੍ਹਾਂ ਨੇ ਨੌਕਰੀਆਂ ਦੀ ਭਾਲ ਕੀਤੀ ਅਤੇ ਬਹੁਤ ਸਾਰੇ ਲੋਕਾਂ ਨੇ ਸਫ਼ਲਤਾਪੂਰਵਕ ਆਪਣੇ ਕਾਰੋਬਾਰ ਸਥਾਪਿਤ ਕੀਤੇ। ਹਾਲਾਂਕਿ, ਕੁਝ ਸਿੱਖ ਪ੍ਰਵਾਸੀ ਮਨੁੱਖੀ ਤਸਕਰੀ ਵਰਗੀਆਂ ਸਮੱਸਿਆਵਾਂ ਤੋਂ ਵੀ ਪ੍ਰਭਾਵਿਤ ਹੋਏ ਹਨ। ਇਸ ਮੁੱਦੇ ’ਤੇ ਵੱਖ-ਵੱਖ ਸਮਾਜਿਕ ਸੰਗਠਨਾਂ ਨੇ ਆਪਣੀ ਆਵਾਜ਼ ਬੁਲੰਦ ਕੀਤੀ ਹੈ, ਤਾਂ ਜੋ ਪ੍ਰਵਾਸੀਆਂ ਦੀ ਸੁਰੱਖਿਆ ਨੂੰ ਯਕੀਨੀ ਬਣਾਇਆ ਜਾ ਸਕੇ।

### ਸਾਈਪ੍ਰਸ ਵਿੱਚ ਸਿੱਖ ਧਰਮ ਅਤੇ ਗੁਰਦੁਆਰੇ

ਸਾਈਪ੍ਰਸ ਵਿੱਚ ਸਿੱਖ ਪੰਥ ਲਈ, ਗੁਰਦੁਆਰੇ ਉਨ੍ਹਾਂ ਦੀ ਧਾਰਮਿਕ ਅਤੇ ਸੱਭਿਆਚਾਰਕ ਪਛਾਣ ਦਾ ਇੱਕ ਮਹੱਤਵਪੂਰਨ ਕੇਂਦਰ ਹਨ। ਨਿਕੋਸ਼ੀਆ 2011 ਵਿੱਚ ਸਥਾਪਿਤ ਗੁਰਦੁਆਰਾ ਸੰਗਤਸਰ ਸਾਹਿਬ, ਸਿੱਖ ਭਾਈਚਾਰੇ ਲਈ ਮੁੱਖ ਧਾਰਮਿਕ ਸਥਾਨ ਹੈ। ਇੱਥੇ ਸੰਗਤ ਜੁੜਦੀ ਹੈ ਕੀਰਤਨ ਹੁੰਦਾ ਹੈ, ਲੰਗਰ ਅਤੇ ਧਾਰਮਿਕ ਲੈਕਚਰਾਂ ਦਾ ਆਯੋਜਨ ਕੀਤਾ ਜਾਂਦਾ ਹੈ। ਇਹ ਸਿਰਫ਼ ਪੂਜਾ ਸਥਾਨ ਹੀ ਨਹੀਂ ਹੈ, ਸਗੋਂ ਭਾਈਚਾਰਕ ਗਤੀਵਿਧੀਆਂ ਅਤੇ ਸਮਾਜਿਕ ਸਮਾਗਮਾਂ ਦਾ ਕੇਂਦਰ ਵੀ ਹੈ। ਸ੍ਰੀ ਗੁਰੂ ਨਾਨਕ ਦਰਬਾਰ, ਲਾਰਨਾਕਾ 2013 ਵਿੱਚ ਸਥਾਪਿਤ, ਇਹ ਗੁਰਦੁਆਰਾ ਲਾਰਨਾਕਾ ਸ਼ਹਿਰ ਵਿੱਚ ਸਥਿਤ ਹੈ। ਇਹ ਸਿੱਖਾਂ ਲਈ ਇੱਕ ਹੋਰ ਮਹੱਤਵਪੂਰਨ ਧਾਰਮਿਕ ਸਥਾਨ ਹੈ, ਜਿੱਥੇ ਉਹ ਆਪਣੇ ਧਾਰਮਿਕ ਗੀਤਾਂ ਦਾ ਪਾਲਣ ਕਰਦੇ ਹਨ।

ਸਾਈਪ੍ਰਸ ਸਿੱਖ ਐਸੋਸੀਏਸ਼ਨ ਇਹ ਸੰਸਥਾ 2016 ਵਿੱਚ ਬਣਾਈ ਗਈ ਸੀ, ਜਿਸਦਾ ਮੁੱਖ ਉਦੇਸ਼ ਸਿੱਖ ਸੱਭਿਆਚਾਰ ਅਤੇ ਕਦਰਾਂ-ਕੀਮਤਾਂ ਨੂੰ ਉਤਸ਼ਾਹਿਤ ਕਰਨਾ ਹੈ। ਇਹ ਐਸੋਸੀਏਸ਼ਨ ਸਿੱਖ ਪ੍ਰਵਾਸੀਆਂ ਦੀ ਸਹਾਇਤਾ ਕਰਦੀ ਹੈ ਅਤੇ ਉਨ੍ਹਾਂ ਦੀਆਂ ਧਾਰਮਿਕ ਅਤੇ ਸਮਾਜਿਕ ਜ਼ਰੂਰਤਾਂ ਨੂੰ ਪੂਰਾ ਕਰਨ ਲਈ ਕੰਮ ਕਰਦੀ ਹੈ।

### ਸਿੱਖ ਭਾਈਚਾਰਾ ਅਤੇ ਦੂਜਾ ਵਿਸ਼ਵ ਯੁੱਧ

ਸਿੱਖ ਭਾਈਚਾਰੇ ਨੇ ਬ੍ਰਿਟਿਸ਼ ਫ਼ੌਜ ਦੇ ਨਾਲ ਦੂਜੇ ਵਿਸ਼ਵ ਯੁੱਧ ਵਿੱਚ ਵੀ ਮਹੱਤਵਪੂਰਨ ਭੂਮਿਕਾ ਨਿਭਾਈ। 2012 ਵਿੱਚ, ਬਰਮਿੰਘਮ (ਯੂ.ਕੇ.) ਤੋਂ ਇੱਕ ਸਿੱਖ ਵਫ਼ਦ ਨੇ ਸਾਈਪ੍ਰਸ ਦਾ ਦੌਰਾ ਕੀਤਾ। ਉਨ੍ਹਾਂ ਨੇ ਦੂਜੇ ਵਿਸ਼ਵ ਯੁੱਧ ਦੌਰਾਨ ਆਪਣੀਆਂ ਜਾਨਾਂ ਕੁਰਬਾਨ ਕਰਨ ਵਾਲੇ ਸਿੱਖ ਸੈਨਿਕਾਂ ਨੂੰ ਸ਼ਰਧਾਂਜਲੀ ਭੇਟ ਕੀਤੀ। ਨਿਕੋਸ਼ੀਆ ਯੁੱਧ ਕਬਰਸਤਾਨ ਵਿਖੇ ਉਨ੍ਹਾਂ ਬਹਾਦਰ ਸੈਨਿਕਾਂ ਦੇ ਨਾਵਾਂ ਵਾਲੀ ਇੱਕ ਯਾਦਗਾਰ ਬਣਾਈ ਗਈ ਸੀ ਜਿਨ੍ਹਾਂ ਦਾ ਅੰਤਿਮ ਸਸਕਾਰ ਉਨ੍ਹਾਂ ਦੇ ਧਾਰਮਿਕ ਰੀਤੀ-ਰਿਵਾਜਾਂ ਅਨੁਸਾਰ ਕੀਤਾ ਗਿਆ ਸੀ। ਇਹ ਯਾਦਗਾਰ ਪੱਥਰ ਦੀ ਬਣਤਰ ਦੇ ਰੂਪ ਵਿੱਚ ਬਣਾਈ ਗਈ ਹੈ ਜਿਸ ਉੱਤੇ ਖੰਭ ਅਤੇ ਇੱਕ ਫ਼ੁੱਲਦਾਨ ਉੱਕਰਿਆ ਹੋਇਆ ਹੈ। ਇਹ ਸਾਨੂੰ ਸਿੱਖਾਂ ਦੀ ਬਹਾਦਰੀ ਅਤੇ ਉਨ੍ਹਾਂ ਦੀਆਂ ਸ਼ਹਾਦਤਾਂ ਦੀ ਯਾਦ ਦਿਵਾਉਂਦਾ ਹੈ।




ਸਿੱਖ ਪੰਥ ਅਤੇ ਸਮਾਜਿਕ ਯੋਗਦਾਨ ਸਿੱਖ ਭਾਈਚਾਰਾ ਸਿਰਫ਼ ਆਪਣੀ ਧਾਰਮਿਕ ਪਛਾਣ ਤੱਕ ਸੀਮਤ ਨਹੀਂ ਹੈ, ਸਗੋਂ ਉਹ ਸਥਾਨਕ ਸਮਾਜ ਵਿੱਚ ਵੀ ਯੋਗਦਾਨ ਪਾ ਰਹੇ ਹਨ। 2014 ਵਿੱਚ, ਯੂਕੇ ਦੇ ਇਲਫ਼ੋਰਡ ਸ਼ਹਿਰ ਤੋਂ ਸਿੱਖ ਪਹਿਲੀ ਵਾਰ ਗੁਰੂ ਗ੍ਰੰਥ ਸਾਹਿਬ ਨੂੰ ਸਾਈਪ੍ਰਸ ਲੈ ਕੇ ਆਏ ਸਨ। ਇਸਨੂੰ ਦੇਸ਼ ਦੇ ਵੱਖ-ਵੱਖ ਹਿੱਸਿਆਂ ਵਿੱਚ ਲਿਜਾਇਆ ਗਿਆ ਤਾਂ ਜੋ ਸਥਾਨਕ ਲੋਕ ਸਿੱਖ ਧਰਮ ਬਾਰੇ ਜਾਣ ਸਕਣ ਅਤੇ ਇਸ ਦੀਆਂ ਸਿੱਖਿਆਵਾਂ ਨੂੰ ਸਮਝ ਸਕਣ। ਅੱਜ, ਸਿੱਖ ਭਾਈਚਾਰਾ ਸਾਈਪ੍ਰਸ ਦੀ ਵਿਭਿੰਨਤਾ ਦਾ ਇੱਕ ਮਹੱਤਵਪੂਰਨ ਹਿਸਾ ਬਣ ਗਿਆ ਹੈ। ਸਿੱਖ ਆਪਣੇ ਧਰਮ ਨੂੰ ਪ੍ਰਚਾਰ ਕੇ ਆਰਥਿਕ ਅਤੇ ਸੱਭਿਆਚਾਰਕ ਤੌਰ ’ਤੇ ਆਪਣੀ ਪਛਾਣ ਸਥਾਪਤ ਕਰ ਚੁਕੇ ਹਨ।





## ਸਿੱਖਾਂ ਦੀ ਰਾਜਸੀ, ਸਮਾਜਿਕ ਤੇ ਆਰਥਿਕ ਹੋਣੀ ਬਾਰੇ ਵਿਚਾਰ ਚਰਚਾ



ਪਿਛਲੇ ਕੁੱਝ ਸਮੇਂ ਤੋਂ ਕੌਮੀ ਹਲਕਿਆਂ ਵਿੱਚ ਪੱਛਮ, ਆਧੁਨਿਕਤਾ, ਰਾਸ਼ਟਰਵਾਦ ਅਤੇ ਨੇਸ਼ਨ- ਸਟੇਟ ਦੇ ਸਿੱਖ ਪਰੰਪਰਾਵਾਂ ਦੇ ਵਿਰੋਧ ਬਾਰੇ ਵਿਵਾਦ ਚੱਲ ਰਿਹਾ ਹੈ। ਇਸ ਵਿਵਾਦ ਦਾ ਸਿਧਾਂਤਕ ਆਧਾਰ ਖਾਸ ਕਰਕੇ ਉੱਤਰ- ਬਸਤੀਵਾਦੀ ਵਿਚਾਰਾਂ ਤੋਂ ਪੈਦਾ ਹੋਈ ਯੂਰਪ ਕੇਂਦ੍ਰਿਤ ਵਿਰੋਧਤਾ ਹੈ ਪਰ ਇੰਨਾਂ ਸਾਰੇ ਵਰਤਾਰਿਆਂ ਦੇ ਸਿੱਖਾਂ ਦੀ ਰਾਜਸੀ, ਸਮਾਜਿਕ ਤੇ ਆਰਥਿਕ ਹੋਣੀ ’ਤੇ ਡੂੰਘੇ ਅਸਰ ਪਏ ਹਨ। ਇਸ ਕਰਕੇ ਇੰਨਾਂ ਵਰਤਾਰਿਆਂ ਸਬੰਧੀ ਵੱਡੀ ਸਿਧਾਂਤਕ ਚਰਚਾ ਦੀ ਜ਼ਰੂਰਤ ਹੈ। ਆਸ ਹੈ ਕਿ ਕੌਮੀ ਤੌਰ ’ਤੇ ਚੇਤੰਨ ਸਿੱਖ ਇਸ ਚਰਚਾ ਵਿੱਚ ਆਪਣਾ ਵਿਚਾਰਕ ਹਿੱਸਾ ਪਾਉਣਗੇ। ਇਸ ਸਬੰਧੀ ਵਿਦਵਾਨ ਲੇਖਕ ਆਪਣੇ ਵਿਚਾਰ 500 ਸ਼ਬਦਾਂ ਵਿੱਚ ਯੂਨੀਕੋਡ ਜਾਂ ਸਤਲੁਜ ਫੌਂਟ ਵਿੱਚ ਲਿਖ ਕੇ ਈਮੇਲ ਰਾਹੀਂ ਭੇਜ ਸਕਦੇ ਹਨ

**ਈ ਮੇਲ : asrtimes@gmail.com**

ALL STATE INSURANCE
Allstate You're in good hands.
ਕਿਸੇ ਕਿਸਮ ਦੀ ਇਨਸੋਰੈਂਸ ਵਾਸਤੇ ਅੱਜ ਹੀ ਕਾਲ ਕਰੋ
ਇੱਕ ਕਾਲ ਨਾਲ ਤੁਹਾਡੀ ਵੱਡੀ ਬੱਚਤ ਹੋ ਸਕਦੀ ਹੈ
AUTO HOME LIFE HEALTH BUSINESS

Avninder Singh
Insurance Specialist, CA --LIC: #0822501
Phone : (510) 441-7490
(877) 441-7490
FAX : (510) 441-2537
ADDRESS : 30042 MISSION BLVD
SUITE #221, HAYWARD, CA 94544

CAPITAL SERVICES
INSURANCE | VEHICLE REG. | IMMIGRATION | NOTARY PUBLIC | LIVE SCAN
ਸੈਕਰਾਮੈਂਟੋ, ਕੈਲੀਫੋਰਨੀਆ
AUTO · HOME · TRUCK · BUSINESS · LIFE · MEDICAL
ਪਾਸਪੋਰਟ / ਵੀਜ਼ਾ
* ਓ ਸੀ ਆਈ
* ਸਰੈਂਡਰ ਸਰਟੀਫਿਕੇਟ, ਪੈਨ ਕਾਰਡ
* ਫੈਮਲੀ ਪਟੀਸ਼ਨ * ਗਰੀਨ ਕਾਰਡ
* ਸਿਟੀਜ਼ਨ * ਵਸੀਅਤ *Living Trust
* ਫੈਮਲੀ ਪਟੀਸ਼ਨ *Legal Documents
The Attorney has 25 years of experience in your favor for all legal services.
Vehicle Registration
(Approved by CA DMV)
* ਕਾਰ ਸਟਿੱਕਰ ਸਲਾਨਾ
* ਕਾਰ ਟਰਾਂਸਫਰ
* ਪਲੇਟਾਂ ਤੇ ਸਟਿੱਕਰ
* ਕਮਰਸ਼ੀਅਲ ਵਹੀਕਲ
* Vin Verification
Other Services
* Live Scan / Fingerprints
* Covered California.
* Drug Testing * Alcohol Test
* Notary Services
* International Driver Lic.
Office Ph.(916) 427-4321
6624 FLORIN ROAD, SACRAMENTO CA, 95828
FAX: 916)258-0441, Cell: (916)308-7997
Email: sacramento99@yahoo.com Website: www.capitalservices.us

CAPITAL DRUG TESTING
Capital DRUG TESTING
Drug and Alcohol Test
DOT / NON DOT
PRE EMPLOYMENT - RANDOM
POST ACCIDENT - REASONABLE SUSPICION
Services: DOT Random Prog., FMCSA Clearinghouse,
DOT Supervisor Training, SAP Classes Etc.
Lab. Ph:(916) 680-9293
6624 Florin Road
Sacramento CA, 95828
Email: capitaldrugtest@gmail.com
Website: www.capitaldrugtest.com

# ਪੰਜਾਬ ਵਿੱਚ ਮੁਸਲਮਾਨਾਂ ਦੀ ਵੱਧਣ ਲੱਗੀ ਗਿਣਤੀ

## ਯੂ.ਪੀ., ਬਿਹਾਰ ਅਤੇ ਬੰਗਾਲ ਤੋਂ ਮੁਸਲਮਾਨ ਪੰਜਾਬ ਵਿੱਚ ਵਸਣ ਲੱਗੇ, ਸੂਬੇ ਵਿੱਚ ਨਵੀਆਂ ਮਸਜਿਦਾਂ ਬਣੀਆਂ

### ਪਿਛਲੇ ਪੰਜ ਸਾਲਾਂ ਵਿੱਚ 165 ਖੰਡਰ ਬਣੀਆਂ ਮਸਜਿਦਾਂ ਦਾ ਪੁਨਰ ਨਿਰਮਾਣ ਹੋਇਆ

ਪੰਜਾਬ ਦੇ ਬਖਤਗੜ੍ਹ ਪਿੰਡ ਵਿੱਚ ਮਸਜਿਦ ਉਮਰ ਬਿਨ ਖਤਾਬ ਨੂੰ ਬਣਾਉਣ ਵਿੱਚ ਇੱਕ ਸਾਲ ਦਾ ਸਮਾਂ ਲੱਗਿਆ, ਬਾਰਾਂ ਲੱਖ ਰੁਪਏ ਤੋਂ ਵੱਧ ਦੀ ਲਾਗਤ ਆਈ। ਨੀਲੀਆਂ ਅਤੇ ਗੁਲਾਬੀ ਧਾਰੀਆਂ ਨਾਲ ਸਜੀਆਂ ਚਿੱਟੀਆਂ ਮੀਨਾਰਾਂ ਵਾਲੀ ਇਹ ਚਮਕਦੀ ਨਵੀਂ ਮਸਜਿਦ ਨਾ ਸਿਰਫ਼ ਪਿੰਡ ਦੇ 15 ਮੁਸਲਿਮ ਪਰਿਵਾਰਾਂ ਲਈ, ਸਗੋਂ ਉੱਤਰ ਪ੍ਰਦੇਸ਼ ਅਤੇ ਬਿਹਾਰ ਤੋਂ ਆਏ ਨਵੇਂ ਮੁਸਲਿਮ ਪ੍ਰਵਾਸੀ ਮਜ਼ਦੂਰਾਂ ਲਈ ਵੀ ਇੱਕ ਅਧਿਆਤਮਿਕ ਸਥਾਨ ਬਣ ਗਈ ਹੈ।



ਪੰਜਾਬ ਦੀ ਆਬਾਦੀ ਬਣਤਰ ਹੌਲੀ-ਹੌਲੀ ਬਦਲ ਰਹੀ ਹੈ ਅਤੇ ਇਸਦੇ ਨਾਲ ਹੀ, ਪੰਜਾਬ ਦੀ ਸਥਿਤੀ ਵੀ। ਇਹ ਰੁਝਾਨ 2022 ਵਿੱਚ ਸ਼ੁਰੂ ਹੋਇਆ ਸੀ ਜਦੋਂ ਇੱਕ ਸਿੱਖ ਨਿਵਾਸੀ ਅਮਨਦੀਪ ਸਿੰਘ ਨੇ ਬਖਤਗੜ੍ਹ ਦੇ ਮੁਸਲਮਾਨਾਂ ਨੂੰ ਉਨ੍ਹਾਂ ਦੀ ਪੂਜਾ ਦੀ ਜ਼ਰੂਰਤ ਨੂੰ ਸਮਝਦੇ ਹੋਏ ਅੱਠ ਮਰਲੇ ਜ਼ਮੀਨ ਦਾਨ ਕੀਤੀ। ਅਮਨਦੀਪ ਸਿੰਘ ਦਾ ਕਹਿਣਾ ਹੈ ਕਿ ਮੇਰਾ ਇੱਕੋ ਇੱਕ ਪੁੱਤਰ ਹੈ ਜੋ ਕੈਨੇਡਾ ਵਿੱਚ ਸੈਟਲ ਹੋ ਗਿਆ ਹੈ। ਮੈਂ ਸੋਚਿਆ ਕਿ ਇਸਨੂੰ ਦਾਨ ਕਰਨਾ ਇੱਕ ਚੰਗੀ ਗੱਲ ਹੋਵੇਗੀ ਅਤੇ ਸਮਾਜ ਵਿੱਚ ਏਕਤਾ ਬਣਾਈ ਰੱਖਣ ਵਿੱਚ ਮਦਦ ਕਰੇਗੀ।

ਮਸਜਿਦ ਦੇ ਮੌਲਵੀ ਮੁਹੰਮਦ ਨਿਜ਼ਾਮੂਦੀਨ ਨੇ ਕਿਹਾ ਕਿ ਆਲੇ ਦੁਆਲੇ ਦੇ ਇਲਾਕਿਆਂ ਵਿੱਚ ਘੱਟੋ-ਘੱਟ ਚਾਰ ਹੋਰ ਮਸਜਿਦਾਂ ਦੀ ਉਸਾਰੀ ਚੱਲ ਰਹੀ ਹੈ। ਪਹਿਲਾਂ, ਪਿੰਡ ਦੇ ਮੁਸਲਿਮ ਨਿਵਾਸੀਆਂ ਨੂੰ ਨਮਾਜ਼ ਪੜ੍ਹਨ ਲਈ ਚਾਰ ਕਿਲੋਮੀਟਰ ਦੂਰ ਦੂਜੇ ਪਿੰਡ ਜਾਣਾ ਪੈਂਦਾ ਸੀ। ਇਹ ਮਸਜਿਦ ਪਿੰਡ ਦੇ ਮੁਸਲਮਾਨਾਂ, ਹੋਰ ਧਾਰਮਿਕ ਭਾਈਚਾਰਿਆਂ ਦੇ ਵਸਨੀਕਾਂ ਅਤੇ ਪੰਜਾਬ ਤੋਂ ਬਾਹਰਲੇ ਮੁਸਲਮਾਨਾਂ ਦੇ ਸਮੂਹਿਕ ਯਤਨਾਂ ਦੁਆਰਾ ਬਣਾਈ ਗਈ ਸੀ। ਮੋਤੀ ਖਾਨ, ਇੱਕ ਸਥਾਨਕ ਪਸ਼ੂ ਚਿਕਿਤਸਕ ਹਨ, ਦਾ ਕਹਿਣਾ ਹੈ ਕਿ ਉੱਤਰ ਪ੍ਰਦੇਸ਼ ਅਤੇ ਉੱਤਰਾਖੰਡ ਦੇ ਮੁਸਲਿਮ ਪਰਿਵਾਰਾਂ ਨੇ ਮਸਜਿਦ ਦੇ ਨਿਰਮਾਣ ਲਈ ਲਗਭਗ 6 ਲੱਖ ਰੁਪਏ ਦਾ ਯੋਗਦਾਨ ਪਾਇਆ ਸੀ। ਹੁਣ ਪੰਜਾਬ ਭਰ ਵਿੱਚ, ਖੇਤਾਂ ਤੋਂ ਲੈ ਕੇ ਲੁਧਿਆਣਾ ਦੇ ਉਦਯੋਗਿਕ ਉਪਨਗਰਾਂ ਤੱਕ, ਵੰਡ ਤੋਂ ਪਹਿਲਾਂ ਦੀਆਂ ਮਸਜਿਦਾਂ ਨੂੰ ਮੁੜ ਸੁਰਜੀਤ ਕਰਨ ਜਾਂ ਨਵੀਆਂ ਬਣਾਉਣ ਦੇ ਯਤਨ ਜਾਰੀ ਹਨ। ਜਮਾਤ-ਏ-ਇਸਲਾਮੀ ਹਿੰਦ ਦੀ ਸੂਬਾ ਇਕਾਈ ਦੇ ਇੱਕ ਪ੍ਰਤੀਨਿਧੀ ਨੇ ਆਪਣਾ ਨਾਮ ਗੁਪਤ ਰੱਖਣ ਦੀ ਸ਼ਰਤ 'ਤੇ ਕਿਹਾ ਕਿ ਪਿਛਲੇ ਪੰਜ ਸਾਲਾਂ ਵਿੱਚ 165 ਅਜਿਹੀਆਂ ਮਸਜਿਦਾਂ ਬਣਾਈਆਂ ਗਈਆਂ ਹਨ ਜਾਂ ਉਨ੍ਹਾਂ ਦਾ ਪੁਨਰ ਨਿਰਮਾਣ ਕੀਤਾ ਗਿਆ ਹੈ। ਇਨ੍ਹਾਂ ਮੁਸਲਮ ਪ੍ਰਵਾਸੀ ਮਜ਼ਦੂਰਾਂ ਨੇ ਹੁਣ ਹੌਲੀ-ਹੌਲੀ ਇੱਥੇ ਆਪਣੀਆਂ ਜੜ੍ਹਾਂ ਜਮਾਉਣੀਆਂ ਸ਼ੁਰੂ ਕਰ ਦਿੱਤੀਆਂ ਹਨ।

ਬਖਤਗੜ੍ਹ ਤੋਂ ਦੋ ਕਿਲੋਮੀਟਰ ਦੂਰ ਭੋਤਨਾ ਪਿੰਡ ਵਿੱਚ, 1947 ਤੋਂ ਪਹਿਲਾਂ ਬਣੀ ਇੱਕ ਪੁਰਾਣੀ ਮਸਜਿਦ ਨੂੰ ਦੁਬਾਰਾ ਬਣਾਇਆ ਜਾ ਰਿਹਾ ਹੈ।

2020 ਵਿੱਚ, ਬਰਨਾਲਾ ਜ਼ਿਲ੍ਹੇ ਦੇ ਮੂਮ ਪਿੰਡ ਦੇ ਹਿੰਦੂ, ਸਿੱਖ ਅਤੇ ਮੁਸਲਿਮ ਨਿਵਾਸੀਆਂ ਨੇ ਮਿਲ ਕੇ 'ਅਮਨ ਮਸਜਿਦ' ਬਣਾਉਣ ਲਈ 12 ਲੱਖ ਰੁਪਏ ਇਕੱਠੇ ਕੀਤੇ। ਹਾਲ ਹੀ ਵਿੱਚ, ਮਾਰਚ 2023 ਵਿੱਚ, ਬਰਨਾਲਾ ਜ਼ਿਲ੍ਹੇ ਦੇ ਕੁਤਬਾ ਬਾਹਮਣੀਆ ਪਿੰਡ ਵਿੱਚ ਪਹਿਲੀ ਮਸਜਿਦ ਦੁਬਾਰਾ ਬਣਾਈ ਗਈ ਸੀ, ਕਿਉਂਕਿ ਪੁਰਾਣੀ ਮਸਜਿਦ 1947 ਤੋਂ ਬਾਅਦ ਖਰਾਬ ਹੋ ਗਈ ਸੀ।

2021 ਵਿੱਚ, ਭੱਲੂਰ ਪਿੰਡ ਦੇ ਸਰਪੰਚ ਪਾਲਾ ਸਿੰਘ ਨੇ ਵੰਡ ਤੋਂ ਪਹਿਲਾਂ ਦੀ ਇੱਕ ਮਸਜਿਦ ਨੂੰ ਬਹਾਲ ਕਰਨ ਦੀ ਪਹਿਲ ਕੀਤੀ ਸੀ।



ਸਿੰਘ ਅਨੁਸਾਰ ਉਸ ਸਮੇਂ ਮੀਡੀਆ ਨੂੰ ਦੱਸਿਆ ਸੀ, "ਵੰਡ ਤੋਂ ਬਾਅਦ, ਜ਼ਿਆਦਾਤਰ ਮੁਸਲਿਮ ਪਰਿਵਾਰ ਪਾਕਿਸਤਾਨ ਚਲੇ ਗਏ ਸਨ ਅਤੇ ਮਸਜਿਦ ਖੰਡਰ ਬਣ ਗਈ ਸੀ। ਹੁਣ ਉਸੇ ਜ਼ਮੀਨ 'ਤੇ ਇੱਕ ਨਵੀਂ ਮਸਜਿਦ ਬਣਾਈ ਜਾਵੇਗੀ।"

ਜਨਵਰੀ 2024 ਵਿੱਚ, ਮਲੇਰਕੋਟਲਾ ਦੇ ਉਮਰਪੁਰਾ ਪਿੰਡ ਵਿੱਚ ਇੱਕ ਨਵੀਂ ਮਸਜਿਦ ਦੇ ਉਦਘਾਟਨ ਦੀਆਂ ਫੋਟੋਆਂ ਅਤੇ ਵੀਡੀਓ ਸੋਸ਼ਲ ਮੀਡੀਆ 'ਤੇ ਵਾਇਰਲ ਹੋਏ ਸਨ। ਸਾਬਕਾ ਸਰਪੰਚ ਸੁਖਜਿੰਦਰ ਸਿੰਘ ਨੋਨੀ ਅਤੇ ਉਨ੍ਹਾਂ ਦੇ ਭਰਾ ਨੇ ਮਸਜਿਦ ਦੀ ਉਸਾਰੀ ਲਈ ਆਪਣੀ ਜ਼ਮੀਨ ਦਾਨ ਕੀਤੀ ਸੀ। 12 ਜਨਵਰੀ ਨੂੰ, ਪੰਜਾਬ ਦੇ ਸ਼ਾਹੀ ਇਮਾਮ ਮੁਹੰਮਦ ਉਸਮਾਨ ਰਹਿਮਾਨ ਲੁਧਿਆਣਵੀ ਨੇ ਮਸਜਿਦ ਦਾ ਨੀਂਹ ਪੱਥਰ ਰੱਖਿਆ ਸੀ।

ਪੰਜਾਬ ਵਿੱਚ ਸਿਰਫ਼ ਮਲੇਰਕੋਟਲਾ ਵਿੱਚ ਹੀ ਮੁਸਲਮਾਨ ਨਹੀਂ ਰਹਿੰਦੇ ਸਗੋਂ ਇਹ ਭਾਈਚਾਰਾ ਪੂਰੇ ਰਾਜ ਵਿੱਚ ਮੌਜੂਦ ਹੈ, ਖਾਸ ਕਰਕੇ ਪੇਂਡੂ ਖੇਤਰਾਂ ਵਿੱਚ। ਸ਼ਾਹੀ ਇਮਾਮ ਦਾ ਦਾਅਵਾ ਹੈ ਕਿ ਪਿਛਲੇ ਦੋ-ਤਿੰਨ ਸਾਲਾਂ ਵਿੱਚ ਪਿੰਡਾਂ ਵਿੱਚ ਲਗਭਗ 50 ਨਵੀਆਂ ਮਸਜਿਦਾਂ ਬਣਾਈਆਂ ਗਈਆਂ ਹਨ।

ਲੁਧਿਆਣਾ ਵਿੱਚ, ਕਾਰੋਬਾਰੀ ਅਲੀਮੁਦੀਨ ਸੈਫੀ ਦਾ ਆਪਣਾ ਬੈਂਕਵਟ ਸਟਾਈਲ ਵਾਲਾ ਹੋਟਲ ਹੈ। ਸੈਫੀ ਨੇ ਕਿਹਾ ਕਿ ਇੱਥੇ ਕੋਈ ਵੀ ਮੁਸਲਿਮ ਕਾਰੋਬਾਰਾਂ ਨੂੰ ਬੰਦ ਕਰਨ ਦੀ ਧਮਕੀ ਨਹੀਂ ਦੇ ਰਿਹਾ ਹੈ, ਨਾ ਹੀ ਮੈਨੂੰ ਹੋਟਲਾਂ ਅਤੇ ਫੈਕਟਰੀਆਂ ਦੇ ਬਾਹਰ ਆਪਣਾ ਨਾਮ ਜਾਂ ਧਰਮ ਲਿਖਣ ਲਈ ਕਿਹਾ ਜਾ ਰਿਹਾ ਹੈ। ਲੁਧਿਆਣਾ ਦੇ ਕਾਰੋਬਾਰੀ ਅਲੀਮੁਦੀਨ ਸੈਫੀ ਮੁਜ਼ੱਫਰਨਗਰ ਤੋਂ ਭਰਾ, ਅਤੇ ਉਨ੍ਹਾਂ ਦੇ ਪੂਰੇ ਪਰਿਵਾਰ ਤਿੰਨ ਦਹਾਕਿਆਂ ਤੋਂ ਵੱਧ ਸਮੇਂ ਤੋਂ ਲੁਧਿਆਣਾ ਵਿੱਚ ਆ ਕੇ ਵਸਿਆ ਹੈ। ਉਸਦਾ ਪਰਿਵਾਰ ਕੱਪੜੇ ਦੇ ਕਾਰੋਬਾਰ ਵਿੱਚ ਹੈ ਅਤੇ 1960 ਦੇ ਦਹਾਕੇ ਤੋਂ ਲੁਧਿਆਣਾ ਅਤੇ ਜਲੰਧਰ ਵਿੱਚ ਕਾਰੋਬਾਰ ਕਰ ਰਿਹਾ ਹੈ। ਪਰ ਹੁਣ ਉਸਨੂੰ ਭਰੋਸਾ ਹੈ ਕਿ ਉਸਦੀ ਅਗਲੀ ਪੀੜ੍ਹੀ ਪੰਜਾਬ ਵਿੱਚ ਹੀ ਵਸੇਗੀ।

ਕਾਰੋਬਾਰੀ ਆਲਮ ਇਸਲਾਮ ਆਖਦਾ ਹੈ ਕਿ ਪੰਜਾਬ ਵਿੱਚ ਸੁਰੱਖਿਆ ਦੀ ਭਾਵਨਾ ਹੈ, ਕਿਉਂਕਿ "ਸਿੱਖ ਭਾਈਚਾਰਾ ਆਮ ਤੌਰ 'ਤੇ ਮੁਸਲਮਾਨਾਂ ਦਾ ਸਮਰਥਨ ਕਰਦਾ ਹੈ। ਆਲਮ ਅਤੇ ਉਸਦਾ ਪਰਿਵਾਰ ਲਗਭਗ ਦੋ ਦਹਾਕਿਆਂ ਤੋਂ ਚੰਡੀਗੜ੍ਹ ਵਿੱਚ ਰਹਿ ਰਹੇ ਹਨ। ਹੁਣ ਉਨ੍ਹਾਂ ਦੇ ਬੱਚੇ, ਜਿਨ੍ਹਾਂ ਨੇ ਹਾਲ ਹੀ ਵਿੱਚ ਸਕੂਲ ਦੀ ਪੜ੍ਹਾਈ ਪੂਰੀ ਕੀਤੀ ਹੈ, ਭਵਿੱਖ ਵਿੱਚ ਵਿਦੇਸ਼ ਜਾਣ ਦੀ ਇੱਛਾ ਜ਼ਾਹਰ ਕਰ ਰਹੇ ਹਨ।

1990 ਦੇ ਦਹਾਕੇ ਤੋਂ ਅੰਤਰਰਾਜੀ ਮੌਸਮੀ ਪ੍ਰਵਾਸ ਵਧ ਰਿਹਾ ਹੈ। ਪਰ ਹੁਣ ਇੱਕ ਵੱਡੀ ਤਬਦੀਲੀ ਇਹ ਹੈ ਕਿ ਕਾਮੇ ਆਪਣੇ ਪਰਿਵਾਰਾਂ ਨੂੰ ਵੀ ਆਪਣੇ ਨਾਲ ਲਿਆ ਰਹੇ ਹਨ। ਪੰਜਾਬ ਦੇ ਬਦਲਦੇ ਸਮਾਜਿਕ ਤਾਣੇ-ਬਾਣੇ ਨੇ ਇੱਕ ਬਹਿਸ ਛੇੜ ਦਿੱਤੀ ਹੈ ਕਿ ਕੀ ਇਹ ਰੁਝਾਨ ਸੂਬੇ ਵਿੱਚ ਵਧ ਰਹੀ ਮਜ਼ਦੂਰਾਂ ਦੀ ਘਾਟ ਦਾ ਨਤੀਜਾ ਹੈ ਜਾਂ ਇਸਦੇ ਪਿੱਛੇ ਰਾਜਨੀਤਿਕ ਕਾਰਨ ਵੀ ਹਨ? ਸਿੱਖ ਹਲਕਿਆਂ ਵੱਲੋਂ ਕਿਹਾ ਜਾ ਰਿਹਾ ਹੈ ਕਿ ਸਿੱਖਾਂ ਦੀ ਗਿਣਤੀ ਘਟਾਉਣ ਲਈ ਇਹ ਸਰਕਾਰੀ ਸਾਜਿਸ਼ ਹੈ।

ਬਖਤਗੜ੍ਹ ਮਸਜਿਦ ਦੇ ਮੌਲਵੀ ਮੁਹੰਮਦ ਨਿਜ਼ਾਮੁਦੀਨ ਦਾ ਕਹਿਣਾ ਹੈ ਕਿ ਬਹੁਤ ਸਾਰੇ ਖੇਤ ਮਜ਼ਦੂਰ ਚਾਰ-ਪੰਜ ਮਹੀਨਿਆਂ ਲਈ ਪੰਜਾਬ ਆਉਂਦੇ ਹਨ ਅਤੇ ਇਸ ਮਸਜਿਦ ਵਿੱਚ ਨਮਾਜ਼ ਪੜ੍ਹਦੇ ਹਨ। ਮੈਂ ਖੁਦ ਬਿਹਾਰ ਦੇ ਪੂਰਨੀਆ ਤੋਂ ਹਾਂ।

ਪੰਜਾਬ ਵਿੱਚ ਪ੍ਰਵਾਸੀਆਂ ਅਤੇ ਕਾਰੋਬਾਰੀਆਂ ਦੀ ਸਮਾਜਿਕ-ਆਰਥਿਕ ਜਾਂ ਧਾਰਮਿਕ ਜਾਣਕਾਰੀ ਬਾਰੇ ਕੋਈ ਅਧਿਕਾਰਤ ਅੰਕੜਾ ਉਪਲਬਧ ਨਹੀਂ ਹੈ ਪਰ ਇਹ ਹੌਲੀ-ਹੌਲੀ ਸਪੱਸ਼ਟ ਹੁੰਦਾ ਜਾ ਰਿਹਾ ਹੈ ਕਿ ਮੁਸਲਮਾਨ, ਜੋ ਵੰਡ ਤੋਂ ਪਹਿਲਾਂ ਸੂਬੇ ਦੀ ਸਭ ਤੋਂ ਵੱਡੀ ਆਬਾਦੀ ਸਨ, ਇੱਥੇ ਦੁਬਾਰਾ ਵਸ ਰਹੇ ਹਨ। ਇਹ ਬਦਲਾਅ ਸਿਰਫ਼ ਪੇਂਡੂ ਖੇਤਰਾਂ ਵਿੱਚ ਖੇਤੀਬਾੜੀ ਮਜ਼ਦੂਰਾਂ ਤੱਕ ਹੀ ਸੀਮਿਤ ਨਹੀਂ ਹੈ, ਸਗੋਂ ਲੁਧਿਆਣਾ, ਚੰਡੀਗੜ੍ਹ ਅਤੇ ਜਲੰਧਰ ਵਰਗੇ ਸ਼ਹਿਰਾਂ ਦੇ ਉਦਯੋਗਿਕ ਕੇਂਦਰਾਂ, ਟੈਕਸਟਾਈਲ ਨਿਰਮਾਣ ਇਕਾਈਆਂ ਅਤੇ ਫੈਕਟਰੀਆਂ ਵਿੱਚ ਵੀ ਦਿਖਾਈ ਦੇ ਰਿਹਾ ਹੈ। ਬਜ਼ਾਰਾਂ ਵਿੱਚ ਉਨ੍ਹਾਂ ਨੇ ਹਿੰਦੂਆਂ ਦੀਆਂ ਦੁਕਾਨਾਂ ਖਰੀਦ ਲਈਆਂ ਹਨ। ਵੱਡੇ ਕਾਰੋਬਾਰ ਵੀ ਕਰ ਰਹੇ ਹਨ।

ਜਮੀਅਤ ਉਲੇਮਾ-ਏ-ਹਿੰਦ ਦੇ ਜਲੰਧਰ ਜ਼ਿਲ੍ਹਾ ਪ੍ਰਧਾਨ ਅਤੇ ਖਾਂਬਰਾ ਵਿੱਚ ਮਸਜਿਦ ਕੁਬਾ ਦੇ ਪ੍ਰਧਾਨ ਮਜ਼ਹਰ ਆਲਮ ਨੇ ਕਿਹਾ ਕਿ ਬਹੁਤ ਸਾਰੇ ਮਜ਼ਦੂਰ, ਸਵੈ-ਰੁਜ਼ਗਾਰ ਵਾਲੇ ਅਤੇ ਛੋਟੇ-ਦਰਮਿਆਨੇ ਕਾਰੋਬਾਰੀ ਹੁਣ ਆਪਣੇ ਪਰਿਵਾਰਾਂ ਨਾਲ ਸੈਟਲ ਹੋ ਰਹੇ ਹਨ, ਜਦੋਂ ਕਿ ਪਹਿਲਾਂ ਉਹ ਕੰਮ ਕਰਨ ਤੋਂ ਬਾਅਦ ਵਾਪਸ ਚਲੇ ਜਾਂਦੇ ਸਨ। ਪਿਛਲੇ ਪੰਜ ਸਾਲਾਂ ਵਿੱਚ ਉਨ੍ਹਾਂ ਦੀ ਗਿਣਤੀ ਲਗਭਗ ਦੁੱਗਣੀ ਹੋ ਗਈ ਹੋਵੇਗੀ।

34 ਸਾਲਾ ਮੁਹੰਮਦ ਅਹਿਦ, ਲੁਧਿਆਣਾ ਜ਼ਿਲ੍ਹੇ ਦੇ ਸਾਹਨੇਵਾਲ ਦੇ ਇੱਕ ਪ੍ਰਵਾਸੀ ਕੇਂਦਰ ਵਿੱਚ ਆਪਣੇ ਸਟਾਫ਼ ਨਾਲ ਇੱਕ ਈ-ਕੂੜਾ ਰੀਸਾਈਕਲਿੰਗ ਪਲਾਂਟ ਦਾ ਨਿਰੀਖਣ ਕਰਦਾ ਹੈ। ਅਹਿਦ ਨੇ ਆਪਣਾ ਬਚਪਨ ਲੁਧਿਆਣਾ ਵਿੱਚ ਬਿਤਾਇਆ ਸੀ, ਉਸਦੇ ਪਿਤਾ ਸਹਾਰਨਪੁਰ ਤੋਂ ਇੱਥੇ ਆ ਕੇ ਵਸ ਗਏ ਸਨ। ਅਹਿਦ ਪਿਛਲੇ 25 ਸਾਲਾਂ ਤੋਂ ਲੁਧਿਆਣਾ ਵਿੱਚ ਰਹਿ ਰਿਹਾ ਹੈ ਅਤੇ ਇੱਥੇ ਹੀ ਉਸਨੇ ਆਪਣਾ ਈ-ਕੂੜਾ ਕਾਰੋਬਾਰ ਸਥਾਪਤ ਕੀਤਾ।

ਅਹਿਦ ਦੇ ਨੈੱਟਵਰਕ ਦੇ ਬਹੁਤ ਸਾਰੇ ਲੋਕ ਹਾਲ ਹੀ ਦੇ ਸਾਲਾਂ ਵਿੱਚ ਪੰਜਾਬ ਆਏ ਸਨ ਜਾਂ ਆਉਣ ਦੀ ਯੋਜਨਾ ਬਣਾ ਰਹੇ ਹਨ। ਉਹ ਵਾਰਾਣਸੀ ਤੋਂ ਲੁਧਿਆਣਾ ਜਾਣ ਵਾਲੇ ਘੱਟੋ-ਘੱਟ ਪੰਜ ਮੁਸਲਿਮ ਪਰਿਵਾਰਾਂ ਨੂੰ ਜਾਣਦਾ ਹੈ - ਸਾਰੇ ਫਰਨੀਚਰ ਦੇ ਕਾਰੋਬਾਰ ਨਾਲ ਜੁੜੇ ਹੋਏ ਹਨ। ਪਰ ਸਿਰਫ ਕਾਰੋਬਾਰ ਹੀ ਇੱਕੋ ਇੱਕ ਕਾਰਨ ਨਹੀਂ ਹੈ ਕੁਝ ਪਰਿਵਾਰ ਇਸ ਲਈ ਵੀ ਆ ਰਹੇ ਹਨ, ਕਿਉਂਕਿ ਉਹ ਉਥੇ ਯੂਪੀ ਵਿੱਚ ਫਿਰਕੂ ਤਣਾਅ ਦਾ ਸਾਹਮਣਾ ਕਰ ਰਹੇ ਸਨ।

29 ਸਾਲਾ ਦਿਲਸ਼ਾਦ, ਜੋ ਕਿ ਇੱਕ ਈ-ਕੂੜਾ ਪਲਾਂਟ ਵਿੱਚ ਕੰਮ ਕਰਦਾ ਹੈ, ਵੀ ਲਗਭਗ ਇੱਕ ਦਹਾਕਾ ਪਹਿਲਾਂ ਸਹਾਰਨਪੁਰ ਦੇ ਨਨੌਤਾ ਕਸਬੇ ਤੋਂ ਲੁਧਿਆਣਾ ਆਇਆ ਸੀ। ਉਸਦੀ ਪਤਨੀ ਅਤੇ ਬੱਚੇ ਅਜੇ ਵੀ ਯੂ.ਪੀ. ਵਿੱਚ ਹਨ, ਪਰ ਉਹ ਜਲਦੀ ਹੀ ਉਨ੍ਹਾਂ ਨੂੰ ਲੁਧਿਆਣਾ ਲਿਆਉਣ ਦੀ ਯੋਜਨਾ ਬਣਾ ਰਿਹਾ ਹੈ। ਉਸ ਦਾ ਕਹਿਣਾ ਹੈ ਕਿ ਬੱਚਿਆਂ ਦੀ ਸਿੱਖਿਆ ਲਈ ਲੁਧਿਆਣਾ ਬਿਹਤਰ ਹੈ। ਸਹਾਰਨਪੁਰ ਵਿੱਚ ਕੁਝ ਵੀ ਨਹੀਂ ਹੈ।

**ਕੀ ਕਹਿੰਦੇ ਹਨ ਮਰਦਮਸ਼ੁਮਾਰੀ ਦੇ ਅੰਕੜੇ**

2011 ਦੀ ਮਰਦਮਸ਼ੁਮਾਰੀ ਦੇ ਅਨੁਸਾਰ, ਉੱਤਰ ਪ੍ਰਦੇਸ਼, ਹਰਿਆਣਾ ਅਤੇ ਬਿਹਾਰ ਪੰਜਾਬ ਵਿੱਚ ਪ੍ਰਵਾਸੀ ਭੇਜਣ ਵਾਲੇ ਸਭ ਤੋਂ ਵੱਡੇ ਰਾਜ ਰਹੇ ਹਨ। ਪੰਜਾਬ ਵਿੱਚ ਯੂਪੀ ਤੋਂ 6,50,000 ਤੋਂ ਵੱਧ ਅਤੇ ਬਿਹਾਰ ਤੋਂ 3,50,000 ਤੋਂ ਵੱਧ ਪ੍ਰਵਾਸੀ ਰਹਿੰਦੇ ਹਨ। 2023 ਵਿੱਚ ਰਾਜ ਸਭਾ ਵਿੱਚ ਪੁੱਛੇ ਗਏ ਇੱਕ ਸਵਾਲ ਦੇ ਜਵਾਬ ਵਿੱਚ ਦੱਸਿਆ ਗਿਆ ਸੀ ਕਿ 2011 ਤੱਕ ਪੰਜਾਬ ਵਿੱਚ ਲਗਭਗ 12,44,056 ਪ੍ਰਵਾਸੀ ਮਜ਼ਦੂਰ ਸਨ, ਜਦੋਂ ਕਿ ਇਕੱਲੇ ਚੰਡੀਗੜ੍ਹ ਵਿੱਚ 2,06,642 ਪ੍ਰਵਾਸੀ ਮਜ਼ਦੂਰ ਸਨ।

1947 ਤੋਂ, ਪੰਜਾਬ ਵਿੱਚ ਮਲੇਰਕੋਟਲਾ ਅਤੇ ਕਾਦੀਆਂ (ਅਹਿਮਦੀਆ ਸੰਪਰਦਾ ਦਾ ਕੇਂਦਰ) ਮੁਸਲਿਮ ਪਛਾਣ ਨਾਲ ਜੁੜੇ ਮੁੱਖ ਸਥਾਨ ਰਹੇ ਹਨ। 1971 ਵਿੱਚ ਮਲੇਰਕੋਟਲਾ ਵਿੱਚ ਮੁਸਲਿਮ ਆਬਾਦੀ 15.2 ਪ੍ਰਤੀਸ਼ਤ ਸੀ, ਜੋ 2011 ਵਿੱਚ ਵਧ ਕੇ 22.5 ਪ੍ਰਤੀਸ਼ਤ ਹੋ ਗਈ ਪਰ ਮਲੇਰਕੋਟਲਾ ਅਤੇ ਉਸਦੇ ਜੱਦੀ ਜ਼ਿਲ੍ਹੇ ਸੰਗਰੂਰ ਤੋਂ ਬਾਹਰ ਪੰਜਾਬ ਵਿੱਚ ਮੁਸਲਿਮ ਆਬਾਦੀ 1971 ਵਿੱਚ 53,000 ਤੋਂ ਵੱਧ ਕੇ 2011 ਵਿੱਚ 356,000 ਤੋਂ ਵੱਧ ਹੋ ਗਈ।

2011 ਦੀ ਮਰਦਮਸ਼ੁਮਾਰੀ ਦੇ ਅਨੁਸਾਰ, ਲੁਧਿਆਣਾ ਵਿੱਚ 45,473 ਮੁਸਲਮਾਨ ਰਹਿੰਦੇ ਹਨ। ਇਸ ਦੇ ਹੌਜ਼ਰੀ, ਟੈਕਸਟਾਈਲ ਅਤੇ ਸਟੀਲ ਨਿਰਮਾਣ ਉਦਯੋਗ ਦੇਸ਼ ਭਰ ਤੋਂ ਕਾਮਿਆਂ ਨੂੰ ਆਕਰਸ਼ਿਤ ਕਰਦੇ ਹਨ।

ਪੰਜਾਬ ਇਸਲਾਮਿਕ ਵੈਲਫੇਅਰ ਸੋਸਾਇਟੀ ਦੇ ਪ੍ਰਧਾਨ ਸਰਵਰ ਗੁਲਾਮ ਸਬਾ ਨੇ ਕਿਹਾ ਕਿ ਹਾਲ ਹੀ ਦੇ ਸਾਲਾਂ ਵਿੱਚ ਯੂਪੀ ਤੋਂ ਮੁਸਲਿਮ ਪ੍ਰਵਾਸੀਆਂ ਦੀ ਗਿਣਤੀ ਵਧੀ ਹੈ। ਉਹ ਸਿਰਫ਼ ਕੰਮ ਲਈ ਨਹੀਂ ਸਗੋਂ ਸਥਾਈ ਤੌਰ 'ਤੇ ਵਸਣ ਲਈ ਆ ਰਹੇ ਹਨ। ਉਨ੍ਹਾਂ ਅੱਗੇ ਕਿਹਾ ਕਿ ਪੁਰਾਣੀਆਂ ਮਸਜਿਦਾਂ ਦੀ ਮੁਰੰਮਤ ਅਤੇ ਨਵੀਆਂ ਮਸਜਿਦਾਂ ਦੇ ਨਿਰਮਾਣ ਦੀ ਗਤੀ ਇਸੇ ਵਧਦੀ ਮੰਗ ਦਾ ਨਤੀਜਾ ਹੈ।

### ਪੰਜਾਬੀ -ਪਰਵਾਸੀ ਮਜ਼ਦੂਰ ਟਕਰਾਅ

ਦੂਜੇ ਪਾਸੇ ਪ੍ਰਵਾਸੀ ਮਜ਼ਦੂਰਾਂ ਦੇ ਪੰਜਾਬ ਵਿੱਚ ਪ੍ਰਵਾਸ ਕਾਰਨ ਪੰਜਾਬੀਆਂ ਵਿੱਚ ਤਣਾਅ ਸਪੱਸ਼ਟ ਤੌਰ 'ਤੇ ਮਹਿਸੂਸ ਕੀਤਾ ਜਾ ਸਕਦਾ ਹੈ। ਦਸੰਬਰ 2024 ਵਿੱਚ, ਮਾਨਸਾ ਜ਼ਿਲ੍ਹੇ ਦੇ ਪਿੰਡ ਜਵਾਹਰਕੇ ਦੀ ਪੰਚਾਇਤ ਨੇ ਇੱਕ ਮਤਾ ਪਾਸ ਕੀਤਾ ਜਿਸ ਵਿੱਚ ਪਿੰਡ ਵਾਸੀਆਂ ਨੂੰ "ਬਾਹਰਲੇ" (ਪ੍ਰਵਾਸੀਆਂ) ਨਾਲ ਵਿਆਹ ਕਰਨ ਅਤੇ ਪਿੰਡ ਦੇ ਨਿਵਾਸੀਆਂ ਵਿੱਚ ਆਪਸੀ ਵਿਆਹਾਂ 'ਤੇ ਪਾਬੰਦੀ ਲਗਾਈ ਗਈ ਸੀ। ਇਹ ਨਿਯਮ ਪਿਛਲੇ ਸਾਲ 30 ਨਵੰਬਰ ਨੂੰ ਲਾਗੂ ਹੋਏ ਸਨ, ਜਦੋਂ ਦਸਤਖਤ ਕੀਤੇ ਮਤੇ ਦੀ ਇੱਕ ਕਾਪੀ ਜਨਤਕ ਕੀਤੀ ਗਈ ਸੀ। ਪ੍ਰਸਤਾਵ ਵਿੱਚ ਕਿਹਾ ਗਿਆ ਹੈ ਕਿ ਹੁਕਮ ਦੀ ਉਲੰਘਣਾ ਕਰਨ ਵਾਲਿਆਂ ਨੂੰ ਪਿੰਡ ਵਿੱਚੋਂ ਕੱਢ ਦਿੱਤਾ ਜਾਵੇਗਾ।

ਚੰਡੀਗੜ੍ਹ ਦੇ ਨੇੜੇ ਜੰਡਪੁਰ ਪਿੰਡ ਤੋਂ ਕੰਮ ਕਰ ਰਹੀ ਸਿੱਖ ਨੌਜਵਾਨਾਂ ਦੀ ਸੰਸਥਾ, ਨੌਜਵਾਨ ਸਭਾ ਨੇ ਵੀ ਆਪਣੀ ਬਾਹਰੀ ਲੋਕਾਂ ਵਿਰੁੱਧ ਮੁਹਿੰਮ ਤੇਜ਼ ਕਰ ਦਿੱਤੀ ਹੈ।

ਅਗਸਤ 2024 ਵਿੱਚ, ਨੌਜਵਾਨ ਸਭਾ ਵਰਗੇ ਸਮੂਹਾਂ ਨੇ ਚੰਡੀਗੜ੍ਹ ਦੇ ਨੇੜੇ ਖਰੜ ਅਤੇ ਜੰਡਪੁਰ ਖੇਤਰਾਂ ਵਿੱਚ ਪ੍ਰਵਾਸੀਆਂ ਲਈ "ਨਿਯਮ" ਸ਼ੋਸ਼ਲ ਮੀਡੀਆ ਉਪਰ ਚਰਚਾ ਦਾ ਵਿਸ਼ਾ ਬਣੇ ਹਨ। ਇਨ੍ਹਾਂ ਹੁਕਮਾਂ ਵਿੱਚ ਰਾਤ 9 ਵਜੇ ਤੋਂ ਬਾਅਦ ਪ੍ਰਵਾਸੀਆਂ ਨੂੰ ਰਾਤ ਦੌਰਾਨ ਪਿੰਡ ਵਿੱਚ ਦਾਖਲ ਹੋਣ ਅਤੇ ਅੰਡਰਵੀਅਰ ਪਾ ਕੇ ਘੁੰਮਣ ਤੋਂ ਵਰਜਿਆ ਗਿਆ ਹੈ। ਇਹ ਪਾਬੰਦੀਆਂ ਗੁਰਦੁਆਰਿਆਂ ਸਮੇਤ ਪਿੰਡਾਂ ਦੇ ਬੋਰਡਾਂ 'ਤੇ ਲਗਾਈਆਂ ਗਈਆਂ ਸਨ, ਜਿਨ੍ਹਾਂ ਵਿੱਚ ਪ੍ਰਵਾਸੀਆਂ ਨੂੰ ਜਨਤਕ ਥਾਵਾਂ 'ਤੇ ਥੁੱਕਣ, ਨਸ਼ੀਲੇ ਪਦਾਰਥ ਵੇਚਣ ਅਤੇ ਨਾਬਾਲਗਾਂ ਨੂੰ ਗੱਡੀ ਚਲਾਉਣ ਦੀ ਇਜਾਜ਼ਤ ਦੇਣ 'ਤੇ ਕਾਨੂੰਨੀ ਕਾਰਵਾਈ ਦੀ ਚਿਤਾਵਨੀ ਦਿੱਤੀ ਗਈ ਸੀ।

ਪੰਜਾਬ ਵਿੱਚ ਲੋਕ ਸਭਾ ਚੋਣਾਂ ਦੌਰਾਨ, ਕਾਂਗਰਸੀ ਆਗੂ ਸੁਖਪਾਲ ਖਹਿਰਾ ਨੇ ਕਿਹਾ ਸੀ ਕਿ ਪ੍ਰਵਾਸੀ ਮਜ਼ਦੂਰ, ਜੋ ਮੁੱਖ ਤੌਰ 'ਤੇ ਯੂ.ਪੀ. ਅਤੇ ਬਿਹਾਰ ਤੋਂ ਹਨ, ਨੂੰ ਪੰਜਾਬ ਵਿੱਚ ਜ਼ਮੀਨ ਖਰੀਦਣ ਅਤੇ ਵਸਣ ਦਾ ਅਧਿਕਾਰ ਨਹੀਂ ਹੋਣਾ ਚਾਹੀਦਾ।

ਇਸ ਤੋਂ ਪਹਿਲਾਂ, ਖਹਿਰਾ ਨੇ ਵਿਰੋਧੀ ਧਿਰ ਦੇ ਨੇਤਾ ਪ੍ਰਤਾਪ ਸਿੰਘ ਬਾਜਵਾ ਨਾਲ ਮਿਲ ਕੇ ਪੰਜਾਬ ਵਿਧਾਨ ਸਭਾ ਵਿੱਚ ਇੱਕ ਪ੍ਰਾਈਵੇਟ ਮੈਂਬਰ ਬਿੱਲ ਪੇਸ਼ ਕਰਨ ਦੀ ਕੋਸ਼ਿਸ਼ ਕੀਤੀ ਸੀ ਜਿਸ ਵਿੱਚ ਗ਼ੈਰ-ਪੰਜਾਬੀਆਂ ਦੁਆਰਾ ਖੇਤੀਬਾੜੀ ਵਾਲੀ ਜ਼ਮੀਨ ਖਰੀਦਣ 'ਤੇ ਪਾਬੰਦੀ ਲਗਾਉਣ ਦੀ ਮੰਗ ਕੀਤੀ ਗਈ ਸੀ। ਖਹਿਰਾ ਦੇ ਅਨੁਸਾਰ, ਇਹ ਹਿਮਾਚਲ ਪ੍ਰਦੇਸ਼ ਕਿਰਾਏਦਾਰੀ ਅਤੇ ਭੂਮੀ ਸੁਧਾਰ ਐਕਟ 1972 ਦੀ ਤਰਜ਼ 'ਤੇ "ਸਾਡੀ ਪਛਾਣ ਅਤੇ ਜਨਸੰਖਿਆ ਸੰਤੁਲਨ ਦੀ ਰੱਖਿਆ ਲਈ" ਜ਼ਰੂਰੀ ਹੈ।

**ਦਰਪਣ ਝੂਠ ਨਹੀਂ ਬੋਲਦਾ**

# ਪੰਜਾਬ ਸਿਰ ਕਰਜ਼ੇ ਦੀ ਪੰਡ ਦੇਸ਼ ਵਿਚੋਂ ਸਭ ਤੋਂ ਭਾਰੀ

## ਕਰਜ਼ਾ ਲੈਣ ਵਾਲੇ ਸੂਬਿਆਂ ’ਚ ਸਭ ਤੋਂ ਅੱਗੇ ਪੰਜਾਬ

## ਜੀ.ਡੀ.ਪੀ.ਤੋਂ 44.1 ਫ਼ੀਸਦੀ ਵੱਧ ਕਰਜ਼ਾ ਲਿਆ ਪੰਜਾਬ ਨੇ

ਪੰਜਾਬ ਕਰਜ਼ਾ ਲੈਣ ਵਾਲੇ ਸੂਬਿਆਂ ਵਿੱਚ ਸਭ ਤੋਂ ਅੱਗੇ ਹੈ, ਜਿਸ ਨੇ ਸੂਬੇ ਦੇ ਕੁੱਲ ਘਰੇਲੂ ਉਤਪਾਦ (ਜੀ.ਡੀ.ਪੀ.) ਤੋਂ 44.1 ਫ਼ੀਸਦੀ ਜ਼ਿਆਦਾ ਕਰਜ਼ਾ ਲਿਆ ਹੋਇਆ ਹੈ। ਦੇਸ਼ ਵਿੱਚ ਪੰਜਾਬ ਸਮੇਤ 15 ਹੋਰ ਸੂਬੇ ਹਨ, ਜਿਨ੍ਹਾਂ ਨੇ ਆਪਣੀ ਜੀ.ਡੀ.ਪੀ. ਦੀ ਤੁਲਨਾ ਵਿੱਚ ਜ਼ਿਆਦਾ ਕਰਜ਼ਾ ਲਿਆ ਹੋਇਆ ਹੈ। ਇਹ ਸੂਬੇ ਆਪਣੇ ਚੋਣ ਵਾਅਦੇ ਪੂਰੇ ਕਰਨ ਲਈ ਰਿਕਾਰਡ ਕਰਜ਼ਾ ਲੈ ਰਹੇ ਹਨ। ਆਪਣੀ ਜੀ.ਡੀ.ਪੀ. ਦੀ ਤੁਲਨਾ ’ਚ ਜ਼ਿਆਦਾ ਕਰਜ਼ਾ ਲੈਣ ਵਾਲਿਆਂ ਵਿੱਚ ਪੰਜਾਬ 44.1 ਫ਼ੀਸਦੀ ਨਾਲ ਸਭ ਤੋਂ ਅੱਗੇ ਹੈ, ਜਦਕਿ ਹਿਮਾਚਲ ਪ੍ਰਦੇਸ਼ ਦਾ 42.5 ਫ਼ੀਸਦੀ, ਅਰੁਣਾਚਲ ਪ੍ਰਦੇਸ਼ ਦਾ 40.1 ਫ਼ੀਸਦੀ, ਨਾਗਾਲੈਂਡ ਦਾ 38.6 ਫ਼ੀਸਦੀ, ਮੇਘਾਲਿਆ ਦਾ 37.6 ਫ਼ੀਸਦੀ, ਪੱਛਮੀ ਬੰਗਾਲ ਦਾ 36.9 ਫ਼ੀਸਦੀ, ਰਾਜਸਥਾਨ ਦਾ 36 ਫ਼ੀਸਦੀ, ਬਿਹਾਰ ਦਾ 35.7 ਫ਼ੀਸਦੀ, ਮਨੀਪੁਰ ਦਾ 34.5 ਫ਼ੀਸਦੀ, ਕੇਰਲਾ ਦਾ 34 ਫ਼ੀਸਦੀ, ਉੱਤਰ ਪ੍ਰਦੇਸ਼ ਦਾ 32.7 ਫ਼ੀਸਦੀ, ਮੱਧ ਪ੍ਰਦੇਸ਼ ਦਾ 32 ਫ਼ੀਸਦੀ, ਤ੍ਰਿਪੁਰਾ ਦਾ 24.5 ਫ਼ੀਸਦੀ ਤੇ ਸਿੱਕਮ ਦਾ 24 ਫ਼ੀਸਦੀ ਦਾ ਅਨੁਪਾਤ ਹੈ।

ਦਿੱਲੀ ਵਿਧਾਨ ਸਭਾ ਚੋਣਾਂ ਲਈ ਰਾਜਨੀਤਿਕ ਪਾਰਟੀਆਂ ਨੇ ਮੁਫ਼ਤ ਦੀਆਂ ਸਕੀਮਾਂ ਦੀ ਝੜੀ ਲਗਾ ਦਿੱਤੀ ਹੈ। ਇਨ੍ਹਾਂ ਚੋਣ ਰਿਉੜੀਆਂ ਨਾਲ ਵੋਟਾਂ ਦੇ ਬਾਅਦ ਸੂਬਿਆਂ ਦੀ ਅਰਥਵਿਵਸਥਾ ’ਤੇ ਪੈਣ ਵਾਲੇ ਅਸਰ ਦਾ ਟਰੈਕ ਰਿਕਾਰਡ ਦੇਖੀਏ ਤਾਂ ਪਤਾ ਲੱਗਦਾ ਹੈ ਕਿ ਜਿਹੜੀਆਂ ਪਾਰਟੀਆਂ ਸਬਸਿਡੀਆਂ ਅਤੇ ਗਾਰੰਟੀਆਂ ਦੇ ਸਿਰ ’ਤੇ ਸੱਤਾ ਵਿੱਚ ਆਈਆਂ ਹਨ, ਉਹ




ਹੁਣ ਬਾਜ਼ਾਰ ਵਿਚੋਂ ਕਰਜ਼ਾ ਲੈ ਕੇ ਚੋਣ ਵਾਅਦੇ ਪੁਗਾਉਣ ਲਈ ਮਜਬੂਰ ਹਨ। ਉਦਾਹਰਣ ਵਜੋਂ ਕਰਨਾਟਕ ਸਰਕਾਰ ਨੂੰ ਚੋਣਾਂ ਵੇਲੇ ਦਿੱਤੀਆਂ 5 ਗਾਰੰਟੀਆਂ ਪੂਰੀਆਂ ਕਰਨ ਲਈ 60 ਹਜ਼ਾਰ ਕਰੋੜ ਵਾਧੂ ਰਕਮ ਦੀ ਲੋੜ ਹੈ। ਮੱਧ ਪ੍ਰਦੇਸ਼ ਨੂੰ ਸਿਰਫ਼ ‘ਲਾਡਲੀ ਬਹਿਨਾ’ ਯੋਜਨਾ ਲਈ ਹਰ ਸਾਲ 24 ਹਜ਼ਾਰ ਕਰੋੜ ਦੀ ਲੋੜ ਪਵੇਗੀ। ਤੇਲੰਗਾਨਾ ਦੀ ਕੁੱਲ ਕਮਾਈ ਦਾ 25 ਫ਼ੀਸਦੀ ਹਿੱਸਾ 6 ਗਾਰੰਟੀਆਂ ਪੂਰੀਆਂ ਕਰਨ ਵਿੱਚ ਜਾ ਰਿਹਾ ਹੈ। ਭਾਰਤ ਦੇ 15 ਸੂਬੇ ਅਜਿਹੇ ਹਨ, ਜਿਨ੍ਹਾਂ ਦੀ ਜੀ.ਡੀ.ਪੀ. ਦੇ ਮੁਕਾਬਲੇ ਕਰਜ਼ ਦਾ ਅਨੁਪਾਤ 30 ਫ਼ੀਸਦੀ ਤੋਂ ਵੱਧ ਹੈ। ਦੇਸ਼ ਦੇ 10 ਸੂਬੇ ਅਜਿਹੇ ਹਨ, ਜਿਨ੍ਹਾਂ ਨੂੰ ਅਗਲੇ 3 ਮਹੀਨਿਆਂ ਵਿੱਚ 4.73 ਲੱਖ ਕਰੋੜ ਰੁਪਏ ਦਾ ਕਰਜ਼ਾ ਬਾਜ਼ਾਰ ਵਿਚੋਂ ਲੈਣਾ ਪਵੇਗਾ। ਇਹ ਸੂਬੇ ਚਾਲੂ ਵਿੱਤੀ ਸਾਲ ਦੇ ਅੱਧ ਵਿੱਚ 3.46 ਲੱਖ ਕਰੋੜ ਰੁਪਏ ਦਾ ਕਰਜ਼ਾ ਲੈ ਚੁੱਕੇ ਹਨ। ਇਸ ਹਿਸਾਬ ਨਾਲ ਚਾਲੂ ਵਿੱਤੀ ਸਾਲ ਦੌਰਾਨ ਇਨ੍ਹਾਂ ਸੂਬਿਆਂ ਸਿਰ ਪੂਰੇ ਸਾਲ ਦੀ 9.20 ਲੱਖ ਕਰੋੜ ਰੁਪਏ ਦੀ ਉਧਾਰੀ ਹੋ ਜਾਵੇਗੀ। ਇਸ ਨਾਲ ਕਰਜ਼ੇ ਦਾ ਇੱਕ ਨਵਾਂ ਰਿਕਾਰਡ ਬਣੇਗਾ, ਜੋ ਪਿਛਲੇ ਸਾਲ ਦੇ ਕਰਜ਼ੇ ਤੋਂ 28.7 ਫ਼ੀਸਦੀ ਵੱਧ ਹੈ। ਇਨ੍ਹਾਂ ਸੂਬਿਆਂ ਨੇ ਕੋਰੋਨਾ ਵੇਲੇ ਛੋਟ ਦੇ ਬਾਵਜੂਦ 6.51 ਲੱਖ ਕਰੋੜ ਰੁਪਏ ਦਾ ਕਰਜ਼ਾ ਲਿਆ ਹੈ । ਕਰਨਾਟਕ ਅਗਲੇ 3 ਮਹੀਨਿਆਂ ਵਿੱਚ ਸਭ ਤੋਂ ਜ਼ਿਆਦਾ 48,000 ਕਰੋੜ ਰੁਪਏ ਦਾ ਕਰਜ਼ਾ ਲਵੇਗਾ, ਤਾਮਿਲਨਾਡੂ 45,000 ਕਰੋੜ ਤੇ ਤੇਲੰਗਾਨਾ 30,000 ਕਰੋੜ ਰੁਪਏ ਦਾ ਹੋਰ ਕਰਜ਼ਾ ਲੈਣ ਦੀ ਤਿਆਰੀ ਵਿੱਚ ਹੈ।

ਪੰਜਾਬ ਸਰਕਾਰ ਨੂੰ ਘਰਾਂ ਲਈ ਹਰ ਮਹੀਨੇ 300 ਯੂਨਿਟ ਤੇ ਖੇਤੀ ਟਿਊਬਵੈਲਾਂ ਲਈ ਮੁਫ਼ਤ ਬਿਜਲੀ ਦੇਣ ਵਾਸਤੇ ਕਈ ਹਜ਼ਾਰ ਕਰੋੜ ਦਾ ਕਰਜ਼ਾ ਹਰ ਸਾਲ ਚੁੱਕਣਾ ਪੈ ਰਿਹਾ ਹੈ। ਪੰਜਾਬ ਸਰਕਾਰ ਦੇ ਕੁੱਲ ਮਾਲੀਏ ਦਾ 23 ਫ਼ੀਸਦੀ ਕਰਜ਼ੇ ਦਾ ਵਿਆਜ ਚੁਕਾਉਣ ਵਿੱਚ ਚਲਾ ਜਾਂਦਾ ਹੈ। ਪੰਜਾਬ ਵਿੱਚ ਸੱਤਾਧਾਰੀ ਆਮ ਆਦਮੀ ਪਾਰਟੀ ਦੀ ਸਰਕਾਰ ਵੱਲੋਂ ਪੈਸੇ ਦੀ ਤੰਗੀ ਕਾਰਨ ਚੋਣਾਂ ਵੇਲੇ ਔਰਤਾਂ ਨੂੰ 1000 ਰੁਪਏ ਦੇਣ ਦੀ ਗਾਰੰਟੀ ਹਾਲੇ ਪੂਰੀ ਨਹੀਂ ਕੀਤੀ ਜਾ ਰਹੀ ਹੈ, ਜਦਕਿ ਉਸ ਨੇ ਦਿੱਲੀ ਵਿੱਚ ਔਰਤਾਂ ਨੂੰ 2500 ਰੁਪਏ ਪ੍ਰਤੀ ਮਹੀਨਾ ਦੇਣ ਦਾ ਵਾਅਦਾ ਕਰ ਦਿੱਤਾ ਹੈ।

# ਕੀ ਕਿਸਾਨ ਅੰਦੋਲਨ ਨਵਾਂ ਇਤਿਹਾਸ ਸਿਰਜ ਸਕੇਗਾ ?

## ਕਿਸਾਨਾਂ ਵੱਲੋਂ ‘ਆਪ’ ਦੇ ਵਜ਼ੀਰਾਂ ਤੇ ਵਿਧਾਇਕਾਂ ਦੇ ਘਰਾਂ ਅੱਗੇ ਧਰਨੇ

## ਸੂਬਾ ਸਰਕਾਰ ਦੇ ਕਿਸਾਨ ਵਿਰੋਧੀ ਰਵੱਈਏ ਦੀ ਨਿਖੇਧੀ

ਪੰਜ ਸਾਲ ਪਹਿਲਾਂ ਕਿਸਾਨ ਦਿੱਲੀ ਘੇਰ ਕੇ ਬੈਠੇ ਤਾਂ ਇੱਕ ਸਾਲ ਵਿੱਚ ਸਰਕਾਰ ਨੇ ਉਨ੍ਹਾਂ ਦੀ ਮੰਗ ਮੰਨ ਲਈ ਸੀ ਅਤੇ ਠੀਕ ਇੱਕ ਸਾਲ ਬਾਅਦ ਉਨ੍ਹਾਂ ਦਾ ਅੰਦੋਲਨ ਖ਼ਤਮ ਹੋ ਗਿਆ ਸੀ। ਕੇਂਦਰ ਸਰਕਾਰ ਨੇ ਤਿੰਨ ਵਿਵਾਦਤ ਖੇਤੀ ਕਾਨੂੰਨਾਂ ਨੂੰ ਵਾਪਸ ਲੈ ਲਿਆ ਸੀ। ਉਸ ਸਮੇਂ ਕਿਸਾਨਾਂ ਦੀਆਂ ਹੋਰ ਮੰਗਾਂ ਨੂੰ ਲੈ ਕੇ ਵੀ ਕੇਂਦਰ ਨੇ ਵਾਅਦਾ ਕੀਤਾ ਸੀ, ਪਰ ਜਿਨ੍ਹਾਂ ਨੂੰ ਹਾਲੇ ਤੱਕ ਵੀ ਪੂਰਾ ਨਹੀਂ ਕੀਤਾ ਗਿਆ। ਉਨ੍ਹਾਂ ਮੰਗਾਂ ਨੂੰ ਲੈ ਕੇ ਹੁਣ ਕਿਸਾਨ ਇੱਕ ਸਾਲ ਤੋਂ ਵਧੇਰੇ ਸਮੇਂ ਤੋਂ ਪੰਜਾਬ ਅਤੇ ਹਰਿਆਣਾ ਦੀ ਸਰਹੱਦ ’ਤੇ ਅੰਦੋਲਨ ਕਰ ਰਹੇ ਹਨ। ਇਸ ਵਾਰ ਕਿਸੇ ਤਰ੍ਹਾਂ ਨਾਲ ਉਨ੍ਹਾਂ ਨੂੰ ਦਿੱਲੀ ਨਹੀਂ ਆਉਣ ਦਿੱਤਾ ਗਿਆ। ਜਦੋਂ ਵੀ ਕਿਸਾਨ ਦਿੱਲੀ ਵਲ ਨੂੰ ਕੂਚ ਕਰਦੇ ਹਨ, ਤਾਂ ਹਰਿਆਣਾ ਪੁਲਿਸ ਉਨ੍ਹਾਂ ਨੂੰ



ਘੱਗਰ ਨਦੀ ਦੇ ਪੁਲ ’ਤੇ ਰੋਕ ਦਿੰਦੀ ਹੈ ਅਤੇ ਉਨ੍ਹਾਂ ਨੂੰ ਅਕਸਰ ਇਹ ਸਵਾਲ ਕਰਦੀ ਹੈ ਕਿ, ਕੀ ਉਨ੍ਹਾਂ ਕੋਲ ਦਿੱਲੀ ਜਾਣ ਦੀ ਮਨਜ਼ੂਰੀ ਹੈ ਜਾਂ ਨਹੀਂ। ਇਸ ਦੌਰਾਨ ਕਿਸਾਨਾਂ ਨਾਲ ਕੇਂਦਰ ਸਰਕਾਰ ਨੇ ਕਿਸ਼ਤਾਂ ਵਿੱਚ ਮੀਟਿੰਗਾਂ ਸ਼ੁਰੂ ਕਰ ਦਿੱਤੀਆਂ ਹਨ। ਇੰਝ ਲੱਗ ਰਿਹਾ ਹੈ ਕਿ ਸਰਕਾਰ ਨੇ ਮੀਟਿੰਗਾਂ ਦੀਆਂ ਮਹੀਨਾਵਾਰ ਕਿਸ਼ਤਾਂ ਬੰਨ੍ਹੀਆਂ ਹਨ। ਮਹੀਨੇ ਵਿੱਚ ਇੱਕ ਵਾਰ ਮੀਟਿੰਗ ਹੁੰਦੀ ਹੈ। ਬਜ਼ੁਰਗ ਅਤੇ ਬਿਮਾਰ ਕਿਸਾਨ ਜਗਜੀਤ ਸਿੰਘ ਡੱਲੇਵਾਲ ਲਗਭਗ ਇੱਕ ਸੌ ਦਿਨ ਤੋਂ ਭੁੱਖ ਹੜਤਾਲ ’ਤੇ ਹਨ ਪਰ ਸਰਕਾਰ ਸੁਣਵਾਈ ਨਹੀਂ ਕਰ ਰਹੀ। ਪੰਜਾਬ ਅਤੇ ਹਰਿਆਣਾ ਦੀ ਸਰਹੱਦ ’ਤੇ ਸ਼ੰਭੂ ਅਤੇ ਖਨੌਰੀ ਬਾਰਡਰ ’ਤੇ ਹਜ਼ਾਰਾਂ ਕਿਸਾਨ ਇੱਕ ਸਾਲ ਤੋਂ ਅੰਦੋਲਨ ਕਰ ਰਹੇ ਹਨ ਅਤੇ ਸਰਕਾਰ ਮਹੀਨੇ ’ਚ ਇੱਕ ਵਾਰ ਮੀਟਿੰਗ ਕਰਨ ਦੀ ਰਸਮ ਕਰ ਰਹੀ ਹੈ।

ਸੰਯੁਕਤ ਕਿਸਾਨ ਮੋਰਚਾ (ਐੱਸ.ਕੇ.ਐੱਮ.) ਨੇ ਪੰਜਾਬ ਸਰਕਾਰ ਵੱਲੋਂ 5 ਮਾਰਚ ਨੂੰ ਚੰਡੀਗੜ੍ਹ ਧਰਨਾ ਲਾਉਣ ਜਾ ਰਹੇ ਕਿਸਾਨਾਂ ਨੂੰ ਗ੍ਰਿਫ਼ਤਾਰ ਕਰਨ ਖ਼ਿਲਾਫ਼ ਬੀਤੇ ਦਿਨੀਂ ਪੰਜਾਬ ਭਰ ਵਿੱਚ ਆਮ ਆਦਮੀ ਪਾਰਟੀ (ਆਪ) ਦੇ ਵਜ਼ੀਰਾਂ ਤੇ ਵਿਧਾਇਕਾਂ ਦੇ ਘਰਾਂ ਅੱਗੇ ਮੁਜ਼ਾਹਰੇ ਕੀਤੇ। ਐੱਸ.ਕੇ.ਐੱਮ. ਨੇ ਸੂਬੇ ਵਿੱਚ 80 ਦੇ ਕਰੀਬ ਵਿਧਾਇਕਾਂ ਦੇ ਘਰਾਂ ਅੱਗੇ ਪ੍ਰਦਰਸ਼ਨ ਕੀਤੇ, ਜਿਸ ਵਿੱਚ ਵੱਡੀ ਗਿਣਤੀ ਨੌਜਵਾਨਾਂ, ਬਜ਼ੁਰਗਾਂ ਅਤੇ ਔਰਤਾਂ ਨੇ ਸ਼ਮੂਲੀਅਤ ਕੀਤੀ ਤੇ ਸੂਬਾ ਸਰਕਾਰ ਦੇ ਕਿਸਾਨ ਵਿਰੋਧੀ ਰਵੱਈਏ ਦੀ ਨਿਖੇਧੀ ਕੀਤੀ। ਐੱਸ.ਕੇ.ਐੱਮ. ਆਗੂਆਂ ਨੇ ਮੁੱਖ ਮੰਤਰੀ ਭਗਵੰਤ ਮਾਨ ਵੱਲੋਂ ਕਿਸਾਨਾਂ ਦੀਆਂ ਮੰਗਾਂ ਪੰਜਾਬ ਨਾਲ ਸਬੰਧਤ ਨਾ ਹੋਣ ਸਬੰਧੀ ਦਿੱਤੇ ਗਏ ਬਿਆਨ ਨਕਾਰਦਿਆਂ ਮੁੱਖ ਮੰਤਰੀ ਨੂੰ ਇਨ੍ਹਾਂ ਮੰਗਾਂ ਸਬੰਧੀ ਖੁੱਲ੍ਹੀ ਬਹਿਸ ਕਰਨ ਦੀ ਚੁਣੌਤੀ ਦਿੱਤੀ।ਸੰਯੁਕਤ ਕਿਸਾਨ ਮੋਰਚਾ ਦੇ ਆਗੂਆਂ ਨੇ ਅਮਰੀਕਾ ਵੱਲੋਂ ਭਾਰਤ ਦੇ ਖੇਤੀ ਖੇਤਰ ਅਤੇ ਅਨਾਜ ’ਤੇ ਕੰਟਰੋਲ ਕਰਨ ਦੇ ਉਦੇਸ਼ ਨਾਲ ਡਿਊਟੀ ਫ਼ਰੀ ਵਪਾਰ ਸਮਝੌਤਿਆਂ ਲਈ ਭਾਰਤ ਸਰਕਾਰ ’ਤੇ ਪਾਏ ਜਾ ਰਹੇ ਦਬਾਅ ਨੂੰ ਕਿਸਾਨ ਵਿਰੋਧੀ ਕਰਾਰ ਦਿੱਤਾ ਹੈ।

# ਮੋਦੀ ਸਰਕਾਰ ਨੂੰ ਫ਼ਾਸ਼ੀਵਾਦੀ ਜਾਂ ਨਵ ਫ਼ਾਸ਼ੀਵਾਦੀ ਕਿਹਾ ਜਾਵੇ ਜਾਂ ਨਾ ਕਿਹਾ ਜਾਵੇ ?

## ਇਸ ਕਾਰਨ ਮਾਰਕਸੀ ਪਾਰਟੀਆਂ ਵਿੱਚ ਛਿੜਿਆ ਵਿਵਾਦ

ਭਾਰਤ ਦੀਆਂ ਕਮਿਊਨਿਸਟ ਪਾਰਟੀਆਂ ਵਿੱਚ ਕਈ ਮੁੱਦਿਆਂ ’ਤੇ ਵਿਵਾਦ ਚਲਦਾ ਰਹਿੰਦਾ ਹੈ। ਆਮ ਤੌਰ ’ਤੇ ਇਹ ਵਿਵਾਦ ਵਿਚਾਰਕ ਹੀ ਹੁੰਦਾ ਹੈ, ਪਰ ਕਈ ਵਾਰ ਰਾਜਨੀਤਕ ਵਿਵਾਦ ਵੀ ਹੁੰਦੇ ਹਨ। ਖ਼ਾਸ ਤੌਰ ’ਤੇ ਉਨ੍ਹਾਂ ਰਾਜਾਂ ’ਚ ਜਿੱਥੇ ਕਮਿਊਨਿਸਟ ਪਾਰਟੀਆਂ ਦਾ ਥੋੜ੍ਹਾ-ਬਹੁਤ ਆਧਾਰ ਹੈ ਅਤੇ ਜਿੱਥੇ ਚੋਣਾਂ ਲੜਨ ’ਤੇ ਉਨ੍ਹਾਂ ਦੇ ਜਿੱਤਣ ਦੀ ਸੰਭਾਵਨਾ ਰਹਿੰਦੀ ਹੈ, ਪਰ ਅਜੇ ਦੇਸ਼ ਦੀ ਸਭ ਤੋਂ ਵੱਡੀ ਕਮਿਊਨਿਸਟ ਪਾਰਟੀ ਸੀ.ਪੀ.ਐੱਮ. ਅਤੇ ਸਭ ਤੋਂ ਨਵੀਂ ਤੇ ਤੁਲਨਾਤਮਕ ਤੌਰ ’ਤੇ ਜ਼ਿਆਦਾ ਕ੍ਰਾਂਤੀਕਾਰੀ ਸੀ.ਪੀ.ਆਈ. ਐੱਮ.ਐੱਲ. ’ਚ ਕੇਂਦਰ ਦੀ ਨਰਿੰਦਰ ਮੋਦੀ ਸਰਕਾਰ ਨੂੰ ਲੈ ਕੇ ਵਿਵਾਦ ਛਿੜ ਗਿਆ ਹੈ। ਵਿਵਾਦ ਇਹ ਹੈ ਕਿ ਮੋਦੀ ਸਰਕਾਰ ਨੂੰ ਫ਼ਾਸੀਵਾਦੀ ਜਾਂ ਨਵ ਫ਼ਾਸੀਵਾਦੀ ਕਿਹਾ ਜਾਵੇ



ਸਰਕਾਰ ਨੂੰ ਫ਼ਾਸੀਵਾਦੀ ਜਾਂ ਨਵ ਫ਼ਾਸੀਵਾਦੀ ਨਹੀਂ ਮੰਨਦੀ ਹੈ। ਇਸ ਨੋਟ ਤੋਂ ਬਾਅਦ ਸੀ.ਪੀ.ਆਈ. ਐੱਮ.ਐੱਲ. ਦੇ ਜਨਰਲ ਸਕੱਤਰ ਦੀਪਾਂਕਰ ਭੱਟਾਚਾਰਿਆ ਭੜਕੇ ਹੋਏ ਹਨ।

# ਟਰੰਪ ਵਪਾਰ ਯੁੱਧ ਕਾਰਨ ਮੰਦੀ ਤੇ ਆਰਥਿਕ ਉਥਲ-ਪੁਥਲ ਦਾ ਡਰ

## ➢ ਵਾਲ ਸਟਰੀਟ ਤੋਂ ਭਾਰਤ ਤੱਕ ਪ੍ਰਭਾਵ ਪਿਆ ➢ ਟਰੰਪ ਦੀਆਂ ਟਿੱਪਣੀਆਂ ਨੇ ਡਰ ਕਿਉਂ ਪੈਦਾ ਕੀਤਾ ?

ਫ਼ਰਵਰੀ ਵਿੱਚ ਅਮਰੀਕੀ ਟੈਰਿਫ਼ ਧਮਕੀਆਂ ਕਾਰਨ ਭਾਰਤੀ ਨਿਰਯਾਤ ਬੁਰੀ ਤਰ੍ਹਾਂ ਪ੍ਰਭਾਵਿਤ ਹੋਏ। ਭਾਰਤ ਸਰਕਾਰ ਦੇ ਅਧਿਕਾਰਤ ਸੂਤਰਾਂ ਨੇ ਬੀਤੇ ਦਿਨੀਂ 11 ਮਾਰਚ ਨੂੰ ਇਹ ਜਾਣਕਾਰੀ ਦਿੱਤੀ। ਸਰਕਾਰੀ ਅਧਿਕਾਰੀ ਨੇ ਕਿਹਾ ਕਿ ਭਾਰਤ ਹੁਣ ਵਿਸ਼ਵ ਬਾਜ਼ਾਰ ਵਿੱਚ ਅਨਿਸ਼ਚਿਤਤਾ ਅਤੇ ਡੋਨਾਲਡ ਟਰੰਪ ਪ੍ਰਸ਼ਾਸਨ ਵੱਲੋਂ ਅਮਰੀਕਾ ਨੂੰ ਭੇਜੇ ਜਾਣ ਵਾਲੇ ਸਮਾਨ ’ਤੇ ਟੈਰਿਫ਼ ਲਗਾਉਣ ਦੇ ਖ਼ਤਰੇ ਦੇ ਵਿਚਕਾਰ ਨੀਤੀ ਬਦਲਣ ਜਾ ਰਿਹਾ ਹੈ। ਬੀਤੇ ਮੰਗਲਵਾਰ ਦੌਰਾਨ ਸ਼ੁਰੂਆਤੀ ਕਾਰੋਬਾਰ ਵਿੱਚ ਭਾਰਤੀ ਸ਼ੇਅਰ ਬਾਜ਼ਾਰ 300 ਅੰਕ ਡਿੱਗ ਗਿਆ ਸੀ। ਹਾਲਾਂਕਿ ਬਾਅਦ ਵਿੱਚ ਸਥਿਤੀ ਠੀਕ ਹੋ ਗਈ, ਪਰ ਬੀਤੇ ਸੋਮਵਾਰ ਨੂੰ ਅਮਰੀਕੀ ਵਾਲ ਸਟਰੀਟ ਅਤੇ ਹੋਰ ਦੇਸ਼ਾਂ ਦੇ ਬਾਜ਼ਾਰ ਬੁਰੀ ਤਰ੍ਹਾਂ ਡਿੱਗ ਗਏ ਸਨ।

ਦੁਨੀਆਂ ਭਰ ਦੇ ਨਿਵੇਸ਼ਕਾਂ ਨੂੰ ਡਰ ਹੈ ਕਿ ਭਾਰਤ, ਕੈਨੇਡਾ, ਮੈਕਸੀਕੋ ਅਤੇ ਚੀਨ ’ਤੇ ਉਨ੍ਹਾਂ ਦੀਆਂ ਹਮਲਾਵਰ ਟੈਰਿਫ਼ ਨੀਤੀਆਂ ਅਮਰੀਕਾ




ਨੂੰ ਮੰਦੀ ਵੱਲ ਧੱਕ ਸਕਦੀਆਂ ਹਨ, ਜਿਸ ਨਾਲ ਵਿਸ਼ਵ ਵਿੱਤੀ ਬਾਜ਼ਾਰਾਂ ਵਿੱਚ ਵਿਆਪਕ ਅਨਿਸ਼ਚਿਤਤਾ ਪੈਦਾ ਹੋ ਗਈ ਹੈ। ਅਮਰੀਕੀ ਬਾਜ਼ਾਰ ਵਿੱਚ ਤਕਨਾਲੋਜੀ ਸਟਾਕਾਂ ਨੂੰ ਸਭ ਤੋਂ ਵੱਧ ਝਟਕਾ ਲੱਗਾ। ਨੈਸਡੈਕ ਕੰਪੋਜ਼ਿਟ ਨੇ 2022 ਤੋਂ ਬਾਅਦ ਆਪਣਾ ਸਭ ਤੋਂ ਭੈੜਾ ਦਿਨ ਦੇਖਿਆ, 4% ਡਿੱਗ ਗਿਆ। ਟੇਸਲਾ ਦੇ ਸ਼ੇਅਰ 15.4% ਡਿੱਗ ਗਏ, ਜਦੋਂ ਕਿ ਏ.ਆਈ. ਚਿੱਪ ਐਨਵੀਡੀਆ ਦੇ ਸ਼ੇਅਰ 5% ਤੋਂ ਵੱਧ ਡਿੱਗ ਗਏ। ਮੇਟਾ, ਐਮਾਜ਼ਾਨ ਅਤੇ ਅਲਫ਼ਾਬੇਟ ਵਰਗੀਆਂ ਹੋਰ ਤਕਨੀਕੀ ਕੰਪਨੀਆਂ ਦੇ ਸ਼ੇਅਰਾਂ ਵਿੱਚ ਵੀ ਤੇਜ਼ੀ ਨਾਲ ਗਿਰਾਵਟ ਦੇਖਣ ਨੂੰ ਮਿਲੀ। ਵ੍ਹਾਈਟ ਹਾਊਸ ਦੇ ਇੱਕ ਅਧਿਕਾਰੀ ਨੇ ਕਿਹਾ, ‘ਅਸੀਂ ਸਟਾਕ ਮਾਰਕੀਟ ਗਤੀਵਿਧੀ ਅਤੇ ਅਸਲ ਆਰਥਿਕ ਦ੍ਰਿਸ਼ਟੀਕੋਣ ਵਿੱਚ ਇੱਕ ਮਜ਼ਬੂਤ ਅੰਤਰ ਦੇਖ ਰਹੇ ਹਾਂ।’ ਪਰ ਜ਼ਮੀਨੀ ਹਕੀਕਤ ਇਹ ਹੈ ਕਿ ਵਿਸ਼ਵ ਬਾਜ਼ਾਰ ਇਸ ਸਮੇਂ ਡੁੱਬ ਰਹੇ ਹਨ।

ਇੱਕ ਭਾਰਤੀ ਸਰਕਾਰੀ ਸੂਤਰ ਨੇ ਕਿਹਾ ਕਿ ਫ਼ਰਵਰੀ ਮਹੀਨੇ ਦੌਰਾਨ ਭਾਰਤੀ ਬਰਾਮਦਾਂ ਉਤੇ ਅਮਰੀਕੀ ਟੈਰਿਫ਼ ਧਮਕੀਆਂ ਦਾ ਮਾੜਾ ਅਸਰ ਪਿਆ ਹੈ। ਭਾਰਤ ਵਿਸ਼ਵਵਿਆਪੀ ਅਨਿਸ਼ਚਿਤਤਾ ਦੇ ਵਿਚਕਾਰ ਬਰਾਮਦਕਾਰਾਂ ਨੂੰ ਉਤਸ਼ਾਹਿਤ ਕਰਨ ’ਤੇ ਵਿਚਾਰ ਕਰ ਰਿਹਾ ਹੈ, ਜਿਸ ਦਾ ਫ਼ੈਸਲਾ ਇੱਕ ਮਹੀਨੇ ਦੇ ਅੰਦਰ-ਅੰਦਰ ਹੋਣ ਦੀ ਉਮੀਦ ਹੈ।

# ਸੰਯੁਕਤ ਕਿਸਾਨ ਮੋਰਚਾ ਸੰਘਰਸ਼ ਵਾਪਸ ਲੈਣ ਕਾਰਨ ਸੁਆਲਾਂ ਦੇ ਘੇਰੇ ਵਿੱਚ

## ਐੱਸ.ਕੇ.ਐੱਮ. ਨੇ ਆਪਣੀ ਨਮੋਸ਼ੀ ਭਰੀ ਹਾਰ ਬਾਅਦ 15 ਮਾਰਚ ਨੂੰ ਸੰਘਰਸ਼ ਦੀ ਰੂਪਰੇਖਾ ਤੈਅ ਕਰਨ ਦਾ ਕੀਤਾ ਐਲਾਨ

## ਸਰਕਾਰ ਕਿਉਂ ਨਹੀਂ ਮੰਨ ਰਹੀ ਮੰਗਾਂ ?

## ਕਿਸਾਨ ਸੰਘਰਸ਼ ਕਾਰਨ ਪੰਜਾਬ ਦੇ ਵਪਾਰ ਉੱਪਰ ਮੰਡਰਾਇਆ ਸੰਕਟ

ਪੰਜਾਬ ਸਰਕਾਰ ਨੇ ਇੱਕ ਵਾਰ ਤਾਂ ਪੁਲਿਸ ਦੇ ਜ਼ੋਰ 'ਤੇ ਸੰਯੁਕਤ ਕਿਸਾਨ ਮੋਰਚੇ (ਐੱਸ.ਕੇ.ਐੱਮ.) ਦਾ ਚੰਡੀਗੜ੍ਹ ਮੋਰਚਾ ਲਾਉਣ ਦਾ ਪ੍ਰੋਗਰਾਮ ਨਾਕਾਮ ਬਣਾ ਦਿੱਤਾ ਸੀ ਪਰ ਸਵਾਲ ਇਹ ਹੈ ਕਿ ਕਿਸਾਨੀ ਅੰਦਰ ਪਨਪ ਰਹੇ ਰੋਸ ਨੂੰ ਇਸ ਤਰ੍ਹਾਂ ਕਿੰਨੀ ਕੁ ਦੇਰ ਦਬਾ ਕੇ ਰੱਖਿਆ ਜਾ ਸਕਦਾ ਹੈ ? ਪੰਜਾਬ ਦਾ ਕਿਸਾਨ ਦੇਸ਼ ਦੀ ਖੁਰਾਕ ਸੁਰੱਖਿਆ ਦੀ ਪੂਰਤੀ ਲਈ ਦਹਾਕਿਆਂ ਤੋਂ ਵੱਡਾ ਯੋਗਦਾਨ ਪਾ ਰਿਹਾ ਹੈ। ਇਸ ਕਰ ਕੇ ਹੀ ਪੰਜਾਬ ਦੀ ਖੇਤੀ ਝੋਨੇ ਤੇ ਕਣਕ ਦੇ ਘਾਤਕ ਫ਼ਸਲੀ ਚੱਕਰ ਵਿੱਚ ਘਿਰ ਕੇ ਰਹਿ ਗਈ ਹੈ। ਪਾਣੀ, ਜ਼ਮੀਨ ਤੇ ਜੈਵ ਵੰਨ-ਸਵੰਨਤਾ ਦੀ ਤਬਾਹੀ ਦੇ ਆ ਰਹੇ ਨਵੇਂ ਤੱਥਾਂ ਦੇ ਪੇਸ਼ੇਨਜ਼ਰ ਇਸ ਫ਼ਸਲੀ ਚੱਕਰ ਨੂੰ ਬਦਲ ਕੇ ਖੇਤੀ ਦਾ ਹੰਢਣਸਾਰ ਮਾਡਲ ਅਪਣਾਉਣ ਵੱਲ ਵਧਣ ਦੀ ਅਣਸਰਦੀ ਲੋੜ ਹੈ। ਸਿਤਮਜ਼ਰੀਫ਼ੀ ਇਹ ਹੈ ਕਿ ਕੋਈ ਵੀ ਧਿਰ ਇਸ ਦਿਸ਼ਾ ਵਿੱਚ ਨਿੱਠ ਕੇ ਕੰਮ ਕਰਨ ਲਈ ਤਿਆਰ ਨਹੀਂ ਹੈ।

ਕੇਂਦਰ ਸਰਕਾਰ ਇਸ ਤੋਂ ਬਿਲਕੁਲ ਬੇਲਾਗ ਹੋ ਕੇ ਚੱਲ ਰਹੀ ਹੈ ਅਤੇ ਪਿਛਲੇ ਛੇ ਦਹਾਕਿਆਂ ਦੌਰਾਨ ਪੰਜਾਬ ਦੇ ਕੁਦਰਤੀ ਸਰੋਤਾਂ ਦੀ ਬਰਬਾਦੀ ਲਈ ਕੋਈ ਵੀ ਜ਼ਿੰਮੇਵਾਰੀ ਲੈਣ ਤੋਂ ਇਨਕਾਰੀ ਹੈ। ਪੰਜਾਬ ਸਰਕਾਰ ਵੀ ਅਜੇ ਤੱਕ ਇਸ ਸਮੱਸਿਆ ਦੀ ਨਿਸ਼ਾਨਦੇਹੀ ਕਰਨ ਅਤੇ ਠੋਸ ਏਜੰਡਾ ਸਾਹਮਣੇ ਲਿਆਉਣ ਵਿੱਚ ਨਾਕਾਮ ਰਹੀ ਹੈ ਨਾ ਹੀ ਉਸਨੇ ਪੰਜਾਬ ਦੀ ਆਰਥਿਕਤਾ ਨੂੰ ਮਜਬੂਤ ਕਰਨ ਲਈ ਖੇਤੀ ਇੰਡਸਟਰੀ ਦਾ ਮਾਡਲ



ਘੜਿਆ ਹੈ ਨਾ ਹੀ ਵਪਾਰ ਲਈ ਭਾਰਤ ਪਾਕਿ ਬਾਰਡਰ ਖੋਲਣ ਲਈ ਕੇਂਦਰ ਸਰਕਾਰ ਉਪਰ ਦਬਾਅ ਬਣਾਇਆ ਹੈ ਤਾਂ ਜੋ ਕਿਸਾਨਾਂ ਦੀ ਜੂਨ ਸੁਧਰ ਸਕੇ। ਸਰਕਾਰ ਜਲ ਸੋਧ ਬਿਲ-2024 ਪਾਸ ਕਰ ਰਹੀ ਹੈ, ਇਸ ਤਹਿਤ ਪਾਣੀ ਦੇ ਪ੍ਰਦੂਸ਼ਣ ਨੂੰ ਫ਼ੌਜਦਾਰੀ ਅਪਰਾਧਮੁਕਤ ਕਰਾਰ ਦੇਣ ਨਾਲ ਰਾਜ ਦੇ ਪਾਣੀਆਂ ਦੀ ਹਾਲਤ ਸੁਧਰੇਗੀ ਜਾਂ ਬਦਤਰ ਹੋਵੇਗੀ। ਇਨ੍ਹਾਂ ਹਾਲਾਤ ਵਿੱਚ ਕਿਸਾਨ ਜਥੇਬੰਦੀਆਂ ਤੋਂ ਤਵੱਕੋ ਸੀ ਕਿ ਉਹ ਇਸ ਮਸਲੇ ਨੂੰ ਆਪਣੇ ਹੱਥ ਲੈਣਗੀਆਂ ਪਰ ਅਫ਼ਸੋਸ ਦੀ ਗੱਲ ਇਹ ਹੈ ਕਿ ਉਹ ਵੀ ਪੰਜਾਬ ਦੀ ਖੇਤੀਬਾੜੀ ਦੇ ਸੰਕਟ ਨੂੰ ਬੱਝਵੇਂ ਰੂਪ ਵਿੱਚ ਸੂਬੇ ਅਤੇ ਦੇਸ਼ ਦੇ ਲੋਕਾਂ ਸਾਹਮਣੇ ਰੱਖਣ ਵਿੱਚ ਅਸਮੱਰਥ ਰਹੀਆਂ ਹਨ।

ਤਿੰਨ ਖੇਤੀ ਕਾਨੂੰਨਾਂ ਖ਼ਿਲਾਫ਼ ਦਿੱਲੀ ਦੀਆਂ ਬਰੂਹਾਂ 'ਤੇ ਲੜੇ ਗਏ ਕਿਸਾਨ ਅੰਦੋਲਨ ਵੇਲੇ ਸੰਯੁਕਤ ਕਿਸਾਨ ਮੋਰਚੇ ਦਾ ਗਠਨ ਕੀਤਾ ਗਿਆ ਸੀ ਜਿਸ ਵਿੱਚ ਢਾਈ ਦਰਜਨ ਤੋਂ ਵੱਧ ਕਿਸਾਨ ਜਥੇਬੰਦੀਆਂ ਸ਼ਾਮਿਲ ਸਨ। ਉਸ ਅੰਦੋਲਨ ਤੋਂ ਬਾਅਦ ਕਿਸਾਨ ਆਗੂਆਂ ਦੀ ਆਪਸੀ ਬੇਵਿਸਾਹੀ ਕਰ ਕੇ ਸੰਯੁਕਤ ਕਿਸਾਨ ਮੋਰਚਾ ਇਕਜੁੱਟ ਹੋ ਕੇ ਨਾ ਚੱਲ ਸਕਿਆ ਅਤੇ ਇਹ ਤਿੰਨ ਧੜਿਆਂ ਵਿੱਚ ਵੰਡਿਆ ਜਾ ਚੁਕਾ ਹੈ।

ਚੰਡੀਗੜ੍ਹ ਮੋਰਚੇ ਦੀ ਅਸਫ਼ਲਤਾ ਤੋਂ ਬਾਅਦ ਖੇਤੀਬਾੜੀ ਦੇ ਸੰਕਟ ਬਾਰੇ ਐੱਸ.ਕੇ.ਐੱਮ. ਦੀ ਲੀਡਰਸ਼ਿਪ ਦੀ ਸੂਝ-ਬੂਝ 'ਤੇ ਸਵਾਲੀਆ ਨਿਸ਼ਾਨ ਲੱਗ ਗਿਆ ਹੈ। ਕਿਸਾਨਾਂ ਦੀਆਂ ਮੰਗਾਂ ਅਤੇ ਅੰਦੋਲਨ ਦੀ ਲੋੜ ਦੇ ਹੱਕ ਵਿੱਚ ਕਿਸਾਨੀ ਅਤੇ ਵਿਆਪਕ ਜਨਤਕ ਲਾਮਬੰਦੀ ਦੀ ਘਾਟ ਵੀ ਨਜ਼ਰੀਂ ਪੈਂਦੀ ਹੈ।

ਕੁਝ ਆਗੂਆਂ ਨੂੰ ਹਿਰਾਸਤ ਵਿੱਚ ਲੈਣ ਤੋਂ ਬਾਅਦ ਜਿਸ ਢੰਗ ਨਾਲ ਰਾਤੋ-ਰਾਤ ਮੋਰਚੇ ਦਾ ਪ੍ਰੋਗਰਾਮ ਵਾਪਸ ਲਿਆ ਗਿਆ, ਉਸ ਤੋਂ ਕਈ ਸਵਾਲ ਪੈਦਾ ਹੋਣੇ ਸੁਭਾਵਿਕ ਹਨ ਕਿ ਕਿਸਾਨੀ ਲੀਡਰਸ਼ਿਪ ਸਰਕਾਰ ਅੱਗੇ ਗੋਡੇ ਟੇਕ ਚੁੱਕੀ ਹੈ। ਉਨ੍ਹਾਂ ਦੇ ਇਸ ਕਦਮ ਨਾਲ 2020-21 ਦੇ ਕਿਸਾਨ ਅੰਦੋਲਨ ਦੇ ਜਲੌਅ ਨੂੰ ਸੱਟ ਵੱਜੀ ਹੈ। ਇਹ ਪ੍ਰਭਾਵ ਵੀ ਗਿਆ ਹੈ ਕਿ ਕਿਸਾਨ ਲੀਡਰਸ਼ਿਪ ਕੋਲ ਕੋਈ ਬਦਲਵੀਂ ਯੋਜਨਾਬੰਦੀ ਨਹੀਂ ਸੀ ਜਿਸ ਕਰ ਕੇ ਪੁਲਿਸ ਦੀ ਥੋੜ੍ਹੀ ਜਿਹੀ ਸਖ਼ਤੀ ਨਾਲ ਹੀ ਉਨ੍ਹਾਂ ਦੀ ਸਾਰੀ ਖੇਡ ਵਿਗੜ ਗਈ।

ਸੰਯੁਕਤ ਕਿਸਾਨ ਮੋਰਚਾ (ਐੱਸ.ਕੇ.ਐੱਮ.) ਰਾਜਨੀਤਕ ਨੇ ਆਪਣੀ ਨਮੋਸ਼ੀ ਭਰੀ ਹਾਰ ਬਾਅਦ 15 ਮਾਰਚ ਨੂੰ ਸੰਘਰਸ਼ ਦੀ ਰੂਪਰੇਖਾ ਤੈਅ ਕਰਨ ਦਾ ਐਲਾਨ ਕੀਤਾ ਹੈ। ਕਿਸਾਨ ਆਗੂ ਬੂਟਾ ਸਿੰਘ ਦਾ ਕਹਿਣਾ ਹੈ ਕਿ 10 ਸਾਲਾਂ 'ਚ ਕਿਸੇ ਵੀ ਸਰਕਾਰ ਨੇ ਕਿਸਾਨਾਂ ਨੂੰ ਘਰੋਂ ਨਹੀਂ ਚੁੱਕਿਆ ਪਰ ਮੌਜੂਦਾ ਸਰਕਾਰ ਨੇ ਇਹ ਸ਼ਰਮਨਾਕ ਕਾਰਵਾਈ ਕੀਤੀ।

**ਕਿਸਾਨ ਜਥੇਬੰਦੀਆਂ ਕੀ ਕਰਨ ?**

ਦੇਸ਼ ਵਿੱਚ ਹਰ ਪੱਖੋਂ ਪਹਿਲੇ ਨੰਬਰ 'ਤੇ ਰਹਿਣ ਵਾਲਾ ਸੂਬਾ ਪੰਜਾਬ ਹੁਣ 16ਵੇਂ ਨੰਬਰ 'ਤੇ ਦੱਸਿਆ ਜਾ ਰਿਹਾ ਹੈ। 10-15 ਸਾਲ ਪਹਿਲਾਂ ਕੇਂਦਰ ਦੀਆਂ ਪੰਜਾਬ ਵਿਰੋਧੀ ਤੇ ਫ਼ਿਰਕੂ ਨੀਤੀਆਂ ਕਾਰਨ ਪੰਜਾਬ ਸੰਤਾਪ ਦਾ ਸ਼ਿਕਾਰ ਰਿਹਾ, ਜਿਸ ਨੇ ਪੰਜਾਬ ਦੀ ਆਰਥਿਕਤਾ ਦਾ ਲੱਕ ਤੋੜ ਕੇ ਰੱਖ ਦਿੱਤਾ। ਹੁਣ ਪਿਛਲੇ ਕੁਝ ਸਾਲਾਂ ਤੋਂ ਕਿਸਾਨ ਅੰਦੋਲਨ ਨੇ ਪੰਜਾਬ ਵਿੱਚ ਆਪਣੇ ਪੈਰਾਂ 'ਤੇ ਆਪ ਕੁਹਾੜਾ ਮਾਰਨ ਵਾਲੀ ਗੱਲ ਕੀਤੀ ਹੈ। ਕਿਸਾਨ ਮੋਰਚਾ ਰੋਜ਼ ਦੇ ਮੁਜ਼ਾਹਰੇ, ਰੋਜ਼ ਦੀਆਂ ਸੜਕਾਂ ਜਾਮ, ਗੱਡੀਆਂ ਰੋਕਣਾ, ਪੰਜਾਬ ਦੇ ਲੋਕਾਂ ਨੂੰ ਵੀ ਪ੍ਰੇਸ਼ਾਨ ਕਰ ਰਿਹਾ ਹੈ। ਪੰਜਾਬ ਦੇ ਲੋਕ ਕਿਸਾਨ ਯੂਨੀਅਨਾਂ ਦੇ ਵਿਰੋਧ ਵਿੱਚ ਹਨ। (**ਬਾਕੀ ਸਫ਼ਾ 30 'ਤੇ**)

## ਕੀ ਹਨ ਕਿਸਾਨਾਂ ਦੀਆਂ ਮੰਗਾਂ ?

ਕਈ ਫ਼ਸਲਾਂ ਦੀ ਖਰੀਦ 'ਤੇ ਘੱਟੋ-ਘੱਟ ਸਮਰਥਨ ਮੁੱਲ ਦੀ ਕਾਨੂੰਨੀ ਗਾਰੰਟੀ, ਸਾਰੀਆਂ ਫ਼ਸਲਾਂ ਦੇ ਮੁੱਲ ਸਵਾਮੀਨਾਥਨ ਕਮਿਸ਼ਨ ਦੀਆਂ ਹਦਾਇਤਾਂ ਵਿੱਚ ਦਰਸਾਏ ਗਏ ਤਰੀਕੇ ਨਾਲ ਤੈਅ ਕੀਤੇ ਜਾਣ। ਇਸ ਤੋਂ ਇਲਾਵਾ ਗੰਨੇ ਦਾ ਐੱਫ਼.ਆਰ.ਪੀ. ਤੇ ਐੱਸ.ਏ.ਪੀ. ਸਵਾਮੀਨਾਥਨ ਕਮਿਸ਼ਨ ਦੇ ਫ਼ਾਰਮੂਲੇ ਮੁਤਾਬਕ ਦਿੱਤਾ ਜਾਵੇ, ਹਲਦੀ ਸਣੇ ਸਾਰੇ ਮਸਾਲਿਆਂ ਦੀ ਖਰੀਦ ਲਈ ਕੌਮੀ ਕਮਿਸ਼ਨ ਬਣਾਇਆ ਜਾਵੇ। ਕਿਸਾਨਾਂ ਅਤੇ ਮਜ਼ਦੂਰਾਂ ਦੀ ਸੰਪੂਰਨ ਕਰਜ਼ਾ ਮੁਕਤੀ ਕੀਤੀ ਜਾਵੇ,ਪਿਛਲੇ ਦਿੱਲੀ ਅੰਦੋਲਨ ਦੀਆਂ ਅਧੂਰੀਆਂ ਰਹਿੰਦੀਆਂ ਮੰਗਾਂ ਜਿਵੇਂ: ਲਖੀਮਪੁਰ ਖੀਰੀ ਕਾਂਡ ਲਈ ਇਨਸਾਫ਼, ਅਜੇ ਮਿਸ਼ਰਾ ਨੂੰ ਮੰਤਰੀ ਮੰਡਲ ਵਿੱਚੋਂ ਬਰਖ਼ਾਸਤ ਕਰਕੇ ਗ੍ਰਿਫ਼ਤਾਰ ਕੀਤਾ ਜਾਵੇ, ਅਸ਼ੀਸ਼ ਮਿਸ਼ਰਾ ਦੀ ਜ਼ਮਾਨਤ ਰੱਦ ਕੀਤੀ ਜਾਵੇ, ਹੋਏ ਸਮਝੌਤੇ ਤਹਿਤ ਇਸ ਘਟਨਾ ਵਿੱਚ ਜਖ਼ਮੀ ਹੋਣ ਵਾਲਿਆਂ ਨੂੰ 10-10 ਲੱਖ ਰੁਪਏ ਮੁਆਵਜ਼ਾ ਦਿੱਤਾ ਜਾਵੇ, ਦਿੱਲੀ ਮੋਰਚੇ ਸਣੇ ਦੇਸ਼ ਭਰ ਦੇ ਸਾਰੇ ਅੰਦੋਲਨਾਂ ਦੌਰਾਨ ਪਾਏ ਗਏ ਹਰ ਇਸ ਕੇਸ ਨੂੰ ਰੱਦ ਕੀਤਾ ਜਾਵੇ, ਅੰਦੋਲਨਾਂ ਦੌਰਾਨ ਸ਼ਹੀਦ ਹੋਏ ਕਿਸਾਨਾਂ-ਮਜ਼ਦੂਰਾਂ ਦੇ ਪਰਿਵਾਰਾਂ ਨੂੰ ਮੁਆਵਜ਼ਾ ਅਤੇ ਨੌਕਰੀਆਂ ਦਿੱਤੀਆਂ ਜਾਣ, ਖੇਤੀਬਾੜੀ ਸੈਕਟਰ ਨੂੰ ਪ੍ਰਦੂਸ਼ਣ ਕਾਨੂੰਨ ਤੋਂ ਬਾਹਰ ਕੀਤਾ ਜਾਵੇ, ਭਾਰਤ ਵਿਸ਼ਵ ਵਪਾਰ ਸੰਸਥਾ ਵਿੱਚੋਂ ਬਾਹਰ ਆਵੇ, ਵਿਦੇਸ਼ਾਂ ਤੋਂ ਖੇਤੀ ਜਿਣਸਾਂ, ਦੁੱਧ ਉਤਪਾਦ, ਫ਼ਲ ਸਬਜ਼ੀਆਂ ਅਤੇ ਮੀਟ ਆਦਿ ਉੱਪਰ ਆਯਾਤ ਡਿਊਟੀ ਘੱਟ ਕਰਨ ਦੀ ਬਜਾਇ ਵਧਾਈ ਜਾਵੇ ਅਤੇ ਭਾਰਤ ਦੇ ਕਿਸਾਨਾਂ ਦੀਆਂ ਫ਼ਸਲਾਂ ਦੀ ਪਹਿਲ ਦੇ ਆਧਾਰ 'ਤੇ ਖ਼ਰੀਦ ਕੀਤੀ ਜਾਵੇ, 58 ਸਾਲ ਤੋਂ ਵੱਧ ਉਮਰ ਦੇ ਕਿਸਾਨ ਅਤੇ ਖੇਤ ਮਜ਼ਦੂਰਾਂ ਲਈ ਪੈਨਸ਼ਨ ਯੋਜਨਾ ਲਾਗੂ ਕਰਕੇ 10 ਹਜ਼ਾਰ ਰੁਪਏ ਪ੍ਰਤੀ ਮਹੀਨਾ ਪੈਨਸ਼ਨ ਦਿੱਤੀ ਜਾਵੇ, ਪ੍ਰਧਾਨ ਮੰਤਰੀ ਫ਼ਸਲ ਬੀਮਾ ਯੋਜਨਾ ਵਿੱਚ ਸੁਧਾਰ ਕਰਕੇ ਬੀਮਾ ਪ੍ਰੀਮੀਅਮ ਸਰਕਾਰਾਂ ਆਪ ਅਦਾ ਕਰਨ ਅਤੇ ਸਾਰੀਆਂ ਫ਼ਸਲਾਂ ਨੂੰ ਯੋਜਨਾ ਦਾ ਹਿੱਸਾ ਬਣਾਇਆ ਜਾਵੇ, ਜ਼ਮੀਨ ਐਕਵਾਇਰ ਕਰਨ ਸਬੰਧੀ 2013 ਦੇ ਐਕਟ ਨੂੰ ਉਸੇ ਰੂਪ ਵਿੱਚ ਲਾਗੂ ਕੀਤਾ ਜਾਵੇ ਅਤੇ ਕੇਂਦਰ ਸਰਕਾਰ ਵੱਲੋਂ ਸੂਬਿਆਂ ਨੂੰ ਜ਼ਮੀਨ ਐਕਵਾਇਰ ਸਬੰਧੀ ਦਿੱਤੇ ਨਿਰਦੇਸ਼ ਰੱਦ ਕੀਤੇ ਜਾਣ, ਮਨਰੇਗਾ ਤਹਿਤ ਪ੍ਰਤੀ ਸਾਲ 200 ਦਿਨ ਰੁਜ਼ਗਾਰ ਮੁਹੱਈਆ ਕਰਵਾਇਆ ਜਾਵੇ, ਮਿਹਨਤਾਨੇ ਵਿੱਚ ਵਾਧਾ ਕਰਕੇ 700 ਰੁਪਏ ਪ੍ਰਤੀ ਦਿਨ ਕੀਤਾ ਜਾਵੇ ਅਤੇ ਖੇਤੀ ਨੂੰ ਵੀ ਇਸ ਧੰਦੇ ਵਿੱਚ ਸ਼ਾਮਲ ਕੀਤਾ ਜਾਵੇ,ਨਰਮੇ ਸਣੇ ਸਾਰੀਆਂ ਫ਼ਸਲਾਂ ਦੇ ਬੀਜ਼ਾਂ ਦੀ ਗੁਣਵੱਤਾ ਵਿੱਚ ਸੁਧਾਰ ਕੀਤਾ ਜਾਵੇ, ਪੈਸਟੀਸਾਈਡ, ਸੀਡ ਐਂਡ ਫ਼ਰਟੀਲਾਈਜ਼ਰ ਐਕਟ ਵਿੱਚ ਸੋਧ ਕਰਕੇ ਨਕਲੀ ਅਤੇ ਹੇਠਲੇ ਪੱਧਰ ਦੇ ਉਤਪਾਦ ਬਣਾਉਣ ਤੇ ਵੇਚਣ ਵਾਲੀਆਂ ਕੰਪਨੀਆਂ ਉੱਤੇ ਮਿਸਾਲੀ ਜੁਰਮਾਨੇ ਲਾਏ ਜਾਣ ਅਤੇ ਸਜ਼ਾਵਾਂ ਦੇ ਕੇ ਲਾਇਸੈਂਸ ਰੱਦ ਕੀਤੇ ਜਾਣ,ਸੰਵਿਧਾਨ ਦੀ 5ਵੀਂ ਸੂਚੀ ਲਾਗੂ ਕਰਕੇ ਆਦਿਵਾਸੀਆਂ ਦੇ ਅਧਿਕਾਰਾਂ 'ਤੇ ਕੀਤੇ ਜਾ ਰਹੇ ਹਮਲੇ ਬੰਦ ਕੀਤੇ ਜਾਣ।

# ਕਿਸੇ ਨੂੰ ਵੀ ਪਾਰਟੀ ਦਾ ਅਨੁਸ਼ਾਸਨ ਤੋੜਨ ਦੀ ਇਜਾਜ਼ਤ ਨਹੀਂ ਦਿੱਤੀ ਜਾ ਸਕਦੀ : ਭੂੰਦੜ

ਚੰਡੀਗੜ੍ਹ/ਏ.ਟੀ.ਨਿਊਜ਼: ਸ੍ਰੀ ਅਕਾਲ ਤਖ਼ਤ ਸਾਹਿਬ ਤੇ ਤਖ਼ਤ ਸ੍ਰੀ ਕੇਸਗੜ੍ਹ ਸਾਹਿਬ ਦੇ ਜਥੇਦਾਰਾਂ ਨੂੰ ਫਾਰਗ ਕਰਨ ਤੇ ਉਨ੍ਹਾਂ ਦੀ ਥਾਂ ਨਵੇਂ ਜਥੇਦਾਰ ਲਾਉਣ ਮਗਰੋਂ ਸ਼੍ਰੋਮਣੀ ਅਕਾਲੀ ਦਲ ਨੂੰ ਦਰਪੇਸ਼ ਪੰਥਕ ਸੰਕਟ ਲਗਾਤਾਰ ਡੂੰਘਾ ਹੁੰਦਾ ਜਾ ਰਿਹਾ ਹੈ। ਪਾਰਟੀ ਦੇ ਕਾਰਜਕਾਰੀ ਪ੍ਰਧਾਨ ਬਲਵਿੰਦਰ ਸਿੰਘ ਭੂੰਦੜ ਨੇ ਕਿਹਾ ਕਿ ਅਨੁਸ਼ਾਸਨਹੀਣਤਾ ਨੂੰ 'ਕਿਸੇ ਵੀ ਕੀਮਤ 'ਤੇ ਸਵੀਕਾਰ ਨਹੀਂ ਕੀਤਾ ਜਾਵੇਗਾ।'

ਭੂੰਦੜ ਨੇ ਇਹ ਬਿਆਨ ਅਜਿਹੇ ਮੌਕੇ ਦਿੱਤਾ ਹੈ ਜਦੋਂ ਪਾਰਟੀ ਦੇ ਕਈ ਸੀਨੀਅਰ ਆਗੂਆਂ ਤੇ ਸਾਬਕਾ ਮੰਤਰੀਆਂ ਜਿਨ੍ਹਾਂ ਵਿੱਚ ਸੁਖਬੀਰ ਸਿੰਘ ਬਾਦਲ ਦੇ ਨੇੜਲੇ ਰਿਸ਼ਤੇਦਾਰ ਬਿਕਰਮ ਸਿੰਘ ਮਜੀਠੀਆ ਵੀ ਸ਼ਾਮਲ ਹਨ, ਨੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀ ਅੰਤਰਿੰਗ ਕਮੇਟੀ ਦੇ ਦੋ ਜਥੇਦਾਰਾਂ ਨੂੰ ਅਹੁਦੇ ਤੋਂ ਫ਼ਾਰਗ ਕੀਤੇ ਜਾਣ ਦੇ 7 ਮਾਰਚ ਦੇ ਫੈਸਲੇ ਦੀ ਨਿਖੇਧੀ ਕੀਤੀ ਹੈ।

ਭੂੰਦੜ ਨੇ ਭਾਵੇਂ ਸਿੱਧੇ ਤੌਰ 'ਤੇ ਕਿਸੇ ਆਗੂ ਦਾ ਨਾਮ ਨਹੀਂ ਲਿਆ, ਪਰ ਉਨ੍ਹਾਂ ਪਾਰਟੀ ਦੇ ਸੰਸਦੀ ਬੋਰਡ ਦੀ ਬੈਠਕ ਵਿੱਚ ਸ਼ਮੂਲੀਅਤ ਮਗਰੋਂ ਕਿਹਾ, "ਕੋਈ ਵੀ ਪਾਰਟੀ ਤੋਂ ਉੱਤੇ ਨਹੀਂ ਹੈ। ਹਰੇਕ ਨੂੰ ਪਾਰਟੀ ਦੇ ਮੰਚ ਤੋਂ ਆਪਣੀ ਗੱਲ ਰੱਖਣ ਦੀ ਖੁੱਲ੍ਹ ਹੈ, ਪਰ ਕਿਸੇ ਨੂੰ ਵੀ ਪਾਰਟੀ ਦਾ ਅਨੁਸ਼ਾਸਨ ਤੋੜਨ ਦੀ



ਇਜਾਜ਼ਤ ਨਹੀਂ ਦਿੱਤੀ ਜਾ ਸਕਦੀ। ਪਾਰਟੀ ਵਿਰੋਧੀ ਅਜਿਹੇ ਸਾਰੇ ਬਿਆਨ ਤੇ ਵੀਡੀਓਜ਼ ਪਾਰਟੀ ਦੀ ਅਨੁਸ਼ਾਸਨੀ ਕਮੇਟੀ ਨੂੰ ਰੈਫ਼ਰ ਕੀਤੇ ਜਾਣਗੇ। ਐੱਸ.ਜੀ.ਪੀ.ਸੀ. ਤੇ ਸ਼੍ਰੋਮਣੀ ਅਕਾਲੀ ਦਲ ਦੇ ਫੈਸਲਿਆਂ ਖਿਲਾਫ਼ ਬੋਲਣ ਵਾਲਿਆਂ ਨੂੰ 'ਕਾਰਨ ਦੱਸੋ' ਨੋਟਿਸ ਜਾਰੀ ਕੀਤੇ ਜਾਣਗੇ। ਉਨ੍ਹਾਂ ਦੇ ਜਵਾਬ ਮਿਲਣ ਮਗਰੋਂ ਗੁਣ ਦੋਸ਼ਾਂ ਦੇ ਅਧਾਰ 'ਤੇ ਕਾਰਵਾਈ ਕੀਤੀ ਜਾਵੇਗੀ।" ਬੈਠਕ ਵਿੱਚ ਗੁਲਜ਼ਾਰ ਸਿੰਘ ਰਣੀਕੇ, ਜਨਮੇਜਾ ਸਿੰਘ ਸੇਖੋਂ, ਮਹੇਸ਼ ਇੰਦਰ ਸਿੰਘ ਗਰੇਵਾਲ, ਹੀਰਾ ਸਿੰਘ ਗਾਬੜੀਆ ਤੇ ਦਲਜੀਤ ਸਿੰਘ ਚੀਮਾ ਸ਼ਾਮਲ ਸਨ।

ਇਸ ਤੋਂ ਪਹਿਲਾਂ ਭੂੰਦੜ ਨੇ ਲੰਘੇ ਦਿਨੀਂ ਕਿਹਾ ਸੀ ਕਿ ਮਜੀਠੀਆ ਦਾ ਬਿਆਨ ਬਾਦਲ ਪਰਿਵਾਰ ਖਾਸ ਕਰਕੇ ਸੁਖਬੀਰ ਦੀ ਪਿੱਠ ਵਿੱਚ ਛੁਰਾ ਮਾਰਨ ਵਾਂਗ ਹੈ, ਜਿਨ੍ਹਾਂ ਬੁਰੇ ਸਮੇਂ (ਮਜੀਠੀਆ ਖਿਲਾਫ਼ ਦਰਜ ਡਰੱਗ ਕੇਸ) ਵਿੱਚ ਮਜੀਠੀਆ ਦਾ ਸਾਥ ਦਿੱਤਾ। ਉਧਰ ਸੁਖਬੀਰ ਨੇ ਅਜੇ ਤੱਕ ਮਜੀਠੀਆ ਦੇ ਬਿਆਨ ਨੂੰ ਲੈ ਕੇ ਕੋਈ ਪ੍ਰਤੀਕਰਮ ਨਹੀਂ ਦਿੱਤਾ। ਸ਼੍ਰੋਮਣੀ ਕਮੇਟੀ ਦੀ ਅੰਤਰਿੰਗ ਕਮੇਟੀ ਵੱਲੋਂ ਦੋਵਾਂ ਜਥੇਦਾਰਾਂ ਨੂੰ ਫਾਰਗ ਕੀਤੇ ਜਾਣ ਨੂੰ ਲੈ ਕੇ ਸੁਖਬੀਰ ਖੇਮੇ ਵਿੱਚ ਬਗਾਵਤ ਤੇਜ਼ ਹੋ ਰਹੀ ਸੀ। ਕਈ ਸੀਨੀਅਰ ਆਗੂਆਂ ਅਤੇ ਸਾਬਕਾ ਮੰਤਰੀਆਂ ਨੇ ਸ਼੍ਰੋਮਣੀ ਕਮੇਟੀ ਦੀ ਅੰਤਰਿੰਗ ਕਮੇਟੀ ਦੇ ਫੈਸਲੇ ਦੀ ਨਿੰਦਾ ਕੀਤੀ। ਪੰਜਾਬ ਅਤੇ ਹਰਿਆਣਾ ਵਿੱਚ ਪਾਰਟੀ ਦੀਆਂ ਜ਼ਿਲ੍ਹਾ ਇਕਾਈਆਂ ਦੇ ਕੁਝ ਆਗੂਆਂ ਨੇ ਵਿਰੋਧ ਵਿੱਚ ਅਸਤੀਫ਼ੇ ਵੀ ਦਿੱਤੇ।

ਸਿਆਸੀ ਸਮੀਖਿਅਕਾਂ ਦਾ ਮੰਨਣਾ ਹੈ ਕਿ ਪਾਰਟੀ ਵਿੱਚ ਹੋਂਦ ਦੇ ਸੰਕਟ ਦਰਮਿਆਨ ਸੁਖਬੀਰ ਨੂੰ ਸ਼੍ਰੋਮਣੀ ਕਮੇਟੀ ਉੱਤੇ ਕੰਟਰੋਲ ਬਣਾਈ ਰੱਖਣ ਦੀ ਵੱਡੀ ਚੁਣੌਤੀ ਦਾ ਸਾਹਮਣਾ ਕਰਨਾ ਪੈ ਰਿਹਾ ਹੈ। ਹਰਜਿੰਦਰ ਸਿੰਘ ਧਾਮੀ ਦੇ ਅਸਤੀਫ਼ੇ ਮਗਰੋਂ ਸ਼੍ਰੋਮਣੀ ਕਮੇਟੀ ਬਿਨਾਂ ਪ੍ਰਧਾਨ ਦੇ ਚੱਲ ਰਹੀ ਹੈ। ਭੂੰਦੜ ਦੀ ਚਿਤਾਵਨੀ ਦੇ ਬਾਵਜੂਦ, ਫਤਿਹਗੜ੍ਹ ਸਾਹਿਬ ਅਤੇ ਖਰੜ ਸਮੇਤ ਪਾਰਟੀ ਦੀਆਂ ਜ਼ਿਲ੍ਹਾ ਇਕਾਈਆਂ ਦੇ ਆਗੂਆਂ ਨੇ ਦੋਵਾਂ ਜਥੇਦਾਰਾਂ ਨੂੰ ਹਟਾਉਣ ਵਿਰੁੱਧ ਬਗਾਵਤ ਕਰ ਦਿੱਤੀ।

# ਜਥੇਦਾਰ ਸਾਹਿਬਾਨ ਨੂੰ ਸੇਵਾ ਦੇਣ ਤੇ ਸੇਵਾਮੁਕਤੀ ਲਈ ਵਿਧੀ ਵਿਧਾਨ ਜ਼ਰੂਰੀ: ਸੁਧਾਰ ਲਹਿਰ



ਚੰਡੀਗੜ੍ਹ/ਏ.ਟੀ.ਨਿਊਜ਼: ਸ਼੍ਰੋਮਣੀ ਅਕਾਲੀ ਦਲ ਸੁਧਾਰ ਲਹਿਰ ਨਾਲ ਜੁੜੀ ਅਕਾਲੀ ਲੀਡਰਸ਼ਿਪ ਨੇ ਇੱਥੇ ਤਖ਼ਤਾਂ ਦੇ ਜਥੇਦਾਰਾਂ ਨੂੰ ਹਟਾਉਣ ਦੇ ਮਾਮਲੇ 'ਤੇ ਸ਼੍ਰੋਮਣੀ ਕਮੇਟੀ ਮੈਂਬਰਾਂ ਨੂੰ ਅਪੀਲ ਕੀਤੀ ਹੈ ਕਿ ਉਹ ਸ਼੍ਰੋਮਣੀ ਕਮੇਟੀ ਦੀ ਅੰਤ੍ਰਿੰਗ ਕਮੇਟੀ ਦੇ ਜਥੇਦਾਰਾਂ ਨੂੰ ਹਟਾਉਣ ਵਾਲੇ ਮਤਿਆਂ ਨੂੰ ਰੱਦ ਕਰਨ ਲਈ ਅੱਗੇ ਆਉਣ। ਪਿਛਲੇ ਦਿਨੀਂ ਇਸ ਲੀਡਰਸ਼ਿਪ ਦੇ ਆਗੂਆਂ ਨੇ ਇੱਥੇ ਮੀਟਿੰਗ ਕਰ ਕੇ ਸੱਤ ਮਤੇ ਪਾਸ ਕੀਤੇ।

ਮੀਟਿੰਗ ਵਿੱਚ ਮਤਾ ਪਾਸ ਕਰ ਕੇ ਸਿੱਖ ਜਥੇਬੰਦੀਆਂ, ਸਿੱਖ ਸੰਸਥਾਵਾਂ, ਬਾਬਾ ਬਲਬੀਰ ਸਿੰਘ ਤੇ ਦਮਦਮੀ ਟਕਸਾਲ ਆਦਿ ਨੂੰ ਅਪੀਲ ਕੀਤੀ ਗਈ ਹੈ ਕਿ ਉਹ ਤਖ਼ਤਾਂ ਦੇ ਜਥੇਦਾਰਾਂ ਨੂੰ ਹਟਾਉਣ ਦੇ ਫ਼ੈਸਲੇ ਨੂੰ ਰੱਦ ਕਰਾਉਣ ਲਈ ਵੱਡੇ ਪੱਧਰ 'ਤੇ ਜਥੇਬੰਦੀਆਂ ਨੂੰ ਲਾਮਬੰਦ ਕਰਨ। ਇਹ ਵੀ ਮਤਾ ਪਾਸ ਕੀਤਾ ਹੈ ਕਿ ਜਥੇਦਾਰ ਸਾਹਿਬਾਨ ਨੂੰ ਸੇਵਾ ਦੇਣ ਤੇ ਸੇਵਾਮੁਕਤੀ ਲਈ ਵਿਧੀ ਵਿਧਾਨ ਜ਼ਰੂਰੀ ਹੈ। ਆਗੂਆਂ ਮੀਟਿੰਗ 'ਚ ਨਿੰਦਾ ਮਤਾ ਪਾਸ ਕਰ ਕੇ ਕਿਹਾ ਗਿਆ ਕਿ ਅੱਜ ਤਖ਼ਤ ਕੇਸਗੜ੍ਹ ਸਾਹਿਬ ਵਿਖੇ ਸ਼੍ਰੋਮਣੀ ਕਮੇਟੀ ਅਧਿਕਾਰੀਆਂ ਤੇ ਕਰਮਚਾਰੀਆਂ ਨੇ ਵੱਡੀ ਉਲੰਘਣਾ ਕੀਤੀ ਹੈ। ਇੱਕ ਹੋਰ ਮਤਾ ਪਾਸ ਕਰ ਕੇ ਸਿੰਘ ਸਾਹਿਬਾਨ ਗਿਆਨੀ ਰਘਬੀਰ ਸਿੰਘ, ਗਿਆਨੀ ਹਰਪ੍ਰੀਤ ਸਿੰਘ ਅਤੇ ਗਿਆਨੀ ਸੁਲਤਾਨ ਸਿੰਘ ਦੀਆਂ ਪੰਥਕ ਸੇਵਾਵਾਂ ਦੀ ਤੇ ਦੋ ਦਸੰਬਰ ਵਾਲੇ ਹੁਕਮਨਾਮੇ ਦੀ ਸ਼ਲਾਘਾ ਕੀਤੀ ਹੈ। ਆਗੂਆਂ ਮਤਾ ਪਾਸ ਕਰ ਕੇ ਇਹ ਵੀ ਦੱਸਿਆ ਕਿ ਅਕਾਲ ਤਖ਼ਤ ਵੱਲੋਂ ਕਾਇਮ ਸੱਤ ਮੈਂਬਰੀ ਭਰਤੀ ਕਮੇਟੀ ਦੇ ਕਾਰਜਸ਼ੀਲ ਪੰਜ ਮੈਂਬਰਾਂ ਵੱਲੋਂ ਅਰਦਾਸ ਵਿੱਚ ਤੈਅ ਕੀਤਾ ਸੀ ਕਿ 18 ਮਾਰਚ ਨੂੰ ਅੰਮ੍ਰਿਤਸਰ ਤੋਂ ਭਰਤੀ ਸ਼ੁਰੂ ਕਰਨੀ ਹੈ ਜਿਸ 'ਚ ਸਮੁੱਚੇ ਅਕਾਲੀ ਹਿਤੈਸ਼ੀ ਵਰਕਰਾਂ ਨੂੰ ਪੁੱਜਣ ਲਈ ਕਿਹਾ ਗਿਆ ਹੈ। ਇਕੱਤਰਤਾ 'ਚ ਜਥੇਦਾਰ ਗੁਰਪ੍ਰਤਾਪ ਸਿੰਘ ਵਡਾਲਾ, ਬੀਬੀ ਜਗੀਰ ਕੌਰ, ਸੁਰਜੀਤ ਸਿੰਘ ਰੱਖੜਾ, ਪ੍ਰੇਮ ਸਿੰਘ ਚੰਦੂਮਾਜਰਾ, ਪਰਮਿੰਦਰ ਸਿੰਘ ਢੀਂਡਸਾ ਤੇ ਜਥੇਦਾਰ ਸੁੱਚਾ ਸਿੰਘ ਛੋਟੇਪੁਰ ਹਾਜ਼ਰ ਸਨ।

# ਸ੍ਰੀ ਅਕਾਲ ਤਖ਼ਤ ਸਾਹਿਬ ਦੇ ਸਿਧਾਂਤ ਨੂੰ ਖ਼ਤਮ ਕਰਨਾ ਚਾਹੁੰਦੇ ਹਨ ਕੁਝ ਲੋਕ : ਗਿਆਨੀ ਹਰਪ੍ਰੀਤ ਸਿੰਘ

ਅੰਮ੍ਰਿਤਸਰ/ਏ.ਟੀ.ਨਿਊਜ਼ : ਤਖ਼ਤ ਸ੍ਰੀ ਦਮਦਮਾ ਸਾਹਿਬ ਦੇ ਸਾਬਕਾ ਜਥੇਦਾਰ ਗਿਆਨੀ ਹਰਪ੍ਰੀਤ ਸਿੰਘ ਨੇ ਕਿਹਾ ਕਿ ਜਿਨ੍ਹਾਂ ਨੇ ਉਨ੍ਹਾਂ 'ਤੇ ਦੋਸ਼ ਲਗਾਏ ਹਨ, ਹੁਣ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਜਥੇਦਾਰ ਗਿਆਨੀ ਰਘਬੀਰ ਸਿੰਘ ਦੇ ਗੁੱਝੇ ਭੇਤ ਖੋਲ੍ਹਣ ਦੀਆਂ ਤਿਆਰੀਆਂ ਕਰ ਰਹੇ ਹਨ। ਉਨ੍ਹਾਂ ਕਿਹਾ ਕਿ ਬੀਤੇ ਦਿਨੀਂ ਗਿਆਨੀ ਰਘਬੀਰ ਸਿੰਘ ਨੇ ਉਨ੍ਹਾਂ ਨਾਲ ਫ਼ੋਨ 'ਤੇ ਗੱਲਬਾਤ ਕੀਤੀ ਅਤੇ ਪੁੱਛਿਆ ਕਿ ਹੁਣ ਮੇਰੇ ਬਾਰੇ ਕੀ ਖਬਰ ਹੈ ਤਾਂ ਉਨ੍ਹਾਂ ਨੇ ਜਥੇਦਾਰ ਨੂੰ ਕਹਿ ਦਿੱਤਾ ਕਿ ਪਤਾ ਲਗਾ ਹੈ ਕਿ ਤੁਹਾਨੂੰ ਵੀ ਸਮਾਂ ਆਉਣ 'ਤੇ ਬਦਨਾਮ ਤੇ ਦੱਬਣ ਲਈ ਤਿਆਰੀਆਂ ਕੀਤੀਆਂ ਜਾ ਰਹੀਆਂ ਹਨ।



ਗਿਆਨੀ ਹਰਪ੍ਰੀਤ ਸਿੰਘ ਨੇ ਤਰਨ ਤਾਰਨ ਵਿਖੇ ਧਾਰਮਿਕ ਸਮਾਗਮ ਵਿੱਚ ਸੰਬੋਧਨ ਕਰਦਿਆਂ ਕਿਹਾ ਕਿ 2 ਦਸੰਬਰ ਨੂੰ ਸ੍ਰੀ ਅਕਾਲ ਤਖ਼ਤ ਸਾਹਿਬ ਤੋਂ ਅਕਾਲੀ ਦਲ ਦੀ ਭਰਤੀ ਲਈ 7 ਮੈਂਬਰੀ ਕਮੇਟੀ ਬਣਾਈ ਸੀ, ਉਸ ਵਿੱਚ ਹੁਣ ਪੰਜ ਮੈਂਬਰ ਰਹਿ ਗਏ ਹਨ, ਜਿਨ੍ਹਾਂ ਦੀ ਦ੍ਰਿੜਤਾ ਦੀ ਸ਼ਲਾਘਾ ਕਰਨੀ ਬਣਦੀ ਹੈ। ਉਨ੍ਹਾਂ ਕਿਹਾ ਕਿ ਅਕਾਲੀ ਦਲ ਦੇ ਸੀਨੀਅਰ ਆਗੂ ਅਖਵਾਉਣ ਵਾਲੇ ਹੀ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਸਿਧਾਂਤ ਨੂੰ ਖ਼ਤਮ ਕਰਨਾ ਚਾਹੁੰਦੇ ਹਨ ਪਰ ਸੰਗਤਾਂ ਦੇ ਸਹਿਯੋਗ ਨਾਲ ਇਨ੍ਹਾਂ ਨੂੰ ਕਾਮਯਾਬ ਨਹੀਂ ਹੋਣ ਦਿੱਤਾ ਜਾਵੇਗਾ।

ਹੁਣ ਇਹ ਕਹਿ ਰਹੇ ਹਨ ਕਿ ਪੰਜ ਮੈਂਬਰੀ ਜਿਹੜੀ ਭਰਤੀ ਕਰੇਗੀ, ਇਹ ਗੈਰ-ਕਾਨੂੰਨੀ ਹੈ। ਹੁਣ ਜਿਹੜੀ ਭਰਤੀ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਆਦੇਸ਼ 'ਤੇ ਹੋਵੇਗੀ, ਉਸ ਨੂੰ ਇਹ ਗੈਰ-ਕਾਨੂੰਨੀ ਕਹਿ ਰਹੇ ਹਨ। ਉਨ੍ਹਾਂ ਕਿਹਾ ਕਿ ਕੋਈ ਗੱਲ ਨਹੀਂ ਜਦੋਂ ਪੰਜ ਮੈਂਬਰੀ ਕਮੇਟੀ ਭਰਤੀ ਲਈ ਆਵੇਗੀ, ਪਹਿਲਾਂ ਇਨ੍ਹਾਂ ਦਾ ਸਨਮਾਨ ਕਰਿਓ ਤੇ ਫ਼ਿਰ ਭਰਤੀ ਵਿੱਚ ਸਹਿਯੋਗ ਕਰਿਓ, ਲੋੜ ਪੈਣ 'ਤੇ ਪਾਰਟੀ ਵੀ ਰਜਿਸਟਰਡ ਕਰਵਾ ਲਵਾਂਗੇ। ਪੰਜ ਮੈਂਬਰੀ ਕਮੇਟੀ ਭਰਤੀ ਆਧਾਰ ਕਾਰਡ ਦੇ ਨਾਲ ਹੀ ਕਰੇਗੀ ਅਤੇ ਇਹ ਭਰਤੀ ਰਿਕਾਰਡਤੋੜ ਹੋਵੇਗੀ। ਉਨ੍ਹਾਂ ਕਿਹਾ ਕਿ 2 ਦਸੰਬਰ ਦਾ ਹੁਕਮਨਾਮਾ ਅਸੀਂ ਸੰਗਤ ਨਾਲ ਮਿਲ ਕੇ ਲਾਗੂ ਕਰਾਵਾਂਗੇ।

## ਪਾਕਿਸਤਾਨ ਦੀ ਹਰੀਪੁਰ ਯੂਨੀਵਰਸਿਟੀ ਵਿਖੇ ਪਹਿਲੀ ਵਾਰ ਸਥਾਪਤ ਹੋਈ ਜਰਨੈਲ ਹਰੀ ਸਿੰਘ ਨਲੂਆ ਦੀ ਤਸਵੀਰ

ਅੰਮ੍ਰਿਤਸਰ/ਏ.ਟੀ.ਨਿਊਜ਼: ਪਾਕਿਸਤਾਨ ਦੇ ਸੂਬਾ ਖ਼ੈਬਰ ਪਖਤੂਨਖ਼ਵਾ ਦੀ ਹਜ਼ਾਰਾ ਡਿਵੀਜ਼ਨ ਹਰੀਪੁਰ ਯੂਨੀਵਰਸਿਟੀ ਵਿੱਚ ਪਹਿਲੀ ਵਾਰ ਸ: ਹਰੀ ਸਿੰਘ ਨਲੂਆ ਦੀ ਤਸਵੀਰ ਸਥਾਪਤ ਕੀਤੀ ਗਈ ਹੈ। ਸ਼ੇਰ-ਏ-ਪੰਜਾਬ ਮਹਾਰਾਜਾ ਰਣਜੀਤ ਸਿੰਘ ਦੇ ਜਰਨੈਲ ਸ: ਹਰੀ ਸਿੰਘ ਨਲੂਆ ਦੁਆਰਾ ਵਸਾਇਆ ਸ਼ਹਿਰ ਹਰੀਪੁਰ ਮੌਜੂਦਾ ਸਮੇਂ ਇਸਲਾਮਾਬਾਦ ਤੋਂ 65 ਕਿੱਲੋਮੀਟਰ ਦੀ ਦੂਰੀ 'ਤੇ ਆਬਾਦ ਹੈ । ਸਿੱਖਜ਼ ਇਨ ਅਮਰੀਕਾ ਜਥੇਬੰਦੀ ਦੇ ਪ੍ਰਧਾਨ ਡਾ: ਗੁਰਿੰਦਰਪਾਲ ਸਿੰਘ ਜੋਸਨ ਦੀ ਅਗਵਾਈ ਵਿੱਚ ਹਰੀਪੁਰ ਯੂਨੀਵਰਸਿਟੀ ਵਿਖੇ ਪਹੁੰਚੇ ਪਾਕਿ ਸਿੱਖ ਆਗੂ ਸੰਤੋਖ ਸਿੰਘ ਤੇ ਰਵਿੰਦਰ ਸਿੰਘ ਜੱਗੀ ਦੀ ਹਾਜ਼ਰੀ ਵਿੱਚ ਜਥੇਬੰਦੀ ਵੱਲੋਂ ਭੇਟ ਕੀਤੀ ਗਈ ਹਰੀ ਸਿੰਘ ਨਲੂਆ ਦੀ ਤਸਵੀਰ ਮੁੱਖ ਹਾਲ 'ਚ ਸਭ ਤੋਂ ਪ੍ਰਮੁੱਖ ਸਥਾਨ 'ਤੇ ਲਗਾਈ ਗਈ। ਇਸ ਮੌਕੇ ਡਾਇਰੈਕਟਰ ਪ੍ਰਸ਼ਾਸਨ ਮੁਹੰਮਦ ਇਕਬਾਲ, ਰਜਿਸਟਰਾਰ ਰਿਆਜ਼ ਮੁਹੰਮਦ ਤੇ ਲਾਇਬ੍ਰੇਰੀਅਨ ਕਾਸ਼ਿਫ ਖ਼ਾਨ ਆਦਿ ਹਾਜ਼ਰ ਸਨ। ਵਫ਼ਦ ਵੱਲੋਂ 35,420 ਵਰਗ ਫੁੱਟ 'ਚ ਸ: ਨਲੂਆ ਦੁਆਰਾ ਉਸਾਰੇ ਕਿਲ੍ਹਾ ਹਰਿਕਿਸ਼ਨਗੜ੍ਹ ਦੇ ਰੱਖ-ਰਖਾਅ ਦੀ ਵੀ ਮੰਗ ਕੀਤੀ ਗਈ। ਡਾ: ਜੋਸਨ ਨੇ ਇਸ ਬਾਰੇ ਦੱਸਿਆ ਕਿ ਉਨ੍ਹਾਂ ਨੇ ਪਾਕਿਸਤਾਨ ਸਿੱਖਾਂ ਦੇ ਨਾਲ ਯੂਨੀਵਰਸਿਟੀ ਦੇ ਉੱਪ ਕੁਲਪਤੀ ਪ੍ਰੋ. ਡਾ: ਸ਼ਫ਼ੀਕ ਉਰ ਰਹਿਮਾਨ ਨਾਲ ਵੀ ਮੁਲਾਕਾਤ ਕੀਤੀ ਤੇ ਉੱਥੇ ਜਰਨੈਲ ਹਰੀ ਸਿੰਘ ਨਲੂਆ ਦੇ ਸਨਮਾਨ ਵਿੱਚ ਇਕ ਅਜਾਇਬ-ਘਰ ਸਥਾਪਤ ਕਰਨ ਬਾਰੇ ਵਿਚਾਰ-ਚਰਚਾ ਕੀਤੀ।

# ਕੇਂਦਰ ਦੇ ਇਸ਼ਾਰੇ 'ਤੇ ਕੰਮ ਕਰ ਰਹੇ ਸਨ ਗਿ. ਰਘਬੀਰ ਸਿੰਘ ਤੇ ਗਿ. ਹਰਪ੍ਰੀਤ ਸਿੰਘ: ਲੰਗਾਹ

ਸ੍ਰੀ ਆਨੰਦਪੁਰ ਸਾਹਿਬ/ਏ.ਟੀ.ਨਿਊਜ਼: ਸਾਬਕਾ ਮੰਤਰੀ ਤੇ ਸਾਬਕਾ ਸ਼੍ਰੋਮਣੀ ਕਮੇਟੀ ਮੈਂਬਰ ਸੁੱਚਾ ਸਿੰਘ ਲੰਗਾਹ ਨੇ ਇਥੇ ਕਿਹਾ ਕਿ ਗਿਆਨੀ ਰਘਬੀਰ ਸਿੰਘ ਤੇ ਗਿਆਨੀ ਹਰਪ੍ਰੀਤ ਸਿੰਘ ਨੂੰ ਕ੍ਰਮਵਾਰ ਸ੍ਰੀ ਅਕਾਲ ਤਖ਼ਤ ਸਾਹਿਬ ਤੇ ਤਖ਼ਤ ਸ੍ਰੀ ਦਮਦਮਾ ਸਾਹਿਬ ਦੇ ਜਥੇਦਾਰਾਂ ਵਜੋਂ ਅਹੁਦੇ ਤੋਂ ਫਾਰਗ ਕੀਤਾ ਗਿਆ ਕਿਉਂਕਿ ਇਹ ਦੋਵੇਂ ਕੇਂਦਰ ਦੇ ਇਸ਼ਾਰੇ 'ਤੇ ਕੰਮ ਕਰ ਰਹੇ ਸਨ ਤੇ ਉਹ ਸ਼੍ਰੋਮਣੀ ਅਕਾਲੀ ਦਲ ਨੂੰ ਖ਼ਤਮ ਕਰਨ ਦੀ ਸਾਜ਼ਿਸ਼ ਦਾ ਹਿੱਸਾ ਬਣੇ। ਉਨ੍ਹਾਂ ਕਿਹਾ ਕਿ ਸਾਜ਼ਿਸ਼ ਤਹਿਤ ਸ਼ਹੀਦਾਂ ਦੀ ਪਾਰਟੀ ਸ਼੍ਰੋਮਣੀ ਅਕਾਲੀ ਦਲ ਅਤੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੂੰ ਖਤਮ ਕਰਨ ਲਈ ਕੇਂਦਰ ਲਗਾਤਾਰ ਕੰਮ ਕਰ ਰਿਹਾ ਹੈ।

ਲੰਗਾਹ ਇਥੇ ਹੋਰਨਾਂ ਸ਼੍ਰੋਮਣੀ ਕਮੇਟੀ ਮੈਂਬਰਾਂ ਨਾਲ ਪ੍ਰੈਸ ਕਾਨਫਰੰਸ ਨੂੰ ਸੰਬੋਧਨ ਕਰ ਰਹੇ ਸਨ। ਸ੍ਰੀ ਕੇਸਗੜ੍ਹ ਸਾਹਿਬ ਦੇ ਮੀਟਿੰਗ ਹਾਲ ਵਿੱਚ ਕੀਤੀ ਪ੍ਰੈਸ ਕਾਨਫਰੰਸ ਵਿੱਚ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਮੀਤ ਪ੍ਰਧਾਨ ਰਘੂਜੀਤ ਸਿੰਘ ਵਿਰਕ, ਸ਼੍ਰੋਮਣੀ ਕਮੇਟੀ ਦੇ ਐਗਜ਼ੈਕਟਿਵ ਮੈਂਬਰ ਦਿਲਜੀਤ ਸਿੰਘ ਭਿੰਡਰ, ਸ਼ੇਰ ਸਿੰਘ ਮੰਡ ਜਨਰਲ ਸੈਕਟਰੀ ਸ਼੍ਰੋਮਣੀ ਕਮੇਟੀ, ਸ਼੍ਰੋਮਣੀ ਕਮੇਟੀ ਦੇ ਐਗਜ਼ੈਕਟਿਵ ਮੈਂਬਰ ਸੁਰਜੀਤ ਸਿੰਘ ਤੁਗਲਬਾਦ ਵੀ ਮੌਜੂਦ ਸਨ।

ਸੁੱਚਾ ਸਿੰਘ ਲੰਗਾਹ ਨੇ ਕਿਹਾ ਕਿ ਮੌਜੂਦਾ ਹਾਲਾਤ ਅਤੇ ਹੋਲਾ ਮਹੱਲਾ ਦੇ ਪ੍ਰਬੰਧਾਂ ਨੂੰ ਦੇਖਦਿਆਂ ਜਥੇਦਾਰ ਕੁਲਦੀਪ ਸਿੰਘ ਗੜਗੱਜ ਨੇ ਜਥੇਦਾਰ ਦੀ ਸੇਵਾ ਸੰਭਾਲ ਲਈ ਹੈ। ਉਨ੍ਹਾਂ ਕਿਹਾ ਪੰਜਾਬ ਅੰਦਰ ਖ਼ੂਨ ਖ਼ਰਾਬੇ ਦਾ ਮਾਹੌਲ ਸਿਰਜਣ ਲਈ ਸਾਜ਼ਿਸ਼ਾਂ ਘੜੀਆਂ ਜਾ ਰਹੀਆਂ ਹਨ ਅਤੇ ਇਨ੍ਹਾਂ ਸਾਜ਼ਿਸ਼ਾਂ ਦਾ ਕੇਵਲ ਸ਼੍ਰੋਮਣੀ ਅਕਾਲੀ ਦਲ ਹੀ ਡੱਟ ਕੇ ਮੁਕਾਬਲਾ ਕਰ ਸਕਦਾ ਹੈ।



ਲੰਗਾਹ ਨੇ ਕਿਹਾ ਕਿ ਉਨ੍ਹਾਂ ਨੂੰ ਭਾਜਪਾ ਨਾਲ ਇਸ ਗੱਲ ਦੀ ਨਾਰਾਜ਼ਗੀ ਹੈ ਕਿ ਪ੍ਰਕਾਸ਼ ਸਿੰਘ ਬਾਦਲ ਵੱਲੋਂ ਅਟਲ ਬਿਹਾਰੀ ਵਾਜਪਾਈ ਦੀ ਸਰਕਾਰ ਬਣਾਉਣ ਲਈ ਪਾਏ ਗਏ ਯੋਗਦਾਨ ਨੂੰ ਭਾਜਪਾ ਦੀ ਮੌਜੂਦਾ ਲੀਡਰਸ਼ਿਪ ਨੇ ਅੱਖੋਂ ਪਰੋਖੇ ਕਰ ਦਿੱਤਾ। ਉਨ੍ਹਾਂ ਕਿਹਾ ਕਿ ਪ੍ਰਕਾਸ਼ ਸਿੰਘ ਬਾਦਲ ਤੋਂ ਮਰਨ ਉਪਰੰਤ ਫ਼ਖ਼ਰ-ਏ-ਕੌਮ ਦਾ ਖਿਤਾਬ ਵਾਪਸ ਲੈਣਾ, ਅਕਾਲੀ ਦਲ ਦੀ ਲੀਡਰਸ਼ਿਪ ਨੂੰ ਜਾਣ ਬੁਝ ਕੇ ਜ਼ਲੀਲ ਕਰਨਾ, ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਚੁਣੇ ਹੋਏ ਮੈਂਬਰਾਂ ਨਾਲ ਮਾੜਾ ਵਤੀਰਾ ਕਰਨਾ, ਦਿੱਲੀ ਗੁਰਦੁਆਰਾ ਪ੍ਰਬੰਧਕ ਕਮੇਟੀ 'ਤੇ ਸਿੱਧੇ ਤੌਰ 'ਤੇ ਭਾਜਪਾ ਦਾ ਕਾਬਜ਼ ਹੋਣਾ, ਹਰਿਆਣਾ ਗੁਰਦੁਆਰਾ ਪ੍ਰਬੰਧਕ ਕਮੇਟੀ ਨੂੰ ਵੱਖਰੇ ਕਰਨਾ ਅਤੇ ਹਜ਼ੂਰ ਸਾਹਿਬ ਟਰਸਟ ਵਿੱਚ ਸਿਆਸੀ ਦਖਲਅੰਦਾਜ਼ੀ ਪੰਜਾਬ ਅੰਦਰੋਂ ਸ਼੍ਰੋਮਣੀ ਅਕਾਲੀ ਦਲ ਅਤੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੂੰ ਖਤਮ ਕਰਨ ਲਈ ਕੇਂਦਰ ਵੱਲੋਂ ਇੱਕ ਡੂੰਘੀ ਸਾਜ਼ਿਸ਼ ਵੱਲ ਇਸ਼ਾਰਾ ਕਰਦੀ ਹੈ।

ਲੰਗਾਹ ਨੇ ਮੰਗ ਕੀਤੀ ਕਿ ਮੀਡੀਆ ਪੰਜਾਬ ਦੇ ਵਡੇਰੇ ਹਿਤਾਂ ਲਈ ਉਨ੍ਹਾਂ ਦਾ ਸਾਥ ਦੇਵੇ। ਨਿਹੰਗ ਜਥੇਬੰਦੀਆਂ ਵੱਲੋਂ ਜਥੇਦਾਰ ਕੁਲਦੀਪ ਸਿੰਘ ਗੜਗੱਜ ਦਾ ਵਿਰੋਧ ਕੀਤੇ ਜਾਣ ਬਾਰੇ ਸਵਾਲ ਦੇ ਜਵਾਬ ਵਿੱਚ ਲੰਗਾਹ ਨੇ ਕਿਹਾ ਕਿ ਹੋਲਾ ਮਹੱਲਾ ਦੇ ਕੌਮੀ ਤਿਓਹਾਰ ਮੌਕੇ ਉਹ ਕਿਸੇ ਬਾਰੇ ਕੋਈ ਬੁਰਾ ਸ਼ਬਦ ਨਹੀਂ ਕਹਿਣਾ ਚਾਹੁੰਦੇ।

## ਨਿਹੰਗ ਸਿੰਘ ਜਥੇਬੰਦੀਆਂ ਵੱਲੋਂ ਨਵੇਂ ਜਥੇਦਾਰ ਦੀ ਤਾਜਪੋਸ਼ੀ ਦਾ ਵਿਰੋਧ



ਅਨੰਦਪੁਰ ਸਾਹਿਬ/ਏ.ਟੀ.ਨਿਊਜ਼: ਤਖ਼ਤ ਸ੍ਰੀ ਕੇਸਗੜ੍ਹ ਸਾਹਿਬ ਦੇ ਨਵਨਿਯੁਕਤ ਜਥੇਦਾਰ ਸਿੰਘ ਸਾਹਿਬ ਗਿਆਨੀ ਕੁਲਦੀਪ ਸਿੰਘ ਗੜਗੱਜ ਨੇ ਜਥੇਦਾਰ ਵਜੋਂ ਸੇਵਾ ਸੰਭਾਲ ਲਈ ਹੈ।

ਬਾਬਾ ਬਲਬੀਰ ਸਿੰਘ 96 ਕਰੋੜੀ ਬੁੱਢਾ ਦਲ ਵੱਲੋਂ ਹੋਰ ਨਿਹੰਗ ਸਿੰਘ ਜਥੇਬੰਦੀਆਂ ਵੱਲੋਂ ਉਨ੍ਹਾਂ ਦੀ ਤਾਜਪੋਸ਼ੀ ਦਾ ਵਿਰੋਧ ਕੀਤਾ ਗਿਆ।

ਬਾਬਾ ਬਲਬੀਰ ਸਿੰਘ ਨਾਲ ਹੋਰ ਨਿਹੰਗ ਸਿੰਘ ਜਥੇਬੰਦੀਆਂ ਤਖ਼ਤ ਸ੍ਰੀ ਕੇਸਗੜ੍ਹ ਸਾਹਿਬ ਪਹੁੰਚੀਆਂ ਹਨ। ਇਸ ਮੌਕੇ ਬਾਬਾ ਬਲਬੀਰ ਸਿੰਘ ਨੇ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਕਿਹਾ ਕਿ ਮਰਿਆਦਾ ਦੀ ਘੋਰ ਉਲੰਘਣਾ ਕੀਤੀ ਗਈ ਹੈ।

ਉਨ੍ਹਾਂ ਕਿਹਾ ਕਿ ਸੇਵਾ ਸੰਭਾਲ ਮੌਕੇ ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਹਾਜ਼ਰ ਨਹੀਂ ਸਨ ਤੇ ਨਾ ਹੀ ਕੋਈ ਇੱਕ ਵੀ ਸੰਤ-ਮਹਾਪੁਰਸ਼ ਜਾਂ ਨਿਹੰਗ ਜਥੇਬੰਦੀ ਹਾਜ਼ਰ ਸੀ।

ਉਨ੍ਹਾਂ ਕਿਹਾ ਕਿ ਸੇਵਾ ਸੰਭਾਲ ਮੌਕੇ ਮਹਾਰਾਜ ਦਾ ਪ੍ਰਕਾਸ਼ ਵੀ ਨਾ ਹੋਣ ਦੀ ਸੂਚਨਾ ਵੀ ਮਿਲੀ ਹੈ ਤੇ ਇਹ ਮਰਿਆਦਾ ਦੀ ਘੋਰ ਉਲੰਘਣਾ ਕੀਤੀ ਗਈ ਹੈ।

ਉਨ੍ਹਾਂ ਕਿਹਾ ਕਿ ਅਸੀਂ ਇਸ ਨਵੇਂ ਜਥੇਦਾਰ ਨੂੰ ਸਮੁੱਚੀ ਜਥੇਬੰਦੀਆਂ ਤੇ ਕੌਮ ਕਦੇ ਵੀ ਪ੍ਰਵਾਨ ਨਹੀਂ ਕਰਨਗੀਆਂ।

ਬਾਬਾ ਬਲਬੀਰ ਸਿੰਘ ਨੇ ਕਿਹਾ ਕਿ ਗਿਆਨੀ ਰਘਬੀਰ ਸਿੰਘ ਤੇ ਗਿਆਨੀ ਸੁਲਤਾਨ ਸਿੰਘ ਨੇ ਬਹੁਤ ਵਧੀਆ ਢੰਗ ਨਾਲ ਆਪਣੀਆਂ ਸੇਵਾਵਾਂ ਨਿਭਾਈਆਂ ਹਨ। ਸ਼੍ਰੋਮਣੀ ਕਮੇਟੀ ਨੇ ਮਰਿਆਦਾ ਤੋਂ ਬਾਹਰ ਜਾ ਕੇ ਉਨ੍ਹਾਂ ਨੂੰ ਅਹੁਦੇ ਤੋਂ ਹਟਾਇਆ ਗਿਆ ਹੈ। ਉਨ੍ਹਾਂ ਦੀਆਂ ਸੇਵਾਵਾਂ ਦੁਬਾਰਾ ਬਹਾਲ ਕੀਤੀਆਂ ਜਾਣ।

# ਜਥੇਦਾਰਾਂ ਦੀ ਨਿਯੁਕਤੀ, ਸੇਵਾ ਮੁਕਤੀ ਅਤੇ ਕਾਰਜ ਖੇਤਰ ਲਈ ਵਿਧੀ ਵਿਧਾਨ ਬਣਾਉਣ ਦੀ ਲੋੜ: ਗਿ. ਕੇਵਲ ਸਿੰਘ

### ਸ੍ਰੀ ਅਕਾਲ ਤਖ਼ਤ ਸਾਹਿਬ ਵਿਖੇ ਸਿੱਖ ਜਥੇਬੰਦੀਆਂ ਦੇ ਨੁਮਾਇੰਦਿਆਂ ਵੱਲੋਂ ਅਰਦਾਸ

ਅੰਮ੍ਰਿਤਸਰ/ਏ.ਟੀ.ਨਿਊਜ਼: ਵੱਖ-ਵੱਖ ਸਿੱਖ ਜਥੇਬੰਦੀਆਂ ਦੇ ਸੰਗਠਨ ਪੰਥਕ ਤਾਲਮੇਲ ਸੰਗਠਨ ਦੇ ਕਨਵੀਨਰ ਤੇ ਸਾਬਕਾ ਜਥੇਦਾਰ ਗਿਆਨੀ ਕੇਵਲ ਸਿੰਘ ਦੀ ਅਗਵਾਈ ਹੇਠ ਪਿਛਲੇ ਦਿਨੀਂ ਇੱਥੇ ਸ੍ਰੀ ਅਕਾਲ ਤਖ਼ਤ ਵਿਖੇ ਸਿੱਖ ਜਥੇਬੰਦੀਆਂ ਦੇ ਨੁਮਾਇੰਦਿਆਂ ਨੇ ਅਰਦਾਸ ਕੀਤੀ ਹੈ।

ਨੁਮਾਇੰਦਿਆਂ ਨੇ ਸ੍ਰੀ ਅਕਾਲ ਤਖ਼ਤ ਸਾਹਿਬ ਦੀ ਪ੍ਰਭੂਸੱਤਾ ਸੰਪੰਨ ਸੱਤਾ ਸਿੱਖ ਸੰਗਤ ਦੇ ਹੱਥਾਂ ਵਿੱਚ ਦੇਣ ਅਤੇ ਤਖਤਾਂ ਦੇ ਜਥੇਦਾਰਾਂ ਦੀ ਨਿਯੁਕਤੀ, ਸੇਵਾ ਮੁਕਤੀ ਅਤੇ ਕਾਰਜ ਖੇਤਰ ਲਈ ਵਿਧੀ ਵਿਧਾਨ ਬਣਾਉਣ ਲਈ ਅਰਦਾਸ ਕੀਤੀ ਹੈ।



ਮੀਡੀਆ ਨਾਲ ਗੱਲ ਕਰਦਿਆਂ ਸਾਬਕਾ ਜਥੇਦਾਰ ਗਿਆਨੀ ਕੇਵਲ ਸਿੰਘ ਅਤੇ ਕੋ-ਕਨਵੀਨਰ ਜਸਵਿੰਦਰ ਸਿੰਘ ਐਡਵੋਕੇਟ ਨੇ ਕਿਹਾ ਕਿ ਇਨ੍ਹਾਂ ਦੋਵਾਂ ਮੁੱਦਿਆਂ ਨੂੰ ਲੈ ਕੇ ਗੁਰੂ ਚਰਨਾਂ ਵਿੱਚ ਅਰਦਾਸ ਕੀਤੀ ਹੈ। ਉਨ੍ਹਾਂ ਕਿਹਾ ਕਿ ਅਰਦਾਸ ਵਿੱਚ ਸ੍ਰੀ ਅਕਾਲ ਤਖ਼ਤ ਦੀ ਪ੍ਰਭੂਸੱਤਾ ਸੰਪੰਨ ਸੱਤਾ ਵਾਸਤੇ ਇਸ ਦਾ ਪ੍ਰਬੰਧ ਸਿੱਖ ਸੰਗਤ ਦੇ ਹੱਥ ਵਿੱਚ ਦੇਣ ਦੀ ਜੋਦੜੀ ਕੀਤੀ ਹੈ। ਉਨ੍ਹਾਂ ਕਿਹਾ ਕਿ ਸ੍ਰੀ ਅਕਾਲ ਤਖਤ ਦਾ ਪ੍ਰਬੰਧ ਸਿੱਖ ਸੰਗਤ ਕੋਲ ਨਾ ਹੋਣ ਕਰਕੇ ਅਤੇ ਜਥੇਦਾਰਾਂ ਦੇ ਨਿਯੁਕਤੀ, ਸੇਵਾ ਮੁਕਤੀ ਆਦਿ ਬਾਰੇ ਕੋਈ ਵਿਧੀ ਵਿਧਾਨ ਨਾ ਹੋਣ ਕਾਰਨ ਹੀ ਅੱਜ ਮੌਜੂਦਾ ਹਾਲਾਤ ਪੈਦਾ ਹੋਏ ਹਨ। ਇਸ ਕਾਰਨ ਸਿੱਖ ਸੰਗਤ ਵਿੱਚ ਭਾਰੀ ਰੋਸ ਹੈ।

ਨਵੇਂ ਥਾਪੇ ਗਏ ਜਥੇਦਾਰ ਕੁਲਦੀਪ ਸਿੰਘ ਗੜਗੱਜ ਦੇ ਪਿਛਲੇ ਦਿਨੀਂ ਸਵੇਰੇ ਸੇਵਾ ਸੰਭਾਲਣ ਅਤੇ ਜਥੇਦਾਰਾਂ ਦੀਆਂ ਸੇਵਾਵਾਂ ਖਤਮ ਕਰਨ ਸਬੰਧੀ ਉਨ੍ਹਾਂ ਕਿਹਾ ਕਿ ਇਹ ਸਭ ਕੁਝ ਵਿਧੀ ਵਿਧਾਨ ਨਾ ਹੋਣ ਕਾਰਨ ਹੀ ਵਾਪਰਿਆ ਹੈ। ਉਨ੍ਹਾਂ ਕਿਹਾ ਕਿ ਜਥੇਦਾਰਾਂ ਦੀ ਸੇਵਾਮੁਕਤੀ ਅਤੇ ਨਿਯੁਕਤੀ ਕਿਸੇ ਵਿਧੀ ਵਿਧਾਨ ਤਹਿਤ ਨਾ ਕੀਤੇ ਜਾਣ ਕਾਰਨ ਹੀ ਸੰਗਤ ਵਿੱਚ ਰੋਸ ਹੈ ਅਤੇ ਇਸੇ ਦਾ ਸਿੱਟਾ ਹੈ ਕਿ ਪਿਛਲੇ ਦਿਨੀਂ ਸਵੇਰੇ ਸ਼੍ਰੋਮਣੀ ਕਮੇਟੀ ਨੇ ਜਥੇਦਾਰ ਕੁਲਦੀਪ ਸਿੰਘ ਦਾ ਸੇਵਾ ਸੰਭਾਲ ਸਮਾਗਮ ਮੂੰਹ ਹਨੇਰੇ ਵਿੱਚ ਬਿਨਾਂ ਸੰਗਤਾਂ ਅਤੇ ਬਿਨਾਂ ਸਿੱਖ ਜਥੇਬੰਦੀਆਂ ਤੋਂ ਹੀ ਕਰ ਦਿੱਤਾ ਹੈ।

ਜਸਵਿੰਦਰ ਸਿੰਘ ਐਡਵੋਕੇਟ ਨੇ ਜਥੇਦਾਰ ਗਿਆਨੀ ਰਘਬੀਰ ਸਿੰਘ ਦੀ ਜਬਰੀ ਸੇਵਾ ਮੁਕਤੀ ਸਬੰਧੀ ਸਵਾਲ ਦੇ ਜਵਾਬ ਵਿੱਚ ਕਿਹਾ ਕਿ ਸ਼੍ਰੋਮਣੀ ਕਮੇਟੀ ਵੱਲੋਂ ਉਨ੍ਹਾਂ 'ਤੇ ਦੋਸ਼ ਲਾਇਆ ਗਿਆ ਹੈ ਕਿ ਉਹ ਸਿੱਖ ਕੌਮ ਨੂੰ ਇਕਜੁੱਟ ਕਰਨ ਵਿੱਚ ਅਸਫਲ ਰਹੇ ਹਨ। ਉਨ੍ਹਾਂ ਕਿਹਾ ਕਿ ਜੇ ਉਹ ਅਯੋਗ ਹਨ ਤਾਂ ਫਿਰ ਉਨ੍ਹਾਂ ਨੂੰ ਸ੍ਰੀ ਹਰਿਮੰਦਰ ਸਾਹਿਬ ਦੇ ਹੈੱਡ ਗ੍ਰੰਥੀ ਦੇ ਅਹੁਦੇ 'ਤੇ ਕਿਉਂ ਰੱਖਿਆ ਗਿਆ ਹੈ। ਉਨ੍ਹਾਂ ਕਿਹਾ ਕਿ ਅਜਿਹਾ ਇਸ ਕਰਕੇ ਹੋਇਆ ਹੈ ਕਿਉਂਕਿ ਉਹ ਇੱਕ ਸਿਆਸੀ ਜਥੇਬੰਦੀ ਨੂੰ ਲਾਭ ਦੇਣ ਲਈ ਉਨ੍ਹਾਂ ਦੀ ਇੱਛਾ ਮੁਤਾਬਕ ਕੰਮ ਨਹੀਂ ਕਰ ਸਕੇ। ਇਸ ਲਈ ਉਹ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਜਥੇਦਾਰ ਵਜੋਂ ਅਯੋਗ ਹਨ।

## ਸ੍ਰੀ ਹੇਮਕੁੰਟ ਸਾਹਿਬ ਯਾਤਰਾ ਮਾਰਗ 'ਤੇ ਆਰਜ਼ੀ ਪੁਲ ਸਥਾਪਤ

ਅੰਮ੍ਰਿਤਸਰ/ਏ.ਟੀ.ਨਿਊਜ਼: ਗੁਰਦੁਆਰਾ ਸ੍ਰੀ ਹੇਮਕੁੰਟ ਸਾਹਿਬ ਦੀ ਯਾਤਰਾ ਮਾਰਗ ਨੂੰ ਜੋੜਨ ਵਾਲਾ ਪੁਲ ਜੋ ਪਹਾੜ ਤੋਂ ਮਲਬਾ ਡਿੱਗਣ ਕਾਰਨ ਨੁਕਸਾਨਿਆ ਗਿਆ ਸੀ, ਦੀ ਥਾਂ ਗੁਰਦੁਆਰਾ ਗੋਬਿੰਦ ਘਾਟ ਵਿਖੇ ਆਰਜ਼ੀ ਪੁਲ ਸਥਾਪਿਤ ਕਰ ਦਿੱਤਾ ਗਿਆ ਹੈ। ਇਹ ਪੁਲ ਅਲਕਨੰਦਾ ਨਦੀ 'ਤੇ ਬਣਾਇਆ ਗਿਆ ਹੈ।



ਬੀਤੇ ਦਿਨੀਂ ਇਸ ਖੇਤਰ ਵਿੱਚ ਭਾਰੀ ਬਰਫ਼ਬਾਰੀ ਹੋਣ ਅਤੇ ਲਗਾਤਾਰ ਮੀਂਹ ਪੈਣ ਕਾਰਨ ਪਹਾੜ ਤੋਂ ਮਿੱਟੀ ਦੀਆਂ ਵੱਡੀਆਂ ਢਿੱਗਾਂ ਡਿੱਗ ਪਈਆਂ ਸਨ ਅਤੇ ਇੱਥੇ ਬਣਿਆ ਵੈਲੀ ਸਸਪੈਂਸ਼ਨ ਪੁਲ ਟੁੱਟ ਗਿਆ ਸੀ। ਇਸ ਘਟਨਾ ਵਿੱਚ ਨਾ ਸਿਰਫ ਇਹ ਪੁਲ ਪੂਰੀ ਤਰ੍ਹਾਂ ਨੁਕਸਾਨਿਆ ਗਿਆ ਸੀ, ਸਗੋਂ ਸੜਕ ਵੀ ਮਲਬੇ ਨਾਲ ਭਰ ਗਈ ਸੀ। ਇੱਕ ਵਿਅਕਤੀ ਦੀ ਮਲਬੇ ਹੇਠਾਂ ਦਬਣ ਕਾਰਨ ਮੌਤ ਵੀ ਹੋ ਗਈ ਸੀ। ਪੁਲ ਡਿੱਗਣ ਕਾਰਨ ਗੁਰਦੁਆਰੇ ਦੀ ਸਰਾਂ ਦੀ ਇਮਾਰਤ ਨੂੰ ਵੀ ਮਾਮੂਲੀ ਨੁਕਸਾਨ ਪੁੱਜਾ ਸੀ।

ਇਸ ਪੁਲ ਦੇ ਟੁੱਟਣ ਕਾਰਨ ਗੁਰਦੁਆਰਾ ਗੋਬਿੰਦ ਘਾਟ ਅਤੇ ਗੁਰਦੁਆਰਾ ਸ੍ਰੀ ਹੇਮਕੁੰਟ ਸਾਹਿਬ ਵਿਚਾਲੇ ਯਾਤਰਾ ਮਾਰਗ ਦਾ ਸੰਪਰਕ ਟੁੱਟ ਗਿਆ ਸੀ। ਇਸ ਨਾਲ ਦੂਜੇ ਪਾਸੇ ਪਿੰਡ ਪੁਲਣਾ, ਭੁੰਡਾਰ ਅਤੇ ਘਾਗਰੀਆ ਦੇ ਲੋਕਾਂ ਦਾ ਵੀ ਸੜਕੀ ਸੰਪਰਕ ਟੁੱਟ ਗਿਆ ਸੀ। ਇਸ ਨਾਲ ਬਿਜਲੀ ਸਪਲਾਈ ਤੇ ਇੰਟਰਨੈਟ ਸੇਵਾਵਾਂ ਵੀ ਪ੍ਰਭਾਵਿਤ ਹੋਈਆਂ ਸਨ।

ਕੌਮਾਂਤਰੀ ਅੰਮ੍ਰਿਤਸਰ ਟਾਈਮਜ਼ QUOMANTRY AMRITSAR TIMES

# ਸੰਪਾਦਕੀ

## ਵੱਖ- ਵੱਖ ਮੁਲਕਾਂ ਵਿਚਾਲੇ ਭਾਈਚਾਰਕ ਸਾਂਝ ਪੈਦਾ ਕਰਦੀਆਂ ਨੇ ਖੇਡਾਂ

ਭਾਰਤ ਵੱਲੋਂ ਚੈਂਪੀਅਨਜ਼ ਟਰਾਫ਼ੀ ਜਿੱਤਣ ਤੋਂ ਬਾਅਦ ਕ੍ਰਿਕਟ ਦੇ ਖੇਤਰ ਵਿੱਚ ਭਾਰਤ ਦੀ ਤੂਤੀ ਬੋਲਣ ਲੱਗ ਪਈ ਹੈ। ਕ੍ਰਿਕਟ ਵਿੱਚ ਇਸ ਤੋਂ ਪਹਿਲਾਂ ਵੀ ਭਾਰਤ ਅਹਿਮ ਪ੍ਰਾਪਤੀਆਂ ਕਰ ਚੁੱਕਿਆ ਹੈ। ਜਦੋਂਕਿ ਉਲੰਪਿਕ ਖੇਡਾਂ ਦੌਰਾਨ ਹਾਕੀ ਸਮੇਤ ਵੱਖ- ਵੱਖ ਖੇਡ ਮੁਕਾਬਲਿਆਂ ਵਿੱਚ ਵੀ ਭਾਰਤ ਅਨੇਕਾਂ ਮੈਡਲ ਜਿੱਤ ਚੁੱਕਿਆ ਹੈ। ਭਾਰਤ ਦੀਆਂ ਖੇਡ ਪ੍ਰਾਪਤੀਆਂ ਦੁਨੀਆਂ ਦੇ ਖੇਡ ਖੇਤਰ ਵਿੱਚ ਅਹਿਮ ਸਥਾਨ ਰੱਖਦੀਆਂ ਹਨ।

ਖੇਡਾਂ ਜਿਥੇ ਖਿਡਾਰੀਆਂ ਵਿੱਚ ਆਪਸੀ ਮੇਲਜੋਲ ਅਤੇ ਮੁਕਾਬਲੇ ਦੀ ਭਾਵਨਾ ਵਧਾਉਂਦੀਆਂ ਹਨ, ਉਥੇ ਖੇਡਾਂ ਵੱਖ- ਵੱਖ ਮੁਲਕਾਂ ਵਿੱਚ ਭਾਈਚਾਰਕ ਸਾਂਝ ਵੀ ਵਧਾਉਂਦੀਆਂ ਹਨ। ਕਈ ਵਾਰ ਦੁਸ਼ਮਣ ਦੇਸ਼ਾਂ ਵਿਚਾਲੇ ਵੀ ਖੇਡਾਂ ਕਾਰਨ ਸ਼ਾਂਤੀ ਦੀ ਗੱਲਬਾਤ ਸ਼ੁਰੂ ਹੋ ਚੁੱਕੀ ਹੈ। ਭਾਰਤ ਅਤੇ ਪਾਕਿਸਤਾਨ ਵਿਚਾਲੇ ਸਬੰਧ ਅਕਸਰ ਤਨਾਓ ਪੂਰਨ ਰਹਿੰਦੇ ਹਨ ਪਰ ਲੰਬਾ ਸਮਾਂ ਖੇਡਾਂ 'ਤੇ ਇਹਨਾਂ ਸਬੰਧਾਂ ਦਾ ਪਰਛਾਵਾਂ ਨਹੀਂ ਸੀ ਪਿਆ ਪਰ ਇਸ ਵਾਰ ਕ੍ਰਿਕਟ ਦੇ ਵੱਡੇ ਮੁਕਾਬਲੇ 'ਚੈਂਪੀਅਨਜ਼ ਟਰਾਫ਼ੀ' ਦੌਰਾਨ ਭਾਰਤ ਅਤੇ ਪਾਕਿਸਤਾਨ ਵਿਚਾਲੇ ਸਬੰਧ ਅਸੁਖਾਂਵੇਂ ਹੋਣ ਦਾ ਪਰਛਾਵਾਂ ਸਪਸ਼ਟ ਨਜ਼ਰ ਆਇਆ, ਕਿਉਂਕਿ ਇਸ ਟਰਾਫ਼ੀ ਮੁਕਾਬਲੇ ਦੌਰਾਨ ਭਾਰਤ ਦੀ ਕ੍ਰਿਕਟ ਟੀਮ ਨੇ ਕੋਈ ਵੀ ਮੈਚ ਪਾਕਿਸਤਾਨ ਦੀ ਧਰਤੀ 'ਤੇ ਨਹੀਂ ਖੇਡਿਆ, ਜਦੋਂਕਿ ਹੋਰਨਾਂ ਮੁਲਕਾਂ ਦੀਆਂ ਟੀਮਾਂ ਪਾਕਿਸਤਾਨ ਅਤੇ ਦੁਬਈ ਵਿਚਾਲੇ ਗੇੜੇ ਕੱਢਦੀਆਂ ਰਹੀਆਂ। ਭਾਰਤ ਦੀ ਕ੍ਰਿਕਟ ਟੀਮ ਨੇ ਆਪਣੇ ਸਾਰੇ ਮੈਚ ਦੁਬਈ ਦੀ ਜ਼ਮੀਨ 'ਤੇ ਹੀ ਖੇਡੇ। ਅਜਿਹਾ ਇਸ ਕਰਕੇ ਹੋਇਆ ਕਿਉਂਕਿ ਸੁਰੱਖਿਆ ਕਾਰਨਾਂ ਕਰਕੇ ਭਾਰਤ ਦੀ ਕ੍ਰਿਕਟ ਟੀਮ ਨੇ ਪਾਕਿਸਤਾਨ ਦੀ ਧਰਤੀ 'ਤੇ ਮੈਚ ਖੇਡਣ ਤੋਂ ਇਨਕਾਰ ਕਰ ਦਿੱਤਾ ਸੀ ਜਿਸ ਕਰਕੇ ਭਾਰਤ ਦੀ ਟੀਮ ਦੇ ਸਾਰੇ ਮੈਚ ਦੁਬਈ ਵਿਖੇ ਹੀ ਕਰਵਾਏ ਗਏ।

ਚੈਂਪੀਅਨਜ਼ ਟਰਾਫ਼ੀ ਦਾ ਇਸ ਵਾਰ ਮੇਜ਼ਬਾਨ ਪਾਕਿਸਤਾਨ ਸੀ, ਪਰ ਪਾਕਿਸਤਾਨ ਨੂੰ ਇਹ ਮਾਣ ਸਨਮਾਨ ਨਹੀਂ ਮਿਲਿਆ ਕਿ ਉਹ ਇਸ ਵਕਾਰੀ ਮੁਕਾਬਲੇ ਦੇ ਫਾਈਨਲ ਮੁਕਾਬਲੇ ਦੀ ਮੇਜ਼ਬਾਨੀ ਕਰ ਸਕੇ। ਜੇ ਇਹ ਫਾਈਨਲ ਮੈਚ ਪਾਕਿਸਤਾਨ ਵਿੱਚ ਖੇਡਿਆ ਗਿਆ ਹੁੰਦਾ ਤਾਂ ਮੈਦਾਨਾਂ ਵਿੱਚ ਦਰਸ਼ਕਾਂ ਦੀ ਗਿਣਤੀ ਹੋਰ ਵੀ ਵਧੇਰੇ ਹੋਣ ਦੀ ਸੰਭਾਵਨਾ ਸੀ, ਕਿਉਂਕਿ ਪਾਕਿਸਤਾਨ ਵਿੱਚ ਜਿਥੇ ਕ੍ਰਿਕਟ ਦੇ ਵੱਡੀ ਗਿਣਤੀ ਪ੍ਰਸ਼ੰਸਕ ਹਨ, ਉਥੇ ਪਾਕਿਸਤਾਨ ਵਿੱਚ ਭਾਰਤੀ ਕ੍ਰਿਕਟ ਟੀਮ ਦੇ ਪ੍ਰਸ਼ੰਸਕ ਵੀ ਹਨ। ਪਾਕਿਸਤਾਨ 2023 ਵਿੱਚ ਸਰਹੱਦ ਪਾਰ ਕਰ ਕੇ ਇੱਕ ਰੋਜ਼ਾ ਵਿਸ਼ਵ ਕੱਪ 'ਚ ਹਿੱਸਾ ਲੈਣ ਭਾਰਤ ਆਇਆ ਸੀ, ਪਰ ਭਾਰਤ ਨੇ ਬਦਲੇ 'ਚ ਅਜਿਹਾ ਨਹੀਂ ਕੀਤਾ। ਇਸ ਤਰ੍ਹਾਂ ਦੁਵੱਲੇ ਰਿਸ਼ਤਿਆਂ 'ਚ ਖੜੋਤ ਤੋੜਨ ਦਾ ਮੌਕਾ ਗੁਆਚ ਗਿਆ ਪਰ ਭੁੱਲ ਸੁਧਾਰਨ ਅਤੇ ਰਿਸ਼ਤੇ ਜੋੜਨ 'ਚ ਦੇਰ ਹੋਣ ਦਾ ਕਦੇ ਸਵਾਲ ਨਹੀਂ ਹੁੰਦਾ। ਇੱਕ-ਦੂਜੇ ਦੇ ਮੁਲਕ ਜਾ ਕੇ ਭਾਰਤ-ਪਾਕਿ ਦੀ ਬੇਮਿਸਾਲ ਮੁਕਾਬਲੇਬਾਜ਼ੀ ਨੂੰ ਦੁਬਾਰਾ ਜਿਊਂਦਾ ਕਰਨ ਦੀਆਂ ਕੋਸ਼ਿਸ਼ਾਂ ਕਰਨੀਆਂ ਚਾਹੀਦੀਆਂ ਹਨ, ਇਹ ਸਰਹੱਦੀ ਤਣਾਅ ਨੂੰ ਘਟਾਉਣ 'ਚ ਮਦਦਗਾਰ ਹੋ ਸਕਦਾ ਹੈ। ਕ੍ਰਿਕਟ ਦੇ ਬਹਾਨੇ ਭਾਰਤ ਤੇ ਪਾਕਿਸਤਾਨ ਇੱਕ ਦੂਜੇ ਨਾਲ ਗੱਲਬਾਤ ਸ਼ੁਰੂ ਕਰ ਸਕਦੇ ਹਨ ਅਤੇ ਖੇਡ ਮੈਦਾਨਾਂ ਤੋਂ ਹੁੰਦੀ ਹੋਈ ਇਹ ਗੱਲਬਾਤ ਸਰਹੱਦੀ ਤਨਾਓ ਘਟਾਉਣ ਤੱਕ ਪਹੁੰਚ ਸਕਦੀ ਹੈ।

ਇਥੇ ਉਲੰਪਿਕ ਖੇਡਾਂ ਦੀ ਉਦਾਹਰਨ ਦਿੱਤੀ ਜਾ ਸਕਦੀ ਹੈ। ਜਦੋਂ ਪੁਰਾਤਨ ਉਲੰਪਿਕ ਖੇਡਾਂ ਯੂਨਾਨ ਦੇ ਏਥਨਜ਼ ਵਿੱਚ ਸ਼ੁਰੂ ਹੋਈਆਂ ਤਾਂ ਉਸ ਸਮੇਂ ਛੋਟੇ ਛੋਟੇ ਯੂਨਾਨੀ ਰਾਜ ਮੌਜੂਦ ਸਨ, ਜੋ ਕਿ ਆਪਸ ਵਿੱਚ ਲੜਦੇ ਝਗੜਦੇ ਰਹਿੰਦੇ ਸਨ ਪਰ ਉਲੰਪਿਕ ਖੇਡਾਂ ਦੇ ਮੌਕੇ ਇਕੱਠੇ ਹੋ ਜਾਂਦੇ ਸਨ। ਉਥੇ ਉਲੰਪਿਕ ਖੇਡਾਂ ਏਨੀਆਂ ਪ੍ਰਸਿੱਧ ਹੋ ਗਈਆਂ ਕਿ ਯੂਨਾਨੀ ਰਾਜਾਂ ਨੇ ਆਪਣੀ ਤਾਕਤ ਲੜਾਈਆਂ ਤੇ ਜੰਗਾਂ ਦੀ ਥਾਂ ਉਲੰਪਿਕ ਖੇਡਾਂ ਵਿੱਚ ਦਿਖਾਉਣੀ ਸ਼ੁਰੂ ਕਰ ਦਿਤੀ ਸੀ। ਇਸ ਤਰ੍ਹਾਂ ਪੁਰਾਤਨ ਸਮੇਂ ਤੋਂ ਹੀ ਖੇਡਾਂ ਜੰਗਾਂ ਅਤੇ ਲੜਾਈਆਂ ਖਤਮ ਕਰਕੇ ਆਪਣੀ ਪ੍ਰੇਮ ਪਿਆਰ ਵਧਾਉਣ ਦਾ ਵੱਡਾ ਕਾਰਜ ਕਰਦੀਆਂ ਆ ਰਹੀਆਂ ਹਨ। ਹੁਣ ਆਧੁਨਿਕ ਉਲੰਪਿਕ ਖੇਡਾਂ ਦੌਰਾਨ ਵੀ ਇਹ ਗੱਲ ਵੇਖਣ ਵਿੱਚ ਆਉਂਦੀ ਹੈ ਕਿ ਇਹਨਾਂ ਉਲੰਪਿਕ ਖੇਡਾਂ ਵਿੱਚ ਕਈ ਅਜਿਹੇ ਦੇਸ਼ ਵੀ ਹਿੱਸਾ ਲੈਂਦੇ ਹਨ, ਜਿਹਨਾਂ ਵਿਚਾਲੇ ਦੁਸ਼ਮਣੀ ਹੈ ਜਾਂ ਆਪਸੀ ਵਪਾਰ ਅਤੇ ਗੱਲਬਾਤ ਬੰਦ ਹੈ ਪਰ ਉਹ ਜੰਗ ਲੜਨ ਦੀ ਥਾਂ ਉਲੰਪਿਕ ਖੇਡਾਂ ਵਿੱਚ ਹਿੱਸਾ ਲੈ ਕੇ ਆਪਣੀ ਤਾਕਤ ਦਾ ਪ੍ਰਗਟਾਵਾ ਕਰਦੇ ਹਨ ਅਤੇ ਖੇਡਾਂ ਵਿੱਚ ਜਿੱਤਾਂ ਹਾਸਲ ਕਰਕੇ ਮਾਣ ਮਹਿਸੂਸ ਕਰਦੇ ਹਨ। ਉਲੰਪਿਕ ਖੇਡਾਂ ਵਿੱਚ ਵੱਖ- ਵੱਖ ਦੇਸ਼ਾਂ ਦੇ ਖਿਡਾਰੀ ਇੱਕ ਦੂਜੇ ਨਾਲ ਪ੍ਰੇਮ ਮੁਹਬੱਤ ਨਾਲ ਪੇਸ਼ ਆਉਂਦੇ ਹਨ, ਜਿਸ ਕਾਰਨ ਇਹਨਾਂ ਖਿਡਾਰੀਆਂ ਦੇ ਰਾਹੀਂ ਸਾਰੇ ਦੇਸ਼ਾਂ ਨੂੰ ਸ਼ਾਂਤੀ ਦਾ ਸੰਦੇਸ਼ ਜਾਂਦਾ ਹੈ।

ਜਿਥੋਂ ਤੱਕ ਭਾਰਤ ਅਤੇ ਪਾਕਿਸਤਾਨ ਦਾ ਸਵਾਲ ਹੈ ਤਾਂ ਸਰਹੱਦੀ ਤਨਾਓ ਹੋਣ ਦੇ ਬਾਵਜੂਦ ਅਨੇਕਾਂ ਵਾਰ ਭਾਰਤ ਅਤੇ ਪਾਕਿਸਤਾਨ ਵਿਚਾਲੇ ਕ੍ਰਿਕਟ ਅਤੇ ਹਾਕੀ ਮੁਕਾਬਲੇ ਹੋ ਚੁੱਕੇ ਹਨ। ਜਦੋਂ ਵੀ ਵਿਸ਼ਵ ਕੱਪ ਜਾਂ ਹੋਰ ਅਹਿਮ ਮੁਕਾਬਲੇ ਵਿੱਚ ਭਾਰਤ ਅਤੇ ਪਾਕਿਸਤਾਨ ਦੀਆਂ ਕ੍ਰਿਕਟ ਜਾਂ ਹਾਕੀ ਟੀਮਾਂ ਵਿਚਾਲੇ ਮੈਚ ਹੁੰਦੇ ਹਨ ਤਾਂ ਭਾਰਤ ਅਤੇ ਪਾਕਿਸਤਾਨ ਦੇ ਕਰੀਬ ਪੂਰੇ ਲੋਕ ਹੀ ਸਾਹ ਰੋਕ ਕੇ ਇਹ ਮੈਚ ਵੇਖਦੇ ਹਨ। ਇਸ ਤਰ੍ਹਾਂ ਭਾਰਤ ਅਤੇ ਪਾਕਿਸਤਾਨ ਰਵਾਇਤੀ ਵਿਰੋਧੀ ਹਨ ਅਤੇ ਦੋਵਾਂ ਵਿਚਾਲੇ ਖੇਡ ਮੁਕਾਬਲੇ ਦਿਲਚਸਪ ਹੁੰਦੇ ਹਨ। ਇਹ ਖੇਡ ਮੁਕਾਬਲੇ ਉਦੋਂ ਹੋਰ ਵੀ ਰੌਚਿਕ ਹੋ ਜਾਂਦੇ ਹਨ ਜਦੋਂ ਇਹ ਮੁਕਾਬਲੇ ਭਾਰਤ ਜਾਂ ਪਾਕਿਸਤਾਨ ਦੀ ਜ਼ਮੀਨ 'ਤੇ ਖੇਡੇ ਜਾਂਦੇ ਹਨ। ਇਹਨਾਂ ਖੇਡ ਮੁਕਾਬਲਿਆਂ ਕਾਰਨ ਹੀ ਭਾਰਤ-ਪਾਕਿਸਤਾਨ ਵਿਚਾਲੇ ਤਨਾਓ ਘੱਟ ਹੋਣ ਦੇ ਆਸਾਰ ਬਣ ਸਕਦੇ ਹਨ ਪਰ ਇਸ ਵਾਰ ਚੈਂਪੀਅਨ ਟਰਾਫ਼ੀ ਦੌਰਾਨ ਭਾਰਤੀ ਟੀਮ ਵੱਲੋਂ ਪਾਕਿਸਤਾਨ ਵਿੱਚ ਮੈਚ ਨਾ ਖੇਡ ਕੇ ਭਾਈਚਾਰਕ ਸਾਂਝ ਵਧਾਉਣ ਅਤੇ ਆਪਸੀ ਤਨਾਓ ਘੱਟ ਕਰਨ ਦਾ ਇੱਕ ਵੱਡਾ ਮੌਕਾ ਗੁਆ ਲਿਆ ਗਿਆ ਹੈ। ਇੱਥੇ ਜ਼ਿਕਰਯੋਗ ਹੈ ਕਿ ਚੈਂਪੀਅਨਜ਼ ਟਰਾਫ਼ੀ ਵਿੱਚ ਭਾਰਤ ਦੀ ਜਿੱਤ ਤੋਂ ਬਾਅਦ ਜਿਥੇ ਭਾਰਤ ਦੇ ਕਈ ਇਲਾਕਿਆਂ ਵਿੱਚ ਹਿੰਸਾ ਹੋਈ ਹੈ, ਉਥੇ ਭਾਰਤ ਦੇ ਕਈ ਸ਼ਹਿਰਾਂ ਵਿੱਚ ਰਹਿੰਦੇ ਮੁਸਲਮਾਨਾਂ ਨੇ ਵੀ ਭਾਰਤ ਦੀ ਜਿੱਤ ਦੀ ਖੁਸ਼ੀ ਮਨਾਈ ਹੈ। ਚਾਹੀਦਾ ਤਾਂ ਇਹ ਹੈ ਕਿ ਖੇਡਾਂ ਰਾਹੀਂ ਭਾਰਤ ਅਤੇ ਪਾਕਿਸਤਾਨ ਆਪਣੇ ਦੁਵੱਲੇ ਸਬੰਧਾਂ ਨੂੰ ਮਜਬੂਤ ਕਰਨ ਅਤੇ ਖੇਡਾਂ ਦੇ ਮਾਧਿਅਮ ਰਾਹੀਂ ਸਰਹੱਦੀ ਤਨਾਓ ਨੂੰ ਵੀ ਘੱਟ ਕਰਨ ਦਾ ਯਤਨ ਕੀਤਾ ਜਾਵੇ।

# ਪੰਜਾਬ ਦੇ ਕਿਸਾਨ ਅਤੇ ਸੂਬਾ ਸਰਕਾਰ ਆਹਮੋ-ਸਾਹਮਣੇ

ਡਾ. ਮੋਹਨ ਸਿੰਘ



ਇਸ ਵੇਲੇ ਪੰਜਾਬ ਦੇ ਕਿਸਾਨ ਅਤੇ ਸੂਬਾ ਸਰਕਾਰ ਆਹਮੋ-ਸਾਹਮਣੇ ਆ ਗਏ ਹਨ। ਸੰਯੁਕਤ ਕਿਸਾਨ ਮੋਰਚਾ (ਐੱਸ.ਕੇ.ਐੱਮ.) ਨੇ ਕਿਸਾਨਾਂ ਦੀਆਂ ਚਿਰਾਂ ਤੋਂ ਲਟਕ ਰਹੀਆਂ ਮੰਗਾਂ ਨੂੰ ਲੈ ਕੇ ਪੰਜਾਬ ਸਰਕਾਰ ਵਿਰੁੱਧ 5 ਮਾਰਚ ਨੂੰ ਚੰਡੀਗੜ੍ਹ ਪੱਕਾ ਧਰਨਾ ਲਾਉਣ ਦਾ ਐਲਾਨ ਕੀਤਾ ਸੀ। ਇਸ ਸਬੰਧੀ ਮੁੱਢਲੀ ਗੱਲਬਾਤ ਲਈ ਸਰਕਾਰ ਅਤੇ ਐੱਸ.ਕੇ.ਐੱਮ. ਦੇ ਆਗੂਆਂ ਵਿਚਕਾਰ 3 ਮਾਰਚ ਨੂੰ ਮੀਟਿੰਗ ਹੋਈ।

ਮੀਟਿੰਗ ਤੋਂ ਪਹਿਲਾਂ ਕਿਸਾਨ ਆਗੂਆਂ ਨੇ ਸਰਕਾਰ ਨੂੰ ਕਿਸਾਨਾਂ ਦੀਆਂ 18 ਮੰਗਾਂ ਦਾ ਮੰਗ ਪੱਤਰ ਸੌਂਪਿਆ ਪਰ ਪੰਜਾਬ ਸਰਕਾਰ ਨੇ ਮੀਟਿੰਗ ਤੋਂ ਪਹਿਲਾਂ ਹੀ ਭੰਡੀ ਪ੍ਰਚਾਰ ਮੁਹਿੰਮ ਰਾਹੀਂ ਕਿਸਾਨਾਂ ਨੂੰ ਰੇਲਾਂ, ਸੜਕਾਂ ਅਤੇ ਕੌਮੀ ਮੁੱਖ ਮਾਰਗਾਂ ਨੂੰ ਰੋਕਣ ਵਾਲੇ ਗਰਦਾਨ ਕੇ ਬਦਨਾਮ ਕਰਨਾ ਸ਼ੁਰੂ ਕਰ ਦਿੱਤਾ, ਨਾਲ ਦੀ ਨਾਲ ਕਿਸਾਨਾਂ ਦੀ ਹਰ ਮੰਗ ਮੰਨਣ ਲਈ ਗੱਲਬਾਤ ਦੇ ਦਰਵਾਜ਼ੇ ਖੁੱਲ੍ਹੇ ਹੋਣ ਬਾਰੇ ਵੀ ਕਿਹਾ ਅਤੇ ਕਿਸਾਨਾਂ ਨੂੰ ਪਰਚਾਉਣ ਦੀ ਕੋਸ਼ਿਸ਼ ਕੀਤੀ। ਐੱਸ.ਕੇ.ਐੱਮ. ਨੇ ਪੱਕੇ ਧਰਨੇ ਤੋਂ ਪਹਿਲਾਂ 3 ਮਾਰਚ ਨੂੰ ਸਰਕਾਰ ਨਾਲ ਮੁੱਢਲੀ ਮੀਟਿੰਗ ਰੱਖੀ ਸੀ ਅਤੇ ਇਸ ਮੀਟਿੰਗ ਵਿੱਚ 8-9 ਮੰਗਾਂ 'ਤੇ ਗੱਲਬਾਤ ਚੱਲਣ ਤੋਂ ਬਾਅਦ ਇਹ ਮੀਟਿੰਗ ਬੇਸਿੱਟਾ ਰਹੀ।

ਦਰਅਸਲ, ਦੋਹਾਂ ਧਿਰਾਂ ਵਿਚਕਾਰ ਦੋ ਘੰਟੇ ਗੱਲਬਾਤ ਚੱਲੀ ਅਤੇ ਕਿਸਾਨਾਂ ਦੀਆਂ ਲਗਭਗ ਅੱਧੀਆਂ ਮੰਗਾਂ 'ਤੇ ਮੁੱਖ ਮੰਤਰੀ ਨੇ ਚੰਗੇ ਮਾਹੌਲ ਵਿੱਚ ਗੱਲਬਾਤ ਕਰ ਲਈ ਸੀ ਪਰ ਇਸ ਤੋਂ ਬਾਅਦ ਮੁੱਖ ਮੰਤਰੀ ਨੇ ਕਿਸਾਨ ਆਗੂਆਂ ਨੂੰ ਪੱਕਾ ਧਰਨਾ ਲਾਉਣ ਬਾਰੇ ਪੁੱਛ ਲਿਆ ਕਿ ਕੀ ਉਹ ਪੱਕਾ ਧਰਨਾ ਹਰ ਹਾਲਤ ਲਾਉਣਗੇ? ਆਮ ਤੌਰ 'ਤੇ ਅਜਿਹੇ ਸਵਾਲ ਮੀਟਿੰਗ ਸਮੇਟਣ ਸਮੇਂ ਕੀਤੇ ਜਾਂਦੇ ਹਨ ਅਤੇ ਮੀਟਿੰਗ ਵਿੱਚ ਸ਼ਾਮਲ ਧਿਰਾਂ ਆਪਸੀ ਵਿਚਾਰ-ਵਟਾਂਦਰੇ ਬਾਅਦ ਹੀ ਭਵਿੱਖ ਦੇ ਪ੍ਰੋਗਰਾਮ ਬਾਰੇ ਕੁਝ ਦੱਸ ਸਕਦੀਆਂ ਹਨ ਪਰ ਮੁੱਖ ਮੰਤਰੀ ਭਗਵੰਤ ਮਾਨ ਨੇ ਚੱਲਦੀ ਮੀਟਿੰਗਾਂ ਦੌਰਾਨ ਹੀ ਐੱਸ.ਕੇ.ਐੱਮ. ਆਗੂਆਂ ਤੋਂ ਉਨ੍ਹਾਂ ਦੇ ਅਗਲੇ ਪ੍ਰੋਗਰਾਮ ਬਾਰੇ ਪੁੱਛਣਾ ਸ਼ੁਰੂ ਕਰ ਦਿੱਤਾ ਅਤੇ ਐੱਸ.ਕੇ.ਐੱਮ. ਦੇ ਅਗਲੇ ਫ਼ੈਸਲੇ ਤੋਂ ਪਹਿਲਾਂ ਹੀ ਕਹਿਣਾ ਸ਼ੁਰੂ ਕਰ ਦਿੱਤਾ ਕਿ ਰੇਲਾਂ ਰੋਕਣ ਅਤੇ ਆਵਾਜਾਈ ਵਿੱਚ ਵਿਘਨ ਪਾਉਣ ਨਾਲ ਪੰਜਾਬ ਦਾ ਮਾਹੌਲ ਮਾੜੇ ਰੁਖ਼ ਪ੍ਰਭਾਵਿਤ ਹੁੰਦਾ ਹੈ। ਫਿਰ ਉਹ ਅਚਾਨਕ ਡਾਕਟਰ ਨੂੰ ਅੱਖਾਂ ਦਿਖਾਉਣ ਦਾ ਕਹਿ ਕੇ ਮੀਟਿੰਗ ਵਿਚਾਲੇ ਛੱਡ ਕੇ ਚਲੇ ਗਏ।

ਨਾਲ ਹੀ ਉਨ੍ਹਾਂ ਗੱਲਬਾਤ ਦੌਰਾਨ ਜਿਹੜੀਆਂ ਮੰਗਾਂ ਮੰਨਣ ਲਈ ਸਹਿਮਤੀ ਦਿੱਤੀ ਸੀ, ਉਹ ਵੀ ਰੱਦ ਕਰ ਦਿੱਤੀ। ਇਉਂ ਮੁੱਖ ਮੰਤਰੀ ਦਾ ਵਿਹਾਰ ਪਰਿਪੱਕ ਆਗੂ ਵਾਲਾ ਨਹੀਂ ਸੀ ਅਤੇ ਉਨ੍ਹਾਂ ਪੰਜਾਬ ਸਰਕਾਰ ਅਤੇ ਕਿਸਾਨ ਆਗੂਆਂ ਨੂੰ ਕਸੂਤੀ ਸਥਿਤੀ ਵਿੱਚ ਫਸਾ ਦਿੱਤਾ ਤੇ ਚੰਗੇ ਮਾਹੌਲ ਵਿੱਚ ਹੋ ਰਹੀ ਮੀਟਿੰਗ ਨਿਰਾਰਥਕ ਬਣਾ ਦਿੱਤੀ। ਇਉਂ ਦੋਹਾਂ ਧਿਰਾਂ ਨੂੰ ਆਹਮੋ-ਸਾਹਮਣੇ ਖੜ੍ਹੇ ਕਰ ਦਿੱਤਾ।

ਅਸਲ ਵਿੱਚ, ਸੱਤਾ ਵਿੱਚ ਆਉਣ ਤੋਂ ਬਾਅਦ ਭਗਵੰਤ ਮਾਨ ਨੇ ਕਿਸਾਨਾਂ ਦੇ ਅੰਨਦਾਤੇ ਹੋਣ ਦੀ ਥਾਂ ਕਿਸਾਨਾਂ ਬਾਰੇ ਧਰਨੇ ਲਾਉਣ, ਰੇਲਾਂ ਰੋਕਣ ਅਤੇ ਆਵਾਜਾਈ ਵਿੱਚ ਵਿਘਨ ਪਾਉਣ ਵਾਲਿਆਂ ਵਾਲਾ ਬਾਰੇ ਨਜ਼ਰੀਆ ਬਣਾ ਲਿਆ। ਭਗਵੰਤ ਮਾਨ ਸਰਕਾਰ ਮੁਤਾਬਿਕ, ਪੰਜਾਬ ਅੰਦਰ ਕਿਸਾਨ ਅੰਦੋਲਨ ਅਤੇ ਕਿਸਾਨ ਜਥੇਬੰਦੀਆਂ ਵਿੱਚ ਸਮਾਜ ਵਿਰੋਧੀ ਤੱਤ ਸਰਗਰਮ ਹੋ ਗਏ ਹਨ, ਪੰਜਾਬ ਵਿੱਚ ਕਿਸਾਨ ਜੱਥੇਬੰਦੀਆਂ ਦੀ ਗਿਣਤੀ ਵਧ ਰਹੀ ਹੈ।

ਅਜਿਹਾ ਇਸ ਕਰ ਕੇ ਹੈ ਕਿਉਂਕਿ ਕੁਝ ਕਿਸਾਨ ਆਗੂਆਂ ਲਈ ਕਿਸਾਨ ਸੰਘਰਸ਼ ਕਮਾਈ ਦਾ ਸਾਧਨ ਬਣ ਗਿਆ ਹੈ। ਮੀਡੀਆ ਵਿੱਚ ਪ੍ਰਚਾਰ ਕੀਤਾ ਜਾ ਰਿਹਾ ਹੈ ਕਿ ਪੰਜਾਬ ਦੇ ਮੋਹਰੀ ਕਿਸਾਨ ਆਗੂਆਂ ਨੂੰ ਸਮਝਣ ਦੀ ਲੋੜ ਹੈ ਕਿ ਉਹ ਕਿਸਾਨ ਜਥੇਬੰਦੀਆਂ ਅੰਦਰ ਸਮਾਜ ਵਿਰੋਧੀ ਅਨਸਰਾਂ ਦੀ ਪਛਾਣ ਕਰਨ ਅਤੇ ਇਨ੍ਹਾਂ ਨੂੰ ਕਿਸਾਨ ਮੋਰਚਿਆਂ 'ਚੋਂ ਲਾਂਭੇ ਕਰ ਦੇਣ ਕਿਉਂਕਿ ਅਜਿਹਾ ਕਰਨ ਤੋਂ ਬਿਨਾਂ ਕਿਸਾਨ ਜਥੇਬੰਦੀਆਂ ਆਪਣਾ ਇਤਿਹਾਸਕ ਰੋਲ ਪੂਰਾ ਨਹੀਂ ਕਰ ਸਕਦੀਆਂ। ਅਸਲ ਵਿੱਚ, ਪੰਜਾਬ ਅੰਦਰ ਕਿਸਾਨ ਵਿਰੋਧੀ ਅਨਸਰ ਕਿਸਾਨ ਅੰਦੋਲਨ ਨੂੰ ਬਦਨਾਮ ਕਰਨ ਲਈ ਅਜਿਹਾ ਪ੍ਰਾਪੇਗੰਡਾ ਵਧਾ ਚੜ੍ਹਾ ਕੇ ਕਰ ਰਹੇ ਹਨ। ਉਂਝ, ਇਸ ਪ੍ਰਚਾਰ ਦਾ ਨੋਟਿਸ ਲੈ ਕੇ ਕਿਸਾਨ ਜਥੇਬੰਦੀਆਂ ਦੇ ਆਗੂਆਂ ਨੂੰ ਆਪਣੇ ਕੰਮ ਢੰਗ ਨੂੰ ਸੁਧਾਰਨ ਦੀ ਜ਼ਰੂਰਤ ਹੈ।

ਐੱਸ.ਕੇ.ਐੱਮ. ਨੇ 3 ਮਾਰਚ ਦੀ ਮੀਟਿੰਗ ਤੋਂ ਪਹਿਲਾਂ ਪੰਜਾਬ ਸਰਕਾਰ ਅੱਗੇ 18 ਮੰਗਾਂ ਵਾਲਾ ਜਿਹੜਾ ਮੰਗ ਪੱਤਰ ਪੇਸ਼ ਕੀਤਾ ਸੀ, ਉਸ ਵਿੱਚ ਅਹਿਮ ਮੰਗ ਨਵੀਂ ਖੇਤੀ ਨੀਤੀ-2023 ਲਾਗੂ ਕਰਨਾ, ਘੱਟੋ-ਘੱਟ ਸਮਰਥਨ ਮੁੱਲ ਲਈ ਗਾਰੰਟੀ ਕਾਨੂੰਨ ਬਣਾਉਣਾ, ਸਵਾਮੀਨਾਥਨ ਕਮਿਸ਼ਨ ਦੀਆਂ ਸਿਫਾਰਸ਼ਾਂ ਲਾਗੂ ਕਰਨਾ, ਕਿਸਾਨਾਂ ਮਜ਼ਦੂਰਾਂ ਸਿਰ ਚੜ੍ਹੇ ਕਰਜ਼ੇ ਮੁਆਫ਼ ਕਰਨਾ, ਯੂ.ਪੀ.ਏ. ਸਰਕਾਰ ਸਮੇਂ ਪਾਸ ਕੀਤਾ ਭੂਮੀ ਗ੍ਰਹਿਣ ਕਾਨੂੰਨ ਲਾਗੂ ਕਰਨਾ, ਲਖੀਮਪੁਰ ਖੇੜੀ ਦੇ ਦੋਸ਼ੀਆਂ ਖ਼ਿਲਾਫ਼ ਸਖਤ ਕਾਰਵਾਈ ਲਈ ਪੰਜਾਬ ਸਰਕਾਰ ਵੱਲੋਂ ਕੇਂਦਰ ਸਰਕਾਰ ਨਾਲ ਗੱਲਬਾਤ ਕਰਨਾ, ਘੋਲ ਦੌਰਾਨ ਕਿਸਾਨਾਂ 'ਤੇ ਬਣੇ ਕੇਸਾਂ ਦੀ ਪੁਖਤਾ ਪੈਰਵੀ ਕਰਨਾ, ਨਕਲੀ ਬੀਜ ਤੇ ਕੀਟਨਾਸ਼ਕ ਵੇਚਣ ਵਾਲਿਆਂ ਵਿਰੁੱਧ ਸਖ਼ਤ ਕਾਰਵਾਈ ਕਰਨ ਲਈ ਕਾਨੂੰਨ ਬਣਾਉਣਾ, ਮਗਨਰੇਗਾ ਤਹਿਤ ਮਜ਼ਦੂਰਾਂ ਨੂੰ ਹਰ ਸਾਲ 200 ਦਿਨ ਕੰਮ ਦੇਣਾ ਤੇ ਉਨ੍ਹਾਂ ਦੀ ਦਿਹਾੜੀ 700 ਰੁਪਏ ਕਰਨਾ, ਬਿਜਲੀ ਸੋਧ ਬਿਲ-2020 ਰੱਦ ਕਰਨਾ, ਅਵਾਰਾ ਪਸ਼ੂਆਂ ਦਾ ਪ੍ਰਬੰਧ ਕਰਨਾ, ਬਿਨਾਂ ਰੌਲੇ ਵਾਲੀ ਜ਼ਮੀਨ ਦੀ ਜਲਦੀ ਤਕਸੀਮ ਕਰਨਾ, ਕਿਸਾਨ ਅੰਦੋਲਨ ਦੌਰਾਨ ਕਿਸਾਨਾਂ 'ਤੇ ਦਰਜ ਹੋਏ ਕੇਸ ਰੱਦ ਕਰਾਉਣਾ, ਪ੍ਰਧਾਨ ਮੰਤਰੀ ਦੇ ਪੰਜਾਬ ਦੌਰੇ ਦੌਰਾਨ ਕਿਸਾਨਾਂ 'ਤੇ ਦਰਜ ਕੀਤੇ ਕੇਸ ਰੱਦ ਕਰਨਾ ਆਦਿ ਮੰਗਾਂ ਸ਼ਾਮਿਲ ਸਨ।

ਹੁਣ ਹਕੀਕਤ ਇਹ ਹੈ ਕਿ ਭਗਵੰਤ ਮਾਨ ਸਰਕਾਰ ਪੰਜਾਬ ਅੰਦਰ ਭ੍ਰਿਸ਼ਟਾਚਾਰ ਤੇ ਨਸ਼ਾ ਮੁਕਤ ਅਤੇ ਸਾਫ਼ ਸੁਥਰਾ ਪ੍ਰਸ਼ਾਸਨ ਨਹੀਂ ਦੇ ਸਕੀ। ਆਮ ਆਦਮੀ ਪਾਰਟੀ ਦੀ ਇਸ ਸਰਕਾਰ ਦੀ ਪਿਛਲੇ ਤਿੰਨ ਸਾਲਾਂ ਅੰਦਰ ਢਿੱਲੀ ਕਾਰਗੁਜ਼ਾਰੀ, ਡਾਵਾਂਡੋਲ ਕਾਨੂੰਨ ਵਿਵਸਥਾ, ਨਸ਼ਾ ਤਸਕਰੀ, ਰੇਤ ਤੇ ਬਜਰੀ ਅੰਦਰ ਧਾਂਦਲੀਆਂ ਨੇ ਸਰਕਾਰ ਨੂੰ ਬੁਰੀ ਤਰ੍ਹਾਂ ਬਦਨਾਮ ਕਰ ਦਿੱਤਾ ਹੈ। ਪੰਜਾਬ ਹੁਣ ਮੁਲਕ ਅੰਦਰ ਸਭ ਤੋਂ ਵੱਧ ਕਰਜ਼ਈ ਰਾਜਾਂ ਵਿੱਚ ਸ਼ੁਮਾਰ ਹੋ ਗਿਆ ਹੈ।


ਤੱਥ ਬੋਲਦੇ ਹਨ ਕਿ ਦਿੱਲੀ ਵਿੱਚ ਆਮ ਆਦਮੀ ਪਾਰਟੀ ਦੀ ਹਾਰ ਨਾਲ ਇਸ ਪਾਰਟੀ ਦੇ 'ਦਿੱਲੀ ਮਾਡਲ' ਦੀ ਹਕੀਕਤ ਲੋਕਾਂ ਸਾਹਮਣੇ ਆ ਗਈ ਹੈ ਅਤੇ ਹੁਣ ਇਸ ਦੇ ਸੇਕ ਕਾਰਨ ਸਰਕਾਰ ਪੰਜਾਬ ਅੰਦਰ ਨਸ਼ਾ ਤਸਕਰੀ ਨਾਲ ਨਜਿੱਠਣ ਲਈ ਯੂ.ਪੀ. ਦੇ ਬੁਲਡੋਜ਼ਰ ਮਾਡਲ ਉੱਤੇ ਉੱਤਰ ਆਈ ਹੈ। ਪੰਜਾਬ ਅੰਦਰ ਛੋਟੇ-ਮੋਟੇ ਨਸ਼ਾ ਤਸਕਰਾਂ ਦੇ ਘਰ ਢਾਹੇ ਜਾ ਰਹੇ ਹਨ ਪਰ ਪੰਜਾਬ ਅੰਦਰ ਨਸ਼ਾ ਤਸਕਰੀ ਨੂੰ ਨੱਥ ਨਹੀਂ ਪੈ ਰਹੀ।

ਉਧਰ, ਸੂਬੇ ਦੀ ਰਾਜ ਮਸ਼ੀਨਰੀ ਨੂੰ ਚੁਸਤ-ਦਰੁਸਤ ਕਰਨ ਲਈ ਮੁੱਖ ਮੰਤਰੀ ਨੇ ਤਹਿਸੀਲਦਾਰਾਂ ਦੀ ਹੜਤਾਲ ਖ਼ਤਮ ਕਰਾਉਣ ਲਈ ਸਖ਼ਤੀ ਵਰਤੀ ਹੈ। ਇਸੇ ਸਰਕਾਰ ਨੇ ਸੰਯੁਕਤ ਕਿਸਾਨ ਮੋਰਚੇ ਦੇ 5 ਮਾਰਚ ਵਾਲੇ ਧਰਨੇ ਨੂੰ ਨਾਕਾਮ ਕਰਨ ਲਈਆਂ ਧਮਕੀਆਂ ਤੱਕ ਦਿੱਤੀਆਂ ਅਤੇ ਸੈਂਕੜੇ ਕਿਸਾਨ ਆਗੂਆਂ ਨੂੰ ਪਹਿਲਾਂ ਹੀ ਗ੍ਰਿਫ਼ਤਾਰ ਕਰ ਲਿਆ। ਲੋਕਾਂ ਉਪਰ ਦਹਿਸ਼ਤ ਪਾਉਣ ਲਈ ਪੰਜਾਬ ਦੀਆਂ ਸਮੁੱਚੀਆਂ ਕਿਸਾਨ ਜਥੇਬੰਦੀਆਂ ਦੇ ਆਗੂਆਂ ਦੇ ਘਰਾਂ ਉਪਰ ਛਾਪੇ ਮਾਰੇ। ਸਰਕਾਰ ਨੇ ਸਾਰੇ ਸੂਬੇ ਨੂੰ ਪੁਲਿਸ ਰਾਜ ਵਿੱਚ ਤਬਦੀਲ ਕਰ ਦਿੱਤਾ ਹੈ।

ਉੱਧਰ, ਕਿਸਾਨਾਂ ਦੀਆਂ ਇਨ੍ਹਾਂ ਮੰਗਾਂ ਨੂੰ ਲੈ ਕੇ ਖਨੌਰੀ ਵਿੱਚ ਜਗਜੀਤ ਸਿੰਘ ਡੱਲੇਵਾਲ ਦੀ ਅਗਵਾਈ ਵਾਲਾ ਸੰਯੁਕਤ ਕਿਸਾਨ ਮੋਰਚਾ (ਗੈਰ-ਸਿਆਸੀ) ਅਤੇ ਸ਼ੰਭੂ ਵਿੱਚ ਸਰਵਣ ਸਿੰਘ ਪੰਧੇਰ ਦੀ ਅਗਵਾਈ ਹੇਠ ਕਿਸਾਨ ਮਜ਼ਦੂਰ ਮੋਰਚਾ ਲਾਈ ਬੈਠੇ ਹਨ। ਇਉਂ ਹੁਣ ਪੰਜਾਬ ਦੇ ਕਿਸਾਨ ਅਤੇ ਪੰਜਾਬ ਸਰਕਾਰ ਇੱਕ ਦੂਜੇ ਦੇ ਆਹਮੋ-ਸਾਹਮਣੇ ਹੋ ਗਈਆਂ ਹਨ ਅਤੇ ਹਾਲ ਦੀ ਘੜੀ ਇਨ੍ਹਾਂ ਵਿਚਕਾਰ ਕੋਈ ਸਾਲਸੀ ਵੀ ਮੌਜੂਦ ਨਹੀਂ ਹੈ। ਫਿਲਹਾਲ ਸੰਯੁਕਤ ਕਿਸਾਨ ਮੋਰਚੇ ਅਤੇ ਪੰਜਾਬ ਸਰਕਾਰ ਵਿਚਕਾਰ ਗੱਲਬਾਤ ਦੀ ਕੋਈ ਸੰਭਾਵਨਾ ਵੀ ਨਹੀਂ ਹੈ।

ਮੀਟਿੰਗ ਤੋਂ ਪਹਿਲਾਂ ਕਿਸਾਨ ਆਗੂਆਂ ਨੇ ਸਰਕਾਰ ਨੂੰ ਕਿਸਾਨਾਂ ਦੀਆਂ 18 ਮੰਗਾਂ ਦਾ ਮੰਗ ਪੱਤਰ ਸੌਂਪਿਆ ਪਰ ਪੰਜਾਬ ਸਰਕਾਰ ਨੇ ਮੀਟਿੰਗ ਤੋਂ ਪਹਿਲਾਂ ਹੀ ਭੰਡੀ ਪ੍ਰਚਾਰ ਮੁਹਿੰਮ ਰਾਹੀਂ ਕਿਸਾਨਾਂ ਨੂੰ ਰੇਲਾਂ, ਸੜਕਾਂ ਅਤੇ ਕੌਮੀ ਮੁੱਖ ਮਾਰਗਾਂ ਨੂੰ ਰੋਕਣ ਵਾਲੇ ਗਰਦਾਨ ਕੇ ਬਦਨਾਮ ਕਰਨਾ ਸ਼ੁਰੂ ਕਰ ਦਿੱਤਾ, ਨਾਲ ਦੀ ਨਾਲ ਕਿਸਾਨਾਂ ਦੀ ਹਰ ਮੰਗ ਮੰਨਣ ਲਈ ਗੱਲਬਾਤ ਦੇ ਦਰਵਾਜ਼ੇ ਖੁੱਲ੍ਹੇ ਹੋਣ ਬਾਰੇ ਵੀ ਕਿਹਾ ਅਤੇ ਕਿਸਾਨਾਂ ਨੂੰ ਪਰਚਾਉਣ ਦੀ ਕੋਸ਼ਿਸ਼ ਕੀਤੀ। ਐੱਸ.ਕੇ.ਐੱਮ. ਨੇ ਪੱਕੇ ਧਰਨੇ ਤੋਂ ਪਹਿਲਾਂ 3 ਮਾਰਚ ਨੂੰ ਸਰਕਾਰ ਨਾਲ ਮੁੱਢਲੀ ਮੀਟਿੰਗ ਰੱਖੀ ਸੀ ਅਤੇ ਇਸ ਮੀਟਿੰਗ ਵਿੱਚ 8-9 ਮੰਗਾਂ 'ਤੇ ਗੱਲਬਾਤ ਚੱਲਣ ਤੋਂ ਬਾਅਦ ਇਹ ਮੀਟਿੰਗ ਬੇਸਿੱਟਾ ਰਹੀ।

# ਕਿਸਾਨਾਂ ਨੂੰ ਐਮ.ਐਸ.ਪੀ. ਦੇ ਕੇ ਕਰਜ਼ੇ ਦੇ ਜਾਲ 'ਚੋਂ ਕੱਢਿਆ ਜਾਵੇ



ਡਾ. ਦਰਸ਼ਨ ਪਾਲ
ਪ੍ਰਧਾਨ, ਕ੍ਰਾਂਤੀਕਾਰੀ ਕਿਸਾਨ ਯੂਨੀਅਨ, ਭਾਰਤ




ਖੇਤੀ ਕਰਜ਼ਾ ਭਾਰਤੀ ਕਿਸਾਨਾਂ ਲਈ ਲੰਬੇ ਸਮੇਂ ਤੋਂ ਇੱਕ ਵੱਡੀ ਚੁਣੌਤੀ ਰਿਹਾ ਹੈ। ਸੰਨ 1925 ਵਿੱਚ ਅੰਗਰੇਜ਼ ਲੇਖਕ ਐਮ.ਐਲ. ਡਾਰਲਿੰਗ ਨੇ ਪੰਜਾਬ ਦੀ ਕਿਸਾਨੀ 'ਤੇ ਕਰਜ਼ੇ ਦੀ ਮਾੜੀ ਸਥਿਤੀ ਦੀ ਵਿਆਖਿਆ ਕਰਦਿਆਂ ਲਿਖਿਆ ਸੀ, ਕਿ ਪੰਜਾਬ ਦਾ ਕਿਸਾਨ ਕਰਜ਼ੇ ਵਿੱਚ ਜੰਮਦਾ, ਕਰਜ਼ੇ 'ਚ ਜਵਾਨ ਹੁੰਦਾ ਤੇ ਕਰਜ਼ਾ ਛੱਡ ਕੇ ਮਰ ਜਾਂਦਾ ਹੈ। ਅੱਜ 100 ਸਾਲ ਬੀਤ ਜਾਣ ਤੋਂ ਬਾਅਦ ਸਥਿਤੀ ਪਹਿਲਾਂ ਨਾਲੋਂ ਵੀ ਭਿਆਨਕ ਹੋ ਗਈ ਹੈ। ਨੈਸ਼ਨਲ ਬੈਂਕ ਫ਼ਾਰ ਐਗਰੀਕਲਚਰ ਐਂਡ ਰੂਰਲ ਡਿਵੈਲਪਮੈਂਟ (ਨਾਬਾਰਡ) ਦੀ ਰਿਪੋਰਟ ਅਨੁਸਾਰ ਭਾਰਤ ਵਿੱਚ 31 ਮਾਰਚ 2024 ਤੱਕ ਕਿਸਾਨੀ ਸਿਰ ਕੁੱਲ ਸੰਸਥਾਗਤ ਕਰਜ਼ਾ 33,52,646 ਕਰੋੜ ਰੁਪਏ ਦਾ ਹੈ, ਜਿਸ ਵਿਚੋਂ ਮਹਾਰਾਸ਼ਟਰ ਦੇ ਕਿਸਾਨਾਂ ਸਿਰ ਸਭ ਤੋਂ ਵੱਧ 8,38,249 ਕਰੋੜ ਰੁਪਏ ਦਾ ਕਰਜ਼ਾ ਹੈ, ਜਿਸ ਤੋਂ ਬਾਅਦ ਤਾਮਿਲਨਾਡੂ ਵਿੱਚ 3,84,139 ਕਰੋੜ, ਆਂਧਰਾ ਪ੍ਰਦੇਸ਼ ਵਿੱਚ 3,09,809 ਕਰੋੜ, ਉੱਤਰ ਪ੍ਰਦੇਸ਼ ਵਿੱਚ 2,29,887 ਕਰੋੜ ਅਤੇ ਰਾਜਸਥਾਨ ਵਿੱਚ 1,74,798 ਕਰੋੜ ਰੁਪਏ ਹੈ। ਪੰਜਾਬ ਦੇ ਕਿਸਾਨਾਂ ਉੱਪਰ 1,04,064 ਕਰੋੜ ਰੁਪਏ ਦਾ ਖੇਤੀ ਕਰਜ਼ਾ ਹੈ, ਜਦੋਂ ਕਿ ਸਾਡੇ ਗੁਆਂਢੀ ਸੂਬੇ ਹਰਿਆਣਾ ਦੇ ਕਿਸਾਨਾਂ ਸਿਰ 96,855 ਕਰੋੜ ਰੁਪਏ ਦਾ ਕਰਜ਼ਾ ਹੈ। ਕਿਸਾਨਾਂ ਦਾ ਪ੍ਰਤੀ ਖਾਤਾ ਕਰਜ਼ਾ ਦੇਖਣ ਤੋਂ ਪਤਾ ਲੱਗਦਾ ਹੈ ਕਿ ਪੰਜਾਬ ਵਿੱਚ ਪ੍ਰਤੀ ਖਾਤਾ ਕਰਜ਼ਾ 2.71 ਲੱਖ ਰੁਪਏ ਹੈ, ਜਦਕਿ ਹਰਿਆਣੇ 'ਚ ਇਹ ਕਰਜ਼ਾ 2.40 ਲੱਖ ਰੁਪਏ, ਮਹਾਰਾਸ਼ਟਰ 'ਚ 5.73 ਲੱਖ ਰੁਪਏ, ਤਾਮਿਲਨਾਡੂ 'ਚ 1.33 ਲੱਖ ਰੁਪਏ, ਰਾਜਸਥਾਨ 'ਚ 1.66 ਲੱਖ ਰੁਪਏ, ਉੱਤਰ ਪ੍ਰਦੇਸ਼ ਵਿੱਚ 1.22 ਲੱਖ ਰੁਪਏ ਹੈ। ਇਸ ਤੋਂ ਪਤਾ ਚੱਲਦਾ ਹੈ ਕਿ ਪੰਜਾਬ ਪ੍ਰਤੀ ਖਾਤਾ ਕਰਜ਼ੇ ਵਿੱਚ ਉਪਰਲੇ ਦੇ ਸਥਾਨਾਂ 'ਤੇ ਹੈ। ਇਸ ਰਿਪੋਰਟ ਤੋਂ ਇਹ ਵੀ ਸਾਫ਼ ਹੁੰਦਾ ਹੈ ਕਿ ਕਰਜ਼ੇ ਦੇ ਸੰਕਟ ਨਾਲ ਸਿਰਫ਼ ਪੰਜਾਬ ਹੀ ਨਹੀਂ, ਸਗੋਂ ਪੂਰਾ ਦੇਸ਼ ਜੱਦੋ-ਜਹਿਦ ਕਰ ਰਿਹਾ ਹੈ। ਇਸ ਨਾਲ ਉਨ੍ਹਾਂ ਅਖੌਤੀ ਵਿਦਵਾਨਾਂ ਦੇ ਮੂੰਹਾਂ 'ਤੇ ਤਾਲੇ ਲੱਗੇ ਹਨ, ਜੋ ਪੰਜਾਬ ਦੇ ਕਿਸਾਨਾਂ ਸਿਰ ਕਰਜ਼ੇ ਦਾ ਸਾਰਾ ਭਾਂਡਾ ਕੋਠੀਆਂ/ਕਾਰਾਂ ਦੀ ਫ਼ਜ਼ੂਲ ਖ਼ਰਚੀ ਸਿਰ ਭੰਨਦੇ ਸਨ।

ਪੰਜਾਬ ਵਿੱਚ ਤੇਜ਼ੀ ਨਾਲ ਵੱਧ ਰਹੇ ਖੇਤੀ ਕਰਜ਼ੇ ਦੇ ਆਖਰ ਕੀ ਕਾਰਨ ਹਨ? ਵੱਧ ਰਹੇ ਕਰਜ਼ੇ ਦਾ ਪਹਿਲਾ ਵੱਡਾ ਕਾਰਨ ਖੇਤੀ ਦੀਆਂ ਲਾਗਤਾਂ ਵਿੱਚ ਲਗਾਤਾਰ ਹੋ ਰਿਹਾ ਵਾਧਾ ਹੈ, ਕਿਉਂਕਿ ਖੇਤੀ ਉਤਪਾਦਨ ਲਈ ਕੰਮ ਆਉਣ ਵਾਲੀਆਂ ਵਸਤਾਂ ਬਣਾਉਣ ਵਾਲੇ ਅਦਾਰਿਆਂ ਨੂੰ ਦੇਸ਼ ਦੇ ਹੁਕਮਰਾਨਾਂ ਨੇ ਨਿੱਜੀ ਹੱਥਾਂ ਵਿਚ ਸੌਂਪ ਦਿੱਤਾ ਹੈ। ਖੇਤੀ ਲਾਗਤਾਂ ਵਿੱਚ ਤੇਜ਼ੀ ਨਾਲ ਵਾਧਾ ਹੋ ਰਿਹਾ ਹੈ, ਜਦਕਿ ਕਿਸਾਨਾਂ ਦੀ ਆਮਦਨ ਜਾਂ ਤਾਂ ਵਧ ਨਹੀਂ ਰਹੀ ਜਾਂ ਉਸ ਵਿੱਚ ਬਹੁਤ ਨਿਗੂਣਾ ਜਿਹਾ ਵਾਧਾ ਹੋਇਆ ਹੈ। ਕਿਸਾਨਾਂ ਨੂੰ ਅਗਲੀ ਫ਼ਸਲ ਬੀਜਣ ਅਤੇ ਉਸ ਦੀ ਸਾਂਭ-ਸੰਭਾਲ ਲਈ ਕਰਜ਼ਾ ਲੈਣਾ ਹੀ ਪੈਂਦਾ ਹੈ। ਇਸ ਦੇ ਨਾਲ ਹੀ ਹਰੇ ਇਨਕਲਾਬ ਮਾਡਲ ਨੇ ਪੰਜਾਬ ਦੀ ਖੇਤੀ ਨੂੰ ਹੱਥੀਂ ਕਿਰਤ ਵਾਲੀ ਖੇਤੀ ਤੋਂ ਤੋੜ ਕੇ ਮਸ਼ੀਨੀ ਖੇਤੀ ਵਿੱਚ ਬਦਲ ਦਿੱਤਾ ਹੈ। ਇਸ ਨਾਲ ਇੱਕ ਪਾਸੇ ਖੇਤੀ ਵਿੱਚ ਰੁਜ਼ਗਾਰ ਬਹੁਤ ਹੀ ਘੱਟ ਗਿਆ, ਦੂਜੇ ਪਾਸੇ ਮਸ਼ੀਨੀਕਰਨ ਦੀ ਜ਼ਰੂਰਤ ਕਾਰਨ ਕਿਸਾਨੀ ਨੂੰ ਭਾਰੀ ਪੈਸਾ ਨਿਵੇਸ਼ ਕਰਨਾ ਪੈ ਰਿਹਾ ਹੈ ਅਤੇ ਇਸ ਕਾਰਨ ਕਰਜ਼ੇ ਦੇ ਬੋਝ ਵਿੱਚ ਵਾਧਾ ਹੋਇਆ ਹੈ।

ਖੇਤੀ ਵਿੱਚ ਵਰਤੀ ਜਾਣ ਵਾਲੀ ਬਹੁਤੀ ਮਸ਼ੀਨਰੀ ਛੋਟੀਆਂ ਤੇ ਮੱਧਮ ਜੋਤਾਂ ਲਈ ਵਿੱਤੀ ਤੌਰ 'ਤੇ ਵਿਵਹਾਰਿਕ ਨਹੀਂ ਹੈ, ਪਰ ਛੋਟੀ ਕਿਸਾਨੀ ਨੂੰ ਇਸ ਦਾ ਕੋਈ ਵੀ ਹੱਲ ਨਹੀਂ ਸੁਝਾਇਆ ਗਿਆ। ਪੰਜਾਬ ਦੇ ਹਾਲਾਤ ਦੇ ਅਨੁਕੂਲ ਨਾ ਤਾਂ ਮਸ਼ੀਨਰੀ ਵਿਕਸਿਤ ਕੀਤੀ ਗਈ ਅਤੇ ਨਾ ਹੀ ਸਹਿਕਾਰੀ ਖੇਤਰ ਰਾਹੀਂ ਮਸ਼ੀਨੀਕਰਨ ਨੂੰ ਕਿਸਾਨਾਂ ਤੱਕ ਪਹੁੰਚਦਾ ਕੀਤਾ ਗਿਆ। ਜਿਸ ਕਾਰਨ ਵਿੱਤੀ ਕਮੀ ਦੇ ਬਾਵਜੂਦ ਵੱਡਾ ਨਿਵੇਸ਼ ਕਰਨ ਦੀ ਮਜਬੂਰੀ ਨੇ ਕਿਸਾਨੀ ਨੂੰ ਕਰਜ਼ੇ ਦੇ ਬੋਝ ਵੱਲ ਧੱਕ ਦਿੱਤਾ।

ਹੁਣ ਵੀ ਪੰਜਾਬ ਦੀ ਨਵੀਂ ਖੇਤੀ ਨੀਤੀ ਦੀਆਂ ਤਜਵੀਜ਼ਾਂ ਨੂੰ ਤਵੱਜੋ ਦਿੰਦੇ ਹੋਏ ਸਰਕਾਰ ਸਹਿਕਾਰੀ ਖੇਤਰ ਰਾਹੀਂ ਮਸ਼ੀਨੀਕਰਨ ਦੀ ਪਹੁੰਚ ਵਧਾ ਕੇ ਕਿਸਾਨਾਂ ਦੇ ਵੱਡੇ ਖਰਚੇ ਘਟਾ ਸਕਦੀ ਹੈ, ਪਰ ਸਰਕਾਰਾਂ ਦੇ ਕਾਰਪੋਰੇਟ ਪੱਖੀ ਮਾਡਲਾਂ ਨੇ ਇਸ ਤਰ੍ਹਾਂ ਦੀਆਂ ਨੀਤੀਆਂ ਨੂੰ ਲਾਂਭੇ ਕਰਨ ਦੇ ਬਹਾਨੇ ਲੱਭਣੇ ਹਨ। ਇਸੇ ਤਰ੍ਹਾਂ ਖੇਤੀ ਉਤਪਾਦਨ ਵਿੱਚ ਕੰਮ ਆਉਣ ਵਾਲੀਆਂ ਵਸਤਾਂ ਦਾ ਉਤਪਾਦਨ ਤੇ ਵੰਡ ਸਿਰਫ਼ ਜਨਤਕ ਖੇਤਰ ਰਾਹੀਂ ਹੋਣੀ ਚਾਹੀਦੀ ਹੈ, ਤਾਂ ਕਿ ਕਿਸਾਨਾਂ ਨੂੰ ਮਿਆਰੀ ਤੇ ਸਸਤੀਆਂ ਖੇਤੀ ਵਸਤਾਂ ਸਮੇਂ ਸਿਰ ਮਿਲ ਸਕਣ। ਦੇਸ਼ 'ਚ ਖੇਤੀ ਨਾ ਸਿਰਫ਼ ਕਰੋੜਾਂ ਲੋਕਾਂ ਦੇ ਜੀਵਨ ਬਸਰ ਦਾ ਸਾਧਨ ਹੈ, ਬਲਕਿ ਦੇਸ਼ ਦੀ ਭੋਜਨ ਸੁਰੱਖਿਆ ਨੂੰ ਯਕੀਨੀ ਬਣਾਉਣ ਲਈ ਵੀ ਇਹ ਜ਼ਰੂਰੀ ਹੈ ਕਿ ਨਿੱਜੀ ਖੇਤਰ/ਕਾਰੋਬਾਰੀ ਘਰਾਣਿਆਂ ਨੂੰ ਖੇਤੀ 'ਚੋਂ ਲਾਂਭੇ ਰੱਖਿਆ ਜਾਵੇ।

ਪੰਜਾਬ ਦੇ ਕਿਸਾਨਾਂ ਸਿਰ ਕਰਜ਼ੇ ਦਾ ਦੂਜਾ ਵੱਡਾ ਕਾਰਨ ਫ਼ਸਲਾਂ ਦੇ ਸਹੀ ਭਾਅ ਨਾ ਮਿਲਣਾ ਹੈ। ਇਸ ਲਈ ਸਵਾਮੀਨਾਥਨ ਕਮਿਸ਼ਨ ਦੀ ਸੀ2+50 ਫ਼ੀਸਦੀ ਦੀਆਂ ਸਿਫ਼ਾਰਸ਼ਾਂ ਦੇ ਆਧਾਰ 'ਤੇ ਕਿਸਾਨਾਂ ਨੂੰ ਘੱਟੋ-ਘੱਟ ਸਮਰਥਨ ਮੁੱਲ (ਐਮ.ਐਸ.ਪੀ.) ਦਿੱਤਾ ਜਾਣਾ ਬੇਹੱਦ ਜ਼ਰੂਰੀ ਹੈ। ਸਰਕਾਰ ਦੇ ਮੌਜੂਦਾ ਐਮ.ਐਸ.ਪੀ. ਦੇਣ ਦੇ ਤਰੀਕੇ ਵਿੱਚ ਸਾਰੇ ਖੇਤੀ ਖਰਚੇ ਸ਼ਾਮਿਲ ਨਹੀਂ ਹੁੰਦੇ, ਜਿਸ ਨੂੰ ਸੀ2 ਲਾਗਤ ਵਾਲਾ ਫ਼ਾਰਮੂਲਾ ਅਪਣਾ ਕੇ ਹੀ ਦਰੁਸਤ ਕੀਤਾ ਜਾ ਸਕਦਾ ਹੈ। ਇੱਕ ਅਧਿਐਨ ਅਨੁਸਾਰ ਜੇਕਰ ਸਵਾਮੀਨਾਥਨ ਕਮਿਸ਼ਨ ਦੀ ਰਿਪੋਰਟ ਨੂੰ 2006 ਵਿੱਚ ਲਾਗੂ ਕੀਤਾ ਜਾਂਦਾ ਤਾਂ ਕਿਸਾਨਾਂ ਸਿਰ ਕਰਜ਼ੇ ਦਾ ਭਾਰ ਕੁਝ ਹਲਕਾ ਹੋ ਸਕਦਾ ਸੀ। ਕਈ ਮਾਹਿਰਾਂ ਦਾ ਇਹ ਵੀ ਮੰਨਣਾ ਹੈ ਕਿ ਜਿੰਨਾ ਘਾਟਾ ਸੀ2+50 ਫ਼ੀਸਦੀ 'ਤੇ ਐਮ.ਐਸ.ਪੀ. ਨਾ ਮਿਲਣ ਕਰਕੇ ਹੋਇਆ ਹੈ, ਪੰਜਾਬ ਦੀ ਕਿਸਾਨੀ ਉਪਰ ਬੱਸ ਉਨ੍ਹਾਂ ਕੁ ਹੀ ਕਰਜ਼ਾ ਹੈ। ਭਾਵ ਸਵਾਮੀਨਾਥਨ ਕਮਿਸ਼ਨ ਦੀ ਰਿਪੋਰਟ ਨੂੰ ਲਾਗੂ ਕਰਨਾ ਅਤੇ ਐਮ.ਐਸ.ਪੀ. ਦੀ ਕਾਨੂੰਨੀ ਗਾਰੰਟੀ ਦੇਸ਼ ਦੇ ਕਿਸਾਨਾਂ ਦੀ ਆਮਦਨ, ਫ਼ਸਲੀ ਵਿਭਿੰਨਤਾ ਅਤੇ ਕਰਜ਼ੇ ਦੇ ਹੱਲ ਵੱਲ ਇੱਕ ਵੱਡਾ ਤੇ ਮਹੱਤਵਪੂਰਨ ਕਦਮ ਹੋਵੇਗਾ। ਖੇਤੀ ਕਰਜ਼ੇ ਦਾ ਤੀਜਾ ਕਾਰਨ ਸ਼ਾਹੂਕਾਰਾਂ ਤੇ ਹੋਰ ਨਿੱਜੀ ਰਿਣਦਾਤਿਆਂ ਦੁਆਰਾ ਉੱਚੇ ਵਿਆਜ ਰਾਹੀਂ ਕੀਤੀ ਜਾਂਦੀ ਲੁੱਟ ਹੈ। ਦੱਸਣਯੋਗ ਹੈ ਕਿ ਨਾਬਾਰਡ ਦੀ ਰਿਪੋਰਟ ਅਨੁਸਾਰ 1,04,064 ਕਰੋੜ ਦਾ ਖੇਤੀ ਕਰਜ਼ਾ ਸਿਰਫ਼ ਸੰਸਥਾਗਤ ਸਰੋਤਾਂ ਤੋਂ ਲਿਆ ਗਿਆ ਹੈ। ਇਸ ਵਿੱਚ ਸ਼ਾਹੂਕਾਰਾਂ, ਆੜ੍ਹਤੀਆਂ ਤੇ ਫ਼ਾਈਨਾਂਸ ਕੰਪਨੀਆਂ ਵਰਗੇ ਸਰੋਤਾਂ ਤੋਂ ਲਿਆ ਕਰਜ਼ਾ ਸ਼ਾਮਿਲ ਨਹੀਂ ਹੈ। ਇੱਕ ਅਧਿਐਨ ਦੇ ਅਨੁਸਾਰ ਪੰਜਾਬ ਵਿੱਚ ਕਿਸਾਨ ਪਰਿਵਾਰਾਂ ਦੇ ਕੁੱਲ ਕਰਜ਼ੇ ਦਾ 21.3 ਫ਼ੀਸਦੀ ਕਰਜ਼ਾ ਗੈਰ-ਸੰਸਥਾਗਤ ਸਰੋਤਾਂ ਤੋਂ ਲਿਆ ਗਿਆ ਹੈ, ਜਿਸ ਨਾਲ ਪੰਜਾਬ 'ਚ ਖੇਤੀ ਦਾ ਕੁੱਲ ਕਰਜ਼ਾ 1,26,229 ਕਰੋੜ ਰੁਪਏ ਹੋ ਜਾਂਦਾ ਹੈ ਅਤੇ ਇਹ ਬਹੁਤ ਹੀ ਚਿੰਤਾਜਨਕ ਹੈ। ਖਾਸ ਕਰਕੇ ਛੋਟੀ ਕਿਸਾਨੀ ਤੇ ਖੇਤ ਮਜ਼ਦੂਰ ਇਸ ਲੁੱਟ ਦਾ ਸ਼ਿਕਾਰ ਬਣਦੇ ਹਨ, ਕਿਉਂਕਿ ਇਨ੍ਹਾਂ ਵਰਗਾਂ ਦੀ ਸੰਸਥਾਗਤ ਕਰਜ਼ੇ ਤੱਕ ਪਹੁੰਚ ਬਿਲਕੁਲ ਘੱਟ ਹੁੰਦੀ ਹੈ। ਜਿਸ ਕਾਰਨ ਪ੍ਰਾਈਵੇਟ ਕਰਜ਼ੇ ਦੀਆਂ ਉੱਚੀਆਂ ਵਿਆਜ ਦਰਾਂ ਇਨ੍ਹਾਂ ਲੋਕਾਂ ਨੂੰ ਕਰਜ਼ੇ ਦੇ ਜਾਲ ਵਿੱਚ ਫ਼ਸਾਈ ਰੱਖਦੀਆਂ ਹਨ। ਇਸ ਲਈ ਅਜਿਹੇ ਪਰਿਵਾਰਾਂ ਲਈ ਘੱਟ ਵਿਆਜ ਦਰਾਂ 'ਤੇ ਸੰਸਥਾਗਤ ਕਰਜ਼ੇ ਦੀ ਪਹੁੰਚ ਵਧਾਈ ਜਾ ਸਕਦੀ ਹੈ।

ਖੇਤੀ ਕਰਜ਼ੇ ਦਾ ਅਗਲਾ ਕਾਰਨ ਹੈ ਬਾਕੀ ਸਮਾਜਿਕ ਖੇਤਰਾਂ ਦਾ ਮਹਿੰਗਾ ਹੋਣਾ। ਵਿਸ਼ਵੀਕਰਨ ਦੀਆਂ ਨੀਤੀਆਂ ਲਾਗੂ ਹੋਣ ਕਾਰਨ ਕਿਸਾਨਾਂ ਦੀ ਸਿਹਤ-ਸੰਭਾਲ, ਬੱਚਿਆਂ ਦੀ ਪੜ੍ਹਾਈ ਅਤੇ ਰੋਜ਼ਾਨਾ ਦੇ ਖ਼ਰਚਿਆਂ ਵਿਚ ਕਈ ਗੁਣਾ ਵਾਧਾ ਹੋਇਆ ਹੈ, ਜਿਸ ਨੂੰ ਪੂਰਾ ਕਰਨ ਲਈ ਉਨ੍ਹਾਂ ਨੂੰ ਕਰਜ਼ੇ ਲੈਣੇ ਪੈਂਦੇ ਹਨ। ਇਸ ਦੇ ਨਾਲ ਹੀ ਪੇਂਡੂ ਨੌਜਵਾਨਾਂ ਦਾ ਉੱਚ ਸਿੱਖਿਆ ਪ੍ਰਾਪਤ ਕਰਕੇ ਵੀ ਬੇਰੁਜ਼ਗਾਰੀ ਨਾਲ ਜੂਝਣਾ ਤੇ ਚੰਗੀ ਜ਼ਿੰਦਗੀ ਦੀ ਤਲਾਸ਼ ਵਿਚ ਪ੍ਰਵਾਸ ਦਾ ਰਾਹ ਫ਼ੜਨਾ ਵੀ ਕਰਜ਼ੇ ਵਧਣ ਦਾ ਵੱਡਾ ਕਾਰਨ ਹੈ। ਪਿਛਲੇ ਦਿਨੀਂ ਅਮਰੀਕਾ ਤੋਂ ਅਪਰਾਧੀਆਂ ਵਾਂਗ ਹੱਥਕੜੀਆਂ ਨਾਲ ਬੰਨ੍ਹ ਕੇ ਵਾਪਸ ਭੇਜੇ ਪੰਜਾਬੀ ਇਸ ਖ਼ਿੱਤੇ ਦੀ ਤ੍ਰਾਸਦੀ ਨੂੰ ਸਪੱਸ਼ਟ ਬਿਆਨ ਕਰਦੇ ਹਨ। (ਬਾਕੀ ਸਫ਼ਾ 31 'ਤੇ)

# ਅਰਬਪਤੀਆਂ ਦੇ ਵੱਧ ਰਹੇ ਪ੍ਰਭਾਵ ਕਾਰਨ ਕਿਰਤੀਆਂ ਤੇ ਸੂਬਿਆਂ ਦੀ ਖ਼ੁਦਮੁਖ਼ਤਿਆਰੀ ਨੂੰ ਖ਼ਤਰਾ



ਡਾ. ਸੁੱਚਾ ਸਿੰਘ ਗਿੱਲ



ਸਿਆਸੀ ਤਾਕਤ ਅਤੇ ਧਨ ਦੌਲਤ ਵਿੱਚ ਬਹੁਤ ਹੀ ਨੇੜੇ ਦਾ ਸੰਬੰਧ ਹੁੰਦਾ ਹੈ। ਬਰਤਾਨੀਆ ਦੇ ਪ੍ਰਸਿੱਧ ਇਤਿਹਾਸਕਾਰ ਲਾਰਡ ਐਕਟੋਨ ਨੇ ਆਪਣੀ ਕਿਤਾਬ 'ਆਜ਼ਾਦੀ ਅਤੇ ਹੋਰ ਲੇਖ' 1907 ਵਿੱਚ ਇੱਕ ਮਹੱਤਵਪੂਰਨ ਕਥਨ ਦਰਜ ਕੀਤਾ ਸੀ। ਉਸ ਨੇ ਲਿਖਿਆ ਸੀ ਕਿ 'ਤਾਕਤ ਅਤੇ ਮੁਦਰਾ ਵਿੱਚ ਵਿਛੋੜਾ ਤਾਂ ਹੋ ਸਕਦਾ ਹੈ ਪਰ ਤਲਾਕ ਨਹੀਂ, ਜਲਦੀ ਹੀ ਜਾਂ ਤਾਂ ਮੁਦਰਾ ਤਾਕਤ ਨੂੰ ਖ਼ਰੀਦ ਲਵੇਗੀ ਜਾਂ ਤਾਕਤ ਮੁਦਰਾ ਨੂੰ ਹਾਸਿਲ ਕਰ ਲਵੇਗੀ'। ਇਸ ਕਥਨ ਦੀ ਪ੍ਰਮਾਣਿਕਤਾ ਵੱਖ-ਵੱਖ ਦੇਸ਼ਾਂ ਦੀ ਅਜੋਕੇ ਸਮੇਂ ਦੀ ਸਿਆਸਤ ਦੀ ਪ੍ਰਕਿਰਿਆ ਤੋਂ ਮਿਲਦੀ ਹੈ। ਅਸੀਂ ਅਜਿਹੇ ਦੌਰ ਵਿਚੋਂ ਗੁਜ਼ਰ ਰਹੇ ਹਾਂ, ਜਦੋਂ ਸਾਰੇ ਦੇਸ਼ਾਂ ਵਿੱਚ ਆਮਦਨ ਅਤੇ ਧਨ ਦੌਲਤ ਥੋੜ੍ਹੇ ਜਿਹੇ ਹੱਥਾਂ ਵਿੱਚ ਇਕੱਠੇ ਹੋ ਗਏ ਹਨ। ਥਾਮਸ ਪਿਕਟੀ ਵੱਲੋਂ ਆਪਣੀ ਕਿਤਾਬ ਇਕੀਵੀਂ ਸਦੀ ਵਿੱਚ ਸਰਮਾਇਆ ਵਿੱਚ ਬਹੁਤ ਵਿਸਥਾਰ ਨਾਲ ਦੁਨੀਆ ਵਿੱਚ ਫ਼ੈਲੀ ਆਮਦਨ ਦੀ ਅਸਮਾਨਤਾ ਦਾ ਅਧਿਐਨ ਕੀਤਾ ਗਿਆ ਹੈ। ਇਨ੍ਹਾਂ ਦਿਨਾਂ ਵਿੱਚ (ਡਾਲਰ) ਅਰਬਪਤੀਆਂ ਦੇ ਨਾਂਅ ਨਾਲ ਇੱਕ ਨਵੀਂ ਧਾਰਨਾ ਤੇਜ਼ੀ ਨਾਲ ਪ੍ਰਚਲਿਤ ਹੋਈ ਹੈ। ਫ਼ੋਰਬਜ਼ ਸੰਸਥਾ ਵੱਲੋਂ ਵਿਸ਼ਵ ਦੇ ਅਰਬਪਤੀਆਂ ਦੀ ਸੂਚੀ ਹਰ ਸਾਲ ਛਾਪੀ ਜਾ ਰਹੀ ਹੈ। ਇਸ ਲਿਸਟ ਤੋਂ ਕਿਹੜੇ ਦੇਸ਼ ਵਿੱਚ ਕਿੰਨੇ ਅਰਬਪਤੀ ਹਨ ਉਸ ਬਾਰੇ ਅੰਕੜੇ ਮਿਲ ਜਾਂਦੇ ਹਨ। ਇਹ ਅਰਬਪਤੀ ਹਾਕਮ ਪਾਰਟੀਆਂ ਨਾਲ ਮਿਲ ਕੇ ਚਲਦੇ ਹਨ ਅਤੇ ਦੇਸ਼ਾਂ ਦੀ ਸਿਆਸਤ ਦੇ ਬਿਰਤਾਂਤ ਨੂੰ ਨਿਰਧਾਰਿਤ ਕਰਦੇ ਹਨ।

ਭਾਰਤ ਵਿੱਚ ਅਰਬਪਤੀਆਂ ਦੀ ਗਿਣਤੀ ਪਿਛਲੇ ਦਹਾਕੇ ਦੌਰਾਨ ਬੜੀ ਤੇਜ਼ੀ ਨਾਲ ਵੱਧ ਗਈ ਹੈ। ਭਾਵੇਂ ਦੇਸ਼ ਵਿੱਚ ਕਾਰੋਬਾਰੀ ਅਤੇ ਉਦਯੋਗਪਤੀ ਪਹਿਲਾਂ ਵੀ ਮੌਜੂਦ ਸਨ ਪਰ ਉਨ੍ਹਾਂ ਦੀ ਪਕੜ ਦੇਸ਼ ਦੀ ਆਰਥਿਕਤਾ 'ਤੇ ਭਾਰੂ ਨਹੀਂ ਸੀ। ਇਜਾਰੇਦਾਰੀ ਵਿਰੋਧੀ ਕਾਨੂੰਨ, 1969 ਲਾਗੂ ਹੋਣ ਕਾਰਨ ਅਤੇ ਪਬਲਿਕ ਸੈਕਟਰ ਦੇ ਅਦਾਰਿਆਂ ਦੇ ਵਿਕਾਸ ਕਾਰਨ ਉਨ੍ਹਾਂ ਦੇ ਵਧਣ-ਫ਼ੁਲਣ 'ਤੇ ਕੁਝ ਰੋਕਾਂ ਸਨ। ਇਹ ਰੋਕਾਂ 1991 ਦੀ ਨਵੀਂ ਆਰਥਿਕ ਨੀਤੀ ਨੇ ਖ਼ਤਮ ਕਰ ਦਿੱਤੀਆਂ ਅਤੇ ਸਰਕਾਰ ਵੱਲੋਂ ਕਾਰੋਬਾਰੀਆਂ ਨੂੰ ਰਿਆਇਤਾਂ ਅਤੇ ਸਹੂਲਤਾਂ ਵੱਡੀ ਪੱਧਰ 'ਤੇ ਦੇਣ ਨਾਲ ਇਨ੍ਹਾਂ ਦੀ ਖ਼ੂਬ ਤਰੱਕੀ ਹੋਈ ਹੈ। ਕਈ ਭਾਰਤੀ ਕਾਰੋਬਾਰੀਆਂ ਦੀ ਗਿਣਤੀ ਹੁਣ ਵਿਸ਼ਵ ਦੇ ਅਰਬਪਤੀਆਂ ਵਿੱਚ ਹੋਣ ਲੱਗ ਪਈ ਹੈ। ਇਹ ਗਿਣਤੀ 2013 ਵਿੱਚ 63 ਤੱਕ ਪਹੁੰਚ ਚੁੱਕੀ ਸੀ। 2019 ਵਿੱਚ ਇਹ ਗਿਣਤੀ 155 ਅਤੇ 2024 ਵਿੱਚ 334 ਦਰਜ ਕੀਤੀ ਗਈ ਸੀ। ਪ੍ਰਾਈਵੇਟ ਕਾਰਪੋਰੇਟ ਸੈਕਟਰ ਇਨ੍ਹਾਂ ਅਰਬਪਤੀਆਂ ਦੀ ਅਗਵਾਈ ਵਿੱਚ ਦੇਸ਼ ਦੀ 40 ਫ਼ੀਸਦੀ ਤੋਂ ਵੱਧ ਆਮਦਨ 'ਤੇ ਕਾਬਜ਼ ਹੋ ਗਿਆ ਹੈ। ਅਰਬਪਤੀ ਵੱਡੀਆਂ-ਵੱਡੀਆਂ ਕੰਪਨੀਆਂ ਦੇ ਮਾਲਕ ਹਨ ਅਤੇ ਕਿਸੇ ਖ਼ਾਸ ਉਦਯੋਗ ਜਾਂ ਕਾਰੋਬਾਰਾਂ ਵਿੱਚ ਉਨ੍ਹਾਂ ਦਾ ਪ੍ਰਭਾਵ ਫ਼ੈਸਲਾਕੁੰਨ ਹੁੰਦਾ ਹੈ। ਇਹ ਆਪਣੇ ਵਿੱਤੀ ਸਾਧਨਾਂ ਦੀ ਤਾਕਤ ਨਾਲ ਕਿਸੇ ਖਾਸ ਉਦਯੋਗ/ ਕਾਰੋਬਾਰ ਵਿੱਚ ਇਜਾਰੇਦਾਰੀ ਸਥਾਪਤ ਕਰ ਲੈਂਦੇ ਹਨ। ਇਸ ਨਾਲ ਉਹ ਆਪਣੀ ਉਪਜ ਨੂੰ ਮਹਿੰਗੀ ਕੀਮਤ 'ਤੇ ਵੇਚਦੇ ਹਨ ਅਤੇ ਕਿਸਾਨਾਂ ਤੋਂ ਕੱਚਾ ਮਾਲ ਅਤੇ ਮਜ਼ਦੂਰਾਂ ਤੋਂ ਕਿਰਤ ਸ਼ਕਤੀ ਸਸਤੀ ਹਾਸਿਲ ਕਰ ਲੈਂਦੇ ਹਨ। ਇਸ ਨਾਲ ਉਨ੍ਹਾਂ ਦੀ ਧਨ ਦੌਲਤ ਬੜੀ ਤੇਜ਼ੀ ਨਾਲ ਵੱਧ ਜਾਂਦੀ ਹੈ। ਮਾਲਕ ਆਰਥਿਕ ਇਜਾਰੇਦਾਰੀ ਦੀ ਨੁਮਾਇੰਦਗੀ ਕਰਦੇ ਹਨ। ਅਰਬਪਤੀ ਅਤੇ ਹੋਰ ਅਮੀਰ ਭਾਰਤ ਦੀ ਕੁੱਲ ਆਬਾਦੀ ਦਾ ਇੱਕ ਪ੍ਰਤੀਸ਼ਤ ਹਨ ਅਤੇ ਦੇਸ਼ ਦੀ 40 ਫ਼ੀਸਦੀ ਤੋਂ ਵੱਧ ਆਮਦਨ 'ਤੇ ਕਾਬਜ਼ ਹਨ। ਦੂਜੇ ਪਾਸੇ ਹੇਠਲੀ 50 ਫ਼ੀਸਦੀ ਆਬਾਦੀ ਨੂੰ ਕੇਵਲ 13.1 ਫ਼ੀਸਦੀ ਆਮਦਨ ਨਾਲ ਹੀ ਗੁਜ਼ਾਰਾ ਕਰਨਾ ਪੈਂਦਾ ਹੈ। ਘੱਟ ਆਮਦਨ ਵਾਲੇ ਲੋਕਾਂ 'ਤੇ ਟੈਕਸ ਦਾ ਭਾਰ ਵੀ ਕਾਫ਼ੀ ਜ਼ਿਆਦਾ ਪੈਂਦਾ ਹੈ। ਵੱਡੇ ਕਾਰੋਬਾਰੀਆਂ/ ਅਰਬਪਤੀਆਂ 'ਤੇ ਟੈਕਸ ਦੀਆਂ ਦਰਾਂ ਘਟਾ ਦਿੱਤੀਆਂ ਹਨ। ਇਨ੍ਹਾਂ ਦਾ ਦੇਸ਼ ਦੀ ਸਿਆਸਤ 'ਤੇ ਕਾਫ਼ੀ ਜ਼ਿਆਦਾ ਪ੍ਰਭਾਵ ਨਜ਼ਰ ਆਉਂਦਾ ਹੈ। ਉਹ ਹਾਕਮ ਪਾਰਟੀਆਂ ਨੂੰ ਚੋਣਾਂ ਵਾਸਤੇ ਮੋਟੇ ਫ਼ੰਡ ਦਿੰਦੇ ਹਨ ਅਤੇ ਉਨ੍ਹਾਂ ਵੱਲੋਂ ਪ੍ਰਕਾਸ਼ਿਤ ਅਖ਼ਬਾਰਾਂ ਅਤੇ ਟੈਲੀਵਿਜ਼ਨ ਚੈਨਲ ਪਾਰਟੀਆਂ ਦਾ ਪ੍ਰਚਾਰ ਵੀ ਕਰਦੇ ਹਨ। ਇਸ ਦੇ ਬਦਲੇ ਉਹ ਸਰਕਾਰਾਂ ਤੋਂ ਵੱਡੀਆਂ ਰਿਆਇਤਾਂ ਅਤੇ ਸਬਸਿਡੀਆਂ ਵੀ ਪ੍ਰਾਪਤ ਕਰ ਲੈਂਦੇ ਹਨ।

ਵੱਡੇ ਕਾਰੋਬਾਰੀਆਂ ਦਾ ਨਜ਼ਰੀਆ ਦੇਸ਼ ਦੀ ਆਰਥਿਕਤਾ ਅਤੇ ਹਕੂਮਤ ਦੇ ਕੇਂਦਰੀਕਰਨ ਵੱਲ ਹੈ। ਉਹ ਸੂਬਿਆਂ ਦੀਆਂ ਵੱਖ-ਵੱਖ ਸਰਕਾਰਾਂ ਨਾਲ ਨਜਿੱਠਣ ਦੀ ਬਜਾਏ ਕੇਂਦਰ ਦੀ ਸਰਕਾਰ ਤੋਂ ਹੀ ਕਾਰੋਬਾਰ ਦੇ ਸਾਰੇ ਫ਼ੈਸਲੇ ਕਰਵਾਉਣੇ ਚਾਹੁੰਦੇ ਹਨ। ਉਨ੍ਹਾਂ ਨੂੰ 'ਇੱਕ ਦੇਸ਼ ਇੱਕ ਟੈਕਸ' ਅਤੇ 'ਇੱਕ ਦੇਸ਼ ਇੱਕ ਮੰਡੀ' ਦੇ ਸਿਧਾਂਤ ਹੀ ਮਾਫ਼ਕ ਆਉਂਦੇ ਹਨ। ਜੀ. ਐਸ. ਟੀ. ਦੇ ਲਾਗੂ ਹੋਣ ਨਾਲ ਇੱਕ ਦੇਸ਼ ਇੱਕ ਟੈਕਸ' ਬਾਰੇ ਕਾਰਪੋਰੇਟ ਸੈਕਟਰ ਨੇ ਪ੍ਰਾਪਤੀ 2016 ਵਿੱਚ ਹਾਸਿਲ ਕਰ ਲਈ ਸੀ। ਪਰ ਇੱਕ ਦੇਸ਼ ਇੱਕ ਮੰਡੀ ਦੀ ਪ੍ਰਕਿਰਿਆ 2020-21 ਦੇ ਕਿਸਾਨ ਅੰਦੋਲਨ ਕਰਕੇ ਰੁਕ ਗਈ ਸੀ। ਕੇਂਦਰ ਸਰਕਾਰ ਇਸ ਨੂੰ ਦੁਬਾਰਾ ਖੇਤੀ ਮਾਰਕੀਟਿੰਗ ਦੇ ਡਰਾਫ਼ਟ ਰਾਹੀਂ ਅਸਿੱਧੇ ਤਰੀਕੇ ਨਾਲ ਹਾਸਿਲ ਕਰਨ ਦੀ ਤਿਆਰੀ ਕਰ ਰਹੀ ਹੈ।

ਆਪਣੇ ਮੁਨਾਫ਼ੇ ਅਤੇ ਕਾਰੋਬਾਰ ਵਧਾਉਣ ਲਈ ਕਾਰਪੋਰੇਟ ਕੰਪਨੀਆਂ ਹਰ ਵੇਲੇ ਸਰਗਰਮ ਰਹਿੰਦੀਆਂ ਹਨ। ਕੋਵਿਡ ਮਹਾਂਮਾਰੀ ਦੌਰਾਨ ਦੇਸ਼ ਦੀ ਆਮਦਨ ਘੱਟ ਗਈ ਅਤੇ ਕੰਮ ਬੰਦ ਹੋਣ ਕਾਰਨ ਕਰੋੜਾਂ ਦੀ ਗਿਣਤੀ ਵਿੱਚ ਕਿਰਤੀ ਉਦਯੋਗਿਕ ਅਤੇ ਕਾਰੋਬਾਰੀ ਕੇਂਦਰਾਂ ਤੋਂ ਪਿੰਡਾਂ ਵੱਲ ਪੈਦਲ ਚੱਲ ਪਏ ਸਨ।

ਮੁਸ਼ਕਲਾਂ ਦਾ ਟਾਕਰਾ ਕਰਦੇ ਕਾਫ਼ੀ ਗਿਣਤੀ ਵਿੱਚ ਮਜ਼ਦੂਰ ਆਪਣੀ ਜਾਨ ਵੀ ਗੁਆ ਬੈਠੇ ਸਨ। ਪਰ ਇਸ ਮੌਕੇ ਦੌਰਾਨ ਵੀ ਇਨ੍ਹਾਂ ਕੰਪਨੀਆਂ ਦੇ ਮੁਨਾਫ਼ੇ ਵੱਧ ਗਏ ਸਨ। ਕਾਰਪੋਰੇਟ ਘਰਾਣਿਆਂ ਦੇ ਕੰਟਰੋਲ ਹੇਠਾਂ ਚਲਦੇ ਅਖ਼ਬਾਰ ਅਤੇ ਟੈਲੀਵਿਜ਼ਨ ਚੈਨਲਾਂ ਵੱਲੋਂ ਕਿਰਤੀਆਂ ਦੀਆਂ ਯੂਨੀਅਨਾਂ ਖ਼ਿਲਾਫ਼ ਵਿਚਾਰਧਾਰਕ ਮੁਹਿੰਮ ਚਲਾਈ ਜਾਂਦੀ ਹੈ। ਸਰਕਾਰ ਵੱਲੋਂ ਕਿਰਤ ਕਾਨੂੰਨਾਂ ਵਿੱਚ ਸੋਧਾਂ ਕਰਨ ਬਾਅਦ ਲੇਬਰ ਕੋਡ ਬਣਾਏ ਗਏ ਹਨ, ਜਿਸ ਨਾਲ ਕਿਰਤੀਆਂ ਦੀਆਂ ਯੂਨੀਅਨਾਂ ਨੂੰ ਕਮਜ਼ੋਰ ਕਰਨ ਦੀ ਕੋਸ਼ਿਸ਼ ਕੀਤੀ ਗਈ ਹੈ। ਇਸ ਦਾ ਜ਼ੋਰਦਾਰ ਸਮਰਥਨ ਕਾਰਪੋਰੇਟ ਮੀਡੀਆ ਵੱਲੋਂ ਕੀਤਾ ਗਿਆ ਹੈ। ਦੇਸ਼ ਵਿਆਪੀ ਕਿਸਾਨ ਅੰਦੋਲਨ 2020-21 ਦਾ ਵੀ ਇਸ ਮੀਡੀਆ ਵੱਲੋਂ ਵਿਰੋਧ ਕੀਤਾ ਗਿਆ ਸੀ। ਦੇਸ਼ ਵਿੱਚ ਪੁਰਾਣੀ ਪੈਨਸ਼ਨ ਖ਼ਤਮ ਕਰਨ ਅਤੇ ਰੈਗੂਲਰ ਨੌਕਰੀਆਂ ਨੂੰ ਕੱਚੀਆਂ ਕਰਨ ਅਤੇ ਰੁਜ਼ਗਾਰ ਨੂੰ ਕੰਟਰੈਕਟ ਵਿੱਚ ਤਬਦੀਲ ਕਰਨ ਵਿੱਚ ਕੇਂਦਰ ਸਰਕਾਰ ਦੇ ਨਾਲ-ਨਾਲ ਪ੍ਰਾਈਵੇਟ ਕਾਰਪੋਰੇਟ ਘਰਾਣਿਆਂ ਦੇ ਦਬਾਅ ਦਾ ਵੀ ਰੋਲ ਹੈ। ਇਸ ਵਕਤ ਦੇਸ਼ ਵਿੱਚ ਨਾਗਰਿਕਾਂ ਦੇ ਜਮਹੂਰੀ ਹੱਕਾਂ ਅਤੇ ਸ਼ਹਿਰੀ ਆਜ਼ਾਦੀਆਂ 'ਤੇ ਸਰਕਾਰ ਅਤੇ ਹਾਕਮ ਪਾਰਟੀਆਂ ਦੇ ਸਮਰਥਕਾਂ ਵੱਲੋਂ ਜ਼ੋਰਦਾਰ ਹਮਲੇ ਕੀਤੇ ਜਾ ਰਹੇ ਹਨ। (ਬਾਕੀ ਸਫ਼ਾ 31 'ਤੇ)

# ਸੀ.ਬੀ.ਐਸ.ਈ. ਦੁਆਰਾ ਪੰਜਾਬੀ ਨੂੰ ਪਾਠਕ੍ਰਮ 'ਚੋਂ ਹਟਾਉਣ ਸਬੰਧੀ ਵਿਵਾਦ



ਕੁੱਕੀ ਗਿੱਲ

ਇਹ ਦਾਅਵਿਆਂ ਤੋਂ ਬਾਅਦ ਕਿ ਦਸਵੀਂ ਅਤੇ ਬਾਰ੍ਹਵੀਂ ਜਮਾਤ ਦੀ ਵਿਸ਼ਾ ਸੂਚੀ ਵਿੱਚੋਂ ਪੰਜਾਬੀ ਨੂੰ ਹਟਾ ਦਿੱਤਾ ਗਿਆ ਹੈ, ਸੋਸ਼ਲ ਮੀਡੀਆ 'ਤੇ ਹੋਏ ਹੰਗਾਮੇ ਨੇ ਕੇਂਦਰੀ ਸੈਕੰਡਰੀ ਸਿੱਖਿਆ ਬੋਰਡ (ਸੀ.ਬੀ.ਐਸ.ਈ.) ਨੂੰ ਆਪਣੀ ਨੀਂਦ ਤੋਂ ਝੰਜੋੜ ਕੇ ਰੱਖ ਦਿੱਤਾ ਹੈ। ਇਸ ਵਿਵਾਦ ਨੇ ਪੰਜਾਬੀ ਰਾਜਨੀਤਿਕ ਸਪੈਕਟ੍ਰਮ ਵਿੱਚ ਵਿਆਪਕ ਪ੍ਰਤੀਕਿਰਿਆਵਾਂ ਪੈਦਾ ਕੀਤੀਆਂ ਹਨ ਜਿਸ ਵਿੱਚ ਭਾਸ਼ਾ ਨੂੰ ਮਿਟਾਉਣ ਅਤੇ ਸੱਭਿਆਚਾਰਕ ਅਸੰਵੇਦਨਸ਼ੀਲਤਾ ਦੇ ਦੋਸ਼ ਲਗਾਏ ਗਏ ਹਨ। ਸੀ.ਬੀ.ਐਸ.ਈ. ਇੱਕ ਨੋਟੀਫਿਕੇਸ਼ਨ ਜਾਰੀ ਕਰਕੇ ਬਾਅਦ ਵਿੱਚ ਇੱਕ ਅਧਿਕਾਰਤ ਪ੍ਰੈਸ ਨੋਟ ਰਾਹੀਂ ਸਪੱਸ਼ਟ ਕਰਕੇ ਪ੍ਰਤੀਕਿਰਿਆ ਤੋਂ ਬਚਣ ਦੇ ਯੋਗ ਹੋ ਗਿਆ ਕਿ ਇਹ ਸੂਚੀ ਸਿਰਫ਼ ਸੰਕੇਤਕ ਜਾਂ ਦ੍ਰਿਸ਼ਟਾਂਤਕ ਸੀ। ਇਹ ਸੰਖੇਪ ਲੇਖ ਨਾ ਸਿਰਫ਼ ਹਾਲੀਆ ਘਟਨਾਵਾਂ ਦੀ ਜਾਂਚ ਕਰਦਾ ਹੈ ਬਲਕਿ ਮੁੱਦੇ ਦੇ ਇਤਿਹਾਸਕ ਮੂਲ, ਰਾਜਨੀਤਿਕ ਅਤੇ ਜਨਤਕ ਪ੍ਰਤੀਕਿਰਿਆਵਾਂ, ਸੀ.ਬੀ.ਐਸ.ਈ. ਦੇ ਅਧਿਕਾਰਤ ਰੁਖ਼ ਅਤੇ ਪੰਜਾਬ ਲਰਨਿੰਗ ਆਫ਼ ਪੰਜਾਬੀ ਐਂਡ ਅਦਰ ਲੈਂਗੂਏਜਜ਼ ਐਕਟ, 2008 ਦੇ ਅਕਸਰ ਅਣਦੇਖੇ ਗਏ ਉਪਬੰਧਾਂ ਦੀ ਵੀ ਜਾਂਚ ਕਰਦਾ ਹੈ ਜੋ ਕਿ ਜਨਤਕ ਚਰਚਾ ਤੋਂ ਵੱਡੇ ਪੱਧਰ 'ਤੇ ਗੈਰਹਾਜ਼ਰ ਰਹੇ ਹਨ।

25 ਫਰਵਰੀ 2025 ਨੂੰ ਸੀ.ਬੀ.ਐਸ.ਈ. ਨੇ ਰਾਸ਼ਟਰੀ ਨੀਤੀ ਦਾ ਖਰੜਾ ਜਾਰੀ ਕੀਤਾ ਜਿਸ ਵਿੱਚ 2026 ਤੋਂ ਸ਼ੁਰੂ ਹੋਣ ਵਾਲੀਆਂ ਦੋ-ਸਾਲਾਨਾ ਬੋਰਡ ਪ੍ਰੀਖਿਆਵਾਂ ਕਰਵਾਉਣ ਲਈ ਇੱਕ ਸੋਧੀ ਹੋਈ ਯੋਜਨਾ ਦੀ ਰੂਪਰੇਖਾ ਦਿੱਤੀ ਗਈ, ਜੋ ਕਿ ਰਾਸ਼ਟਰੀ ਸਿੱਖਿਆ ਨੀਤੀ (ਐਨ.ਈ.ਪੀ.) 2020 ਦੇ ਅਨੁਸਾਰ ਸੀ। ਦਸਤਾਵੇਜ਼ ਨੇ ਵਿਸ਼ਿਆਂ ਨੂੰ ਦੋ ਸ਼੍ਰੇਣੀਆਂ ਵਿੱਚ ਸ਼੍ਰੇਣੀਬੱਧ ਕੀਤਾ: ਖੇਤਰੀ/ਵਿਦੇਸ਼ੀ ਭਾਸ਼ਾਵਾਂ ਅਤੇ ਹੋਰ ਵਿਸ਼ੇ।

ਹੈਰਾਨੀ ਦੀ ਗੱਲ ਹੈ ਕਿ ਸੂਚੀਬੱਧ ਖੇਤਰੀ ਭਾਸ਼ਾਵਾਂ ਵਿੱਚੋਂ ਪੰਜਾਬੀ (ਵਿਸ਼ਾ ਕੋਡ 004) ਗੈਰਹਾਜ਼ਰ ਸੀ ਜਦੋਂ ਕਿ ਸੰਸਕ੍ਰਿਤ, ਉਰਦੂ, ਮਰਾਠੀ ਅਤੇ ਗੁਜਰਾਤੀ ਵਰਗੀਆਂ ਭਾਸ਼ਾਵਾਂ ਸ਼ਾਮਲ ਸਨ। ਇਸ ਭੁੱਲ ਤੋਂ ਬਾਅਦ ਤੁਰੰਤ ਵਿਰੋਧ ਸ਼ੁਰੂ ਹੋ ਦਿੱਤਾ, ਖਾਸ ਕਰਕੇ ਪੰਜਾਬ ਤੋਂ, ਜਿੱਥੇ ਰਾਜ ਦੇ ਸਿੱਖਿਆ ਮੰਤਰੀ ਹਰਜੋਤ ਸਿੰਘ ਬੈਂਸ ਨੇ ਸੀ.ਬੀ.ਐਸ.ਈ. ਤੇ ਪਾਠਕ੍ਰਮ ਵਿੱਚੋਂ ਪੰਜਾਬੀ ਨੂੰ ਮਿਟਾਉਣ ਲਈ

ਜਾਣਬੁੱਝ ਕੇ ਕੀਤੇ ਗਏ ਕਦਮ ਦਾ ਦੋਸ਼ ਲਗਾਇਆ। ਪੰਜਾਬੀ ਨੂੰ ਪੰਜਾਬ ਦੀ ਸਰਕਾਰੀ ਭਾਸ਼ਾ ਵਜੋਂ ਦਰਜਾ ਅਤੇ ਸੀ.ਬੀ.ਐਸ.ਈ. ਸਿਲੇਬਸ ਵਿੱਚ ਇਸਦੀ ਲੰਬੇ ਸਮੇਂ ਤੋਂ ਮੌਜੂਦਗੀ ਨੂੰ ਦੇਖਦੇ ਹੋਏ ਇਸ ਬੇਦਖਲੀ ਨੂੰ ਰਾਜ ਅਤੇ ਖੇਤਰ ਦੀ ਭਾਸ਼ਾਈ ਪਛਾਣ ਦਾ ਸਿੱਧਾ ਅਪਮਾਨ ਮੰਨਿਆ ਗਿਆ।

ਇਸ ਵਿਵਾਦ ਦੇ ਵਿਚਕਾਰ ਬਹੁਤ ਸਾਰੇ ਲੋਕਾਂ ਨੇ ਪੰਜਾਬ ਲਰਨਿੰਗ ਆਫ਼ ਪੰਜਾਬੀ ਐਂਡ ਅਦਰ ਲੈਂਗੂਏਜਜ਼ ਐਕਟ, 2008 ਦੇ ਉਪਬੰਧਾਂ ਨੂੰ ਨਜ਼ਰਅੰਦਾਜ਼ ਕਰ ਦਿੱਤਾ ਹੈ। ਪ੍ਰਕਾਸ਼ ਸਿੰਘ ਬਾਦਲ ਸਰਕਾਰ ਦੇ ਕਾਰਜਕਾਲ, ਜਿਸ ਵਿੱਚ ਭਾਜਪਾ ਇੱਕ ਸਰਗਰਮ ਸਹਿਯੋਗੀ ਸੀ, ਦੌਰਾਨ ਪੰਜਾਬ ਵਿਧਾਨ ਸਭਾ ਵਿੱਚ ਸਰਬਸੰਮਤੀ ਨਾਲ ਪਾਸ ਹੋਏ ਇਸ ਕਾਨੂੰਨ ਨੇ ਪਹਿਲੀ ਤੋਂ ਦਸਵੀਂ ਜਮਾਤ ਤੱਕ ਸੂਬੇ ਦੇ ਸਾਰੇ ਸਕੂਲਾਂ ਵਿੱਚ ਪੰਜਾਬੀ ਦੀ ਪੜ੍ਹਾਈ ਲਾਜ਼ਮੀ ਕਰ ਦਿੱਤੀ। ਇਹ ਕਹਿਣਾ ਕਾਫ਼ੀ ਹੈ ਕਿ ਬਿੱਲ ਨੂੰ ਆਖਰੀ ਸਮੇਂ 'ਤੇ, ਸਪੀਕਰ ਸਰਦਾਰ ਨਿਰਮਲ ਸਿੰਘ ਕਾਹਲੋਂ ਦੀ ਵਿਸ਼ੇਸ਼ ਆਗਿਆ ਨਾਲ ਪੇਸ਼ ਕੀਤਾ ਗਿਆ ਸੀ, ਜਿਸ ਨਾਲ ਭਾਜਪਾ ਮੰਤਰੀਆਂ - ਜੋ ਕਿ ਅਕਾਲੀ ਦਲ ਸਰਕਾਰ ਦੇ ਇੱਕ ਲਾਜ਼ਮੀ ਸਹਿਯੋਗੀ ਸਨ - ਨੂੰ ਇਸ ਦੀ ਕੋਈ ਭਿਣਕ ਵੀ ਨਹੀਂ ਸੀ। ਪਾਸ ਹੋਣ ਤੋਂ ਪਹਿਲਾਂ ਬਾਰੀਕ ਪ੍ਰਿੰਟ ਦੀ ਜਾਂਚ ਕਰਨ ਲਈ ਕੋਈ ਸਮਾਂ ਨਾ ਹੋਣ ਕਰਕੇ, ਉਨ੍ਹਾਂ ਨੇ ਆਪਣੇ ਆਪ ਨੂੰ ਉਦਾਸ ਪਾਇਆ ਜਦੋਂ ਉਨ੍ਹਾਂ ਨੂੰ ਬਾਅਦ ਵਿੱਚ ਕਾਨੂੰਨ ਦੇ ਪੂਰੇ ਅਰਥਾਂ ਦਾ ਅਹਿਸਾਸ ਹੋਇਆ। ਇਹ ਐਕਟ ਤੀਜੀ ਤੋਂ ਅੱਠਵੀਂ ਜਮਾਤ ਤੱਕ ਹਿੰਦੀ ਪੜ੍ਹਾਉਣ ਨੂੰ ਵੀ ਲਾਜ਼ਮੀ ਕਰਦਾ ਹੈ, ਜਦੋਂ ਕਿ ਸਪੱਸ਼ਟ ਤੌਰ 'ਤੇ ਇਹ ਕਹਿੰਦਾ ਹੈ ਕਿ ਅੰਗਰੇਜ਼ੀ ਪੜ੍ਹਾਉਣ 'ਤੇ ਕੋਈ ਪਾਬੰਦੀ ਨਹੀਂ ਹੈ। ਹਾਲਾਂਕਿ, ਕਾਨੂੰਨ ਸਿੱਖਿਆ ਦੇ ਮਾਧਿਅਮ 'ਤੇ ਚੁੱਪ ਹੈ। ਕਾਨੂੰਨੀ ਮਾਹਿਰਾਂ ਦਾ ਤਰਕ ਹੈ ਕਿ ਕਿਉਂਕਿ ਸਿੱਖਿਆ ਸਮਕਾਲੀ ਸੂਚੀ ਵਿੱਚ ਇੱਕ ਵਿਸ਼ਾ ਹੈ, ਇਸ ਲਈ ਇੱਕ ਰਾਜ ਕਾਨੂੰਨ ਆਪਣੀ ਇੱਛਾ ਸੀ.ਬੀ. ਐਸ. ਸੀ. 'ਤੇ ਨਹੀਂ ਥੋਪ ਸਕਦਾ ਜੋ ਕਿ ਕੇਂਦਰ ਸਰਕਾਰ ਦੇ ਅਧੀਨ ਇੱਕ ਕਾਨੂੰਨੀ ਸੰਸਥਾ ਹੈ।

ਹਾਲਾਂਕਿ, ਇਹ ਐਕਟ ਪਹਿਲੀ ਨਜ਼ਰੇ ਕਿਸੇ ਵੀ ਕੇਂਦਰੀ ਕਾਨੂੰਨ ਦਾ ਖੰਡਨ ਨਹੀਂ ਕਰਦਾ ਹੈ ਅਤੇ ਇਸ ਤਰ੍ਹਾਂ ਪੰਜਾਬ ਦੇ ਰਾਜਪਾਲ ਦੁਆਰਾ ਇਸਨੂੰ ਭਾਰਤ ਦੇ ਰਾਸ਼ਟਰਪਤੀ ਦੀ ਸਹਿਮਤੀ ਲਈ ਰਾਖਵਾਂ ਰੱਖੇ ਬਿਨਾਂ ਮਨਜ਼ੂਰੀ ਦਿੱਤੀ ਗਈ ਸੀ।

ਖਾਸ ਤੌਰ 'ਤੇ ਮਹੱਤਵਪੂਰਨ ਪਰ ਵਿਵਾਦਪੂਰਨ ਵਿਵਸਥਾ - ਖਾਸ ਕਰਕੇ ਪੰਜਾਬ ਵਿੱਚ ਹਿੰਦੀ ਲਾਗੂ ਕਰਨ ਦੇ ਕੁਝ ਸਮਰਥਕਾਂ ਲਈ - ਐਕਟ ਦੀ ਧਾਰਾ 3(2) ਹੈ, ਜੋ ਸਪੱਸ਼ਟ ਤੌਰ 'ਤੇ ਕਹਿੰਦੀ ਹੈ:

ਫ਼ਤੋਟ;ਕੋਈ ਵੀ ਬੋਰਡ ਜਾਂ ਸੰਸਥਾ ਕਿਸੇ ਵੀ ਵਿਦਿਆਰਥੀ ਨੂੰ ਦਸਵੀਂ ਜਮਾਤ ਦਾ ਸਰਟੀਫਿਕੇਟ ਨਹੀਂ ਦੇਵੇਗੀ, ਜਦੋਂ ਤੱਕ ਕਿ ਉਸਨੇ ਪੰਜਾਬੀ ਵਿਸ਼ੇ ਵਿੱਚ ਦਸਵੀਂ ਜਮਾਤ ਦੀ ਪ੍ਰੀਖਿਆ ਪਾਸ ਨਾ ਕੀਤੀ ਹੋਵੇ। ਇਹ ਇੱਕ ਬੁਨਿਆਦੀ ਸਵਾਲ ਖੜ੍ਹਾ ਕਰਦਾ ਹੈ: ਕੀ ਸੀ.ਬੀ.ਐਸ.ਈ. ਇਸ ਕਾਨੂੰਨ ਦੀ ਪਾਲਣਾ ਕੀਤੇ ਬਿਨਾਂ ਪੰਜਾਬ ਵਿੱਚ ਦਸਵੀਂ ਜਮਾਤ ਦੇ ਸਰਟੀਫਿਕੇਟ ਕਾਨੂੰਨੀ ਤੌਰ 'ਤੇ ਜਾਰੀ ਕਰ ਸਕਦਾ ਹੈ ? ਜੇਕਰ ਸੀ.ਬੀ.ਐਸ.ਈ. ਇਸ ਵਿਵਸਥਾ ਦੀ ਅਣਦੇਖੀ ਕਰਦਾ ਰਹਿੰਦਾ ਹੈ ਅਤੇ ਪੰਜਾਬੀ ਨਾ ਪੜ੍ਹੇ ਵਿਦਿਆਰਥੀਆਂ ਨੂੰ ਸਰਟੀਫਿਕੇਟ ਜਾਰੀ ਕਰਨਾ ਜਾਰੀ ਰੱਖਦਾ ਹੈ, ਤਾਂ ਇਹ ਪੰਜਾਬ ਦੇ ਕਾਨੂੰਨ ਦੀ ਸਿੱਧੀ ਉਲੰਘਣਾ ਹੋ ਸਕਦੀ ਹੈ। ਪੰਜਾਬ ਸਰਕਾਰ ਨੂੰ ਇਸ ਕਾਨੂੰਨੀ ਲੋੜ ਨੂੰ ਲਾਗੂ ਕਰਨ ਲਈ ਸੀ.ਬੀ.ਐਸ.ਈ. ਨੂੰ ਅਦਾਲਤ ਵਿੱਚ ਲਿਜਾਣ ਬਾਰੇ ਵਿਚਾਰ ਕਰਨਾ ਚਾਹੀਦਾ ਹੈ, ਖਾਸ ਕਰਕੇ ਜੇਕਰ ਸੀ.ਬੀ.ਐਸ.ਈ., ਭਾਜਪਾ ਦੀ ਅਗਵਾਈ ਵਾਲੀ ਕੇਂਦਰ ਸਰਕਾਰ ਦੇ ਇੱਕ ਸਾਧਨ ਵਜੋਂ ਕੰਮ ਕਰ ਰਿਹਾ ਹੈ। ਨਵੀਂ ਸਿੱਖਿਆ ਨੀਤੀ (ਐਨਈਪੀ) 2020 ਦੀ ਆੜ ਵਿੱਚ ਗੈਰ-ਹਿੰਦੀ ਬੋਲਣ ਵਾਲੇ ਰਾਜਾਂ ਵਿੱਚ ਆਪਣੀ ਹਿੰਦੀ-ਪ੍ਰਮੁੱਖ ਸਿੱਖਿਆ ਨੀਤੀ ਨੂੰ ਅੱਗੇ ਵਧਾਉਣ 'ਤੇ ਕਾਇਮ ਰਹਿੰਦਾ ਹੈ। ਇੱਕ ਸੁਮੇਲ ਵਿਆਖਿਆ ਸੁਝਾਅ ਦਿੰਦੀ ਹੈ ਕਿ ਜਦੋਂ ਕਿ ਪੰਜਾਬੀ ਪੜ੍ਹਾਈ ਜਾਣੀ ਚਾਹੀਦੀ ਹੈ, ਵਿਦਿਆਰਥੀਆਂ ਕੋਲ 9ਵੀਂ ਜਮਾਤ ਤੋਂ ਬਾਅਦ ਚੋਣਵੇਂ ਤੌਰ 'ਤੇ ਪੰਜਾਬੀ ਜਾਂ ਹਿੰਦੀ ਚੁਣਨ ਦਾ ਵਿਕਲਪ ਹੋ ਸਕਦਾ ਹੈ। ਹਾਲਾਂਕਿ, ਇਹ ਵਿਆਖਿਆ ਵਿਵਾਦਪੂਰਨ ਬਣੀ ਹੋਈ ਹੈ ਅਤੇ ਅੰਤ ਵਿੱਚ ਨਿਆਂਇਕ ਸਪਸ਼ਟੀਕਰਨ ਦੀ ਲੋੜ ਹੋ ਸਕਦੀ ਹੈ।

ਐਕਟ ਦੀ ਧਾਰਾ 7 ਪੰਜਾਬ ਸਰਕਾਰ ਨੂੰ ਆਪਣੇ ਉਪਬੰਧਾਂ ਤੋਂ ਵਿਦਿਆਰਥੀਆਂ ਦੀਆਂ ਖਾਸ ਸ਼੍ਰੇਣੀਆਂ - ਜਿਵੇਂ ਕਿ ਰੱਖਿਆ ਕਰਮਚਾਰੀਆਂ ਅਤੇ ਵਿਦੇਸ਼ੀ ਨਾਗਰਿਕਾਂ ਦੇ ਬੱਚੇ - ਨੂੰ ਛੋਟ ਦੇਣ ਦਾ ਅਧਿਕਾਰ ਦਿੰਦੀ ਹੈ। ਹਾਲਾਂਕਿ, ਸਕੂਲਾਂ ਲਈ ਖੁਦ ਅਜਿਹੀ ਕੋਈ ਛੋਟ ਉਪਲਬਧ ਨਹੀਂ ਹੈ। ਗੈਰ-ਪਾਲਣਾ ਕਰਨ ਵਾਲੀਆਂ ਸੰਸਥਾਵਾਂ ਨੂੰ ਵਧਦੇ ਸਿਵਲ ਵਿੱਤੀ ਜੁਰਮਾਨਿਆਂ ਦਾ ਸਾਹਮਣਾ ਕਰਨਾ ਪੈਂਦਾ ਹੈ, ਹਾਲਾਂਕਿ ਐਕਟ ਅਪਰਾਧਿਕ ਮੁਕੱਦਮੇਬਾਜ਼ੀ ਨਿਰਧਾਰਤ ਕਰਨ ਤੋਂ ਗੁਰੇਜ਼ ਕਰਦਾ ਹੈ।

ਪੰਜਾਬ ਵਿੱਚ ਪਾਰਟੀ ਲਾਈਨਾਂ ਤੋਂ ਪਾਰ ਵਿਵਾਦ, ਵੱਖ-ਵੱਖ ਧੜਿਆਂ ਦੇ ਨੇਤਾਵਾਂ ਨੇ ਸੀ.ਬੀ.ਐਸ.ਈ. ਦੇ ਫੈਸਲੇ ਦੀ ਨਿੰਦਾ ਕੀਤੀ। ਪੰਜਾਬ ਦੇ ਸਿੱਖਿਆ ਮੰਤਰੀ ਨੇ ਇਸ ਭੁੱਲ ਦੀ ਆਲੋਚਨਾ ਕਰਦੇ ਹੋਏ ਦਲੀਲ ਦਿੱਤੀ ਕਿ ਭਾਰਤ ਵਿੱਚ ਪੰਜਾਬੀ ਦੀ ਵਿਆਪਕ ਮੌਜੂਦਗੀ ਅਤੇ ਇਸਦੀ ਸੱਭਿਆਚਾਰਕ ਮਹੱਤਤਾ ਨੇ ਸੀਬੀਐਸਈ ਦੀ ਖੇਤਰੀ ਭਾਸ਼ਾਵਾਂ ਦੀ ਸੂਚੀ ਵਿੱਚ ਇਸਨੂੰ ਸ਼ਾਮਲ ਕਰਨ ਦੀ ਜ਼ਰੂਰਤ ਦਿੱਤੀ। ਸ਼੍ਰੋਮਣੀ ਅਕਾਲੀ ਦਲ (ਸ਼੍ਰੋਮਣੀ ਅਕਾਲੀ ਦਲ) ਨੇ ਇਸਨੂੰ ਪੰਜਾਬੀ ਨੂੰ ਮਿਟਾਉਣ ਦੀ ਸਾਜ਼ਿਸ਼ ਕਰਾਰ ਦਿੱਤਾ, ਜੋ ਕਿ ਹਿੰਦੀ ਲਾਗੂ ਕਰਨ ਦੇ ਤਾਮਿਲਨਾਡੂ ਦੇ ਵਿਰੋਧ ਨਾਲ ਤੁਲਨਾ ਕਰਦਾ ਹੈ। ਇਸ ਦੌਰਾਨ, ਪੰਜਾਬ ਦੇ ਮੁੱਖ ਮੰਤਰੀ, ਭਗਵੰਤ ਮਾਨ, ਇਸ ਮਾਮਲੇ 'ਤੇ ਆਪਣੀ ਕਥਿਤ ਅਯੋਗਤਾ ਲਈ ਵਿਰੋਧੀ ਨੇਤਾਵਾਂ ਦੀ ਆਲੋਚਨਾ ਦਾ ਸ਼ਿਕਾਰ ਹੋਏ। ਹਾਲਾਂਕਿ, ਪੰਜਾਬ ਭਾਜਪਾ ਦੇ ਨੇਤਾ ਦਿਲਚਸਪ ਤੌਰ 'ਤੇ ਚੁੱਪ ਸਨ। ਅਕਾਲੀ ਦਲ ਦੇ ਬਿਕਰਮ ਸਿੰਘ ਮਜੀਠੀਆ ਵਰਗੀਆਂ ਰਾਜਨੀਤਿਕ ਹਸਤੀਆਂ, ਜਿਨ੍ਹਾਂ ਦਾ ਪਰਿਵਾਰ ਖ਼ਾਲਸਾ ਕਾਲਜ ਅੰਮ੍ਰਿਤਸਰ ਦੀ ਸਥਾਪਨਾ ਅਤੇ ਪ੍ਰਬੰਧਨ ਨਾਲ ਨੇੜਿਓਂ ਜੁੜਿਆ ਹੋਇਆ ਹੈ, ਨੇ ਪੰਜਾਬੀ ਦੀ ਵਿਸ਼ਵਵਿਆਪੀ ਮਹੱਤਤਾ ਨੂੰ ਰੇਖਾਂਕਿਤ ਕੀਤਾ। ਉਨ੍ਹਾਂ ਨੇ ਉਜਾਗਰ ਕੀਤਾ ਕਿ ਇਹ ਭਾਸ਼ਾ ਦੁਨੀਆਂ ਭਰ ਦੇ ਲੱਖਾਂ ਲੋਕਾਂ ਦੁਆਰਾ ਬੋਲੀ ਜਾਂਦੀ ਹੈ ਅਤੇ ਖਾਸ ਕਰਕੇ ਪੰਜਾਬ ਵਿੱਚ, ਵਧੇਰੇ ਸੰਸਥਾਗਤ ਅਤੇ ਅਧਿਕਾਰਤ ਮਾਨਤਾ ਦੀ ਹੱਕਦਾਰ ਹੈ।

ਇਹ ਪਹਿਲੀ ਵਾਰ ਨਹੀਂ ਹੈ ਜਦੋਂ ਸੀ.ਬੀ.ਐਸ.ਈ. ਨੂੰ ਪੰਜਾਬੀ ਬਾਰੇ ਆਲੋਚਨਾ ਦਾ ਸਾਹਮਣਾ ਕਰਨਾ ਪਿਆ ਹੋਵੇ। 2021 ਵਿੱਚ ਵੀ ਇਸੇ ਤਰ੍ਹਾਂ ਦਾ ਵਿਵਾਦ ਖੜ੍ਹਾ ਹੋਇਆ ਸੀ ਜਦੋਂ ਬੋਰਡ ਨੇ ਪ੍ਰਸ਼ਾਸਕੀ ਸਹੂਲਤ ਲਈ ਪੰਜਾਬੀ ਨੂੰ ਛੋਟੇ ਵਿਸ਼ੇ ਵਜੋਂ ਸ਼੍ਰੇਣੀਬੱਧ ਕੀਤਾ ਸੀ। ਇਸ ਫੈਸਲੇ ਦਾ ਪੰਜਾਬ ਦੇ ਤਤਕਾਲੀ ਮੁੱਖ ਮੰਤਰੀ ਚਰਨਜੀਤ ਸਿੰਘ ਚੰਨੀ ਵੱਲੋਂ ਸਖ਼ਤ ਵਿਰੋਧ ਕੀਤਾ ਗਿਆ ਸੀ, ਜਿਨ੍ਹਾਂ ਨੇ ਸੀ.ਬੀ.ਐਸ.ਈ. 'ਤੇ ਸੰਘੀ ਸਿਧਾਂਤਾਂ ਦੀ ਉਲੰਘਣਾ ਕਰਨ ਦਾ ਦੋਸ਼ ਲਗਾਇਆ ਸੀ।

(ਬਾਕੀ ਸਫ਼ਾ 31 'ਤੇ)

# ਕੀ ਭਾਰਤ 2047 ਤੱਕ ਵਿਕਸਿਤ ਦੇਸ਼ਾਂ ਦੀ ਕਤਾਰ 'ਚ ਸ਼ਾਮਿਲ ਹੋ ਜਾਵੇਗਾ ?



ਕੇਸਰ ਸਿੰਘ ਭੰਗੂ
ਸਾਬਕਾ ਡੀਨ ਅਤੇ ਪ੍ਰੋਫ਼ੈਸਰ
ਪੰਜਾਬੀ ਯੂਨੀਵਰਸਿਟੀ ਪਟਿਆਲਾ।

ਅੱਜਕੱਲ੍ਹ ਪ੍ਰਧਾਨ ਮੰਤਰੀ ਤੋਂ ਲੈ ਕੇ ਸਾਰੇ ਮੰਤਰੀਆਂ ਅਤੇ ਹੋਰ ਸਰਕਾਰੀ ਅਧਿਕਾਰੀਆਂ ਵੱਲੋਂ ਹਰ ਮੰਚ 'ਤੇ ਇਹ ਜ਼ੋਰ-ਸ਼ੋਰ ਨਾਲ ਪ੍ਰਚਾਰਿਆ ਜਾ ਰਿਹਾ ਹੈ ਕਿ ਭਾਰਤ 2047 ਤੱਕ ਵਿਕਸਿਤ ਦੇਸ਼ਾਂ ਦੀ ਕਤਾਰ 'ਚ ਸ਼ਾਮਿਲ ਹੋ ਜਾਵੇਗਾ। ਇਹ ਪ੍ਰਚਾਰ ਇੰਨਾ ਜ਼ਬਰਦਸਤ ਹੈ, ਜਚਾਇਆ ਵੀ ਜਾ ਰਿਹਾ ਹੈ ਅਤੇ ਕਈ ਵੇਰੀ ਭੁਲੇਖਾ ਪੈਣ ਲੱਗ ਜਾਂਦਾ ਹੈ ਕਿ ਦੇਸ਼ ਅੱਜ ਹੀ ਇੱਕ ਵਿਕਸਿਤ ਦੇਸ਼ ਬਣ ਗਿਆ ਹੈ, ਹੈਰਾਨੀ ਦੀ ਗੱਲ ਤਾਂ ਇਹ ਹੈ ਕਿ ਬਹੁਤ ਸਾਰੇ ਨੇਤਾ ਵਿਕਸਿਤ ਭਾਰਤ ਕਹਿ ਕੇ ਹੀ ਸੰਬੋਧਨ ਕਰਨ ਲੱਗ ਪਏ ਹਨ। ਇਸ ਲਈ ਇਹ ਜ਼ਰੂਰੀ ਹੋ ਜਾਂਦਾ ਹੈ ਕਿ ਇਹ ਵੇਖਿਆ ਜਾਵੇ ਕਿ ਕੀ ਸਾਡਾ ਦੇਸ਼ ਸੱਚਮੁੱਚ ਹੀ 2047 ਤੱਕ ਵਿਕਸਿਤ ਦੇਸ਼ਾਂ ਦੀ ਕਤਾਰ 'ਚ ਸ਼ਾਮਿਲ ਹੋ ਜਾਵੇਗਾ ਕਿ ਨਹੀਂ ? ਦੇਸ਼ ਦੀ ਸੱਤਾਧਾਰੀ ਪਾਰਟੀ ਅਤੇ ਮੌਜੂਦਾ ਸਰਕਾਰ ਵੱਲੋਂ ਦੇਸ਼ ਦੀ ਆਰਥਿਕਤਾ ਦੇ ਦੋ ਅਹਿਮ ਮੁੱਦਿਆਂ ਨੂੰ ਉਭਾਰਿਆ ਜਾ ਰਿਹਾ ਹੈ, ਪਹਿਲਾ, ਕਿ ਭਾਰਤ ਜਲਦ ਹੀ ਕੁੱਲ ਘਰੇਲੂ ਪੈਦਾਵਾਰ ਦੇ ਹਿਸਾਬ ਨਾਲ ਦੁਨੀਆਂ ਦੀ ਤੀਜੀ ਸਭ ਤੋਂ ਵੱਡੀ ਅਰਥਵਿਵਸਥਾ ਬਣ ਜਾਵੇਗੀ। ਦੂਜਾ, ਭਾਰਤ 2047 ਤੱਕ ਦੁਨੀਆਂ ਦੇ ਵਿਕਸਿਤ ਦੇਸ਼ਾਂ 'ਚ ਸ਼ਾਮਿਲ ਹੋ ਜਾਵੇਗਾ। ਜਿਥੋਂ ਤੱਕ ਪਹਿਲੇ ਮੁੱਦੇ ਦਾ ਸੰਬੰਧ ਹੈ, ਅੰਤਰਰਾਸ਼ਟਰੀ ਮੁਦਰਾ ਕੋਸ਼ ਨੇ ਵੀ ਅੰਦਾਜ਼ਾ ਲਗਾਇਆ ਹੈ ਕਿ ਭਾਰਤ 2027 ਤੱਕ ਕੁੱਲ ਘਰੇਲੂ ਪੈਦਾਵਾਰ ਦੇ ਹਿਸਾਬ ਨਾਲ ਜਾਪਾਨ ਅਤੇ ਜਰਮਨੀ ਨੂੰ ਪਛਾੜ ਕੇ ਦੁਨੀਆਂ ਦੀ ਅਮਰੀਕਾ ਅਤੇ ਚੀਨ ਤੋਂ ਬਾਅਦ ਸਭ ਤੋਂ ਵੱਡੀ ਤੀਜੀ ਅਰਥਵਿਵਸਥਾ ਵਾਲਾ ਦੇਸ਼ ਬਣ ਜਾਵੇਗਾ। ਪਹਿਲਾਂ, ਭਾਰਤ ਇਸ ਦਰਜਾਬੰਦੀ 'ਚ 7ਵੇਂ ਸਥਾਨ 'ਤੇ ਸੀ, ਪਰ ਅੱਜਕੱਲ੍ਹ ਅਮਰੀਕਾ, ਚੀਨ, ਜਾਪਾਨ ਅਤੇ ਜਰਮਨੀ ਤੋਂ ਬਾਅਦ ਪੰਜਵੇਂ ਸਥਾਨ 'ਤੇ ਹੈ। ਅੰਤਰਰਾਸ਼ਟਰੀ ਮੁਦਰਾ ਕੋਸ਼ ਦੇ ਇੱਕ ਹੋਰ ਤਰੀਕੇ ਦੇ ਅੰਦਾਜ਼ੇ ਮੁਤਾਬਿਕ, ਭਾਵ ਖ਼ਰੀਦ ਸ਼ਕਤੀ ਬਰਾਬਰਤਾ ਦੇ ਹਿਸਾਬ ਨਾਲ, ਭਾਰਤ ਅੱਜ ਹੀ, ਚੀਨ ਅਤੇ ਅਮਰੀਕਾ ਤੋਂ ਬਾਅਦ, ਦੁਨੀਆਂ ਦੀ ਤੀਜੀ ਵੱਡੀ ਅਰਥਵਿਵਸਥਾ ਹੈ। ਇਸ ਹਿਸਾਬ ਨਾਲ 2024 'ਚ ਚੀਨ ਦੀ ਕੁੱਲ ਘਰੇਲੂ ਪੈਦਾਵਾਰ 35.26 ਟ੍ਰਿਲੀਅਨ ਡਾਲਰ, ਅਮਰੀਕਾ ਦੀ 27.74 ਟ੍ਰਿਲੀਅਨ ਡਾਲਰ ਅਤੇ ਭਾਰਤ ਦੀ 14.17 ਟ੍ਰਿਲੀਅਨ ਡਾਲਰ ਹੈ। ਖ਼ਰੀਦ ਸ਼ਕਤੀ ਬਰਾਬਰਤਾ ਦੇ ਹਿਸਾਬ ਨਾਲ ਭਾਰਤ ਦੀ 2024 'ਚ ਪ੍ਰਤੀ ਵਿਅਕਤੀ ਆਮਦਨ 11942 ਡਾਲਰ ਹੈ ਅਤੇ ਦੇਸ਼ ਦਾ ਦੁਨੀਆਂ 'ਚ 119ਵਾਂ ਸਥਾਨ ਹੈ। ਜਿੱਥੋਂ ਤੱਕ ਦੂਜੇ ਮੁੱਦੇ ਦਾ ਸੰਬੰਧ ਹੈ, ਇਸ ਸੰਬੰਧੀ ਕਾਫ਼ੀ ਵਿਚਾਰ ਚਰਚਾ ਅਤੇ ਮਹੱਤਵਪੂਰਨ ਤੱਥਾਂ ਦਾ ਵਿਸ਼ਲੇਸ਼ਣ ਕਰਕੇ ਹੀ ਕਿਸੇ ਨਤੀਜੇ 'ਤੇ ਪਹੁੰਚਿਆ ਜਾ ਸਕਦਾ ਹੈ। ਇਹ ਬਹੁਤ ਹੀ ਮਹੱਤਵਪੂਰਨ ਹੈ ਕਿ, ਕੀ ਦੇਸ਼ ਕੁੱਲ ਘਰੇਲੂ ਪੈਦਾਵਾਰ 'ਚ ਦੁਨੀਆਂ 'ਚ ਤੀਜੇ ਨੰਬਰ 'ਤੇ ਆ ਕੇ ਵਿਕਸਿਤ ਦੇਸ਼ ਬਣ ਵੀ ਜਾਵੇਗਾ ਕਿ ਨਹੀਂ ? ਇਸ ਸੰਬੰਧੀ ਆਰਥਿਕਤਾ ਦੇ ਸਭ ਤੋਂ ਮਹੱਤਵਪੂਰਨ ਸੂਚਕ, ਪ੍ਰਤੀ ਵਿਅਕਤੀ ਆਮਦਨ ਦੇ ਨਾਲ-ਨਾਲ ਕੁਝ ਚੋਣਵੇਂ ਸੂਚਕਾਂ ਜਿਵੇਂ ਕਿ ਮਨੁੱਖੀ ਵਿਕਾਸ ਸੂਚਕ ਅੰਕ, ਖੇਤੀ 'ਚ ਲੱਗੇ ਲੋਕਾਂ ਦੀ ਗਿਣਤੀ, ਕੁਪੋਸ਼ਣ ਦਾ ਸ਼ਿਕਾਰ ਲੋਕਾਂ ਦੀ ਗਿਣਤੀ, ਭੁੱਖਮਰੀ, ਜਨਮ ਸਮੇਂ ਬੱਚਿਆਂ ਦੀ ਮੌਤ ਦਰ ਅਤੇ ਔਰਤਾਂ ਦੀ ਕੰਮ 'ਚ ਹਿੱਸੇਦਾਰੀ ਅਤੇ ਆਰਥਿਕ ਨਾਬਰਾਬਰੀਆ ਦਾ ਦੁਨੀਆਂ ਦੇ ਚੋਣਵੇਂ ਵਿਕਸਿਤ ਦੇਸ਼ਾਂ, ਜਿਨ੍ਹਾਂ ਨੂੰ ਭਾਰਤ ਨੇ ਕੁੱਲ ਘਰੇਲੂ ਪੈਦਾਵਾਰ 'ਚ ਪਛਾੜਿਆ ਹੈ ਜਾਂ ਭਵਿੱਖ 'ਚ ਪਛਾੜ ਦੇਵੇਗਾ, ਨਾਲ ਮੁਕਾਬਲਤਨ ਅਧਿਐਨ ਕੀਤਾ ਜਾਵੇਗਾ। ਵਿਸ਼ਵ ਬੈਂਕ 1987 ਤੋਂ ਕੁੱਲ ਪ੍ਰਤੀ ਵਿਅਕਤੀ ਰਾਸ਼ਟਰੀ ਆਮਦਨ ਦੇ ਹਿਸਾਬ ਨਾਲ ਦੁਨੀਆਂ ਦੇ ਦੇਸ਼ਾਂ ਨੂੰ ਵੱਖ-ਵੱਖ ਗਰੁੱਪਾਂ 'ਚ ਵੰਡਦਾ ਆ ਰਿਹਾ ਹੈ, ਜਿਵੇਂ ਕਿ ਉੱਚੀ ਆਮਦਨ ਵਾਲੇ ਦੇਸ਼ਾਂ ਦਾ ਗਰੁੱਪ, ਉਪਰਲੇ-ਮੱਧਮ ਆਮਦਨ ਵਾਲੇ ਦੇਸ਼ਾਂ ਦਾ ਗਰੁੱਪ, ਨੀਵੀਂ-ਮੱਧਮ ਆਮਦਨ ਵਾਲੇ ਦੇਸ਼ਾਂ ਦਾ ਗਰੁੱਪ ਅਤੇ ਨੀਵੀਂ ਆਮਦਨ ਵਾਲੇ ਦੇਸ਼ਾਂ ਦਾ ਗਰੁੱਪ। ਭਾਰਤ ਸ਼ੁਰੂ ਤੋਂ ਹੀ ਨੀਵੀਂ ਆਮਦਨ ਵਾਲੇ ਦੇਸ਼ਾਂ ਦੇ ਗਰੁੱਪ 'ਚ ਸ਼ਾਮਿਲ ਰਿਹਾ ਹੈ, ਜਦੋਂ ਕਿ ਅਮਰੀਕਾ, ਜਾਪਾਨ, ਫ਼ਰਾਂਸ, ਜਰਮਨੀ, ਇੰਗਲੈਂਡ, ਇਟਲੀ ਅਤੇ ਕੈਨੇਡਾ ਉੱਚੀ ਆਮਦਨ ਵਾਲੇ ਦੇਸ਼ਾਂ ਦੇ ਗਰੁੱਪ 'ਚ ਸ਼ਾਮਿਲ ਰਹੇ ਹਨ, ਜਿਨ੍ਹਾਂ ਨੂੰ ਵਿਕਸਿਤ ਦੇਸ਼ ਕਿਹਾ ਜਾਂਦਾ ਹੈ। ਭਾਰਤ 2009 'ਚ ਮਨਮੋਹਨ ਸਿੰਘ ਦੀ ਅਗਵਾਈ ਵਾਲੀ ਸਰਕਾਰ ਸਮੇਂ ਨੀਵੀਂ ਆਮਦਨ ਵਾਲੇ ਦੇਸ਼ਾਂ ਦੇ ਗਰੁੱਪ 'ਚੋਂ ਨਿਕਲ ਕੇ ਨੀਵੀਂ-ਮੱਧਮ ਆਮਦਨ ਵਾਲੇ ਦੇਸ਼ਾਂ ਦੇ ਗਰੁੱਪ 'ਚ ਸ਼ਾਮਿਲ ਹੋ ਗਿਆ ਸੀ ਅਤੇ ਹੁਣ ਤੱਕ ਉਸੇ ਗਰੁੱਪ 'ਚ ਸ਼ਾਮਲ ਹੈ, ਭਾਵੇਂ ਕਿ ਦੇਸ਼ ਦੀ ਕੁੱਲ ਘਰੇਲੂ ਪੈਦਾਵਾਰ 'ਚ ਵਾਧਾ ਹੋਇਆ ਹੈ ਅਤੇ ਦਰਜਾਬੰਦੀ 'ਚ ਉਪਰ ਆਇਆ ਹੈ। ਵਿਸ਼ਵ ਬੈਂਕ ਦੀ ਤਾਜ਼ਾ ਵੰਡ ਮੁਤਾਬਿਕ ਜਿਹੜੇ ਦੇਸ਼ਾਂ ਦੀ ਕੁੱਲ ਪ੍ਰਤੀ ਵਿਅਕਤੀ ਰਾਸ਼ਟਰੀ ਆਮਦਨ ਚਲੰਤ ਕੀਮਤਾਂ ਅਨੁਸਾਰ 14005 ਡਾਲਰ ਤੋਂ ਵੱਧ ਹੈ, ਉਹ ਉੱਚੀ ਆਮਦਨ ਵਾਲੇ ਦੇਸ਼ਾਂ ਦੇ ਗਰੁੱਪ 'ਚ ਸ਼ਾਮਿਲ ਹਨ, ਜਿਨ੍ਹਾਂ ਦੀ ਆਮਦਨ 4516 ਡਾਲਰ ਤੋਂ 14005 ਡਾਲਰ ਵਿਚਕਾਰ ਹੈ, ਉਹ ਉਪਰਲੇ-ਮੱਧਮ ਆਮਦਨ ਵਾਲੇ ਦੇਸ਼ਾਂ ਦੇ ਗਰੁੱਪ 'ਚ, ਜਿਨ੍ਹਾਂ ਦੀ ਆਮਦਨ 1146 ਡਾਲਰ ਤੋਂ 4515 ਡਾਲਰ ਵਿਚਕਾਰ ਹੈ, ਉਹ ਨੀਵੀਂ-ਮੱਧਮ ਆਮਦਨ ਵਾਲੇ ਦੇਸ਼ਾਂ ਦੇ ਗਰੁੱਪ 'ਚ ਅਤੇ ਜਿਨ੍ਹਾਂ ਦੀ ਆਮਦਨ 1145 ਡਾਲਰ ਜਾਂ ਇਸ ਤੋਂ ਘੱਟ ਹੈ, ਉਹ ਨੀਵੀਂ ਆਮਦਨ ਵਾਲੇ ਦੇਸ਼ਾਂ ਦੇ ਗਰੁੱਪ 'ਚ ਸ਼ਾਮਿਲ ਹਨ। ਇੱਥੇ ਇਹ ਵਰਨਣਯੋਗ ਹੈ ਕਿ ਜਿਹੜੇ ਦੇਸ਼ਾਂ ਨਾਲ ਭਾਰਤ ਦਾ ਕੁੱਲ ਘਰੇਲੂ ਪੈਦਾਵਾਰ 'ਚ ਮੁਕਾਬਲਾ ਹੈ, ਉਨ੍ਹਾਂ ਸਾਰੇ ਵਿਕਸਿਤ ਦੇਸ਼ਾਂ ਦੀ ਕੁੱਲ ਪ੍ਰਤੀ ਵਿਅਕਤੀ ਰਾਸ਼ਟਰੀ ਆਮਦਨ ਬਹੁਤ ਵੱਧ, ਤਕਰੀਬਨ 61420 ਡਾਲਰਾਂ ਦੇ ਨੇੜੇ ਹੈ ਅਤੇ ਉੱਚੀ ਆਮਦਨ ਵਾਲੇ ਦੇਸ਼ਾਂ ਦੇ ਗਰੁੱਪ 'ਚ ਸ਼ਾਮਿਲ ਹਨ। ਜਦੋਂ ਕਿ ਭਾਰਤ ਦੀ ਕੁੱਲ ਪ੍ਰਤੀ ਵਿਅਕਤੀ ਰਾਸ਼ਟਰੀ ਆਮਦਨ 2409 ਡਾਲਰ ਹੀ ਹੈ, ਇਸ ਤੋਂ ਅੰਦਾਜ਼ਾ ਲਗਾਇਆ ਜਾ ਸਕਦਾ ਹੈ ਕਿ ਭਾਰਤ ਕਿੰਨੇ ਲੰਮੇਂ ਸਮੇਂ ਤੋਂ ਆਪਣੀ ਕੁੱਲ ਪ੍ਰਤੀ ਵਿਅਕਤੀ ਰਾਸ਼ਟਰੀ ਆਮਦਨ 'ਚ ਲੋੜੀਂਦਾ ਵਾਧਾ ਕਰਨ 'ਚ ਕਾਮਯਾਬ ਨਹੀਂ ਹੋ ਸਕਿਆ। ਕਿਉਂਕਿ ਹੇਠਲੇ ਵਰਨਣ ਤੋਂ ਇਹ ਸਾਫ ਹੋ ਜਾਂਦਾ ਹੈ ਕਿ ਜਦੋਂ ਭਾਰਤ 2013-14 'ਚ ਕੁੱਲ ਘਰੇਲੂ ਪੈਦਾਵਾਰ ਦੇ ਹਿਸਾਬ ਨਾਲ ਦੁਨੀਆਂ 'ਚ ਨੌਵੇਂ ਸਥਾਨ 'ਤੇ ਸੀ, ਪਰ ਉਸੇ ਸਮੇਂ ਪ੍ਰਤੀ ਵਿਅਕਤੀ ਆਮਦਨ ਦੇ ਹਿਸਾਬ ਨਾਲ ਦੇਸ਼ ਦੁਨੀਆ 'ਚ 147ਵੇਂ ਸਥਾਨ 'ਤੇ ਸੀ, ਭਾਵ ਦੇਸ਼ ਕੁਝ ਟਾਪੂ ਨੁਮਾ ਅਤੇ ਘੋਰ ਗ਼ਰੀਬ ਦੇਸ਼ਾਂ ਤੋਂ ਉੱਪਰ ਹੀ ਸੀ। ਵਰਨਣਯੋਗ ਹੈ ਕਿ ਭਾਰਤ ਦਾ ਗ਼ਰੀਬ ਗੁਆਂਢੀ ਬੰਗਲਾਦੇਸ਼ ਵੀ ਪ੍ਰਤੀ ਵਿਅਕਤੀ ਆਮਦਨ 'ਚ ਭਾਰਤ ਤੋਂ ਅੱਗੇ ਹੈ। ਫਿਰ ਜਦੋਂ ਦੇਸ਼ ਕੁੱਲ ਘਰੇਲੂ ਪੈਦਾਵਾਰ ਮੁਤਾਬਿਕ 7ਵੇਂ ਸਥਾਨ 'ਤੇ ਆਇਆ ਤਾਂ ਪ੍ਰਤੀ ਵਿਅਕਤੀ ਆਮਦਨ 'ਚ ਬਹੁਤ ਘੱਟ ਵਾਧੇ ਨਾਲ ਦੇਸ਼ 141ਵੇਂ ਅਤੇ ਹੁਣ ਕੁੱਲ ਘਰੇਲੂ ਪੈਦਾਵਾਰ ਦੇ ਹਿਸਾਬ ਨਾਲ 5ਵੇਂ ਸਥਾਨ 'ਤੇ ਹੈ, ਪਰ ਪ੍ਰਤੀ ਵਿਅਕਤੀ ਆਮਦਨ 'ਚ ਮਾਮੂਲੀ ਵਾਧੇ ਨਾਲ 139ਵੇਂ ਸਥਾਨ 'ਤੇ ਹੈ। ਸਪੱਸ਼ਟ ਹੈ ਕਿ ਪ੍ਰਤੀ ਵਿਅਕਤੀ ਸਾਲਾਨਾ ਆਮਦਨ ਦੇ ਮਾਮਲੇ 'ਚ ਦੇਸ਼ ਬਹੁਤ ਪਿੱਛੇ ਹੈ। ਹੁਣ ਭਾਰਤ ਦਾ ਚੋਣਵੇਂ ਵਿਕਸਿਤ ਦੇਸ਼ਾਂ, ਅਮਰੀਕਾ, ਜਾਪਾਨ, ਫਰਾਂਸ, ਜਰਮਨੀ, ਇੰਗਲੈਂਡ, ਇਟਲੀ ਅਤੇ ਕੈਨੇਡਾ, ਨਾਲ ਚੋਣਵੇਂ ਕੁਝ ਸੂਚਕਾਂ ਜਿਵੇਂ ਕਿ ਮਨੁੱਖੀ ਵਿਕਾਸ ਸੂਚਕ, ਖੇਤੀ 'ਚ ਲੱਗੇ ਲੋਕਾਂ ਦੀ ਗਿਣਤੀ, ਕੁਪੋਸ਼ਣ ਦਾ ਸ਼ਿਕਾਰ ਲੋਕਾਂ ਦੀ ਗਿਣਤੀ, ਭੁੱਖਮਰੀ, ਜਨਮ ਸਮੇਂ ਬੱਚਿਆਂ ਦੀ ਮੌਤ ਦਰ ਅਤੇ ਔਰਤਾਂ ਦੀ ਕੰਮ 'ਚ ਹਿੱਸੇਦਾਰੀ ਅਤੇ ਆਰਥਿਕ ਨਾਬਰਾਬਰੀਆਂ ਦਾ ਮੁਕਾਬਲਤਨ ਅਧਿਐਨ ਕਰਦੇ ਹਾਂ। ਸਭ ਤੋਂ ਪਹਿਲਾਂ ਜੇ ਗੱਲ ਕਰੀਏ ਮਨੁੱਖੀ ਵਿਕਾਸ ਸੂਚਕ ਦੀ ਤਾਂ ਪਤਾ ਲਗਦਾ ਹੈ 2024 'ਚ ਇਹ ਭਾਰਤ ਦਾ 0.644 ਅਤੇ ਚੋਣਵੇਂ ਵਿਕਸਿਤ ਦੇਸ਼ਾਂ ਦਾ 0.933 ਤੋਂ ਵੱਧ ਸੀ ਅਤੇ ਇਨ੍ਹਾਂ ਦੇਸ਼ਾਂ ਦੀ ਦੁਨੀਆ ਦੇ ਦੇਸ਼ਾਂ 'ਚ ਮਨੁੱਖੀ ਵਿਕਾਸ ਸੂਚਕ ਦੀ ਦਰਜਾਬੰਦੀ ਵੀ ਉਪਰਲੇ 25 ਦੇਸ਼ਾਂ 'ਚ ਸੀ, ਜਦੋਂ ਕਿ ਭਾਰਤ ਦੀ ਦਰਜਾਬੰਦੀ 134ਵੇਂ ਨੰਬਰ 'ਤੇ ਸੀ। ਸਾਡੇ ਦੇਸ਼ ਦੀ 44 ਪ੍ਰਤੀਸ਼ਤ ਆਬਾਦੀ ਨੂੰ ਖੇਤੀ 'ਚ ਰੁਜ਼ਗਾਰ ਪ੍ਰਾਪਤ ਹੈ, ਜਦੋਂ ਕਿ ਵਿਕਸਿਤ ਦੇਸ਼ਾਂ 'ਚ ਸਿਰਫ 1 ਤੋਂ 4.1 ਪ੍ਰਤੀਸ਼ਤ ਆਬਾਦੀ ਹੀ ਖੇਤੀ 'ਚ ਲੱਗੀ ਹੋਈ ਹੈ। ਅੱਜਕੱਲ੍ਹ ਭਾਰਤ ਦੀ 13.7 ਪ੍ਰਤੀਸ਼ਤ ਆਬਾਦੀ ਕੁਪੋਸ਼ਣ ਦਾ ਸ਼ਿਕਾਰ ਹੈ, ਜਦੋਂ ਕਿ ਵਿਕਸਿਤ ਦੇਸ਼ਾਂ ਦੀ 2.5 ਪ੍ਰਤੀਸ਼ਤ ਤੋਂ 3.2 ਪ੍ਰਤੀਸ਼ਤ ਆਬਾਦੀ ਹੀ ਕੁਪੋਸ਼ਣ ਦਾ ਸ਼ਿਕਾਰ ਹੈ।

(ਬਾਕੀ ਸਫ਼ਾ 31 'ਤੇ)

# ਪੰਜਾਬ ਦੇ ਸਿੱਖਿਆ ਖੇਤਰ 'ਚ ਕਦੋਂ ਆਵੇਗੀ ਕ੍ਰਾਂਤੀ ?

ਵਿਕਰਮ ਦੇਵ ਸਿੰਘ

ਸਾਲ 2022 ਵਾਲੀਆਂ ਵਿਧਾਨ ਸਭਾ ਚੋਣਾਂ ਵਿੱਚ ਆਮ ਆਦਮੀ ਪਾਰਟੀ ਨੇ ਪੰਜਾਬ ਵਿੱਚ ਸਿੱਖਿਆ ਅਤੇ ਸਿਹਤ ਦੇ ਮੁੱਦੇ ਖਾਸ ਤੌਰ 'ਤੇ ਉਭਾਰੇ। ਇਨ੍ਹਾਂ ਖੇਤਰਾਂ ਵਿੱਚ ਵੱਡੀ ਕ੍ਰਾਂਤੀ ਲਿਆਉਣ ਦੇ ਦਾਅਵੇ ਕੀਤੇ ਅਤੇ ਦਿੱਲੀ ਦੇ ਵਿਕਾਸ ਮਾਡਲ ਦਾ ਗੁਣਗਾਨ ਕੀਤਾ। ਹੁਣ ਜਦੋਂ ਦਿੱਲੀ ਵਿੱਚ ਪਾਰਟੀ ਦੀ ਸੱਤਾ ਦਾ ਬਿਸਤਰਾ ਗੋਲ ਹੋ ਗਿਆ ਹੈ ਤਾਂ ਦਿੱਲੀ ਮਾਡਲ ਨੂੰ ਆਦਰਸ਼ ਮੰਨ ਕੇ ਪੰਜਾਬ ਵਿੱਚ ਕੀਤੇ ਜਾ ਰਹੇ ਵਿੱਦਿਅਕ ਸੁਧਾਰਾਂ 'ਤੇ ਵੀ ਸਵਾਲੀਆ ਨਿਸ਼ਾਨ ਲੱਗ ਰਹੇ ਹਨ। ਇੱਕ ਪਾਸੇ ਪੰਜਾਬ ਸਰਕਾਰ ਪ੍ਰਾਇਮਰੀ ਅਧਿਆਪਕਾਂ ਦੀ ਸਿਖਲਾਈ ਲਈ ਫਿਨਲੈਂਡ ਦੀ ਯਾਤਰਾ ਕਰਵਾਉਣ ਅਤੇ ਸਕੂਲ ਪ੍ਰਿੰਸੀਪਲਾਂ ਨੂੰ ਸਿੰਗਾਪੁਰ ਭੇਜਣ ਦਾ ਪ੍ਰਚਾਰ ਕਰ ਰਹੀ ਹੈ, ਦੂਜੇ ਪਾਸੇ ਪੰਜਾਬ ਵਿੱਚ ਸਕੂਲ ਮੁਖੀਆਂ ਅਤੇ ਅਧਿਆਪਕਾਂ ਦੀਆਂ ਹਜ਼ਾਰਾਂ ਅਸਾਮੀਆਂ ਖਾਲੀ ਹੋਣ, ਕੱਚੇ ਅਧਿਆਪਕਾਂ ਦੇ ਪੱਕੇ ਧਰਨਿਆਂ 'ਤੇ ਬੈਠਣ, ਅਧਿਆਪਕਾਂ ਦਾ ਗੈਰ-ਵਿੱਦਿਅਕ ਡਿਊਟੀਆਂ 'ਤੇ ਹੋਣ ਦੀਆਂ ਖਬਰਾਂ ਵੀ ਨਸ਼ਰ ਹੋ ਰਹੀਆਂ ਹਨ।

ਸਕੂਲਾਂ ਵਿੱਚ ਸਿੱਖਣ ਸਿਖਾਉਣ ਦੇ ਪੱਧਰ ਬਾਰੇ ਬਹੁਤ ਸਾਰੇ ਖੁਲਾਸੇ 'ਸਿੱਖਿਆ ਦੇ ਸਾਲਾਨਾ ਮਿਆਰ ਬਾਰੇ ਰਿਪੋਰਟ' (ਏ.ਐੱਸ.ਈ.ਆਰ. ਇੰਡੀਆ-2024) ਵਿੱਚ ਹੋਏ ਹਨ। ਸੂਬੇ ਦੇ 20 ਜ਼ਿਲ੍ਹਿਆਂ ਦੇ 600 ਪਿੰਡਾਂ, 11967 ਘਰਾਂ ਅਤੇ 3 ਤੋਂ 16 ਸਾਲ ਦੇ 20226 ਬੱਚਿਆਂ ਦੇ ਸਰਵੇਖਣ 'ਤੇ ਆਧਾਰਿਤ ਇਸ ਰਿਪੋਰਟ ਅਨੁਸਾਰ, ਸਰਕਾਰੀ ਸਕੂਲਾਂ ਦੇ ਪੰਜਵੀਂ ਜਮਾਤ ਦੇ 53.7% ਬੱਚੇ ਗਣਿਤ ਵਿੱਚ ਵੰਡ ਦੇ ਸਵਾਲ ਨਹੀਂ ਕੱਢ ਸਕਦੇ, ਪ੍ਰਾਈਵੇਟ ਸਕੂਲਾਂ ਦੇ ਅਜਿਹੇ ਬੱਚਿਆਂ ਦੀ ਗਿਣਤੀ 47.4% ਦੱਸੀ ਗਈ ਹੈ। ਸਾਲ 2022 ਦੇ ਮੁਕਾਬਲੇ ਸਾਧਾਰਨ ਵਾਕ ਪੜ੍ਹ ਸਕਣ ਵਾਲਿਆਂ ਦੀ ਗਿਣਤੀ 66.2 ਤੋਂ ਘਟ ਕੇ 61.4% ਰਹਿ ਗਈ ਹਾਲਾਂਕਿ ਘਟਾਓ ਦੇ ਸਵਾਲ ਕੱਢ ਸਕਣ ਵਾਲਿਆਂ ਦੀ ਗਿਣਤੀ 44.8 ਤੋਂ ਵਧ ਕੇ 51% ਹੋਈ ਹੈ। ਕੁੱਲ ਮਿਲਾ ਕੇ ਸਮੁੱਚੀ ਸਕੂਲੀ ਸਿੱਖਿਆ ਦਾ ਮਿਆਰ ਤਸੱਲੀਬਖਸ਼ ਨਹੀਂ ਜਿਸ ਪਿੱਛੇ ਰਸਮੀ ਢਾਂਚੇ ਵਿਚਲੀਆਂ ਕਮਜ਼ੋਰੀਆਂ ਤੋਂ ਇਲਾਵਾ ਬਾਲ ਮਨਾਂ ਦਾ ਅੰਧਾਧੁੰਦ ਖਪਤ ਸੱਭਿਆਚਾਰ ਅਤੇ ਮੋਬਾਈਲ ਤੇ ਸੋਸ਼ਲ ਮੀਡਿਆ ਦੀ ਦੁਰਵਰਤੋਂ ਦਾ ਸ਼ਿਕਾਰ ਹੋਣਾ ਵੀ ਜ਼ਿੰਮੇਵਾਰ ਹੈ। ਸਿੱਖਿਆ ਵਿਭਾਗ ਨੇ ਗਣਿਤ, ਅੰਗਰੇਜ਼ੀ ਅਤੇ ਪੰਜਾਬੀ ਵਿਸ਼ਿਆਂ ਦਾ ਸਿੱਖਣ ਪੱਧਰ ਦਰੁਸਤ ਕਰਨ ਲਈ ਅਪਰੈਲ 2023 ਵਿੱਚ ਮੁੱਢਲੀਆਂ ਕਿਰਿਆਵਾਂ ਆਧਾਰਿਤ 'ਮਿਸ਼ਨ ਸਮਰੱਥ' ਸ਼ੁਰੂ ਕੀਤਾ। ਇਸ ਪ੍ਰਾਜੈਕਟ ਖ਼ਾਤਿਰ ਹਰ ਵਿੱਦਿਅਕ ਸੈਸ਼ਨ ਦੌਰਾਨ ਤੈਅਸ਼ੁਦਾ ਸਿਲੇਬਸ 4-5 ਮਹੀਨੇ ਰੋਕ ਕੇ ਰੱਖਿਆ ਪਰ ਲੋੜੀਂਦੇ ਨਤੀਜੇ ਪ੍ਰਾਪਤ ਨਹੀਂ ਹੋਏ। ਮੌਜੂਦਾ ਵਿੱਦਿਅਕ ਸੈਸ਼ਨ ਦੌਰਾਨ ਤਾਂ ਪਹਿਲੇ ਪੰਜ ਮਹੀਨੇ 'ਮਿਸ਼ਨ ਸਮਰੱਥ' ਅਤੇ ਉਸ ਤੋਂ ਬਾਅਦ ਨਵੰਬਰ ਤੱਕ ਕੌਮੀ ਸਿੱਖਿਆ ਨੀਤੀ-2020 ਆਧਾਰਿਤ ਕੇਂਦਰੀ ਸਰਵੇਖਣ 'ਪਰਖ' ਦੀ ਤਿਆਰੀ ਨੂੰ ਲੈ ਕੇ ਸਿਲੇਬਸ ਨੂੰ ਤਿਲਾਂਜਲੀ ਦੇ ਦਿੱਤੀ ਗਈ। ਇਸ ਦੇ ਬਾਵਜੂਦ ਪ੍ਰੀਖਿਆਵਾਂ ਪੂਰੇ ਸਿਲੇਬਸ ਵਿੱਚੋਂ ਹੀ ਹੋਈਆਂ। ਬੱਚਿਆਂ ਦਾ



ਸਿੱਖਣ ਪੱਧਰ ਚੰਗਾ ਬਣਾਉਣ ਲਈ ਵਿਗਿਆਨਕ ਦ੍ਰਿਸ਼ਟੀਕੋਣ ਆਧਾਰਿਤ ਸੁਧਾਰਾਂ ਦਾ ਰਾਹ ਅਖ਼ਤਿਆਰ ਨਹੀਂ ਕੀਤਾ ਗਿਆ। ਇਸ ਤੋਂ ਇਲਾਵਾ ਬਿਨਾਂ ਕਿਸੇ ਸਾਲਾਨਾ ਵਿੱਦਿਅਕ ਕੈਲੰਡਰ ਤੋਂ ਪ੍ਰੀਖਿਆਵਾਂ ਦੇ ਦਿਨੀਂ ਅਧਿਆਪਕਾਂ ਨੂੰ ਸੈਮੀਨਾਰਾਂ 'ਤੇ ਤੋਰਨ, ਵਿਸ਼ਾ ਮੇਲੇ ਲਗਾਉਣ ਅਤੇ ਵਿੱਤੀ ਵਰ੍ਹੇ ਦੇ ਅਖ਼ੀਰਲੇ ਮਹੀਨੇ ਸਾਰੀਆਂ ਗ੍ਰਾਂਟਾਂ ਭੇਜ ਕੇ ਇੱਕਦਮ ਖਰਚਣ ਦੇ ਫਰਮਾਨ ਵੀ ਨਿਰਵਿਘਨ ਜਾਰੀ ਹਨ।


ਜਨਵਰੀ 2025 ਦੇ ਪਹਿਲੇ ਹਫਤੇ ਕੇਂਦਰੀ ਸਿੱਖਿਆ ਮੰਤਰਾਲੇ ਨੇ ਏਕੀਕ੍ਰਿਤ ਜ਼ਿਲ੍ਹਾ ਸੂਚਨਾ ਪ੍ਰਣਾਲੀ (ਯੂ-ਡਾਇਸ) ਦੀ ਬੁਨਿਆਦੀ ਢਾਂਚੇ ਬਾਰੇ ਸਾਲ 2023-24 ਦੀ ਰਿਪੋਰਟ ਜਾਰੀ ਕੀਤੀ ਹੈ। ਇਸ ਅਨੁਸਾਰ, ਪੰਜਾਬ ਦੇ ਸਰਕਾਰੀ ਅਤੇ ਪ੍ਰਾਈਵੇਟ ਸਕੂਲਾਂ ਵਿੱਚ ਕ੍ਰਮਵਾਰ 28,23,000 ਅਤੇ 29,02,000 ਵਿਦਿਆਰਥੀ ਪੜ੍ਹਦੇ ਹਨ। ਰਿਪੋਰਟ ਦੇ ਅੰਕੜੇ ਦੱਸਦੇ ਹਨ ਕਿ 'ਆਪ' ਸਰਕਾਰ ਦੇ ਦੂਜੇ ਸਾਲ ਵਿੱਚ ਸਰਕਾਰੀ ਸਕੂਲਾਂ ਵਿੱਚ ਪੜ੍ਹਦੇ ਵਿਦਿਆਰਥੀਆਂ ਦੀ ਗਿਣਤੀ ਪਿਛਲੇ ਸਾਲ ਦੇ ਮੁਕਾਬਲੇ 81,000 (-2.8%) ਘਟੀ ਹੈ; ਪ੍ਰਾਈਵੇਟ ਸਕੂਲਾਂ ਵਿੱਚ 1,58,000 (+5.6%) ਨਵੇਂ ਦਾਖਲੇ ਹੋਏ ਹਨ। ਇਸ ਰਿਪੋਰਟ ਵਿੱਚ ਪ੍ਰਾਈਵੇਟ ਸਕੂਲਾਂ ਦਾ ਅਧਿਆਪਕ-ਵਿਦਿਆਰਥੀ ਅਨੁਪਾਤ ਸਰਕਾਰੀ ਸਕੂਲਾਂ ਦੇ ਮੁਕਾਬਲੇ ਬਿਹਤਰ ਹੋਣ ਦਾ ਖੁਲਾਸਾ ਵੀ ਹੈ। 19242 ਸਰਕਾਰੀ ਸਕੂਲਾਂ ਵਿੱਚ ਜਿੱਥੇ 1,26,000 ਅਧਿਆਪਕ ਹਨ, ਉੱਥੇ 7704 ਪ੍ਰਾਈਵੇਟ ਸਕੂਲਾਂ ਵਿੱਚ 1,42,000 ਅਧਿਆਪਕ ਦੱਸੇ ਗਏ ਹਨ। ਡੈਮੋਕ੍ਰੈਟਿਕ ਟੀਚਰਜ਼ ਫਰੰਟ ਦੀ ਪੰਜਾਬ ਦੇ 1927 ਸਰਕਾਰੀ ਸੀਨੀਅਰ ਸੈਕੰਡਰੀ ਸਕੂਲਾਂ ਦੇ ਸਰਵੇਖਣ ਆਧਾਰਿਤ ਰਿਪੋਰਟ ਅਨੁਸਾਰ, 856 ਸਕੂਲਾਂ (44%) ਵਿੱਚ ਪ੍ਰਿੰਸੀਪਲਾਂ ਦੀ ਅਸਾਮੀ ਖਾਲੀ ਹਨ। ਇਸ ਰਿਪੋਰਟ ਅਨੁਸਾਰ, 228 ਸਿੱਖਿਆ ਬਲਾਕਾਂ ਵਿੱਚੋਂ 77 ਵਿੱਚ ਸਕੂਲ ਪ੍ਰਿੰਸੀਪਲਾਂ ਦੀਆਂ 50% ਤੋਂ ਵਧੇਰੇ ਅਸਾਮੀਆਂ ਖਾਲੀ ਹਨ, 9 ਬਲਾਕਾਂ ਵਿੱਚ ਇੱਕ ਵੀ ਪ੍ਰਿੰਸੀਪਲ ਨਹੀਂ ਅਤੇ 13 ਬਲਾਕਾਂ ਵਿੱਚ ਕੇਵਲ ਇੱਕ-ਇੱਕ ਪ੍ਰਿੰਸੀਪਲ ਹੈ। ਸਰਕਾਰੀ ਸਕੂਲਾਂ ਵਿੱਚ ਮੁੱਖ ਅਧਿਆਪਕਾਂ ਅਤੇ ਬਲਾਕ ਪ੍ਰਾਇਮਰੀ ਸਿੱਖਿਆ ਅਫਸਰਾਂ ਦੀਆਂ 40% ਤੋਂ ਵਧੇਰੇ ਅਸਾਮੀਆਂ ਖਾਲੀ ਹਨ। ਇਸ ਤੋਂ ਇਲਾਵਾ ਈਟੀਟੀ, ਮਾਸਟਰ, ਲੈਕਚਰਾਰ ਅਤੇ ਨਾਨ ਟੀਚਿੰਗ ਅਸਾਮੀਆਂ ਵੱਡੀ ਗਿਣਤੀ ਵਿੱਚ ਖਾਲੀ ਹਨ। ਇਸ ਸਮੇਂ ਦੌਰਾਨ 10,000 ਦੇ ਕਰੀਬ ਨਵੇਂ ਅਧਿਆਪਕ ਜ਼ਰੂਰ ਭਰਤੀ ਕੀਤੇ ਹਨ ਪਰ ਇਸ ਅਰਸੇ ਦੌਰਾਨ ਨਵੀਂ ਸੇਵਾ ਮੁਕਤੀ ਤੋਂ ਇਲਾਵਾ ਬਹੁਤ ਸਾਰੀਆਂ ਅਸਾਮੀਆਂ ਪਹਿਲਾਂ ਹੀ ਖਾਲੀ ਹੋਣ ਦਾ ਸਕੂਲੀ ਸਿੱਖਿਆ 'ਤੇ ਨਾਂਹ ਪੱਖੀ ਪ੍ਰਭਾਵ ਜਾਰੀ ਹੈ।

ਕੌਮੀ ਸਿੱਖਿਆ ਨੀਤੀ-2020 ਜਾਰੀ ਹੋਣ ਤੋਂ ਪਹਿਲਾਂ ਹੀ ਇਸ ਦਾ ਬਹੁਤ ਕੁਝ ਪੰਜਾਬ ਵਿੱਚ ਤਜਰਬੇ ਦੇ ਤੌਰ 'ਤੇ ਲਾਗੂ ਕਰਨ ਅਤੇ ਸਿੱਖਿਆ ਤੰਤਰ ਨੂੰ ਵਿੱਦਿਅਕ ਸਮਝ ਦੀ ਥਾਂ ਅਫਸਰੀ ਡੰਡੇ ਰਾਹੀਂ ਚਲਾ ਕੇ ਅਧਿਆਪਕਾਂ ਤੇ ਵਿਦਿਆਰਥੀਆਂ ਦੀ ਸਿਰਜਣਾਤਮਕਤਾ ਦੇ ਜੜ੍ਹੀਂ ਤੇਲ ਪਾਇਆ ਜਾ ਚੁੱਕਾ ਹੈ। 'ਆਪ' ਸਰਕਾਰ ਦੌਰਾਨ ਸਿੱਖਿਆ ਤੰਤਰ 'ਚੋਂ ਸਿੱਖਿਆ ਸ਼ਾਸਤਰੀ ਮਨਫੀ ਹੋ ਰਹੇ ਹਨ ਅਤੇ ਨੌਕਰਸ਼ਾਹੀ ਦੀ ਜਕੜ ਪਹਿਲਾਂ ਨਾਲੋਂ ਵਧ ਰਹੀ ਹੈ। ਹੁਣ ਤਾਂ ਸਿੱਖਿਆ ਡਾਇਰੈਕਟਰਾਂ ਦੇ ਸਾਰੇ ਅਹੁਦੇ ਵੀ ਸਿੱਖਿਆ ਕਾਡਰ ਤੋਂ ਖੋਹ ਕੇ ਨੌਕਰਸ਼ਾਹਾਂ (ਪੀ.ਸੀ.ਐੱਸ.) ਹਵਾਲੇ ਕਰ ਦਿੱਤੇ ਗਏ ਹਨ। ਨਿਰੋਲ ਅਕਾਦਮਿਕ ਜ਼ਿੰਮੇਵਾਰੀ ਲਈ ਜਾਣੇ ਜਾਂਦੇ ਰਾਜ ਵਿੱਦਿਅਕ ਖੋਜ ਤੇ ਸਿਖਲਾਈ ਕੌਂਸਲ (ਐੱਸ.ਸੀ.ਈ.ਆਰ.ਟੀ.) ਦੇ ਡਾਇਰੈਕਟਰ ਦਾ ਅਹੁਦਾ ਵੀ ਸੇਵਾ ਨਿਯਮਾਂ ਤੋਂ ਉਲਟ ਜਾ ਕੇ ਨੌਕਰਸ਼ਾਹੀ ਨੂੰ ਸੌਂਪ ਦਿੱਤਾ ਹੈ।

ਪੰਜਾਬ ਸਰਕਾਰ ਅਤੇ ਫਿਨਲੈਂਡ ਦੀ ਤੁਰਕੂ ਯੂਨੀਵਰਸਿਟੀ ਨੇ ਸਿੱਖਿਆ ਵਿੱਚ ਮੁਹਾਰਤ ਦੇ ਲੈਣ-ਦੇਣ ਨੂੰ ਉਤਸ਼ਾਹਿਤ ਕਰਨ ਲਈ ਸਮਝੌਤਾ ਕੀਤਾ ਹੈ। ਇਸ ਸਹਿਯੋਗ ਤਹਿਤ ਪੰਜਾਬ ਦੇ 72 ਪ੍ਰਾਇਮਰੀ ਅਧਿਆਪਕਾਂ ਨੇ ਅਕਤੂਬਰ 2024 ਦੌਰਾਨ ਫਿਨਲੈਂਡ ਵਿੱਚ ਤਿੰਨ ਹਫਤਿਆਂ ਦੇ ਸਿਖਲਾਈ ਪ੍ਰੋਗਰਾਮ ਵਿੱਚ ਭਾਗ ਲਿਆ ਜਿਸ 'ਤੇ ਸਰਕਾਰ ਦਾ ਢਾਈ ਕਰੋੜ ਰੁਪਏ ਖਰਚ ਆਇਆ। ਹੁਣ ਮਾਰਚ ਵਿੱਚ 72 ਪ੍ਰਾਇਮਰੀ ਅਧਿਆਪਕਾਂ ਦਾ ਦੂਜਾ ਸਮੂਹ ਭੇਜਣ ਦੀ ਤਿਆਰੀ ਹੈ। ਇਸੇ ਤਰ੍ਹਾਂ ਪ੍ਰਿੰਸੀਪਲਾਂ ਨੂੰ ਵੀ ਪਿਛਲੇ ਸਾਲ ਫਰਵਰੀ ਤੋਂ ਸਿੰਗਾਪੁਰ ਭੇਜਿਆ ਜਾ ਰਿਹਾ ਹੈ, ਹੁਣ ਤੱਕ 234 ਪ੍ਰਿੰਸੀਪਲ ਸਿਖਲਾਈ ਲੈ ਚੁੱਕੇ ਹਨ। ਅਧਿਆਪਕਾਂ ਅਤੇ ਸਕੂਲ ਮੁਖੀਆਂ ਦੀ ਸਿਖਲਾਈ ਪ੍ਰੋਗਰਾਮ ਨੇਪਰੇ ਚਾੜ੍ਹਨ ਲਈ ਜ਼ਿੰਮੇਵਾਰ ਜ਼ਿਆਦਾਤਰ ਜ਼ਿਲ੍ਹਾ ਸਿੱਖਿਆ ਖੋਜ ਅਤੇ ਸਿਖਲਾਈ ਸੰਸਥਾਵਾਂ (ਡਾਈਟਾਂ) ਪੱਕੇ ਸਟਾਫ ਅਤੇ ਪ੍ਰਿੰਸੀਪਲਾਂ ਪੱਖੋਂ ਲੱਗਭਗ ਖਾਲੀ ਹਨ। ਕੀ ਚੰਦ ਕੁ ਪ੍ਰਾਇਮਰੀ ਅਧਿਆਪਕਾਂ ਦੇ ਫਿਨਲੈਂਡ ਦੌਰੇ ਲੀਹੋਂ ਲੱਥੀ ਪ੍ਰਾਇਮਰੀ ਸਿੱਖਿਆ ਨੂੰ ਮੁੜ ਲੀਹ 'ਤੇ ਲਿਆ ਸਕਦੇ ਹਨ? ਫਿਨਲੈਂਡ ਤੋਂ ਮੁੜੇ ਕੁਝ ਅਧਿਆਪਕਾਂ ਨਾਲ ਸੰਵਾਦ ਕੀਤਾ ਤਾਂ ਉਨ੍ਹਾਂ ਦੱਸਿਆ ਕਿ ਫਿਨਲੈਂਡ ਦੀ ਸਕੂਲੀ ਸਿੱਖਿਆ ਦੀ ਦੇਖ ਰੇਖ ਦਾ ਮੁੱਖ ਜ਼ਿੰਮਾ ਯੂਨੀਵਰਸਿਟੀਆਂ ਕੋਲ ਹੈ। ਸਕੂਲੀ ਸਿੱਖਿਆ ਮੁਫ਼ਤ ਤੇ ਲਾਜ਼ਮੀ ਹੈ। ਲੱਗਭੱਗ ਸਾਰੇ ਸਕੂਲ ਸਰਕਾਰੀ ਹਨ। ਸਕੂਲਾਂ ਦੇ ਮਾਮਲਿਆਂ ਵਿੱਚ ਫੈਸਲਾਕੁਨ ਅਥਾਰਟੀ ਪ੍ਰਿੰਸੀਪਲ ਹੈ। ਫਿਨਲੈਂਡ ਵਿਚ ਦੇਸ਼ ਪੱਧਰ 'ਤੇ ਸਿੱਖਿਆ ਪਾਠਕ੍ਰਮ ਫਰੇਮਵਰਕ ਮੌਜੂਦ ਹੈ ਪਰ ਸਕੂਲ ਪਾਠਕ੍ਰਮ, ਸਿਲੇਬਸ ਅਤੇ ਕਿਤਾਬਾਂ ਦੀ ਚੋਣ ਦਾ ਅਧਿਕਾਰ ਸਕੂਲਾਂ ਦੀਆਂ ਸਥਾਨਕ ਪ੍ਰਬੰਧਕ ਕਮੇਟੀਆਂ ਅਤੇ ਪ੍ਰਿੰਸੀਪਲਾਂ ਕੋਲ ਹੈ। ਉੱਥੇ ਸੱਤਾ ਬਦਲਣ ਨਾਲ ਸਿੱਖਿਆ ਤੇ ਸਿਹਤ ਢਾਂਚੇ 'ਤੇ ਬਹੁਤਾ ਅਸਰ ਨਹੀਂ ਪੈਂਦਾ। (ਬਾਕੀ ਸਫ਼ਾ 30 'ਤੇ)

# ਆਪਣੇ ਆਪ 'ਚ ਕੋਈ ਗ਼ੈਰ-ਕਾਨੂੰਨੀ ਸਰਗਰਮੀ ਨਹੀਂ ਹੈ ਪਰਵਾਸ

## ਕੋਈ ਵੀ ਬੇਦਖ਼ਲੀ, ਸਰਹੱਦੀ ਨਿਯਮ ਅਤੇ ਕੰਧ ਪਰਵਾਸ ਨੂੰ ਜੜ੍ਹੋਂ ਖ਼ਤਮ ਨਹੀਂ ਕਰ ਸਕਣਗੇ



ਕ੍ਰਿਸਟੀਨ ਮੌਲੀਨਰ
ਲੇਖਕਾ ਓਪੀ ਜਿੰਦਲ ਗਲੋਬਲ ਯੂਨੀਵਰਸਿਟੀ ਵਿੱਚ ਐਸੋਸੀਏਟ ਪ੍ਰੋਫ਼ੈਸਰ ਹੈ।

ਪਹਿਲਾ ਅਮਰੀਕੀ ਫ਼ੌਜੀ ਜਹਾਜ਼ ਬੇਦਖ਼ਲ ਕੀਤੇ 104 ਭਾਰਤੀਆਂ ਨੂੰ ਲੈ ਕੇ ਜਦੋਂ ਪੰਜ ਫ਼ਰਵਰੀ ਨੂੰ ਅੰਮ੍ਰਿਤਸਰ ਉੱਤਰਿਆ ਸੀ ਉਦੋਂ ਤੋਂ ਹੀ ਭਾਰਤੀ ਮੀਡੀਆ ਵਿੱਚ ਬੇਦਖ਼ਲ ਕੀਤੇ ਗਏ ਲੋਕਾਂ ਨਾਲ ਹੋਏ ਅਮਾਨਵੀ ਸਲੂਕ ਅਤੇ ਇਸ ਮੁਤੱਲਕ ਭਾਰਤੀ ਅਹਿਲਕਾਰਾਂ ਦੇ ਰਵੱਈਏ ਬਾਰੇ ਬਹੁਤ ਸਾਰੀਆਂ ਟੀਕਾ-ਟਿੱਪਣੀਆਂ ਕੀਤੀਆਂ ਜਾ ਰਹੀਆਂ ਹਨ। ਬੇਦਖ਼ਲ ਕੀਤੇ ਵਿਅਕਤੀਆਂ ਵੱਲੋਂ ਅਪਣਾਏ ਡੰਕੀ ਰੂਟ, ਉਨ੍ਹਾਂ ਨੂੰ ਵਿਦੇਸ਼ ਭੇਜਣ ਲਈ ਉਨ੍ਹਾਂ ਦੇ ਪਰਿਵਾਰਾਂ ਵੱਲੋਂ ਜ਼ਮੀਨਾਂ ਵੇਚਣ ਜਿਹੀਆਂ ਬੇਅੰਤ ਮੁਸ਼ੱਕਤਾਂ ਝੱਲਣ ਬਾਬਤ ਦਿਲ-ਕੰਬਾਊ ਕਹਾਣੀਆਂ ਪ੍ਰਕਾਸ਼ਿਤ ਹੋਈਆਂ ਹਨ ਅਤੇ ਨਾਲ ਹੀ ਉਨ੍ਹਾਂ ਦੇ ਸਮਾਜਿਕ ਆਰਥਿਕ ਹਾਲਾਤ ਅਤੇ ਪਰਵਾਸ ਦੇ ਕਾਰਨਾਂ ਨੂੰ ਵੀ ਉਭਾਰਿਆ ਗਿਆ ਹੈ।ਪਰਵਾਸੀ ਸਿੱਖ ਭਾਈਚਾਰੇ ਬਾਰੇ 25 ਸਾਲਾਂ ਤੋਂ ਅਧਿਐਨ ਦਾ ਕੰਮ ਕਰਦਿਆਂ ਮੈਂ ਦੇਖਿਆ ਕਿ ਇਹ ਕਹਾਣੀਆਂ ਭਾਵੇਂ ਦਿਲਚਸਪ ਲੱਗਦੀਆਂ ਹਨ ਪਰ ਇਨ੍ਹਾਂ ਵਿੱਚ ਇੱਕ ਅਹਿਮ ਨੁਕਤੇ ਨੂੰ ਨਜ਼ਰਅੰਦਾਜ਼ ਕੀਤਾ ਜਾ ਰਿਹਾ ਹੈ।ਉਹ ਹੈ- ਪਰਵਾਸ ਆਪਣੇ ਆਪ ਵਿੱਚ ਕੋਈ ਗ਼ੈਰ-ਕਾਨੂੰਨੀ ਸਰਗਰਮੀ ਨਹੀਂ।ਜਿਨ੍ਹਾਂ ਦੇਸ਼ਾਂ ਵੱਲ ਪਰਵਾਸ ਸੇਧਿਤ ਸੀ, ਉਨ੍ਹਾਂ ਵੱਲੋਂ ਪਿਛਲੇ ਕੁਝ ਸਮੇਂ ਤੋਂ ਪਰਵਾਸ ਨੂੰ ਗ਼ੈਰ-ਕਾਨੂੰਨੀ ਸਰਗਰਮੀ ਵਜੋਂ ਪੇਸ਼ ਕੀਤਾ ਜਾ ਰਿਹਾ ਹੈ। ਅਮਰੀਕਾ ਵਿੱਚ ਇਹ ਕੰਮ 9/11 ਦੇ ਹਮਲੇ ਤੋਂ ਤੁਰੰਤ ਬਾਅਦ ਸ਼ੁਰੂ ਕਰ ਦਿੱਤਾ ਗਿਆ ਸੀ ਪਰ ਯੂਰੋਪ ਵਿੱਚ ਇਹ ਕੰਮ ਥੋੜ੍ਹਾ ਜਿਹਾ ਪਹਿਲਾਂ ਸ਼ੁਰੂ ਹੋ ਗਿਆ ਸੀ ਜਦੋਂ ਯੂਰੋਪੀਅਨ ਸੰਘ (ਈ.ਯੂ.) ਦੀਆਂ ਅੰਦਰੂਨੀ ਸਰਹੱਦਾਂ ਨੂੰ ਤੋੜਿਆ ਜਾ ਰਿਹਾ ਸੀ ਅਤੇ ਬਾਹਰੀ ਸਰਹੱਦਾਂ ਨੂੰ ਕਿਲੇਬੰਦ ਕੀਤਾ ਜਾ ਰਿਹਾ ਸੀ।

ਦਰਅਸਲ, ਜ਼ਮੀਨੀ ਪੱਧਰ 'ਤੇ ਪਰਵਾਸ ਵਿਰੋਧੀ ਬਿਰਤਾਂਤ ਦੀ ਬੇਰੋਕ ਨਜ਼ਰ ਆ ਰਹੀ ਲਹਿਰ ਅਤੇ ਇਸ ਦੇ ਸਿੱਟੇ ਵਜੋਂ ਵਧ ਰਹੀਆਂ ਸਰਹੱਦੀ ਰੋਕਾਂ ਕਰ ਕੇ ਗ਼ੈਰ-ਕਾਨੂੰਨੀ, ਅਪਰਾਧ ਅਤੇ ਖ਼ਤਰੇ ਦੀ ਭਾਵਨਾ ਉਹ ਮੂਲ ਐਨਕ ਬਣ ਗਏ ਜਿਨ੍ਹਾਂ ਰਾਹੀਂ ਉਨ੍ਹਾਂ ਦੇਸ਼ਾਂ ਦੀ ਸਟੇਟ/ਰਿਆਸਤ ਵੱਲੋਂ ਗਲੋਬਲ ਸਾਊਥ ਤੋਂ ਆਉਣ ਵਾਲੇ ਪਰਵਾਸੀਆਂ ਨੂੰ ਵਾਚਿਆ ਜਾ ਰਿਹਾ ਹੈ। ਮੈਂ ਜੋ ਤਰਕ ਪੇਸ਼ ਕਰ ਰਹੀ ਹਾਂ ਕਿ ਸਾਨੂੰ ਵੱਖਰੀ ਐਨਕ ਧਾਰਨ ਕਰਨੀ ਚਾਹੀਦਾ ਹੈ। ਕੌਮਾਂਤਰੀ ਪਰਵਾਸ ਅਤੇ ਦੁਆਲੇ ਬੁਣੇ ਬਿਰਤਾਂਤ ਨੂੰ ਬਦਲਣ ਅਤੇ ਇਸ ਨੂੰ ਮਾਨਵੀ ਬਣਾਉਣ ਦੀ ਕੋਸ਼ਿਸ਼ ਕਰਨੀ ਚਾਹੀਦੀ ਹੈ ।ਸਭ ਤੋਂ ਪਹਿਲਾਂ ਸਾਨੂੰ ਇਸ ਵਰਤਾਰੇ ਬਾਰੇ ਆਪਣੀ ਸ਼ਬਦਾਵਲੀ ਬਦਲਣ ਦੀ ਜ਼ਰੂਰਤ ਹੈ। ਬਹੁਤ ਸਾਰੇ ਵਿਦਵਾਨ ਅਤੇ ਕਾਰਕੁਨ ਗ਼ੈਰ-ਕਾਨੂੰਨੀ ਪਰਵਾਸੀਆਂ ਦੀ ਥਾਂ ਅਣਅਧਿਕਾਰਤ/ਦਸਤਾਵੇਜ਼ਾਂ ਤੋਂ ਬਗ਼ੈਰ ਪਰਵਾਸੀ ਸ਼ਬਦ ਦਾ ਇਸਤੇਮਾਲ ਕਰਦੇ ਹਨ ਜੋ ਇਨ੍ਹਾਂ ਲੋਕਾਂ ਨੂੰ ਦਾਗ਼ੀ ਅਤੇ ਅਪਰਾਧੀ ਬਣਾ ਦਿੰਦੇ ਹਨ। ਬੇਦਖ਼ਲ ਲੋਕਾਂ ਦਾ ਚਾਲੀ ਘੰਟਿਆਂ ਤੋਂ ਵੱਧ ਦਾ ਸਫ਼ਰ ਉਨ੍ਹਾਂ ਲਈ ਮਾਨਵੀ ਅਤੇ ਗ਼ੈਰਤ ਦੀ ਭਾਵਨਾ ਤੋਂ ਬਿਲਕੁਲ ਹੀਣਾ ਸੀ ਜਿਸ ਦੌਰਾਨ ਉਨ੍ਹਾਂ ਦੀਆਂ ਅਪਰਾਧੀਆਂ ਵਾਂਗ ਪੱਗਾਂ ਉਤਰਵਾਈਆਂ ਗਈਆਂ ਅਤੇ ਹੱਥਕੜੀਆਂ ਤੇ ਬੇੜੀਆਂ ਪਹਿਨਾਈਆਂ ਗਈਆਂ। ਜਿਸ ਨੂੰ ਅਸੀਂ ਸਾਰਿਆਂ ਨੇ ਤੱਕਿਆ ਪਰ ਭਾਰਤ ਸਰਕਾਰ ਨੇ ਇਸ ਤੋਂ ਅੱਖਾਂ ਮੀਟ ਲਈਆਂ ਅਤੇ ਉਸ ਨੂੰ ਆਪਣੇ ਨਾਗਰਿਕਾਂ ਨਾਲ ਅਜਿਹੇ ਅਪਰਾਧਿਕ ਅਤੇ ਗ਼ੈਰ-ਮਾਨਵੀ ਵਿਹਾਰ ਵਿੱਚ ਕੁਝ ਵੀ ਗ਼ਲਤ ਨਹੀਂ ਮਹਿਸੂਸ ਨਹੀਂ ਹੋਇਆ।



ਦੂਜੇ ਪਾਸੇ, ਕੋਲੰਬੀਆ ਦੇ ਰਾਸ਼ਟਰਪਤੀ ਗੁਸਤਾਵੋ ਮੈਤਰੋ ਨੇ ਪਰਵਾਸੀਆਂ ਨੂੰ ਜਿਸ ਢੰਗ ਨਾਲ ਬੇਦਖ਼ਲ ਕੀਤਾ ਜਾ ਰਿਹਾ ਹੈ, ਉਸ ਉੱਪਰ ਸਖ਼ਤ ਰੱਦੇਅਮਲ ਜ਼ਾਹਿਰ ਕੀਤਾ ਅਤੇ ਇਸ ਗੱਲ 'ਤੇ ਜ਼ੋਰ ਦਿੱਤਾ ਸੀ ਕਿ ਬੇਦਖ਼ਲ ਕੀਤੇ ਜਾਣ ਵਾਲੇ ਲੋਕਾਂ ਨਾਲ ਸਨਮਾਨਜਨਕ ਢੰਗ ਨਾਲ ਪੇਸ਼ ਆਉਣਾ ਚਾਹੀਦਾ ਹੈ। ਸ਼ੁਰੂ ਵਿੱਚ ਤਾਂ ਉਨ੍ਹਾਂ ਡਿਪੋਰਟੀਆਂ ਨੂੰ ਲੈ ਕੇ ਆਈਆਂ ਦੋ ਅਮਰੀਕੀ ਉਡਾਣਾਂ ਨੂੰ ਆਪਣੇ ਦੇਸ਼ ਵਿੱਚ ਦਾਖ਼ਲ ਹੀ ਨਹੀਂ ਹੋਣ ਦਿੱਤਾ ਪਰ ਬਾਅਦ ਵਿੱਚ ਜਦੋਂ ਟਰੰਪ ਨੇ ਕੋਲੰਬੀਆ ਦੀਆਂ ਦਰਾਮਦਾਂ ਉੱਪਰ 50 ਫ਼ੀਸਦੀ ਟੈਕਸ ਲਾਉਣ ਦੀ ਧਮਕੀ ਦਿੱਤੀ ਤਾਂ ਉਨ੍ਹਾਂ ਨੂੰ ਪਿਛਾਂਹ ਹਟਣਾ ਪਿਆ।

ਦਿੱਲੀ ਦੀ ਦੱਬੂ ਪ੍ਰਤੀਕਿਰਿਆ ਦੇ ਕਾਰਨਾਂ ਵਿੱਚ ਇੱਕ ਕਾਰਨ ਇਹ ਵੀ ਲੱਗਦਾ ਹੈ ਕਿ ਉਹ ਅਮਰੀਕੀ ਸਰਕਾਰ ਨੂੰ ਠੰਢਾ ਕਰਨਾ ਚਾਹੁੰਦੀ ਹੈ ਤੇ ਹੁਨਰਮੰਦ ਭਾਰਤੀ ਪਰਵਾਸੀਆਂ ਲਈ ਐਚ-1ਬੀ ਵੀਜ਼ੇ ਸੁਰੱਖਿਅਤ ਕਰਾਉਣਾ ਚਾਹੁੰਦੀ ਹੈ। ਹੁਨਰਮੰਦ (ਭਾਵ ਚੰਗੇ ਅਤੇ ਚਾਹੇ) ਅਤੇ ਗ਼ੈਰ-ਹੁਨਰਮੰਦ (ਭਾਵ ਮਾੜੇ ਅਤੇ ਅਣਚਾਹੇ) ਪਰਵਾਸੀਆਂ ਦੇ ਇਸ ਬਿਰਤਾਂਤ ਨੂੰ ਬਹੁਤ ਸਾਰੇ ਪੱਛਮੀ ਦੇਸ਼ਾਂ ਵਿੱਚ ਕਥਿਤ ਗ਼ੈਰ-ਹੁਨਰਮੰਦ ਪਰਵਾਸੀਆਂ ਦਾ ਸ਼ੋਸ਼ਣ ਕਰਨ ਅਤੇ ਉਨ੍ਹਾਂ ਨੂੰ ਮੂਲ ਮਨੁੱਖੀ ਹੱਕਾਂ ਤੋਂ ਵਿਰਵੇ ਰੱਖਣ ਲਈ ਵਰਤਿਆ ਜਾਂਦਾ ਹੈ।

ਅਮਰੀਕੀ ਵਿਦਵਾਨ ਨਤਾਸ਼ਾ ਇਸਕੰਦਰ ਨੇ ਕਤਰ ਵਿੱਚ ਵਿਦੇਸ਼ੀ ਕਾਮਿਆਂ ਦੇ ਤਜਰਬੇ ਬਾਰੇ ਆਪਣੀ ਕਿਤਾਬ (ਡਜ਼ ਸਕਿਲ ਮੇਕ ਅੱਸ ਹਿਊਮਨ? ਕਤਰ ਐਂਡ ਬਿਯੌਂਡ, ਪ੍ਰਿੰਸਟਨ ਯੂਨੀਵਰਸਿਟੀ ਪ੍ਰੈਸ, 2021) ਵਿੱਚ ਤਰਕ ਪੇਸ਼ ਕੀਤਾ ਹੈ ਕਿ ਹੁਨਰ ਦੀ ਧਾਰਨਾ ਵਿਦੇਸ਼ੀ ਕਾਮਿਆਂ ਦੀ ਹੱਕਾਂ ਤੱਕ ਰਸਾਈ ਨੂੰ ਪਰਿਭਾਸ਼ਤ ਕਰਨ ਦਾ ਸਿਆਸੀ ਸੰਦ ਹੈ।

ਇਨ੍ਹਾਂ ਬਾਹਰਲੇ ਮੁਲਕਾਂ ਦੇ ਸੱਜੇ ਪੱਖੀ ਸਿਆਸਤਦਾਨ ਭਾਵੇਂ 'ਗ਼ੈਰ-ਕਾਨੂੰਨੀ' ਪਰਵਾਸੀਆਂ ਨੂੰ ਨਿੰਦਣ ਦੇ ਚੁਣਾਵੀ ਫ਼ਾਇਦਿਆਂ ਦਾ ਲਾਹਾ ਖੱਟਦੇ ਹਨ ਪਰ ਇਨ੍ਹਾਂ ਦੇ ਅਰਥਚਾਰਿਆਂ- ਖ਼ਾਸ ਤੌਰ 'ਤੇ ਉਸਾਰੀ, ਸੇਵਾਵਾਂ ਤੇ ਦੇਖਭਾਲ ਖੇਤਰ ਨੂੰ, ਵਿਦੇਸ਼ੀ ਕਾਮਿਆਂ ਦੀ ਸਖ਼ਤ ਲੋੜ ਹਮੇਸ਼ਾ ਰਹਿੰਦੀ ਹੈ। 'ਗ਼ੈਰ-ਕਾਨੂੰਨੀ ਪਰਵਾਸ' ਕੋਈ ਕੁਦਰਤੀ ਸ਼੍ਰੇਣੀ ਨਹੀਂ ਹੈ। ਇਹ ਸਿਆਸੀ ਰਚਨਾ ਹੈ, ਸਾਧਨ ਜਿਹੜਾ ਕਿਸੇ ਮੰਤਵ ਨੂੰ ਪੂਰਦਾ ਹੈ। ਸਸਤੇ ਤੇ ਮਜਬੂਰ ਪਰਵਾਸੀ ਕਿਰਤ ਬਲ ਨੂੰ ਅਨੁਸ਼ਾਸਿਤ ਕਰ ਕੇ ਉਹ ਕਰਨ ਵੱਲ ਧੱਕਣਾ ਜਿਨ੍ਹਾਂ ਨੂੰ ਸਮਾਜ ਵਿਗਿਆਨੀ 'ਤਿੰਨ ਡੀਜ਼- ਡਰਟੀ, ਡੇਂਜਰਸ, ਡੀਮੀਨਿੰਗ' (ਗੰਦੇ, ਖ਼ਤਰਨਾਕ ਤੇ ਨੀਚ) ਕੰਮ ਕਹਿੰਦੇ ਹਨ ਜਿਹੜੇ ਸਥਾਨਕ ਆਬਾਦੀ ਨਹੀਂ ਕਰਦੀ।

ਆਵਾਸੀਆਂ ਵਿਰੁੱਧ ਹੋ ਰਹੀ ਬਿਆਨਬਾਜ਼ੀ ਦੇ ਦੋਗ਼ਲੇਪਣ ਦੀ ਸ਼ਾਇਦ ਸਭ ਤੋਂ ਵਧੀਆ ਉਦਾਹਰਨ, ਕੋਈ ਹੋਰ ਨਹੀਂ, ਬਲਕਿ ਟਰੰਪ ਖ਼ੁਦ ਹੀ ਹੈ। 'ਦਿ ਵਾਸ਼ਿੰਗਟਨ ਪੋਸਟ' ਨੇ 2019 ਵਿੱਚ ਰਿਪੋਰਟ ਕੀਤਾ ਸੀ ਕਿ ਉਸ ਦੀ ਕੰਪਨੀ 'ਟਰੰਪ ਆਰਗੇਨਾਈਜ਼ੇਸ਼ਨ' ਨੇ ਕਰੀਬ ਦੋ ਦਹਾਕਿਆਂ ਤੱਕ ਕੰਪਨੀ ਦੀ ਮਾਲਕੀ ਵਾਲੀਆਂ ਕਈ ਸੰਪਤੀਆਂ 'ਤੇ ਗ਼ੈਰ-ਕਾਨੂੰਨੀ ਲਾਤੀਨੀ ਅਮਰੀਕੀ ਉਸਾਰੀ ਵਰਕਰ ਕੰਮ 'ਤੇ ਲਾਈ ਰੱਖੇ। ਬੁੱਝੋ ਕਿਉਂ? ਕਿਉਂਕਿ ਉਹ ਸਸਤੇ ਪੈਂਦੇ ਹਨ, ਮਿਹਨਤੀ ਵੀ ਹਨ ਤੇ ਡਿਪੋਰਟ ਹੋਣ ਤੋਂ ਐਨਾ ਡਰਦੇ ਹਨ ਕਿ ਲੱਕ ਤੋੜਨ ਵਾਲੇ ਜ਼ਲਾਲਤ ਭਰੇ ਕੰਮ ਕਰਨ ਤੋਂ ਵੀ ਪਿੱਛੇ ਨਹੀਂ ਹਟਦੇ।

ਇੱਥੇ ਸਾਨੂੰ ਇਹ ਸਮਝਣ ਦੀ ਲੋੜ ਹੈ ਕਿ ਕਿਉਂ ਗਲੋਬਲ ਸਾਊਥ (ਅਫ਼ਰੀਕਾ, ਏਸ਼ੀਆ ਤੇ ਲਾਤੀਨੀ ਅਮਰੀਕੀ ਮੁਲਕ) ਤੋਂ 'ਗ਼ੈਰ-ਹੁਨਰਮੰਦ' ਔਰਤਾਂ ਤੇ ਪੁਰਸ਼, ਖ਼ਤਰਨਾਕ ਤੇ ਮਹਿੰਗੇ ਸਫ਼ਰਾਂ ਦੇ ਬਾਵਜੂਦ 'ਗਲੋਬਲ ਨੌਰਥ' (ਅਮੀਰ ਤੇ ਤਾਕਤਵਰ ਦੇਸ਼) ਵੱਲ ਪਰਵਾਸ ਕਰਨਾ ਜਾਰੀ ਰੱਖ ਰਹੇ ਹਨ, ਜਿਹੜਾ ਸਫ਼ਰ ਉਨ੍ਹਾਂ ਨੂੰ ਇਨ੍ਹਾਂ ਤਾਕਤਵਰ ਦੇਸ਼ਾਂ ਦੀਆਂ ਸਖ਼ਤ ਆਵਾਸ ਨੀਤੀਆਂ ਕਰ ਕੇ ਕਰਨਾ ਪੈ ਰਿਹਾ ਹੈ।

ਇਹ ਜ਼ਿੰਦਗੀ ਪਲਟਾਉਣ ਵਾਲਾ ਫ਼ੈਸਲਾ ਲੈਣ ਦੇ ਕਈ ਕਾਰਨ ਹਨ ਜੋ ਪਰਵਾਸ ਨੂੰ ਜ਼ਰੂਰਤ ਬਣਾ ਦਿੰਦੇ ਹਨ। ਕਿਸੇ ਨੂੰ ਇਸ ਪਾਸੇ ਧੱਕਣ ਲਈ ਕਈ ਕਾਰਕ ਜ਼ਿੰਮੇਵਾਰ ਹਨ (ਸਮਾਜਿਕ-ਆਰਥਿਕ ਜਾਂ ਮੂਲ ਦੇਸ਼ ਦੀਆਂ ਸਿਆਸੀ ਹਾਲਤਾਂ) ਤੇ ਇਸ 'ਚ ਕਈ ਉੱਧਰ ਨੂੰ ਖਿੱਚਣ ਵਾਲੇ ਕਾਰਕ ਵੀ ਸ਼ਾਮਿਲ ਹਨ (ਨਵਾਂ ਟਿਕਾਣਾ ਬਣਨ ਵਾਲੇ ਮੁਲਕ 'ਚ ਲੋਕਾਂ ਨੂੰ ਕੀ ਖਿੱਚ ਰਿਹਾ ਹੈ)। (ਬਾਕੀ ਸਫ਼ਾ 30 'ਤੇ)



# ਧਰਨਿਆਂ ਵਾਲਾ ਸੂਬਾ ਬਣਦਾ ਜਾ ਰਿਹੈ ਪੰਜਾਬ




## ਪੰਜਾਬ ਨੂੰ ਕਿਹੜੇ ਪਾਸੇ ਲੈ ਜਾਵੇਗੀ ਧਰਨਿਆਂ ਦੀ ਰਾਜਨੀਤੀ ?

ਪੰਜਾਬ ਦੀ ਪਹਿਲਾਂ ਪਹਿਚਾਣ ਪੰਜ ਦਰਿਆਵਾਂ, ਹਰੇ ਭਰੇ ਖੇਤਾਂ, ਹਰ ਪਾਸੇ ਫ਼ੈਲੀ ਹਰਿਆਲੀ, ਸਾਫ਼ ਸੁਥਰੇ ਵਾਤਾਵਰਣ, ਉੱਚੇ ਲੰਬੇ ਗੱਭਰੂ ਤੇ ਮੁਟਿਆਰਾਂ ਨਾਲ ਹੁੰਦੀ ਸੀ, ਉਹੀ ਪੰਜਾਬ ਹੁਣ ਧਰਨਿਆਂ ਦਾ ਕੇਂਦਰ ਬਣਦਾ ਜਾ ਰਿਹਾ ਹੈ। ਜਿਸ ਕਰਕੇ ਹੁਣ ਪੰਜਾਬ ਦੀ ਪਹਿਚਾਣ ਵੀ ਬਦਲ ਗਈ ਹੈ ਅਤੇ ਦੇਸ਼ ਦੇ ਹੋਰਨਾਂ ਸੂਬਿਆਂ ਦੇ ਲੋਕ ਪੰਜਾਬ ਨੂੰ 'ਧਰਨਿਆਂ ਵਾਲਾ ਸੂਬਾ' ਕਹਿਣ ਲੱਗ ਪਏ ਹਨ। ਪੰਜਾਬ ਵਿੱਚ ਇੱਕ ਪਾਸੇ ਕਿਸਾਨਾਂ ਮਜ਼ਦੂਰਾਂ ਵੱਲੋਂ ਧਰਨੇ ਦਿੱਤੇ ਜਾ ਰਹੇ ਹਨ, ਦੂਜੇ ਪਾਸੇ ਆਏ ਦਿਨ ਕੋਈ ਨਾ ਕੋਈ ਜਥੇਬੰਦੀ ਜਾਂ ਯੂਨੀਅਨ ਵੱਲੋਂ ਧਰਨਾ ਲਗਾ ਦਿੱਤਾ ਜਾਂਦਾ ਹੈ। ਇਹਨਾਂ ਧਰਨਿਆਂ ਦੌਰਾਨ ਸਭ ਤੋਂ ਪਹਿਲਾਂ ਆਵਾਜਾਈ ਠੱਪ ਕੀਤੀ ਜਾਂਦੀ ਹੈ, ਜਿਸ ਕਾਰਨ ਆਮ ਲੋਕਾਂ ਨੂੰ ਬਹੁਤ ਖੱਜਲ ਖੁਆਰ ਹੋਣਾ ਪੈਂਦਾ ਹੈ। ਬੀਤੇ ਦਿਨ ਕਿਸਾਨਾਂ ਵੱਲੋਂ ਚੰਡੀਗੜ੍ਹ ਧਰਨਾ ਦੇਣ ਦਾ ਯਤਨ ਕੀਤਾ ਗਿਆ, ਜਿਸ ਨੂੰ ਪੰਜਾਬ ਸਰਕਾਰ ਵੱਲੋਂ ਨਾਕਾਮ ਕਰ ਦਿੱਤਾ ਗਿਆ। ਇਸ ਕਰਕੇ ਕਿਸਾਨਾਂ ਨੇ ਪੰਜਾਬ ਦੀਆਂ ਵੱਖ- ਵੱਖ ਥਾਂਵਾਂ 'ਤੇ ਮੁਜ਼ਾਹਰੇ ਕੀਤੇ। ਇਸ ਤੋਂ ਇਲਾਵਾ ਕਿਸਾਨਾਂ ਤੇ ਮਜ਼ਦੂਰਾਂ ਵੱਲੋਂ ਸ਼ੰਭੂ ਬੈਰੀਅਰ ਅਤੇ ਖਨੌਰੀ ਬੈਰੀਅਰ 'ਤੇ ਵੀ ਪੱਕੇ ਧਰਨੇ ਲਗਾਏ ਹੋਏ ਹਨ, ਜਿਸ ਕਰਕੇ ਇਹਨਾਂ ਦੋਵੇਂ ਮੁੱਖ ਰਸਤਿਆਂ 'ਤੇ ਹਰਿਆਣਾ ਸਰਕਾਰ ਨੇ ਪੱਕੀਆਂ ਰੋਕਾਂ ਲਗਾ ਕੇ ਇਹ ਰਸਤੇ ਹੀ ਬੰਦ ਕਰ ਦਿੱਤੇ ਹਨ, ਜਿਸ ਕਾਰਨ ਸਭ ਤੋਂ ਜ਼ਿਆਦਾ ਖੱਜਲ ਖੁਆਰ ਪੰਜਾਬੀ ਹੀ ਹੋ ਰਹੇ ਹਨ ਅਤੇ ਇਹਨਾਂ ਰਸਤਿਆਂ ਦੇ ਬੰਦ ਹੋਣ ਕਾਰਨ ਪੰਜਾਬ ਦਾ ਹੀ ਆਰਥਿਕ ਨੁਕਸਾਨ ਵੀ ਹੋ ਰਿਹਾ ਹੈ।

ਪੰਜਾਬ ਦੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਵੀ ਕਹਿ ਰਹੇ ਹਨ ਕਿ ਪੰਜਾਬ ਹੁਣ ਧਰਨਿਆਂ ਵਾਲਾ ਸੂਬਾ ਬਣਦਾ ਜਾ ਰਿਹਾ ਹੈ। ਇਸ ਲਈ ਉਹ ਚਿੰਤਾ ਵੀ ਪ੍ਰਗਟ ਕਰਦੇ ਹਨ ਪਰ ਚਿੰਤਾ ਪ੍ਰਗਟ ਨਾਲ ਹੀ ਇਹ ਮਸਲਾ ਹੱਲ ਨਹੀਂ ਹੋ ਸਕਦਾ। ਇਸ ਲਈ ਆਪਸੀ ਗੱਲਬਾਤ ਹੋਣੀ ਵੀ ਜਰੂਰੀ ਹੈ। ਪੰਜਾਬ ਦੇ ਕਿਸਾਨਾਂ ਅਤੇ ਮਜ਼ਦੂਰਾਂ ਦਾ ਮਸਲਾ ਹੁਣ ਕਾਫ਼ੀ ਭੜਕਿਆ ਹੋਇਆ ਹੈ। ਪੰਜਾਬ ਦੇ ਕਿਸਾਨ ਕਹਿ ਰਹੇ ਹਨ ਕਿ ਪੰਜਾਬ ਸਰਕਾਰ ਕਿਸਾਨਾਂ ਦੀਆ ਮੰਗਾਂ ਪੂਰੀਆਂ ਨਹੀਂ ਕਰ ਰਹੀ, ਦੂਜੇ ਪਾਸੇ ਮੁੱਖ ਮੰਤਰੀ ਮਾਨ ਕਹਿ ਰਹੇ ਹਨ ਕਿ ਕਿਸਾਨ ਆਗੂ ਪੰਜਾਬ ਵਿੱਚ ਬਰਾਬਰ ਦੀ ਸਰਕਾਰ ਚਲਾਉਣਾ ਚਾਹੁੰਦੇ ਹਨ। ਇਸੇ ਕਾਰਨ ਹੀ ਮੁੱਖ ਮੰਤਰੀ ਮਾਨ ਅਤੇ ਕਿਸਾਨ ਆਗੂਆਂ ਵਿਚਾਲੇ ਹੋਈ ਮੀਟਿੰਗ ਬੇਸਿੱਟਾ ਰਹੀ, ਜਿਸ ਕਾਰਨ ਕਿਸਾਨਾਂ ਨੇ ਚੰਡੀਗੜ੍ਹ ਧਰਨਾ ਦੇਣ ਦਾ ਯਤਨ ਕੀਤਾ ਪਰ ਪੰਜਾਬ ਸਰਕਾਰ ਦੀ ਸਖ਼ਤੀ ਕਾਰਨ ਇਹ ਧਰਨਾ ਨਾਕਾਮ ਹੋ ਗਿਆ। ਅਕਸਰ ਵੇਖਣ ਵਿੱਚ ਆਇਆ ਹੈ ਕਿ ਆਪਣੀਆਂ ਮੰਗਾਂ ਦੇ ਹੱਕ ਵਿੱਚ ਕਿਸਾਨ ਮਜ਼ਦੂਰ ਜਥੇਬੰਦੀਆਂ ਅਕਸਰ ਵੱਖ- ਵੱਖ ਸੜਕਾਂ ਅਤੇ ਰੇਲਵੇ ਲਾਈਨਾਂ 'ਤੇ ਧਰਨੇ ਲਗਾ ਕੇ ਸੜਕ ਅਤੇ ਰੇਲ ਆਵਾਜਾਈ ਠੱਪ ਕਰ ਦਿੰਦੀਆਂ ਹਨ, ਜਿਸ ਨਾਲ ਸਰਕਾਰ ਨੂੰ ਤਾਂ ਕੋਈ ਫ਼ਰਕ ਨਹੀਂ ਪੈਂਦਾ ਪਰ ਆਮ ਲੋਕ ਬਹੁਤ ਖੱਜਲ ਖੁਆਰ ਹੁੰਦੇ ਹਨ। ਇਸੇ ਕਾਰਨ ਆਵਾਜਾਈ ਠੱਪ ਕਰਨ ਵਾਲੇ ਕਿਸਾਨਾਂ ਅਤੇ ਆਮ ਲੋਕਾਂ ਵਿਚਾਲੇ ਅਕਸਰ ਬਹਿਸ ਵੀ ਹੋ ਜਾਂਦੀ ਹੈ।



ਕਿਸਾਨਾਂ ਤੇ ਮਜ਼ਦੂਰਾਂ ਵੱਲੋਂ ਵਾਰ- ਵਾਰ ਆਵਾਜਾਈ ਠੱਪ ਕਰਨ ਨਾਲ ਪੰਜਾਬ ਦੇ ਵੱਡੀ ਗਿਣਤੀ ਲੋਕ ਕਿਸਾਨ ਮਜ਼ਦੂਰ ਜਥੇਬੰਦੀਆਂ ਦੇ ਖ਼ਿਲਾਫ਼ ਹੋ ਜਾਂਦੇ ਹਨ। ਇਸੇ ਕਰਕੇ ਹੀ ਮੌਜੂਦਾ ਕਿਸਾਨ ਅੰਦੋਲਨ ਨੂੰ ਪਿਛਲੇ ਕਿਸਾਨ ਅੰਦੋਲਨ ਵਰਗਾ ਲੋਕ ਹੁੰਗਾਰਾ ਨਹੀਂ ਮਿਲ ਰਿਹਾ। ਸਿਰਫ਼ ਕਿਸਾਨ ਮਜ਼ਦੂਰ ਜਥੇਬੰਦੀਆਂ ਹੀ ਨਹੀਂ ਬਲਕਿ ਵੱਖ- ਵੱਖ ਜਥੇਬੰਦੀਆਂ, ਯੂਨੀਅਨਾਂ, ਸਿਆਸੀ ਤੇ ਸਮਾਜਿਕ ਪਾਰਟੀਆਂ ਵੀ ਅਕਸਰ ਧਰਨੇ ਲਗਾ ਕੇ ਆਵਾਜਾਈ ਠੱਪ ਕਰ ਦਿੰਦੀਆਂ ਹਨ। ਕਈ ਵਾਰ ਤਾਂ ਮਾਮੂਲੀ ਜਿਹੀ ਗੱਲ 'ਤੇ ਹੀ ਆਵਾਜਾਈ ਠੱਪ ਕਰ ਦਿੱਤੀ ਜਾਂਦੀ ਹੈ। ਇਹਨਾਂ ਆਵਾਜਾਈ ਠੱਪ ਕਰਨ ਵਾਲਿਆਂ ਦਾ ਵਤੀਰਾ ਆਮ ਲੋਕਾਂ ਤੇ ਰਾਹਗੀਰਾਂ ਨਾਲ ਬਹੁਤ ਹੀ ਮਾੜਾ ਹੁੰਦਾ ਹੈ, ਕਈ ਵਾਰ ਤਾਂ ਧਰਨਾਕਾਰੀ ਰਾਹਗੀਰਾਂ ਦੀਆਂ ਗੱਡੀਆਂ ਭੰਨਣ ਦੀਆਂ ਧਮਕੀਆਂ ਵੀ ਦੇ ਦਿੰਦੇ ਹਨ। ਕਈ ਵਾਰ ਤਾਂ ਵਿਦਿਆਰਥੀ ਜਥੇਬੰਦੀਆਂ ਵੀ ਧਰਨੇ ਲਗਾ ਦਿੰਦੀਆਂ ਹਨ ਅਤੇ ਆਵਾਜਾਈ ਠੱਪ ਕਰ ਦਿੰਦੀਆਂ ਹਨ।

ਧਰਨੇ ਲਗਾਉਣ ਵਾਲੀਆਂ ਜਥੇਬੰਦੀਆਂ ਦੀਆਂ ਵੀ ਕੁਝ ਮੰਗਾਂ ਹੁੰਦੀਆਂ ਹਨ, ਜਿਨ੍ਹਾਂ ਨੂੰ ਸਰਕਾਰ ਨੇ ਹੱਲ ਕਰਨਾ ਹੁੰਦਾ ਹੈ ਪਰ ਧਰਨੇ ਲਗਾ ਕੇ ਆਵਾਜਾਈ ਠੱਪ ਕਰਨ ਨਾਲ ਸਰਕਾਰ ਨੂੰ ਕੋਈ ਫ਼ਰਕ ਨਹੀਂ ਪੈਂਦਾ, ਸਿਰਫ਼ ਤੇ ਸਿਰਫ਼ ਆਮ ਲੋਕ ਹੀ ਖੱਜਲ ਖੁਆਰ ਹੁੰਦੇ ਹਨ। ਕਈ ਵਾਰ ਤਾਂ ਮਰੀਜ਼ਾਂ ਨੂੰ ਲੈ ਕੇ ਜਾ ਰਹੀਆਂ ਐਂਬੂਲੈਂਸਾਂ ਅਤੇ ਵਿਆਹ ਵਾਲੀਆਂ ਬਾਰਾਤਾਂ ਵੀ ਧਰਨਿਆਂ ਕਾਰਨ ਲੱਗੇ ਜਾਮ ਵਿੱਚ ਫ਼ਸ ਜਾਂਦੀਆਂ ਹਨ। ਧਰਨੇ ਲਗਾਉਣ ਵਾਲੀਆਂ ਜਥੇਬੰਦੀਆਂ ਨੂੰ ਧਰਨੇ ਲਗਾ ਕੇ ਅਤੇ ਆਵਾਜਾਈ ਠੱਪ ਕਰਕੇ ਕੁਝ ਨਹੀਂ ਮਿਲਦਾ, ਸਗੋਂ ਆਮ ਲੋਕਾਂ ਨਾਲ ਉਹਨਾਂ ਦੀ ਦੁਸ਼ਮਣੀ ਹੀ ਪੈਂਦੀ ਹੈ। ਧਰਨੇ ਅਤੇ ਆਵਾਜਾਈ ਠੱਪ ਕੀਤੀ ਹੋਣ ਕਰਕੇ ਆਮ ਲੋਕ ਧਰਨਾਕਾਰੀ ਜਥੇਬੰਦੀਆਂ ਦੇ ਵਿਰੁੱਧ ਹੋ ਜਾਂਦੇ ਹਨ।



ਇਸ ਤਰ੍ਹਾਂ ਜਾਪਦਾ ਹੈ ਕਿ ਜਿਵੇਂ ਪੰਜਾਬ ਵਿੱਚ ਧਰਨੇ ਲਗਾਉਣ ਅਤੇ ਆਵਾਜਾਈ ਠੱਪ ਕਰਨ ਦਾ ਰਿਵਾਜ ਜਿਹਾ ਪੈ ਗਿਆ ਹੋਵੇ ਅਤੇ ਵੱਖ ਵੱਖ ਜਥੇਬੰਦੀਆਂ ਵਿੱਚ ਧਰਨੇ ਲਗਾਉਣ ਦੀ ਦੌੜ ਲੱਗੀ ਹੋਵੇ। ਇਸੇ ਕਰਕੇ ਹੀ ਮੁੱਖ ਮੰਤਰੀ ਮਾਨ ਕਹਿੰਦੇ ਹਨ ਕਿ ਇੱਕ ਜਥੇਬੰਦੀ ਦੇ ਧਰਨਾ ਲਗਾਉਣ ਤੋਂ ਬਾਅਦ ਦੂਜੀ ਜਥੇਬੰਦੀ ਵੀ ਧਰਨਾ ਲਗਾਉਣ ਲਈ ਤਿਆਰ ਹੁੰਦੀ ਹੈ। ਅਸਲ ਵਿੱਚ ਇਹ ਜਥੇਬੰਦੀਆਂ ਸਿਹਰਾ ਲੈਣ ਦੀ ਦੌੜ ਵਿੱਚ ਲੱਗੀਆਂ ਹੋਈਆਂ ਹਨ।

ਧਰਨਿਆਂ ਦੀ ਰਾਜਨੀਤੀ ਪੰਜਾਬ ਦੇ ਹਿੱਤ ਵਿੱਚ ਨਹੀਂ ਹੈ। ਧਰਨਿਆਂ ਕਾਰਨ ਪੰਜਾਬ ਦਾ ਆਰਥਿਕ ਨੁਕਸਾਨ ਹੁੰਦਾ ਹੈ ਅਤੇ ਆਵਾਜਾਈ ਠੱਪ ਹੋਣ ਕਾਰਨ ਆਮ ਲੋਕ ਖੱਜਲ ਖੁਆਰ ਹੁੰਦੇ ਹਨ। ਕਿਸਾਨ ਮਜ਼ਦੂਰ ਜਥੇਬੰਦੀਆਂ ਅਤੇ ਧਰਨੇ ਦੇਣ ਵਾਲੀਆਂ ਹੋਰ ਜਥੇਬੰਦੀਆਂ ਨੂੰ ਚਾਹੀਦਾ ਹੈ ਕਿ ਉਹ ਧਰਨੇ ਦੇਣ ਦੀ ਥਾਂ ਆਪਸੀ ਗੱਲਬਾਤ ਦਾ ਰਾਹ ਅਪਨਾਉਣ। ਪੰਜਾਬ ਸਰਕਾਰ ਨੂੰ ਵੀ ਚਾਹੀਦਾ ਹੈ ਕਿ ਉਹ ਕਿਸਾਨਾਂ, ਮਜ਼ਦੂਰਾਂ ਅਤੇ ਹੋਰ ਵਰਗਾਂ ਦੇ ਮਸਲੇ ਹੱਲ ਕਰਨ ਦਾ ਯਤਨ ਕਰੇ। ਦੋਵਾਂ ਧਿਰਾਂ ਨਾਲ ਆਪਸੀ ਗੱਲਬਾਤ ਰਾਹੀਂ ਹੀ ਸਾਰੇ ਮਸਲੇ ਹੱਲ ਹੋ ਸਕਦੇ ਹਨ। ਧਰਨਿਆਂ ਅਤੇ ਆਵਾਜਾਈ ਠੱਪ ਕਰਨ ਦੀ ਰਾਜਨੀਤੀ ਤੋਂ ਕਿਸਾਨ ਮਜ਼ਦੂਰ ਜਥੇਬੰਦੀਆਂ ਅਤੇ ਯੂਨੀਅਨਾਂ - ਜਥੇਬੰਦੀਆਂ ਨੂੰ ਗੁਰੇਜ਼ ਕਰਨਾ ਚਾਹੀਦਾ ਹੈ। ਇਸ ਵਿੱਚ ਹੀ ਪੰਜਾਬ ਅਤੇ ਪੰਜਾਬੀਆਂ ਦੀ ਭਲਾਈ ਹੈ।





# ਭਾਰਤੀ ਸਮਾਜ 'ਤੇ ਚੜ੍ਹਨ ਲੱਗਿਆ ਪੱਛਮ ਦਾ ਰੰਗ

## ਕਿੰਨਾ ਕੁ ਸਹੀ ਹੈ ਸਮਾਜ ਵਿੱਚ ਆ ਰਿਹਾ ਬਦਲਾਓ ?



### ਆਧੁਨਿਕਤਾ ਦੀ ਆੜ 'ਚ ਸਮਾਜਿਕ ਕਦਰਾਂ-ਕੀਮਤਾਂ ਦੀ ਕੀਤੀ ਜਾ ਰਹੀ ਹੈ ਉਲੰਘਣਾ

ਸਮਾਂ ਕਦੇ ਵੀ ਇੱਕੋ ਜਿਹਾ ਨਹੀਂ ਰਹਿੰਦਾ, ਇਹ ਨਿਰੰਤਰ ਬਦਲਦਾ ਰਹਿੰਦਾ ਹੈ ਅਤੇ ਸਮੇਂ ਦੇ ਨਾਲ ਹੀ ਹੋਰ ਵੀ ਬਹੁਤ ਕੁਝ ਬਦਲ ਜਾਂਦਾ ਹੈ ਪਰ ਜਿਸ ਤਰੀਕੇ ਨਾਲ ਸਾਡੇ ਸਮਾਜ ਵਿੱਚ ਬਦਲਾਓ ਆ ਰਿਹਾ ਹੈ, ਉਹ ਚਿੰਤਾ ਦਾ ਵਿਸ਼ਾ ਹੈ। ਆਧੁਨਿਕ ਕਹੀ ਜਾਂਦੀ ਪੱਛਮੀ ਸੱਭਿਅਤਾ ਦਾ ਭਾਰਤੀ ਸੱਭਿਅਤਾ 'ਤੇ ਕਾਫ਼ੀ ਪ੍ਰਭਾਵ ਪੈ ਰਿਹਾ ਹੈ। ਪੱਛਮੀ ਸੱਭਿਅਤਾ ਵੱਲੋਂ ਆਧੁਨਿਕਤਾ ਦੀ ਆੜ ਵਿੱਚ ਅਸ਼ਲੀਲਤਾ ਪਰੋਸੀ ਜਾ ਰਹੀ ਹੈ, ਜਿਸ ਨੂੰ ਸਾਡਾ ਸਮਾਜ ਕਿਸੇ ਨਾ ਕਿਸੇ ਰੂਪ ਵਿੱਚ ਗ੍ਰਹਿਣ ਕਰਦਾ ਜਾ ਰਿਹਾ ਹੈ। ਅੱਜ ਕੱਲ੍ਹ ਅਨੇਕਾਂ ਨੌਜਵਾਨਾਂ ਵੱਲੋਂ ਆਪਣੀਆਂ ਪਤਨੀਆਂ ਦੀਆਂ ਨਾਚ ਕਰਦੀਆਂ, ਗਾਣੇ ਗਾਉਂਦੀਆਂ ਅਤੇ ਕਈ ਤਰ੍ਹਾਂ ਦੇ ਬੇਹੂਦਾ ਸੰਵਾਦ ਬੋਲਦੀਆਂ ਦੀਆਂ ਵੀਡੀਓ ਖੁਦ ਹੀ ਸ਼ੋਸ਼ਲ ਮੀਡੀਆ 'ਤੇ ਜਾਰੀ ਕੀਤੀਆਂ ਜਾਂਦੀਆਂ ਹਨ, ਜਦੋਂ ਇਹਨਾਂ ਵੀਡੀਓ ਬਾਰੇ ਕੋਈ ਵਿਵਾਦ ਖੜ੍ਹਾ ਹੋ ਜਾਂਦਾ ਹੈ ਤਾਂ ਇਹਨਾਂ ਵੱਲੋਂ ਦੋਸ਼ ਕਿਸੇ ਤੀਜੇ ਉੱਪਰ ਲਗਾ ਦਿੱਤਾ ਜਾਂਦਾ ਹੈ, ਕਿ ਕਿਸੇ ਹੋਰ ਨੇ ਉਹਨਾਂ ਦੀ ਇਹ ਵੀਡੀਓ ਵਾਇਰਲ ਕਰ ਦਿੱਤੀ ਹੈ। ਇਸ ਤਰ੍ਹਾਂ ਦੀਆਂ ਕਈ ਘਟਨਾਵਾਂ ਵਾਪਰ ਰਹੀਆਂ ਹਨ, ਜਿਨ੍ਹਾਂ ਦੀ ਅਸਲੀਅਤ ਕੀ ਹੁੰਦੀ ਹੈ ?, ਇਸ ਬਾਰੇ ਕੁਝ ਕਿਹਾ ਨਹੀਂ ਜਾ ਸਕਦਾ ਪਰ ਇੱਕ ਗੱਲ ਜ਼ਰੂਰ ਹਰ ਸਿਆਣੇ ਵਿਅਕਤੀ ਨੂੰ ਰੜਕਦੀ ਹੈ ਕਿ ਆਧੁਨਿਕਤਾ ਦੇ ਨਾਮ 'ਤੇ ਸਾਡੇ ਸਮਾਜ ਵਿੱਚ ਇਹ ਕੀ ਕੁਝ ਹੋਣ ਲੱਗ ਪਿਆ ਹੈ।



ਇਸ ਤੋਂ ਇਲਾਵਾ ਚੰਡੀਗੜ੍ਹ ਵਰਗੇ ਸ਼ਹਿਰਾਂ ਦੇ ਪਾਰਕਾਂ ਵਿੱਚ ਅਕਸਰ ਮੁੰਡੇ ਕੁੜੀਆਂ ਅਸ਼ਲੀਲ ਹਰਕਤਾਂ ਕਰਨ ਲੱਗਦੇ ਹਨ, ਜਿਸ ਕਾਰਨ ਪਾਰਕ ਵਿੱਚ ਮੌਜੂਦ ਆਮ ਲੋਕਾਂ ਨੂੰ ਕਾਫ਼ੀ ਸ਼ਰਮਿੰਦਗੀ ਦਾ ਸਾਹਮਣਾ ਕਰਨਾ ਪੈਂਦਾ ਹੈ। ਆਮ ਸ਼ਹਿਰਾਂ ਵਿੱਚ ਵੀ ਅਕਸਰ ਨੌਜਵਾਨ ਮੁੰਡੇ ਕੁੜੀਆਂ ਹੱਥਾਂ ਵਿੱਚ ਹੱਥ ਪਾ ਕੇ ਘੁੰਮਦੇ ਹਨ ਅਤੇ ਇੱਕ ਦੂਜੇ ਨਾਲ ਈਲੂ ਈਲੂ ਕਰਦੇ ਹਨ, ਜਿਸ ਨਾਲ ਜਵਾਨ ਹੋ ਰਹੇ ਬੱਚਿਆਂ 'ਤੇ ਗਲਤ ਪ੍ਰਭਾਵ ਪੈਂਦਾ ਹੈ।

**ਨੇਕੀ ਦੀ ਥਾਂ ਕਾਫ਼ੀ ਤੇਜ਼ੀ ਨਾਲ ਫੈਲਦੀ ਬਦੀ**

ਆਧੁਨਿਕ ਸੰਚਾਰ ਸਾਧਨਾਂ ਨਾਲ ਦੁਨੀਆਂ ਇੱਕ ਗਲੋਬਲ ਪਿੰਡ ਬਣ ਗਈ ਹੈ, ਜਿਸ ਕਰਕੇ ਸੰਸਾਰ ਦੇ ਕਿਸੇ ਵੀ ਇਲਾਕੇ ਵਿੱਚ ਵਾਪਰੀ ਕੋਈ ਘਟਨਾ ਮਿੰਟਾਂ ਵਿੱਚ ਹੀ ਸੰਚਾਰ ਸਾਧਨਾਂ ਤੇ ਸੋਸ਼ਲ ਮੀਡੀਆ ਰਾਹੀਂ ਪੂਰੀ ਦੁਨੀਆਂ ਵਿੱਚ ਫੈਲ ਜਾਂਦੀ ਹੈ। ਇਸ ਤੋਂ ਇਲਾਵਾ ਕਈ ਚੁਸਤ, ਚਲਾਕ ਤੇ ਲਾਲਚੀ ਲੋਕ ਇੱਕ ਦੂਜੇ ਨੂੰ ਬਦਨਾਮ ਕਰਨ ਲਈ ਜਾਅਲੀ ਵੀਡੀਓ ਵੀ ਸ਼ੇਅਰ ਕਰ ਦਿੰਦੇ ਹਨ ਜਦੋਂ ਤੱਕ ਇਹਨਾਂ ਵੀਡੀਓ ਦੀ ਅਸਲੀਅਤ ਸਾਹਮਣੇ ਆਉਂਦੀ ਹੈ, ਉਦੋਂ ਤੱਕ ਸਬੰਧਿਤ ਵੀਡੀਓ ਪੂਰੀ ਦੁਨੀਆਂ ਵਿੱਚ ਘੁੰਮ ਜਾਂਦੀ ਹੈ। ਕਿਹਾ ਤਾਂ ਇਹ ਵੀ ਜਾਂਦਾ ਹੈ ਕਿ ਅਫ਼ਵਾਹਾਂ ਤਾਂ ਜਹਾਜ਼ ਦੀ ਸਪੀਡ ਨਾਲੋਂ ਵੀ ਤੇਜ਼ ਉੱਡਦੀਆਂ ਹਨ। ਇਹ ਵੀ ਕਿਹਾ ਜਾਂਦਾ ਹੈ ਕਿ ਨੇਕੀ ਦੀ ਥਾਂ ਬਦੀ ਕਾਫ਼ੀ ਤੇਜ਼ੀ ਨਾਲ ਫੈਲਦੀ ਹੈ। ਭਾਵੇਂ ਕਿ ਭਾਰਤ ਵਿੱਚ ਬਦੀ 'ਤੇ ਨੇਕੀ ਦੀ ਜਿੱਤ ਦੇ ਤਿਉਹਾਰ ਵੀ ਮਨਾਏ ਜਾਂਦੇ ਹਨ ਪਰ ਇਸ ਸਮੇਂ ਤਾਂ ਇਸ ਤਰਾਂ ਲੱਗਦਾ ਹੈ ਕਿ ਜਿਵੇਂ ਪੂਰੀ ਦੁਨੀਆਂ ਵਿੱਚ ਹਰ ਪਾਸੇ ਬਦੀ ਹੀ ਹੋ ਰਹੀ ਹੋਵੇ ਪਰ ਸਿਆਣੇ ਕਹਿੰਦੇ ਹਨ ਆਖਰ ਵਿੱਚ ਜਿੱਤ ਤਾਂ ਨੇਕੀ ਦੀ ਹੀ ਹੁੰਦੀ ਹੈ।

**ਕਿਵੇਂ ਬਦਲ ਰਿਹਾ ਹੈ ਸਮਾਜ ?**

ਜਦੋਂ ਮਨੁੱਖ ਜੰਗਲਾਂ ਵਿੱਚ ਰਹਿੰਦਾ ਸੀ ਤਾਂ ਇਕੱਲਾ ਰਹਿੰਦਾ ਸੀ, ਹੋਲੀ ਹੋਲੀ ਮਨੁੱਖ ਪਰਿਵਾਰ ਵਿੱਚ ਰਹਿਣ ਲੱਗਿਆ, ਫਿਰ ਪਰਿਵਾਰਾਂ ਤੋਂ ਸਮੂਹ ਬਣੇ, ਸਮੂਹਾਂ ਤੋਂ ਸਮਾਜ ਬਣਿਆ। ਇਸ ਤਰ੍ਹਾਂ ਲੋਕ ਭਲਾਈ ਲਈ ਸਮਾਜ ਹੋਂਦ ਵਿੱਚ ਆਇਆ ਅਤੇ ਮਨੁੱਖ ਵੱਲੋਂ ਹਮੇਸ਼ਾ ਹੀ ਸਮਾਜ ਭਲਾਈ ਲਈ ਕਾਰਜ ਕੀਤੇ ਜਾਣ ਲੱਗੇ, ਪਰ ਹੁਣ ਕੁਝ ਸਮੇਂ ਤੋਂ ਸਮਾਜ ਵਿੱਚ ਰਹਿੰਦੇ ਹੀ ਕੁਝ ਲੋਕਾਂ ਵੱਲੋਂ ਸਮਾਜ ਵਿੱਚ ਗੰਦਗੀ ਫੈਲਾਈ ਜਾ ਰਹੀ ਹੈ, ਜਿਸ ਕਾਰਨ ਸਮਾਜ ਦਾ ਚਿਹਰਾ ਕਰੂਪ ਹੁੰਦਾ ਜਾ ਰਿਹਾ ਹੈ।

**ਭਾਰਤੀ ਸਮਾਜ ਅਤੇ ਪੱਛਮੀ ਸਮਾਜ ਵਿੱਚ ਅੰਤਰ**

ਭਾਰਤ ਦੇ ਸਮਾਜ ਵਿੱਚ ਅਤੇ ਪੱਛਮੀ ਦੇਸ਼ਾਂ ਦੇ ਸਮਾਜ ਵਿੱਚ ਬਹੁਤ ਵੱਡਾ ਅੰਤਰ ਹੈ। ਭਾਵੇਂ ਕਿ ਅੱਜ ਸੰਚਾਰ ਸਾਧਨਾਂ ਅਤੇ ਹੋਰ ਤਰੀਕਿਆਂ ਨਾਲ ਦੁਨੀਆਂ ਦੇ ਕਿਸੇ ਵੀ ਕੋਨੇ ਵਿੱਚ ਗੱਲਬਾਤ ਕੀਤੀ ਜਾ ਸਕਦੀ ਹੈ, ਪਰ ਫਿਰ ਵੀ ਦੋਵਾਂ ਸਮਾਜਾਂ ਵਿੱਚ ਜੋ ਬੁਨਿਆਦੀ ਫ਼ਰਕ ਹੈ, ਉਹ ਸਦਾ ਰਹਿਣਾ ਹੀ ਹੈ। ਇਸ ਦੇ ਬਾਵਜੂਦ ਕੁਝ ਲੋਕ ਪੱਛਮੀ ਸਮਾਜ ਦੀ ਨਕਲ ਕਰਦੇ ਹਨ। ਆਮ ਤੌਰ 'ਤੇ ਪੱਛਮੀ ਸਮਾਜ ਨੂੰ ਵਿਕਸਤ ਦੇਸ਼ਾਂ ਦਾ ਸਮਾਜ ਕਿਹਾ ਜਾਂਦਾ ਹੈ ਅਤੇ ਇਸ ਕਾਰਨ ਉਥੋਂ ਦੀ ਨਕਲ ਕੀਤੀ ਜਾਂਦੀ ਹੈ।

**ਨਵੀਂ ਸਮਾਜ ਸੁਧਾਰ ਲਹਿਰ ਚਲਾਉਣ ਦੀ ਲੋੜ**

ਪੱਛਮੀ ਸਮਾਜ ਦੀਆਂ ਚੰਗੀਆਂ ਗੱਲਾਂ ਦੀ ਰੀਸ ਕਰਨੀ ਬੁਰੀ ਗੱਲ ਨਹੀਂ ਪਰ ਪੱਛਮੀ ਸਮਾਜ ਦੀਆਂ ਕੁਝ ਇਤਰਾਜ਼ਯੋਗ ਗੱਲਾਂ ਭਾਰਤੀ ਸਮਾਜ ਵਿੱਚ ਫੈਲਾਉਣੀਆਂ ਠੀਕ ਨਹੀਂ ਸਮਝੀਆਂ ਜਾਂਦੀਆਂ। ਪੱਛਮ ਵਿੱਚ ਨੰਗੇਜ਼ਪੁਣਾ ਆਮ ਗੱਲ ਹੈ, ਪਰ ਭਾਰਤੀ ਸਮਾਜ ਵਿੱਚ ਇਸ ਦੀ ਮਨਾਹੀ ਹੈ। ਸਾਡੇ ਸਮਾਜ ਵਿੱਚ ਰਹਿੰਦੇ ਲੋਕਾਂ ਨੂੰ ਹਮੇਸ਼ਾ ਹੀ ਆਪਣੇ ਸਮਾਜ ਦੀ ਮਰਿਆਦਾ ਦਾ ਖ਼ਿਆਲ ਰਖਣਾ ਚਾਹੀਦਾ ਹੈ ਅਤੇ ਸਮਾਜ ਵਿੱਚ ਫੈਲ ਰਹੇ ਕੋਹਜ ਨੂੰ ਦੂਰ ਕਰਨ ਦੇ ਯਤਨ ਕਰਨੇ ਚਾਹੀਦੇ ਹਨ। ਇਸ ਲਈ ਕੋਈ ਨਵੀਂ ਸਮਾਜ ਸੁਧਾਰ ਲਹਿਰ ਚਲਾਉਣ ਦੀ ਲੋੜ ਹੈ।

ਭਾਰਤ ਦੀ ਸੱਭਿਅਤਾ ਬਹੁਤ ਪ੍ਰਾਚੀਨ ਹੈ ਅਤੇ ਵਿਰਾਸਤੀ ਚੀਜ਼ਾਂ ਨਾਲ ਭਰੀ ਹੋਈ ਹੈ। ਭਾਰਤੀ ਸਮਾਜ ਦੀ ਤਰੱਕੀ ਮੂਲ ਰੂਪ ਵਿੱਚ ਭਾਰਤੀ ਸੱਭਿਅਤਾ ਅਨੁਸਾਰ ਹੀ ਹੋ ਸਕਦੀ ਹੈ। ਪੱਛਮੀ ਸਮਾਜ ਤੇ ਸੱਭਿਅਤਾ ਨੂੰ ਕਿੰਨਾ ਵੀ ਆਧੁਨਿਕ ਕਿਉਂ ਨਾ ਕਹਿ ਲਿਆ ਜਾਵੇ ਪਰ ਜੋ ਪੁਰਾਤਨ ਕਦਰਾਂ ਕੀਮਤਾਂ ਅਤੇ ਭਾਈਚਾਰਕ ਸਾਂਝ ਭਾਰਤੀ ਸੱਭਿਅਤਾ ਤੇ ਸਮਾਜ ਵਿੱਚ ਹਨ, ਉਹ ਪੱਛਮੀ ਸੱਭਿਅਤਾ ਵਿਚੋਂ ਗਾਇਬ ਹਨ। ਇਸ ਲਈ ਹਰ ਭਾਰਤੀ ਨੂੰ ਭਾਰਤੀ ਸੱਭਿਅਤਾ 'ਤੇ ਮਾਣ ਕਰਨਾ ਚਾਹੀਦਾ ਹੈ। ਇਥੇ ਇਹ ਵੀ ਜ਼ਿਕਰਯੋਗ ਹੈ ਕਿ ਪੱਛਮੀ ਸੱਭਿਅਤਾ ਵਿੱਚ ਜੋ ਚੰਗੀਆਂ ਗੱਲਾਂ ਹਨ, ਉਹਨਾਂ ਨੂੰ ਗ੍ਰਹਿਣ ਵੀ ਕਰ ਲੈਣਾ ਚਾਹੀਦਾ ਹੈ।

ਸਿਮਰਜੀਤ ਸਿੰਮੀ
9417671091

# ਵਿਦਿਆ ਵਿਚਾਰੀ ਤਜਰਬਿਓ ਹਾਰੀ

ਅਸੀਂ ਸਾਰੇ ਭਲੀ -ਭਾਂਤ ਇਸ ਗੱਲ ਤੋਂ ਜਾਣੂ ਹਾਂ ਕਿ ਵਿਦਿਆ ਮਨੁੱਖ ਦਾ ਤੀਸਰਾ ਨੇਤਰ ਹੈ। ਇਹ ਮਨੁੱਖ ਲਈ ਚਾਨਣ ਮੁਨਾਰੇ ਦਾ ਕੰਮ ਕਰਦੀ ਹੈ ਭਾਵ ਕਿ ਇਹ ਮਨੁੱਖ ਨੂੰ ਸਮਾਜ ਵਿੱਚ ਵਿਚਰਨਾ ਸਿਖਾਉਂਦੀ ਹੈ। ਇਸ ਦੇ ਸਦਕਾ ਹੀ ਵਿਅਕਤੀ ਦਾ ਸਮਾਜ ਵਿੱਚ ਵਿਲੱਖਣ ਰੁਤਬਾ ਬਣਦਾ ਹੈ। ਉਹ ਆਪਣੀ, ਘਰ – ਪਰਿਵਾਰ ਅਤੇ ਸਮਾਜ ਦੀ ਭਲਾਈ ਜਿਆਦਾ ਸੋਚ ਸਕਦਾ ਹੈ। ਇਸ ਨਾਲ ਵਿਅਕਤੀ ਦਾ ਸਮਾਜਿਕ ਦਾਇਰਾ ਵੀ ਵਿਸਾਲ ਹੁੰਦਾ ਹੈ। ਉਸ ਦੇ ਨੌਕਰੀ ਦੇ ਖੇਤਰ ਵਧਦੇ ਹਨ, ਜਿਸ ਨਾਲ. ਆਮਦਨ ਦੇ ਵਸੀਲੇ ਵੱਧ ਪੈਦਾ ਹੁੰਦੇ ਹਨ।



ਜੇਕਰ ਛੋਟੀ ਉਮਰੇ ਹੀ ਬੱਚਿਆਂ ਨੂੰ ਇਸ ਦੀ ਅਹਿਮੀਅਤ ਪਤਾ ਲੱਗ ਜਾਵੇ ਤਾਂ ਉਸ ਦੀਆਂ ਕਈ ਪੁਸ਼ਤਾਂ ਦਾ ਜੀਵਨ ਸੁਖਾਲਾ ਬਸਰ ਹੁੰਦਾ ਹੈ। ਪਰ ਜੇਕਰ ਇਸ ਵੱਲੋਂ ਅਵੇਸਲੇ ਹੀ ਰਹਿਣ ਤਾਂ ਉਹਨਾਂ ਦੀ ਸਾਰੀ ਉਮਰ ਉਹੀ ਘੱਟਾ ਢੋਹਣ ਵਾਲੀ ਗੱਲ ਈ ਰਹਿ ਜਾਂਦੀ ਹੈ, ਜਿਸ ਨਾਲ ਸਰੀਰਕ ਮਿਹਨਤ ਜਿਆਦਾ ਹੁੰਦੀ ਹੈ ਅਤੇ ਮਾਨਸਿਕ ਸਕੂਨ ਘੱਟ ਮਿਲਦਾ। ਕਮਾਈ ਐਨੀ -ਕੁ ਈ ਹੁੰਦੀ ਆ ਜਿਸ ਨਾਲ਼ ਕਈ ਵਾਰ ਤਾਂ ਵਿਅਕਤੀ ਦੀਆਂ ਜਰੂਰਤਾਂ ਈ ਮਸਾਂ ਪੂਰੀਆਂ ਹੁੰਦੀਆਂ, ਸ਼ੌਕ ਤਾਂ ਸੋਚੇ ਵੀ ਨਹੀਂ ਜਾ ਸਕਦੇ , ਜੀਵਨ ਜਿਉਣ ਦਾ ਸੱਤਰ ਵੀ ਨੀਵਾਂ ਹੀ ਰਹਿ ਜਾਂਦਾ ਹੈ। ਸਾਰੀ ਉਮਰ ਅਧੂਰੀਆਂ ਰਹਿ ਗਈਆਂ ਇੱਛਾਵਾਂ ਦੇ ਝੋਰੇ ਈ ਖਾਈ ਜਾਂਦੇ ਹਨ, ਜਿਨ੍ਹਾਂ ਵਿੱਚੋਂ ਨਿਕਲਣ ਦਾ ਕੋਈ ਰਾਹ ਰਸਤਾ ਨਜ਼ਰ ਨਹੀਂ ਆਉਂਦਾ ।

ਪੁਰਾਣੇ ਸਮਿਆਂ ਨਾਲੋਂ ਹੁਣ ਦੀ ਸਿੱਖਿਆ ਦਾ ਜ਼ਮੀਨ- ਅਸਮਾਨ ਦਾ ਫ਼ਰਕ ਪੈ ਗਿਆ ਹੈ। ਸਿੱਖਿਆ ਲਈ ਸਿੱਖਿਆ ਮਾਹਿਰ ਹਰ ਰੋਜ਼ ਨਵੇਂ -ਨਵੇਂ ਤਜਰਬੇ ਕਰ ਰਹੇ ਹਨ,ਨੀਤੀ ਘਾੜਿਆਂ ਦੀ ਸੋਚ ਹੈ ਕਿ ਵਿਦਿਆਰਥੀਆਂ ਦਾ ਪੱਧਰ ਉੱਚਾ ਜਾ ਚੁੱਕਿਆ ਜਾ ਸਕੇ।

ਪ੍ਰੰਤੂ ਉਹਨਾਂ ਦੁਆਰਾ ਬਣਾਈਆਂ ਨਵੀਆਂ ਨੀਤੀਆਂ ਅਤੇ ਤਜਰਬਿਆਂ ਨੇ ਸਿੱਖਿਆ ਨੂੰ ਦਿਨ -ਬ -ਦਿਨ ਗਿਰਾਵਟ ਵੱਲ ਲੈ ਆਂਦਾ ਹੈ। ਹੁਣ ਦੇ ਵਿਦਿਆਰਥੀ ਭਾਵੇਂ ਪਹਿਲਾਂ ਨਾਲੋਂ ਵੱਧ ਡਿਗਰੀਆਂ ਇਕੱਠੀਆਂ ਕਰੀ ਫ਼ਿਰਦੇ ਹਨ ਪਰ ਸਮਝ, ਸੂਝ ਸਿਆਣਪ ਦਾ ਪੱਧਰ ਪੂਰੀ ਤਰ੍ਹਾਂ ਨਾਲ਼ ਨਿਵਾਣ ਵੱਲ ਚਲਿਆ ਗਿਆ।

ਨੈਤਿਕ ਕਦਰਾਂ -ਕੀਮਤਾਂ ਵਾਲਾ ਵਿਸ਼ਾ ਤਾਂ ਨਾ ਹੀ ਛੇੜਿਆ ਜਾਵੇ ਤਾਂ ਜਿਆਦਾ ਵਧੀਆ ਹੈ। ਕਿਉਂਕਿ ਬੱਚਿਆਂ ਵਿੱਚ ਆਏ ਇਸ ਦੇ ਨਿਘਾਰ ਨੇ ਤਾਂ ਸੰਵੇਦਨਸ਼ੀਲ ਲੋਕਾਂ ਨੂੰ ਦਿਲ ਦੀਆਂ ਗਹਿਰਾਈਆਂ ਤੱਕ ਦੁੱਖੀ ਕਰਕੇ ਰੱਖ ਦਿੱਤਾ ਹੈ, ਘਰਾਂ ਵਿੱਚ ਵੀ ਬੱਚਿਆਂ ਦੇ ਵਿਵਹਾਰ ਨੇ ਬਜ਼ੁਰਗਾਂ ਦੇ ਅੰਤਹਿਕਰਨ ਨੂੰ ਪੂਰੀ ਤਰ੍ਹਾਂ ਜ਼ਖ਼ਮੀ ਕਰਕੇ ਰੱਖ ਦਿੱਤਾ।

ਸਮਝੋ ਪਰ੍ਹੇ ਇਹ ਗੱਲ ਹੋਈ ਪਈ ਕਿ ਜਿਸ ਸਿੱਖਿਆ ਨੇ ਆਤਮ – ਸਨਮਾਨ ਦੀ ਸੋਝੀ ਦੇਣੀ ਸੀ, ਉਹ ਆਪ ਬਹੁਤ ਉਲਝੀ ਹੋਈ ਹੈ।

ਅੱਜ ਦਾ ਅਧਿਆਪਕ ਵੀ ਉਸ ਮਲਾਹ ਵਰਗਾ ਪ੍ਰਤੀਤ ਹੁੰਦਾ ਹੈ, ਜਿਸ ਨੂੰ ਕੋਈ ਸਮਝ ਨਹੀਂ ਆਉਂਦੀ ਕਿ ਵਿਦਿਆਰਥੀਆਂ ਰੂਪੀ ਕਿਸ਼ਤੀ ਨੂੰ ਕਿਵੇਂ ਪਾਰ ਲੰਘਾਵੇ ? ਸਗੋਂ ਸਿੱਖਿਆ ਨੀਤੀਆਂ ਰੂਪੀ ਸਮੁੰਦਰੀ ਤੂਫ਼ਾਨ ਵਿੱਚ ਘਿਰਿਆ ਉਹ ਆਪ ਡਾਵਾਂ- ਡੋਲ ਹੋ ਰਿਹਾ ਕਦੇ ਕਿਸ਼ਤੀ ਇੱਧਰ ਲਿਜਾ ਰਿਹਾ ਤੇ ਕਦੇ ਉੱਧਰ। ਉਸ ਨੂੰ ਇਸ ਗੱਲ ਦੀ ਸਮਝ ਨਹੀਂ ਆ ਰਹੀ ਕਿ ਵਿਦਿਆਰਥੀਆਂ ਨੂੰ ਕਿਸ ਮੰਜ਼ਿਲ 'ਤੇ ਪਹੁੰਚਾਵੇ ? ਜਿਸ ਕਰਕੇ ਅੱਜ ਦਾ ਸੁਚੇਤ ਅਧਿਆਪਕ ਮਾਨਸਿਕ ਰੋਗੀ ਬਣ ਗਿਆ।

ਤਜਰਬੇ ਉਹੀ ਵਧੀਆ ਹੁੰਦੇ ਹਨ ਜਿਨ੍ਹਾਂ ਦਾ ਨਤੀਜਾ ਵਧੀਆ ਨਿਕਲੇ ਜੇਕਰ ਨਤੀਜੇ ਘਾਣ ਕਰਨ ਵਾਲੇ ਹੋਣ ਤਾਂ ਉਹਨਾਂ ਨੂੰ ਬੰਦ ਕਰਨਾ ਹੀ ਬਿਹਤਰ ਹੁੰਦਾ ਹੈ।

ਪਹਿਲਾਂ -ਪਹਿਲ ਦਸਵੀਂ ਪਾਸ ਵਿਦਿਆਰਥੀ ਵੀ ਸਿੱਖਿਆ ਦੀ ਬਹੁਤ ਸੋਝੀ ਰੱਖਦੇ ਸਨ,ਪ੍ਰੰਤੂ ਅੱਜ ਉਚੇਰੀ ਡਿਗਰੀ ਹੋਲਡਰ ਵਿਦਿਆਰਥੀਆਂ ਦੇ ਪਿੜ -ਪੱਲੇ ਕੁੱਝ ਵੀ ਨਹੀਂ। ਵਿਦਿਆਰਥੀ ਵਰਗ ਵੀ ਘੋਰ ਨਿਰਾਸ਼ਾ ਫ਼ਸਿਆ ਗਲਤ ਰਾਹ ਤੁਰ ਕੇ ਨਸ਼ਿਆਂ ਵਿੱਚ ਗ੍ਰਸਤ ਹੋ ਰਿਹਾ ਹੈ।

ਖੁਸ਼ੀ ਦੇਣ ਵਾਲੀ ਵਿਦਿਆ ਸਾਰਿਆਂ ਲਈ ਬੋਝਲ ਪ੍ਰਤੀਤ ਹੋ ਰਹੀ ਹੈ ਜਿੱਥੇ ਪਹਿਲਾਂ ਸਾਲ ਵਿੱਚ ਤਿਮਾਹੀ,ਛਮਾਹੀ ਤੇ ਸਲਾਨਾ



ਪ੍ਰੀਖਿਆਵਾਂ ਹੀ ਹੁੰਦੀਆਂ ਸਨ।ਜਿਨ੍ਹਾਂ ਦਾ ਵਿਦਿਆਰਥੀਆਂ ਤੇ ਅਧਿਆਪਕ ਜੀਅ -ਜਾਨ ਨਾਲ. ਤਿਆਰੀ ਕਰਦੇ ਸਨ,ਨਤੀਜਿਆਂ ਦਾ ਬੇਸਬਰੀ ਨਾਲ ਇੰਤਜ਼ਾਰ ਹੁੰਦਾ ਸੀ। ਵਿਦਿਆਰਥੀਆਂ ਦਾ ਪੇਪਰਾਂ ਤੋਂ ਪਹਿਲਾਂ ਦਿਨ-ਰਾਤ ਦਾ ਆਰਾਮ ਹਰਾਮ ਹੋਇਆ ਹੁੰਦਾ ਸੀ।

ਪੇਪਰਾਂ ਦੇ ਇਸ ਪੇਪਰ- ਰਸ ਨੂੰ ਵੀ ਲਗਾਤਾਰ ਹੋ ਰਹੇ ਪੇਪਰਾਂ ਨੇ ਬੇਰਸ ਕਰ ਦਿੱਤਾ ਹੈ, ਕੋਈ ਵਿਦਿਆਰਥੀ ਪੇਪਰਾਂ ਦੀ ਤਿਆਰੀ ਨਹੀਂ ਕਰਦੇ ਤੇ ਨਾ ਹੀ ਨਤੀਜੇ ਦਾ ਇੰਤਜ਼ਾਰ ਸਗੋਂ ਸਿਲੇਬਸ ਵੀ ਪੂਰੇ ਨਾ ਹੋਣ ਕਰਕੇ ਵੱਧ ਤੋਂ ਵੱਧ ਨਕਲ ਦਾ ਸਹਾਰਾ ਲੈ ਲਹਿੰਦੇ ਹਨ।

ਮਿਸ਼ਨ ਸਮਰੱਥ ਨੇ ਸਿੱਖਿਆ ਨੂੰ ਅਸਮਰੱਥ ਕਰਕੇ ਰੱਖ ਦਿੱਤਾ ਹੈ। ਉਸਨੇ ਤਾਂ ਸਿੱਖਿਆ ਰੂਪੀ ਗੱਡੀ ਨੂੰ ਦੁਬਾਰਾ ਲੀਹ 'ਤੇ ਆਉਣ ਹੀ ਨਹੀਂ ਦਿੱਤਾ। ਪੜ੍ਹਨ ਵਾਲੇ ਵਿਦਿਆਰਥੀ ਪੂਰੀ ਤਰ੍ਹਾਂ ਪਛੜ ਗਏ। ਉਸ ਤੋਂ ਬਾਅਦ ਰਹਿੰਦੀ ਕਸਰ ਹਫ਼ਤਾਵਾਰੀ ਅਭਿਆਸ ਸੀ ?ਟਾਂ ਨੇ ਪੂਰੀ ਕੀਤੀ। ਕਿਉਂਕਿ ਅਭਿਆਸ ਤਾਂ ਹੀ ਕੀਤਾ ਜਾ ਸਕਦਾ ਜੇਕਰ ਸਿਲੇਬਸ ਪੂਰਾ ਹੋਇਆ ਹੋਵੇ। ਜੇਕਰ ਸਿਲੇਬਸ ਈ ਪੂਰਾ ਨਹੀਂ ਹੋਇਆ ਤਾਂ ਅਭਿਆਸ ਕਿਸ ਦਾ ?

ਇਸ ਗੱਲ ਨੂੰ ਕਦੀ ਵੀ ਅੱਖੋਂ ਪਰੋਖੇ ਨਹੀਂ ਕੀਤਾ ਜਾ ਸਕਦਾ ਕਿ 'ਪ੍ਰੈਕਟਿਸ ਮੇਕਸ ਆ ਮੈਨ ਪਰਫ਼ੈਕਟ' ਜਿਹੜੀ ਕਿ ਵਿਦਿਆਰਥੀ ਜੀਵਨ ਲਈ ਅਤਿਅੰਤ ਜਰੂਰੀ ਹੈ ਕਿਉਂਕਿ ਅਭਿਆਸ ਕਰਨ ਨਾਲ ਹੀ ਪਰਪੱਕਤਾ ਆਉਂਦੀ ਹੈ, ਇਸ ਨਾਲ ਈ ਵਿਦਿਆਰਥੀਆਂ ਨੂੰ ਵਿਸੇ ਸੁਖਾਲੇ ਲੱਗਣ ਲੱਗਦੇ ਹਨ।

ਪ੍ਰੰਤੂ ਨਿਤਾ -ਪ੍ਰਤੀ ਹੋ ਰਹੀ ਵਿਭਾਗ ਵੱਲੋਂ ਅੰਕੜਿਆਂ ਦੀ ਮੰਗ ਨੇ ਸਿਰਫ਼ ਤੇ ਸਿਰਫ਼ ਅੰਕੜੇ ਹੀ ਇਕੱਠੇ ਕੀਤੇ ਹਨ, ਆਊਟ -ਪੱਟ ਕੁੱਝ ਵੀ ਨਹੀਂ । ਸਾਰੇ ਅੰਕੜੇ ਇਕੱਲੇ ਕਰਨ ਵਿੱਚ ਉਲਝੇ ਹੋਏ ਹਨ।

ਵਿਦਿਆਰਥੀ ਭਾਵੇਂ 100% ਨੰਬਰ ਲੈ ਰਹੇ ਹਨ ਪਰੰਤੂ ਜ਼ਮੀਨੀ ਪੱਧਰ ਕੁਝ ਹੋਰ ਹੀ ਕਹਿ ਰਿਹਾ ਹੈ। ਵਿਦਿਆਰਥੀਆਂ ਦਾ ਸਿੱਖਣ -ਪੱਧਰ 33% ਦਾ ਵੀ ਨਹੀਂ ਰਹਿ ਗਿਆ।

ਇਕ ਬੇਹੱਦ ਹੈਰਾਨੀਜਨਕ ਘਟਨਾ ਜਿਹੜੀ ਕਿ ਅੱਠਵੀਂ ਕਲਾਸ ਤੱਕ ਸਾਰੇ ਵਿਦਿਆਰਥੀਆਂ ਨੂੰ ਪਾਸ ਕਰਨ ਦੀ ਨੀਤੀ ਦਾ ਜਲੂਸ ਕੱਢਦੀ ਹੈ।

(ਬਾਕੀ ਸਫ਼ਾ 31 'ਤੇ)

# ਭਾਰਤ ਦਾ ਇੱਕ ਧਾਰਮਿਕ ਫ਼ਿਰਕਾ ਪਾਰਸੀ, ਜਿਸ 'ਚ ਕੋਈ ਵੀ ਅਨਪੜ੍ਹ ਜਾਂ ਗ਼ਰੀਬ ਨਹੀਂ

ਬਲਰਾਜ ਸਿੰਘ ਸਿੱਧੂ





ਪਾਰਸੀ ਇੱਕ ਛੋਟਾ ਜਿਹਾ ਧਾਰਮਿਕ ਫ਼ਿਰਕਾ ਹੈ ਜਿਸ ਦੇ ਪੈਰੋਕਾਰਾਂ ਦੀ ਅਬਾਦੀ ਭਾਰਤ ਵਿੱਚ 100000 ਅਤੇ ਪਾਕਿਸਤਾਨ ਵਿੱਚ 2500 ਦੇ ਕਰੀਬ ਹੈ । ਪਾਰਸੀ 6ਵੀਂ ਸਦੀ ਈਸਾ ਪੂਰਵ ਵਿੱਚ ਪੈਗ਼ੰਬਰ ਜ਼ੋਰੋਸਤਰ ਦੁਆਰਾ ਸ਼ੁਰੂ ਕੀਤੇ ਗਏ ਜ਼ੋਰੋਸਤਰੀਆ ਧਰਮ ਨੂੰ ਮੰਨਦੇ ਹਨ ਤੇ ਜ਼ੇਂਦ ਅਵਸਤਾ ਇਨ੍ਹਾਂ ਦਾ ਧਰਮ ਗ੍ਰੰਥ ਹੈ। ਜ਼ੋਰੋਸਤਰੀਆ ਇੱਕ ਈਸ਼ਵਰਵਾਦ ਨੂੰ ਮੰਨਣ ਵਾਲਾ ਸੰਸਾਰ ਦਾ ਪਹਿਲਾ ਧਰਮ ਹੈ ਜੋ 7ਵੀਂ ਸਦੀ ਈਸਾ ਪੂਰਵ ਤੋਂ ਸੰਨ 654 ਈਸਵੀ ਵਿੱਚ ਮੁਸਲਮਾਨਾਂ ਦੇ ਕਬਜ਼ੇ ਤੱਕ ਤਕਰੀਬਨ 1100 ਸਾਲ ਇਰਾਨ ਦਾ ਰਾਜ ਧਰਮ ਰਿਹਾ ਸੀ। ਜਦੋਂ ਅਰਬਾਂ ਨੇ ਇਰਾਨ ਦਾ ਇਸਲਾਮੀਕਰਨ ਸ਼ੁਰੂ ਕੀਤਾ ਤਾਂ ਹਜ਼ਾਰਾਂ ਦੀ ਗਿਣਤੀ ਵਿੱਚ ਪਾਰਸੀ ਭਾਰਤ ਵੱਲ ਪ੍ਰਵਾਸ ਕਰ ਗਏ ਤੇ ਸਭ ਤੋਂ ਪਹਿਲਾਂ ਇਨ੍ਹਾਂ ਨੇ ਸੂਰਤ ਸ਼ਹਿਰ (ਗੁਜਰਾਤ) ਨੂੰ ਆਪਣਾ ਟਿਕਾਣਾ ਬਣਾਇਆ। ਇਰਾਨ ਦਾ ਇੱਕ ਨਾਮ ਫ਼ਾਰਸ (ਇੰਗਲਿਸ਼ ਵਿੱਚ ਪਰਸ਼ੀਆ) ਹੈ ਜਿਸ ਕਾਰਨ ਇਰਾਨ ਤੋਂ ਆਏ ਇਨ੍ਹਾਂ ਲੋਕਾਂ ਨੂੰ ਪਹਿਲਾਂ ਫ਼ਾਰਸੀ ਕਿਹਾ ਜਾਂਦਾ ਸੀ ਜੋ ਹੌਲੀ ਹੌਲੀ ਵਿਗੜ ਕੇ ਪਾਰਸੀ ਬਣ ਗਿਆ।

ਸਦੀਆਂ ਤੋਂ ਪਾਰਸੀ ਭਾਰਤੀ ਸਮਾਜ ਵਿੱਚ ਸੁੱਖ ਸ਼ਾਂਤੀ ਨਾਲ ਰਹਿ ਰਹੇ ਹਨ ਪਰ ਇਨ੍ਹਾਂ ਨੇ ਆਪਣੇ ਧਾਰਮਿਕ ਅਤੇ ਸਮਾਜਿਕ ਰੀਤੀ ਰਿਵਾਜਾਂ 'ਤੇ ਸਖ਼ਤੀ ਨਾਲ ਪਹਿਰਾ ਦਿੱਤਾ ਹੈ। ਪਾਰਸੀਆਂ ਵਿੱਚ ਦੋ ਫ਼ਿਰਕੇ ਪਾਏ ਜਾਂਦੇ ਹਨ ਪਹਿਲੇ ਉਹ, ਜਿਨ੍ਹਾਂ ਦੇ ਪੂਰਵਜ਼ ਇਰਾਨ ਤੋਂ ਆਏ ਸਨ ਤੇ ਦੂਸਰੇ ਉਹ ਜੋ ਕਿਸੇ ਹੋਰ ਫ਼ਿਰਕੇ ਦੇ ਹਨ ਤੇ ਨਾਵਜੋਤੇ ਧਾਰਮਿਕ ਵਿਧੀ ਨਾਲ ਧਰਮ ਪਰਿਵਰਤਨ ਕਰ ਕੇ ਪਾਰਸੀ ਬਣੇ ਹਨ। ਅਜਿਹੇ ਲੋਕਾਂ ਨਾਲ ਕਿਸੇ ਵੀ ਤਰ੍ਹਾਂ ਦਾ ਭੇਦ ਭਾਵ ਨਹੀਂ ਕੀਤਾ ਜਾਂਦਾ। ਕੁਝ ਕੱਟੜ ਪਾਰਸੀਆਂ ਦਾ ਵਿਚਾਰ ਹੈ ਕਿ ਪਾਰਸੀ ਹੋਣ ਲਈ ਬੱਚੇ ਦੇ ਪਿਤਾ ਦਾ ਪਾਰਸੀ ਹੋਣਾ ਜ਼ਰੂਰੀ ਹੈ ਪਰ ਨਰਮ ਪੰਥੀਆਂ ਦਾ ਵਿਚਾਰ ਹੈ ਕਿ ਇਸ ਸ਼ਰਤ ਨਾਲ ਪੈਗੰਬਰ ਜ਼ੋਰੋਸਤਰ ਦੇ ਔਰਤ ਤੇ ਮਰਦ ਦੀ ਬਰਾਬਰੀ ਦੇ ਸਿਧਾਂਤ ਦੀ ਉਲੰਘਣਾ ਹੁੰਦੀ ਹੈ। ਇਸ ਲਈ ਬੱਚੇ ਦੇ ਪਾਰਸੀ ਹੋਣ ਲਈ ਮਾਂ ਜਾਂ ਬਾਪ ਵਿਚੋਂ ਕੋਈ ਵੀ ਪਾਰਸੀ ਹੋ ਸਕਦਾ ਹੈ। ਇਹ ਭਾਰਤ ਦਾ ਇਕੋ ਇੱਕ ਧਾਰਮਿਕ ਫ਼ਿਰਕਾ ਹੈ ਜਿਸ ਦੀ ਅਬਾਦੀ ਚਿੰਤਾਜਨਕ ਹੱਦ ਤੱਕ ਘਟ ਰਹੀ ਹੈ। 1911 ਦੀ ਜਨਗਣਨਾ ਮੁਤਾਬਕ ਭਾਰਤ ਵਿੱਚ ਪਾਰਸੀਆਂ ਦੀ ਅਬਾਦੀ 100096 ਸੀ ਜੋ 2011 ਦੀ ਜਨਗਣਨਾ ਮੁਤਾਬਕ ਘਟ ਕੇ ਸਿਰਫ਼ 57264 ਰਹਿ ਗਈ ਹੈ। ਇਸ ਦਾ ਮੁੱਖ ਕਾਰਨ ਇੰਗਲੈਂਡ, ਆਸਟਰੇਲੀਆ, ਕੈਨੇਡਾ ਅਤੇ ਅਮਰੀਕਾ ਆਦਿ ਦੇਸ਼ਾਂ ਵੱਲ ਪ੍ਰਵਾਸ ਅਤੇ ਨੌਜਵਾਨਾਂ ਵਿੱਚ ਬੱਚੇ ਪੈਦਾ ਨਾ ਕਰਨ ਦਾ ਰੁਝਾਨ ਹੈ । 2026 ਵਿੱਚ ਇਨ੍ਹਾਂ ਦੀ ਅਬਾਦੀ ਘਟ ਕੇ 23000 ਹੋ ਜਾਣ ਦਾ ਖ਼ਤਰਾ ਹੈ।

ਇਸ ਵੇਲੇ ਪਾਰਸੀਆਂ ਦੀ 47 ਫ਼ੀਸਦੀ ਅਬਾਦੀ 60 ਸਾਲ ਤੋਂ ਵੱਧ ਉਮਰ ਦੀ ਹੈ । ਇਨ੍ਹਾਂ ਦੀ ਜਨਮ ਦਰ ਵੀ ਬਹੁਤ ਘੱਟ ਹੈ, 1000 ਵਿਅਕਤੀਆਂ ਪਿੱਛੇ ਸਿਰਫ਼ 7 ਜਨਮ ਸਾਲਾਨਾ। ਇਸ ਤੋਂ ਇਲਾਵਾ ਔਰਤ ਅਤੇ ਮਰਦ ਦਾ ਅਨੁਪਾਤ ਵੀ ਬਹੁਤ ਘੱਟ ਹੈ। 1050 ਔਰਤਾਂ ਦੇ ਮੁਕਾਬਲੇ ਸਿਰਫ਼ 876 ਮਰਦ ਹਨ। ਭਾਰਤ ਵਿੱਚ ਬ੍ਰਿਟਿਸ਼ ਰਾਜ ਤੋਂ ਪਹਿਲਾਂ ਪਾਰਸੀ ਖੇਤੀਬਾੜੀ ਅਤੇ ਹੋਰ ਛੋਟੇ-ਮੋਟੇ ਕੰਮ ਧੰਦੇ ਕਰਦੇ ਸਨ ਤੇ ਜ਼ਿਆਦਤਰ ਅਨਪੜ੍ਹ ਸਨ। ਇਹ ਸਮਝਿਆ ਜਾਂਦਾ ਸੀ ਕਿ ਲਿਖਾਈ ਪੜ੍ਹਾਈ ਸਿਰਫ਼ ਉਨ੍ਹਾਂ ਲੋਕਾਂ ਲਈ ਜ਼ਰੂਰੀ ਹੈ ਜੋ ਪੁਜਾਰੀ ਬਣਨਾ ਚਾਹੁੰਦੇ ਸਨ। ਬ੍ਰਿਟਿਸ਼ ਰਾਜ ਵਿੱਚ ਪਾਰਸੀਆਂ ਨੇ ਹੈਰਾਨੀਜਨਕ ਤਰੱਕੀ ਕੀਤੀ ਤੇ ਇੰਗਲਿਸ਼ ਸਕੂਲਾਂ ਵਿੱਚ ਵਿੱਦਿਆ ਹਾਸਲ ਕਰ ਕੇ ਚੋਟੀ ਦੀਆਂ ਸਰਕਾਰੀ ਨੌਕਰੀਆਂ ਹਾਸਲ ਕਰ ਲਈਆਂ। ਪਾਰਸੀ ਪਿੰਡਾਂ ਨੂੰ ਛੱਡ ਕੇ ਮੁੰਬਈ ਵਰਗੇ ਵੱਡੇ ਸ਼ਹਿਰਾਂ ਵਿੱਚ ਵਸ ਗਏ ਤੇ ਆਪਣੇ ਇਮਾਨਦਾਰ ਸੁਭਾਅ ਅਤੇ ਸਖਤ ਮਿਹਨਤ ਕਾਰਨ ਅੰਗਰੇਜ਼ਾਂ ਦੇ ਵਿਸ਼ਵਾਸਪਾਤਰ ਬਣ ਗਏ। ਉਨ੍ਹਾਂ ਦੀ ਛਤਰਛਾਇਆ ਹੇਠ ਸਭ ਤੋਂ ਪਹਿਲਾ ਲੱਖਪਤੀ ਬਣਨ ਵਾਲਾ ਵਿਅਕਤੀ ਸੇਠ ਰੁਸਤਮ ਮਾਣਕ ਸੀ ਜਿਸ ਨੂੰ ਈਸਟ ਇੰਡੀਆ ਕੰਪਨੀ ਨੇ ਮੁੰਬਈ ਵਿਖੇ ਆਪਣਾ ਵਪਾਰਕ ਏਜੰਟ ਨਿਯੁਕਤ ਕੀਤਾ ਸੀ। 18ਵੀਂ ਸਦੀ ਦੇ ਖਤਮ ਹੁੰਦੇ ਹੁੰਦੇ ਮੁੰਬਈ ਅਤੇ ਸੂਰਤ ਵਿਖੇ ਈਸਟ ਇੰਡੀਆ ਕੰਪਨੀ ਦਾ ਸਾਰਾ ਵਪਾਰ ਪਾਰਸੀ ਏਜੰਟਾਂ ਰਾਹੀਂ ਹੋਣ ਲੱਗ ਪਿਆ ਸੀ। ਉਨ੍ਹਾਂ ਵਿਚੋਂ



ਕਈ ਤਾਂ ਸਮੁੰਦਰੀ ਜਹਾਜ਼ ਕੰਪਨੀਆਂ ਦੇ ਮਾਲਕ ਬਣ ਗਏ ਤੇ ਭਾਰਤ ਅਤੇ ਚੀਨ ਦਰਮਿਆਨ ਹੋਣ ਵਾਲੇ ਰੇਸ਼ਮ, ਕਪਾਹ, ਲੱਕੜੀ ਅਤੇ ਅਫ਼ੀਮ ਦੇ ਵਪਾਰ ਤੋਂ ਕਰੋੜਾਂ ਰੁਪਏ ਦਾ ਮੁਨਾਫ਼ਾ ਕਮਾਇਆ ।

ਪਾਰਸੀ ਆਪਣੇ ਸਹਿ-ਧਰਮੀਆਂ ਦਾ ਬਹੁਤ ਖਿਆਲ ਰੱਖਦੇ ਹਨ। ਪੁਰਾਣੇ ਸਮੇਂ ਵਿੱਚ ਜੇ ਕੋਈ ਪਾਰਸੀ ਗ਼ਰੀਬ ਹੋ ਜਾਂਦਾ ਸੀ ਤਾਂ ਹਰੇਕ ਪਾਰਸੀ ਉਸ ਨੂੰ ਇੱਕ ਰੁਪਿਆ ਤੇ ਇੱਕ ਇੱਟ ਮਦਦ ਵਜੋਂ ਦੇਂਦੇ ਸਨ ਤਾਂ ਜੋ ਇੱਟਾਂ ਨਾਲ ਉਹ ਆਪਣਾ ਘਰ ਉਸਾਰ ਲਵੇ ਤੇ ਪੈਸੇ ਨਾਲ ਮੁੜ ਆਪਣੇ ਪੈਰਾਂ ਸਿਰ ਹੋ ਜਾਵੇ। ਹੌਲੀ ਹੌਲੀ ਵਪਾਰ ਤੋਂ ਕਮਾਏ ਪੈਸੇ ਨਾਲ ਕਈ ਵਪਾਰਿਕ ਘਰਾਣੇ ਜਿਵੇਂ ਸੋਰਾਬਜੀ, ਮੋਦੀ, ਕਾਮਾ, ਵਾਡੀਆ, ਜੀਜਾਭਾਈ, ਪਟੇਲ, ਮਹਿਤਾ ਅਤੇ ਟਾਟਾ ਆਦਿ ਭਾਰਤ ਭਰ ਵਿੱਚ ਪ੍ਰਸਿੱਧ ਹੋ ਗਏ। ਇਨ੍ਹਾਂ ਸੇਠਾਂ ਨੇ ਆਪਣੀ ਕਮਿਊਨਿਟੀ ਦੀ ਭਲਾਈ ਲਈ ਸੈਂਕੜੇ ਸਕੂਲ, ਕਾਲਜ, ਹਸਪਤਾਲ ਅਤੇ ਸਹਾਇਤਾ ਫ਼ੰਡ ਕਾਇਮ ਕੀਤੇ ਤਾਂ ਜੋ ਕੋਈ ਵੀ ਪਾਰਸੀ ਅਨਪੜ੍ਹ ਜਾਂ ਗ਼ਰੀਬ ਨਾ ਰਹਿ ਜਾਵੇ। ਇਸ ਤੋਂ ਇਲਾਵਾ ਉਨ੍ਹਾਂ ਨੇ ਪਾਰਸੀਆਂ ਨੂੰ ਆਪਣੀਆਂ ਫ਼ੈਕਟਰੀਆਂ ਅਤੇ ਦਫ਼ਤਰਾਂ ਆਦਿ ਵਿੱਚ ਨੌਕਰੀ ਦੇਣ ਵਿੱਚ ਪਹਿਲ ਦਿੱਤੀ ਜਿਸ ਕਾਰਨ ਇਸ ਵੇਲੇ ਕੋਈ ਵੀ ਪਾਰਸੀ ਐਨਾ ਗ਼ਰੀਬ ਨਹੀਂ ਹੈ ਕਿ ਦੋ ਵਕਤ ਦੀ ਰੋਟੀ ਵੀ ਨਾ ਕਮਾ ਸਕੇ ।

ਪਾਰਸੀਆਂ ਵਿੱਚ ਮ੍ਰਿਤਕਾਂ ਦਾ ਅੰਤਿਮ ਸੰਸਕਾਰ ਦੁਨੀਆਂ ਦੇ ਸਭ ਧਰਮਾਂ ਨਾਲੋਂ ਅਲੱਗ ਅਤੇ ਅਜੀਬ ਹੈ । ਦੁਨੀਆਂ ਭਰ ਵਿੱਚ ਮ੍ਰਿਤਕਾਂ ਨੂੰ ਜਾਂ ਤਾਂ ਜਲਾਇਆ ਜਾਂਦਾ ਹੈ ਤੇ ਜਾਂ ਕਬਰ ਵਿੱਚ ਦਫ਼ਨਾਇਆ ਜਾਂਦਾ ਹੈ ਪਰ ਪਾਰਸੀ ਹਵਾ, ਧਰਤੀ, ਅੱਗ ਅਤੇ ਪਾਣੀ ਨੂੰ ਪਵਿੱਤਰ ਮੰਨਦੇ ਹਨ ਤੇ ਇਹ ਨਹੀਂ ਚਾਹੁੰਦੇ ਕਿ ਮ੍ਰਿਤਕ ਦੇ ਅੰਤਿਮ ਸੰਸਕਾਰ ਕਾਰਨ ਇਨ੍ਹਾਂ ਵਿਚੋਂ ਕਿਸੇ ਨੂੰ ਵੀ ਹਾਨੀ ਪਹੁੰਚੇ। ਇਸ ਲਈ ਧਾਰਮਿਕ ਕਿਰਿਆਵਾਂ ਕਰਨ ਤੋਂ ਬਾਅਦ ਲਾਸ਼ ਨੂੰ ਸ਼ਾਂਤੀ ਦੇ ਮੰਦਰ ਦੀ ਛੱਤ 'ਤੇ ਰੱਖ ਦਿੱਤਾ ਜਾਂਦਾ ਹੈ ਜਿੱਥੇ ਗਿਰਝਾਂ ਤੇ ਹੋਰ ਮਾਸਖੋਰੇ ਪੰਛੀ ਉਸ ਨੂੰ ਖਾ ਜਾਂਦੇ ਹਨ । ਜਦੋਂ ਹੱਡੀਆਂ ਬਿਲਕੁਲ ਸਾਫ਼ ਹੋ ਜਾਂਦੀਆਂ ਹਨ ਤਾਂ ਉਨ੍ਹਾਂ ਨੂੰ ਮੰਦਰ ਵਿੱਚ ਸਥਿੱਤ ਇੱਕ ਡੂੰਘੇ ਖੱਡੇ ਵਿੱਚ ਧਕੇਲ ਦਿੱਤਾ ਜਾਂਦਾ ਹੈ ਕਿਉਂਕਿ ਹੁਣ ਭਾਰਤ ਵਿੱਚ ਗਿਰਝਾਂ ਦੀ ਅਬਾਦੀ ਬਹੁਤ ਘਟ ਗਈ ਹੈ, ਇਸ ਲਈ ਪਾਰਸੀ ਵੀ ਆਪਣੇ ਮੁਰਦਿਆਂ ਨੂੰ ਦਫ਼ਨਾਉਣ ਲੱਗ ਪਏ ਹਨ।

ਪਾਰਸੀਆਂ ਵਿੱਚ ਜਗਤ ਪ੍ਰਸਿੱਧ ਵਿਅਕਤੀ ਪੈਦਾ ਹੋਏ ਹਨ। ਸੁਤੰਤਰਤਾ ਸੰਗਰਾਮ ਵਿੱਚ ਭਾਗ ਲੈਣ ਵਾਲੇ ਪ੍ਰਮੁੱਖ ਪਾਰਸੀ ਫ਼ਿਰੋਜ਼ਸ਼ਾਹ ਮਹਿਤਾ, ਭੀਖਾਜੀ ਕਾਮਾ ਅਤੇ ਦਾਦਾਭਾਈ ਨਾਰੋਜੀ ਸਨ। ਦਾਦਾਭਾਈ ਨਾਰੋਜੀ ਬ੍ਰਿਟਿਸ਼ ਪਾਰਲੀਮੈਂਟ ਵਿੱਚ ਮੈਂਬਰ ਬਣਨ ਵਾਲਾ ਪਹਿਲਾ ਏਸ਼ੀਅਨ ਸੀ। ਵਿਗਿਆਨ ਵਿੱਚ ਨਾਮ ਰੌਸ਼ਨ ਕਰਨ ਵਾਲੇ ਹੋਮੀ ਜੇ ਭਾਬਾ ਅਤੇ ਪ੍ਰਮਾਣੂ ਵਿਗਿਆਨੀ ਟਮੀ ਹੋਮੀ ਐਨ ਸੇਠਨਾ ਸਨ। ਕਾਰੋਬਾਰੀਆਂ ਵਿੱਚ ਜਮਸ਼ੇਦਜੀ ਟਾਟਾ ਅਤੇ ਜੇ ਆਰ ਡੀ ਟਾਟਾ (ਇਨ੍ਹਾਂ ਨੂੰ ਭਾਰਤੀ ਉਦਯੋਗੀਕਰਨ ਦਾ ਪਿਤਾਮਾ ਕਿਹਾ ਜਾਂਦਾ ਹੈ), ਰਤਨ ਟਾਟਾ, ਸਾਈਰਸ ਮਿਸਤਰੀ, ਦਿਨਸ਼ਾਅ ਮਾਨੇਕਜੀ, ਸਾਈਰਸ ਪੂਨਾਵਾਲਾ ਤੇ ਉਸ ਦਾ ਬੇਟਾ ਅਦਾਰ ਪੂਨਾਵਾਲਾ (ਕੋਵਿਡ ਦੀ ਵੈਕਸੀਨ ਦੀ ਕਾਢ ਕੱਢਣ ਵਾਲਾ), ਨੈੱਸ ਵਾਡੀਆ, ਨੁਸਲੀ ਵਾਡੀਆ, ਜੇਹ ਵਾਡੀਆ ਆਦਿ ਵਿਸ਼ਵ ਪ੍ਰਸਿੱਧ ਹਸਤੀਆਂ ਹਨ। ਪਾਕਿਸਤਾਨ ਦੇ ਸੰਸਥਾਪਕ ਮੁਹੰਮਦ ਅਲੀ ਜਿਨਾਹ ਦੀ ਬੇਟੀ ਇੱਕ ਪਾਰਸੀ ਨੈੱਸ ਵਾਡੀਆ (ਬੰਬੇ ਡਾਇੰਗ ਕੱਪੜਾ ਉਦਯੋਗ ਦਾ ਮਾਲਕ) ਨਾਲ ਵਿਆਹੀ ਹੋਈ ਸੀ। ਇੰਦਰਾ ਗਾਂਧੀ ਦਾ ਪਤੀ ਫ਼ਿਰੋਜ਼ ਗਾਂਧੀ ਵੀ ਪਾਰਸੀ ਸੀ। ਸੁਰੱਖਿਆ ਦਸਤਿਆਂ ਵਿੱਚ ਫ਼ੀਲਡ ਮਾਰਸ਼ਲ ਸੈਮ ਮਾਨਕਸ਼ਾਅ (1971 ਜੰਗ ਦਾ ਹੀਰੋ), ਐਡਮਿਰਲ ਜਲ ਕੁਰਸੇਤਜੀ (ਜਲ ਸੈਨਾ ਦਾ ਮੁਖੀਆ ਬਣਨ ਵਾਲਾ ਪਹਿਲਾ ਪਾਰਸੀ) ਏਅਰ ਚੀਫ਼ ਮਾਰਸ਼ਲ਼ ਆਸਪੀ ਇੰਜੀਨੀਅਰ, ਏਅਰ ਚੀਫ਼ ਮਾਰਸ਼ਲ ਫ਼ਾਲੀ ਹੋਮੀਮੇਜਰ, ਵਾਈਸ ਐਡਮਿਰਲ ਆਰ ਐਫ਼ ਕਾਂਟਰੈਕਟਰ (ਇੰਡੀਅਨ ਕੋਸਟ ਗਾਰਡ ਦਾ ਪਹਿਲਾ ਪਾਰਸੀ ਚੀਫ਼), ਸ਼ਹੀਦ ਲੈਫ਼ਟੀਨੈਂਟ ਕਰਨਲ ਅਰਦੇਸ਼ੀਰ ਤਾਰਾਪੋਰ (ਪਰਮਵੀਰ ਚੱਕਰ 1965 ਦੀ ਭਾਰਤ ਪਾਕਿ ਜੰਗ) ਆਦਿ । ਖੇਡਾਂ ਵਿੱਚ ਵੀ ਪਾਰਸੀਆਂ ਨੇ ਆਪਣੀ ਧਾਂਕ ਜਮਾ ਕੇ ਰੱਖੀ ਹੈ, ਜਿਵੇਂ ਪ੍ਰਸਿੱਧ ਕ੍ਰਿਕਟਰ ਨਾਰੀ ਕਾਂਟਰੈਕਟਰ, ਰੂਸੀ ਮੋਦੀ, ਫ਼ਾਰੂਖ ਇੰਜੀਨੀਅਰ ਅਤੇ ਪੌਲੀ ਉਮਰੀਗਰ। ਸੰਗੀਤ ਅਤੇ ਫ਼ਿਲਮ ਜਗਤ ਵਿੱਚ ਰੌਕ ਸਟਾਰ ਫ਼ਰੈਡੀ ਮਰਕਰੀ, ਕੈਖੁਸਰੋ ਸ਼ਾਪੂਰਜੀ, ਜ਼ੁਬਿਨ ਮਹਿਤਾ, ਬੋਮਨ ਈਰਾਨੀ, ਨੀਨਾ ਵਾਡੀਆ ਅਤੇ ਪਰਸਿਸ ਖੰਬਾਟਾ ਨੂੰ ਕੌਣ ਨਹੀਂ ਜਾਣਦਾ। ਇਸ ਤੋਂ ਇਲਾਵਾ ਫ਼ਾਲੀ ਐਸ ਨਰੀਮਨ, ਨਾਨੀ ਅਰਦੀਸ਼ਵਰ ਪਾਲਕੀਵਾਲਾ ਅਤੇ ਸੋਲੀ ਸੋਰਾਬਜੀ ਸੁਪਰੀਮ ਕੋਰਟ ਦੇ ਪ੍ਰਸਿੱਧ ਵਕੀਲ ਹਨ। ਆਪਣੀ ਘੱਟ ਗਿਣਤੀ ਦੇ ਬਾਵਜੂਦ ਇਹ ਫ਼ਿਰਕਾ ਦਿਨ ਦੁੱਗਣੀ ਰਾਤ ਚੌਗੁਣੀ ਤਰੱਕੀ ਕਰ ਰਿਹਾ ਹੈ ਤੇ ਦੁਨੀਆਂ ਵਾਸਤੇ ਕਿਸੇ ਚਾਨਣ ਮੁਨਾਰੇ ਤੋਂ ਘੱਟ ਨਹੀਂ ਹੈ ।



ਪਾਠਕਾਂ ਲਈ ਵਿਸ਼ੇਸ਼ ਸੂਚਨਾ

ਅਦਾਰਾ ਕੌਮਾਂਤਰੀ ਅੰਮ੍ਰਿਤਸਰ ਟਾਈਮਜ਼ ਵੱਲੋਂ ਪਾਠਕਾਂ ਦੀ ਜਾਣਕਾਰੀ ਵਿੱਚ ਵਾਧਾ ਕਰਨ ਲਈ ਨਵੀਂ ਵੈਬਸਾਈਟ

www.amritsartimes.live

ਸ਼ੁਰੂ ਕੀਤੀ ਗਈ ਹੈ। ਜਿਸ ਵਿੱਚ ਦੇਸ਼ ਵਿਦੇਸ਼ ਵਿੱਚ ਹਰ ਦਿਨ ਵਾਪਰਦੀਆਂ ਘਟਨਾਵਾਂ ਦਾ ਵੇਰਵਾ, ਪੰਥਕ ਖ਼ਬਰਾਂ ਵੱਖ-ਵੱਖ ਵਿਸ਼ਿਆਂ ਨਾਲ ਸਬੰਧਿਤ ਮਾਹਿਰ ਵਿਦਵਾਨਾਂ ਦੇ ਲੇਖ, ਵਿਸ਼ੇਸ ਟਿੱਪਣੀਆਂ, ਕਵਰ ਸਟੋਰੀਆਂ, ਕਹਾਣੀਆਂ ਅਤੇ ਹੋਰ ਬਹੁਤ ਕੁਝ ਜਾਣਕਾਰੀ ਭਰਪੂਰ ਦੇਣ ਦਾ ਯਤਨ ਕੀਤਾ ਗਿਆ ਹੈ। ਇਕ ਵਾਰ ਜ਼ਰੂਰ ਵਿਜ਼ਟ ਕਰੋ।

ਕੌਮਾਂਤਰੀ ਅੰਮ੍ਰਿਤਸਰ ਟਾਈਮਜ਼ QUOMANTRY AMRITSAR TIMES
LIKE & SHARE
www.amritsartimes.live
Please like and share

# ਗੁਆਚੇ ਮਾਪੇ, ਫ਼ਿਰ ਨਹੀਂ ਲੱਭਣੇ

ਇੰਜ. ਸੁਖਵੰਤ ਸਿੰਘ ਧੀਮਾਨ

ਮੌਜੂਦਾ ਦੌਰ ਵਿੱਚ ਜ਼ਿਆਦਾਤਰ ਬੱਚੇ ਮਾਪਿਆਂ ਦਾ ਸਤਿਕਾਰ ਨਹੀਂ ਕਰ ਰਹੇ। ਬੱਚਿਆਂ ਦਾ ਸੁਭਾਅ ਪਤਾ ਨਹੀਂ ਕਿਸ ਤਰ੍ਹਾਂ ਦਾ ਬਣ ਰਿਹਾ ਹੈ ਕਿ ਉਹ ਆਪਣੀਆਂ ਲੋੜਾਂ ਵਿੱਚ ਮਾਂ-ਬਾਪ ਦੀ ਫ਼ਿਕਰ ਕਰਨੀ ਭੁੱਲ ਗਏ ਹਨ। ਅੱਜਕੱਲ੍ਹ ਬੱਚਿਆਂ ਨੂੰ ਆਪਣੇ ਕੋਲ ਵਧੀਆ ਮੋਬਾਈਲ ਫੋਨ, ਵਧੀਆ ਮੋਟਰਸਾਈਕਲ ਅਤੇ ਬ੍ਰਾਂਡੇਡ ਕੱਪੜੇ ਚਾਹੀਦੇ ਹਨ। ਉਹ ਚਾਹੇ ਕਿਸੇ ਵੀ ਕੀਮਤ 'ਤੇ ਮਾਪੇ ਲੈ ਕੇ ਦੇਣ। ਕਈ ਵਾਰ ਤਾਂ ਦੇਖਿਆ ਹੈ ਕਿ ਕੁਝ ਬੱਚੇ ਮਾਪਿਆਂ ਨੂੰ ਬਲੈਕ ਮੇਲ ਕਰਦੇ ਹਨ, ਭਾਵ ਜੇਕਰ ਉਹ ਉਨ੍ਹਾਂ ਦੀ ਮਰਜ਼ੀ ਦੀ ਕੋਈ ਚੀਜ਼ ਨਹੀਂ ਲੈ ਕੇ ਦੇਣਗੇ ਤਾਂ ਉਹ ਕੁਝ ਕਰ ਲੈਣ ਦਾ ਡਰਾਵਾ ਦਿੰਦੇ ਹਨ। ਮਾਪੇ ਇਨ੍ਹਾਂ ਗੱਲਾਂ ਤੋਂ ਡਰਦੇ ਆਪਣੇ ਬੱਚਿਆਂ ਦੀ ਹਰ ਇੱਛਾ ਨੂੰ ਪੂਰੀ ਕਰਨ ਲਈ ਆਪਣਾ ਸਭ ਕੁਝ ਦਾਅ 'ਤੇ ਲਗਾ ਦਿੰਦੇ ਹਨ।

ਵੈਸੇ ਤਾਂ ਮਾਪਿਆਂ ਨੂੰ ਆਪਣੇ ਧੀਆਂ-ਪੁੱਤਰ ਹਮੇਸ਼ਾ ਬਹੁਤ ਪਿਆਰੇ ਹੁੰਦੇ ਹਨ, ਪ੍ਰੰਤੂ ਜਦੋਂ ਬੱਚਾ ਇਕੱਲਾ ਕਹਿਰਾ ਹੁੰਦਾ ਹੈ ਤਾਂ ਉਹ ਮਾਪਿਆਂ ਨੂੰ ਹੋਰ ਵੀ ਜ਼ਿਆਦਾ ਪਿਆਰਾ ਹੋ ਜਾਂਦਾ ਹੈ। ਮਾਪੇ ਆਪਣੇ ਬੱਚੇ ਵਿੱਚ ਆਪਣਾ ਭਵਿੱਖ ਦੇਖਦੇ ਹਨ। ਦੇਖਣਾ ਵੀ ਚਾਹੀਦਾ ਹੈ। ਮਾਪਿਆਂ ਲਈ ਆਪਣੇ ਧੀਆਂ-ਪੁੱਤਰ ਇਸ ਹੱਦ ਤੱਕ ਪਿਆਰੇ ਹੁੰਦੇ ਹਨ ਕਿ ਉਹ ਉਨ੍ਹਾਂ ਦੀਆਂ ਖ਼ਾਹਿਸ਼ਾਂ ਜਾਂ ਉਨ੍ਹਾਂ ਨੂੰ ਜ਼ਿੰਦਗੀ ਵਿੱਚ ਸਫਲਤਾ 'ਤੇ ਪੁੱਜਦਾ ਦੇਖਣ ਲਈ ਆਪਣਾ ਸਭ ਕੁਝ ਨਿਛਾਵਰ ਕਰ ਦਿੰਦੇ ਹਨ। ਛੋਟੇ ਹੁੰਦੇ ਤੋਂ ਸੁਣਦੇ ਆ ਰਹੇ ਹਾਂ ਕਿ ਪੁੱਤ ਕਪੁੱਤ ਹੋ ਸਕਦੇ ਹਨ, ਪਰ ਮਾਪੇ ਕੁਮਾਪੇ ਨਹੀਂ। ਦਰਅਸਲ, ਇਨਸਾਨ ਜਦੋਂ ਖ਼ੁਦ ਮਾਂ-ਬਾਪ ਬਣਦਾ ਹੈ ਤਾਂ ਉਸ ਨੂੰ ਅਹਿਸਾਸ ਹੁੰਦਾ ਹੈ ਕਿ ਮਾਂ-ਬਾਪ ਅਸਲ ਵਿੱਚ ਕੀ ਹੁੰਦੇ ਹਨ। ਮਾਂ-ਬਾਪ ਦੀ ਜ਼ਿੰਮੇਵਾਰੀ ਦਾ ਅਹਿਸਾਸ ਖ਼ੁਦ ਮਾਪੇ ਬਣ ਕੇ ਹੀ ਪਤਾ ਲੱਗਦਾ ਹੈ। ਮਾਪੇ ਆਪ ਭੁੱਖਾ ਰਹਿ ਲੈਣਗੇ, ਪਰ ਆਪਣੇ ਬੱਚਿਆਂ ਨੂੰ ਭੁੱਖਾ ਨਹੀਂ ਸੌਣ ਦਿੰਦੇ।



ਮੈਂ ਕੁਝ ਅਜਿਹੇ ਕੇਸ ਵੀ ਦੇਖੇ ਹਨ ਜਿੱਥੇ ਮਾਪਿਆਂ ਦਾ ਇਕੱਲਾ ਪੁੱਤਰ ਵਿਦੇਸ਼ ਵਿੱਚ ਜਾ ਕੇ ਵਸ ਗਿਆ ਅਤੇ ਉਸ ਨੇ ਆਪਣੇ ਮਾਪਿਆਂ ਦੀ ਖ਼ਬਰ ਵੀ ਨਹੀਂ ਲਈ, ਜਿਸ ਦੇ ਵਿਯੋਗ ਵਿੱਚ ਮਾਪੇ ਚਲਾਣਾ ਕਰ ਗਏ। ਇੱਕ ਮਾਂ ਤਾਂ ਮੈਂ ਖ਼ੁਦ ਆਪਣੀਆਂ ਅੱਖਾਂ ਸਾਹਮਣੇ ਦਮ ਤੋੜਦੀ ਦੇਖੀ ਕਿਉਂਕਿ ਉਸ ਦਾ ਇਕਲੌਤਾ ਪੁੱਤਰ ਆਪਣੇ ਵਿਦੇਸ਼ ਜਾਣ ਦੀ ਹੋੜ ਵਿੱਚ ਆਪਣੇ ਮਾਪਿਆਂ ਨੂੰ ਛੱਡ ਕੇ ਚਲਾ ਗਿਆ। ਆਪਣੇ ਪੁੱਤਰ ਨੂੰ ਦੂਰ ਜਾਂਦਿਆਂ ਦੇਖ ਕੇ ਉਸ ਮਾਂ ਦੀ ਹਾਰਟ ਅਟੈਕ ਨਾਲ ਮੌਤ ਹੋ ਗਈ। ਮੇਰੇ ਮਨ ਵਿੱਚ ਅੱਜ ਵੀ ਉਹ ਪ੍ਰਸ਼ਨ ਉਸੇ ਤਰ੍ਹਾਂ ਖੜ੍ਹਾ ਹੈ ਕਿ ਉਸ ਮਾਂ ਨੇ ਆਪਣੇ ਪੁੱਤਰ ਨੂੰ ਆਪਣੀ ਮੌਤ ਦਾ ਕਾਰਨ ਬਣਨ ਲਈ ਜੰਮਿਆ ਸੀ? ਕਿਉਂ ਨਹੀਂ ਧੀਆਂ-ਪੁੱਤਰ ਆਪਣੇ ਮਾਪਿਆਂ ਦੀ ਫ਼ਿਕਰ ਕਰਦੇ? ਜਦੋਂ ਕਿ ਮਾਪੇ ਉਨ੍ਹਾਂ ਲਈ ਆਪਣੀ ਜ਼ਿੰਦਗੀ ਦੇ ਸੁਨਹਿਰੇ ਦਿਨਾਂ ਨੂੰ ਨਿਸ਼ਾਵਰ ਕਰ ਦਿੰਦੇ ਹਨ। ਖ਼ਾਸ ਕਰਕੇ ਮਾਂ ਦਾ ਦੇਣਾ ਤਾਂ ਬੱਚੇ ਕਦੇ ਵੀ ਨਹੀਂ ਦੇ ਸਕਦੇ। ਬੱਚਿਆਂ ਦੀ ਬਿਹਤਰੀ ਲਈ ਮਾਪੇ ਨਿਰੰਤਰ ਯਤਨ ਕਰਦੇ ਰਹਿੰਦੇ ਹਨ। ਬੱਚੇ ਚਾਹੇ ਕਿੰਨੇ ਵੀ ਵੱਡੇ ਅਹੁਦੇ 'ਤੇ ਪਹੁੰਚ ਜਾਣ ਜਾਂ ਜਿੰਨੇ ਮਰਜ਼ੀ ਅਮੀਰ ਹੋ ਜਾਣ, ਪਰ ਮਾਪਿਆਂ ਲਈ ਆਪਣੇ ਬੱਚੇ ਹਮੇਸ਼ਾਂ ਬੱਚੇ ਹੀ ਰਹਿੰਦੇ ਹਨ। ਮੇਰੀ ਮਾਤਾ ਦੇ ਗੋਡਿਆਂ ਦਾ ਆਪਰੇਸ਼ਨ ਹੋਣਾ ਸੀ। ਜਦੋਂ ਉਸ ਨੂੰ ਆਪਰੇਸ਼ਨ ਥੀਏਟਰ ਵਿੱਚ ਲਿਜਾਇਆ ਗਿਆ ਅਤੇ ਆਪਰੇਸ਼ਨ ਕਰਨਾ ਸ਼ੁਰੂ ਕਰਨਾ ਹੀ ਸੀ ਤਾਂ ਮੇਰੀ ਮਾਂ ਨੇ ਉੱਥੇ ਖੜ੍ਹੇ ਇੱਕ ਵਾਰਡ ਬੁਆਏ ਨੂੰ ਕਿਹਾ ਕਿ ਬਾਹਰ ਇੱਕ ਸਰਦਾਰ ਮੁੰਡਾ ਯਾਨੀ ਮੇਰਾ ਪੁੱਤਰ ਖੜ੍ਹਾ ਹੈ। ਉਸ ਨੂੰ ਜਾ ਕੇ ਕਹਿ ਦੇ ਕਿ ਗੱਡੀ ਵਿੱਚ ਰੋਟੀ ਰੱਖੀ ਹੋਈ ਹੈ, ਉਸ ਨੂੰ ਜਲਦੀ ਖਾ ਲਵੇ ਨਹੀਂ ਤਾਂ ਉਹ ਠੰਢੀ ਹੋ ਜਾਵੇਗੀ। ਦੇਖੋ ਮਾਂ ਨੂੰ ਆਪਣੇ ਆਪਰੇਸ਼ਨ ਦੀ ਫ਼ਿਕਰ ਨਹੀਂ ਸੀ, ਪਰ ਉਸ ਨੂੰ ਫ਼ਿਕਰ ਸੀ ਕਿ ਉਸ ਦੇ ਪੁੱਤਰ ਨੂੰ ਖਾਣ ਲਈ ਗਰਮ ਰੋਟੀ ਮਿਲ ਜਾਵੇ, ਕਿਤੇ ਭੁੱਖਾ ਨਾ ਰਹਿ ਜਾਵੇ।




ਇਸ ਲਈ ਆਪਣੇ ਮਾਪਿਆਂ ਦੀਆਂ ਅੱਖਾਂ ਵਿੱਚ ਕਦੇ ਵੀ ਹੰਝੂ ਨਾ ਆਉਣ ਦਿਓ ਕਿਉਂਕਿ ਇਸ ਦੁਨੀਆ ਵਿੱਚ ਸਿਰਫ਼ ਤੁਹਾਡੇ ਮਾਪੇ ਹੀ ਹਨ ਜੋ ਤੁਹਾਡੀ ਬਿਹਤਰੀ ਲਈ ਯਤਨ ਕਰਦੇ ਹਨ, ਅਰਦਾਸਾਂ ਕਰਦੇ ਹਨ, ਤੁਹਾਨੂੰ ਚੜ੍ਹਦੀ ਕਲਾ ਵਿੱਚ ਦੇਖਣਾ ਚਾਹੁੰਦੇ ਹਨ। ਦੁਨੀਆਂ ਦੇ ਹੋਰ ਕਿਸੇ ਵੀ ਇਨਸਾਨ ਨੂੰ ਤੁਹਾਡੀ ਫ਼ਿਕਰ ਨਹੀਂ ਹੋਵੇਗੀ, ਪਰ ਤੁਹਾਡੇ ਮਾਪੇ ਹਰ ਪਲ ਤੁਹਾਡੀ ਫ਼ਿਕਰ ਕਰਦੇ ਹਨ। ਅਜੋਕੇ ਦੌਰ ਦੇ ਜ਼ਿਆਦਾਤਰ ਬੱਚੇ ਆਪਣੀ ਐਸ਼ਪ੍ਰਸਤੀ ਅਤੇ ਸੁੱਖ ਸਾਧਨਾਂ ਲਈ ਮਾਪਿਆਂ ਨੂੰ ਪਤਾ ਨਹੀਂ ਕਿੱਥੇ ਕਿੱਥੇ ਰੁਲਾਉਂਦੇ ਹਨ, ਨਸ਼ੇ ਕਰਦੇ ਹਨ, ਰਾਹਾਂ ਤੋਂ ਭਟਕ ਜਾਂਦੇ ਹਨ ਅਤੇ ਅਖੀਰ ਨੂੰ ਆਪਣੀ ਜ਼ਿੰਦਗੀ ਖ਼ਰਾਬ ਕਰ ਲੈਂਦੇ ਹਨ ਜਾਂ ਜਾਨ ਦੇ ਦਿੰਦੇ ਹਨ। ਇਹ ਸਦਮਾ ਅਕਸਰ ਮਾਪਿਆਂ ਦੀ ਮੌਤ ਦਾ ਕਾਰਨ ਬਣਦਾ ਜਾ ਰਿਹਾ ਹੈ। ਜਿਨ੍ਹਾਂ ਮਾਪਿਆਂ ਨੇ ਤੁਹਾਨੂੰ ਜਨਮ ਦਿੱਤਾ ਹੈ, ਤੁਸੀਂ ਬੁਰੇ ਕਰਮਾਂ ਕਾਰਨ ਉਨ੍ਹਾਂ ਮਾਪਿਆਂ ਦੇ ਦੁੱਖਾਂ ਦਾ ਕਾਰਨ ਬਣ ਰਹੇ ਹੋ। ਇਹ ਬਹੁਤ ਮੰਦਭਾਗਾ ਹੈ। ਮੈਂ ਇਹ ਨਹੀਂ ਕਹਿੰਦਾ ਕਿ ਸਾਰੇ ਧੀਆਂ-ਪੁੱਤ ਖ਼ਰਾਬ ਹਨ, ਬਹੁਤ ਚੰਗੇ ਧੀਆਂ-ਪੁੱਤਰ ਵੀ ਹਨ ਜੋ ਆਪਣੇ ਮਾਪਿਆਂ ਨੂੰ ਜਿੱਥੇ ਸੁੱਖ ਦਾ ਸਾਹ ਦਿੰਦੇ ਹਨ, ਉੱਥੇ ਉਨ੍ਹਾਂ ਦੀ ਸੇਵਾ ਕਰਕੇ ਅਤੇ ਕਹਿਣੇ ਵਿੱਚ ਰਹਿੰਦਿਆਂ ਹੋਇਆਂ, ਮਾਪਿਆਂ ਦੀ ਜ਼ਿੰਦਗੀ ਨੂੰ ਸੁਹਾਵਣਾ ਬਣਾਉਂਦੇ ਹਨ ਅਤੇ ਉਨ੍ਹਾਂ ਦੀ ਉਮਰ ਵੀ ਵਧਾਉਂਦੇ ਹਨ। ਇਸ ਲਈ ਮਾਪਿਆਂ ਦੀ ਪਰਵਾਹ ਕਰੋ ਕਿਉਂਕਿ ਇੱਕ ਵਾਰ ਗੁਆਚੇ ਮਾਪੇ ਫਿਰ ਮੁੜ ਨਹੀਂ ਲੱਭਣੇ।

# ਕੀ ਖ਼ੁਦਕੁਸ਼ੀ ਲਈ ਸਮਾਜ ਦੋਸ਼ੀ?



ਦਵਿੰਦਰ ਕੌਰ ਖੁਸ਼ ਧਾਲੀਵਾਲ



ਹਰ ਸਾਲ ਖ਼ੁਦਕੁਸ਼ੀਆਂ ਵਿੱਚ ਵਾਧਾ ਹੋ ਰਿਹਾ ਹੈ। ਖ਼ੁਦਕੁਸ਼ੀ ਸ਼ਬਦ ਬੋਲਣ ਨੂੰ ਬਹੁਤ ਛੋਟਾ ਹੈ ਪਰ ਇਸ ਦੇ ਨਤੀਜੇ ਬਹੁਤ ਘਾਤਕ ਹਨ। ਇੱਕ ਪਰਿਵਾਰ ਦੀ ਪੂਰੀ ਨੀਂਹ ਹਿੱਲ ਜਾਂਦੀ ਹੈ। ਇਨਸਾਨ ਨੂੰ ਖ਼ੁਦਕੁਸ਼ੀ ਦਾ ਰਾਹ ਕਿਉਂ ਅਪਨਾਉਣਾ ਪੈਂਦਾ ਹੈ? ਮੁੱਖਧਾਰਾ ਦੇ ਅਰਥ ਸ਼ਾਸਤਰੀ ਗ਼ਰੀਬੀ, ਬੇਰੁਜ਼ਗਾਰੀ, ਆਰਥਿਕ ਨਾਬਰਾਬਰੀ, ਵਧਦੀ ਮਹਿੰਗਾਈ ਆਦਿ ਬਾਰੇ ਕਾਫ਼ੀ ਚਰਚਾ ਕਰਦੇ ਹਨ। ਇਕੱਲੀ ਚਰਚਾ ਹੀ ਨਹੀਂ, ਆਲੋਚਨਾ ਕਰਦੇ ਹੋਏ ਇਨ੍ਹਾਂ ਸਮੱਸਿਆਵਾਂ ਦਾ ਇਸੇ ਢਾਂਚੇ ਵਿੱਚ 'ਹੱਲ' ਵੀ ਪੇਸ਼ ਕਰਦੇ ਹਨ। ਉਪਰੋਕਤ ਅਲਾਮਤਾਂ ਦੀ ਮਾਰ ਜ਼ਿਆਦਾਤਰ ਗ਼ਰੀਬ ਮਜ਼ਦੂਰ ਅਤੇ ਕਿਰਤੀ ਜਮਾਤ ਨੂੰ ਝੱਲਣੀ ਪੈਂਦੀ ਹੈ। ਮੁਨਾਫ਼ੇ 'ਤੇ ਟਿਕਿਆ ਸਰਮਾਏਦਾਰਾ ਢਾਂਚਾ ਇਕੱਲੀਆਂ ਆਰਥਿਕ ਸਮੱਸਿਆਵਾਂ ਹੀ ਨਹੀਂ ਪੈਦਾ ਕਰਦਾ ਸਗੋਂ ਸਮਾਜਿਕ ਸਮੱਸਿਆਵਾਂ ਨੂੰ ਵੀ ਜਨਮ ਦਿੰਦਾ ਹੈ। ਇਨ੍ਹਾਂ ਸਮੱਸਿਆਵਾਂ ਤੋਂ ਮੁੱਖਧਾਰਾ ਦੇ ਆਲੋਚਕ ਵਾਕਫ਼ ਤਾਂ ਹਨ, ਪਰ ਹੱਲ ਉਨ੍ਹਾਂ ਕੋਲ ਨਹੀਂ ਹੈ।

ਅਜਿਹੀ ਹੀ ਇੱਕ ਸਮਾਜਿਕ ਸਮੱਸਿਆ ਹੈ: ਖ਼ੁਦਕੁਸ਼ੀਆਂ। ਖ਼ੁਦਕੁਸ਼ੀਆਂ ਦੇ ਮਾਮਲੇ ਇਕੱਲੀ ਮਜ਼ਦੂਰ ਜਮਾਤ ਨਾਲ ਸਬੰਧਿਤ ਨਾ ਹੋ ਕੇ ਸਗੋਂ ਹਰ ਵਰਗ ਨੂੰ ਆਪਣੀ ਵਿੱਚ ਲਪੇਟ ਲੈਂਦੇ ਹਨ। ਕਿਸਾਨ, ਖੇਤ ਮਜ਼ਦੂਰ, ਵਿਦਿਆਰਥੀ, ਉੱਚ ਮੱਧਵਰਗ, ਫ਼ਿਲਮ ਜਗਤ ਨਾਲ ਜੁੜੇ ਲੋਕ ਆਦਿ ਤੱਕ ਇਸ ਸਮਾਜਿਕ ਅਲਾਮਤ ਦੀ ਮਾਰ ਹੇਠ ਹਨ। ਕੌਮੀ ਅਪਰਾਧ ਰਿਕਾਰਡ ਬਿਊਰੋ ਅਨੁਸਾਰ ਸਾਲ 2024 ਵਿੱਚ ਭਾਰਤ ਵਿੱਚ ਕੁੱਲ ਖ਼ੁਦਕੁਸ਼ੀਆਂ ਵਿੱਚ 2 ਫ਼ੀਸਦੀ ਵਾਧਾ ਹੋਇਆ ਅਤੇ ਵਿਦਿਆਰਥੀਆਂ ਦੀਆਂ ਖ਼ੁਦਕੁਸ਼ੀਆਂ ਵਿੱਚ 4 ਫ਼ੀਸਦੀ ਵਾਧਾ ਹੋਇਆ ਹੈ। ਸਾਲ 2022 ਵਿੱਚ ਭਾਰਤ ਵਿੱਚ 1,71,000 ਲੋਕਾਂ ਨੇ ਆਪਣੀ ਜ਼ਿੰਦਗੀ ਖ਼ਤਮ ਕਰ ਲਈ ਸੀ। ਇੱਕ ਅਖ਼ਬਾਰ ਦੀ ਖ਼ਬਰ ਅਨੁਸਾਰ ਮਹਾਰਾਸ਼ਟਰ ਸੂਬੇ ਵਿੱਚ ਸਭ ਤੋਂ ਵੱਧ (ਕੁੱਲ ਦਾ 14 ਫ਼ੀਸਦੀ) ਵਿਦਿਆਰਥੀ ਖ਼ੁਦਕੁਸ਼ੀ ਕਰਦੇ ਹਨ ਅਤੇ ਇਸ ਤੋਂ ਬਾਅਦ ਤਮਿਲਨਾਡੂ (ਕੁੱਲ ਦਾ 11 ਫ਼ੀਸਦੀ) ਆਉਂਦਾਹੈ। ਇਸੇ ਰਿਪੋਰਟ ਅਨੁਸਾਰ ਪਿਛਲੇ 20 ਸਾਲਾਂ ਵਿੱਚ ਖ਼ੁਦਕੁਸ਼ੀਆਂ ਦੀ ਗਿਣਤੀ ਵਿੱਚ ਦੁੱਗਣਾ ਵਾਧਾ ਹੋਇਆ ਹੈ।

ਸੁਨਹਿਰੇ ਭਵਿੱਖ ਦਾ ਸੁਪਨਾ ਦਿਖਾਉਣ ਵਾਲੀਆਂ ਵਪਾਰਕ ਸਿੱਖਿਆ ਸੰਸਥਾਵਾਂ, ਕੋਚਿੰਗ ਕੇਂਦਰਾਂ ਤੋਂ ਆਏ ਦਿਨ ਖ਼ੁਦਕੁਸ਼ੀ ਦੀਆਂ ਖ਼ਬਰਾਂ ਆਉਂਦੀਆਂ ਹਨ। ਇੱਥੋਂ ਤੱਕ ਕਿ 10ਵੀਂ, 12ਵੀਂ ਦੇ ਕਈ ਸਕੂਲੀ ਵਿਦਿਆਰਥੀ ਮੁਕਾਬਲੇ ਵਿੱਚ ਪਛੜ ਜਾਣ 'ਤੇ ਖ਼ੁਦਕੁਸ਼ੀ ਕਰ ਲੈਂਦੇ ਹਨ। ਸਮਾਜ ਨੂੰ ਚਲਾਉਣ ਵਾਲਿਆਂ ਨੇ ਸਫ਼ਲਤਾ ਅਤੇ ਅਸਫ਼ਲਤਾ ਦੇ ਪੈਮਾਨੇ ਬਣਾਏ ਅਤੇ ਮੀਡੀਆ ਰਾਹੀਂ ਸਾਡੇ ਸੋਚਣ ਢੰਗ ਵਿੱਚ ਉਸੇ ਨੂੰ ਹੀ ਇੱਕ ਸੱਚ ਵਜੋਂ ਸਮੋ ਦਿੱਤਾ ਗਿਆ ਹੈ। ਜੋ ਪਹਿਲੇ ਨੰਬਰ 'ਤੇ ਹੈ ਉਹੀ ਚੰਗਾ ਹੈ, ਜੋ ਮੁਕਾਬਲਾ ਪ੍ਰੀਖਿਆ ਵਿੱਚ ਮੋਹਰੀ ਹੈ ਉਹੀ ਯੋਗ ਹੈ, ਬਾਕੀ ਬਚੇ ਨਕਾਰਾ ਹਨ, ਜੋ ਖ਼ੁਦ ਦੀ ਅਯੋਗਤਾ ਕਾਰਨ ਪਿੱਛੇ ਰਹਿ ਗਏ ਹਨ। ਨੌਜਵਾਨ ਬੱਚਿਆਂ ਦੇ ਖ਼ੁਦਕੁਸ਼ੀ ਨੋਟਾਂ ਵਿੱਚ ਆਮ ਹੀ ਇਹ ਲਿਖਿਆ ਹੁੰਦਾ ਹੈ ਕਿ 'ਮੇਰੇ ਤੋਂ ਦਬਾਅ ਸਹਿਣ ਨਹੀਂ ਹੋ ਰਿਹਾ'! ਨੌਜਵਾਨ ਪੀੜ੍ਹੀ ਬਹੁਤ ਛੇਤੀ ਪੌੜੀ ਦੇ ਸਿਖਰਲੇ ਡੰਡੇ ਨੂੰ ਹੱਥ ਪਾਉਣਾ ਚਾਹੁੰਦੀ ਹੈ ਅਤੇ ਬਹੁਤ ਛੇਤੀ ਹਾਰ ਵੀ ਮੰਨ ਜਾਂਦੀ ਹੈ। ਕੋਈ ਵਿਦਿਆਰਥੀ ਹਾਰ ਉਦੋਂ ਮੰਨਦਾ ਹੈ ਜਦੋਂ ਮੁਕਾਬਲੇਬਾਜ਼ੀ ਵਿੱਚ ਪੈ ਜਾਂਦਾ ਹੈ। ਬੱਚਿਆਂ ਨੂੰ ਬਚਪਨ ਤੋਂ ਹੀ ਮੁਕਾਬਲੇਬਾਜ਼ੀ ਵਿੱਚ ਪਾਇਆ ਜਾਂਦਾ ਹੈ। ਉਨ੍ਹਾਂ ਨੂੰ ਸੰਘਰਸ਼ ਕਰਨਾ ਬਹੁਤ ਔਖਾ ਲੱਗਦਾ ਹੈ।




ਅੰਨ੍ਹੀ ਮੁਕਾਬਲੇਬਾਜ਼ੀ, ਸਮਾਜ ਵਿੱਚ ਟਿਕੇ ਰਹਿਣ ਲਈ ਅਰੁਕ ਦਮਘੋਟੂ ਸੰਘਰਸ਼ ਇਸ ਆਰਥਿਕ ਸਮਾਜਿਕ ਪ੍ਰਬੰਧ ਦੀ ਦੇਣ ਹੈ। ਇਸੇ ਸਮਾਜਿਕ ਸੰਦਰਭ ਨੂੰ ਸਮਝਦੇ ਹੋਏ ਅਸੀਂ ਖ਼ੁਦਕੁਸ਼ੀ ਦੇ ਕਾਰਨ ਅਤੇ ਇਹ ਕਦਮ ਚੁੱਕਣ ਵਾਲੇ ਵਿਅਕਤੀਆਂ ਦੀ ਮਨੋਸਥਿਤੀ ਨੂੰ ਸਮਝ ਸਕਦੇ ਹਾਂ। ਖ਼ੁਦਕੁਸ਼ੀ ਦੇ ਵੱਖ-ਵੱਖ ਮਾਮਲਿਆਂ ਵਿੱਚ ਉੱਭਰ ਕੇ ਸਾਹਮਣੇ ਆਉਂਦੇ ਕਾਰਨਾਂ ਦੀ ਇੱਕ ਲੰਮੀ ਸੂਚੀ ਹੈ। ਇਹ ਸੂਚੀ ਮੁਨਾਫ਼ੇ 'ਤੇ ਆਧਾਰਿਤ ਢਾਂਚੇ ਦੀਆਂ ਅਲਾਮਤਾਂ ਦੀ ਹੀ ਸੂਚੀ ਹੈ ਜਿਵੇਂ: ਸਿੱਖਿਆ ਦੇ ਖੇਤਰ ਵਿੱਚ ਮੁਕਾਬਲੇਬਾਜ਼ੀ; ਇੱਛਾ ਤੋਂ ਬਗੈਰ ਕਿੱਤੇ ਦੀ ਚੋਣ ਕਰਨੀ; ਰੁਜ਼ਗਾਰ ਲਈ ਵਧਦੀ ਮੁਕਾਬਲੇਬਾਜ਼ੀ ਅਤੇ ਬੇਰੁਜ਼ਗਾਰੀ; ਭੇਦਭਾਵ (ਲਿੰਗ, ਜਾਤ ਆਦਿ); ਆਰਥਿਕ ਤੰਗੀ (ਗ਼ਰੀਬੀ ਅਤੇ ਕਰਜ਼ਾ); ਇਕੱਲਤਾ; ਸਫ਼ਲਤਾ-ਅਸਫ਼ਲਤਾ ਦੇ ਸਰਮਾਏਦਾਰਾ ਸਮਾਜਿਕ ਪੈਮਾਨਿਆਂ ਮੁਤਾਬਿਕ ਦੂਜਿਆਂ ਨਾਲ ਆਪਣੀ ਤੁਲਨਾ ਕਰ ਕੇ ਹੀਣ ਭਾਵਨਾ ਦਾ ਸ਼ਿਕਾਰ ਹੋਣਾ; ਔਰਤਾਂ ਦੇ ਮਾਮਲਿਆਂ ਵਿੱਚ ਜਿਨਸੀ ਸੋਸ਼ਣ, ਘਰੇਲੂ ਹਿੰਸਾ, ਪਿੱਤਰਸੱਤਾ ਵਾਲੇ ਸਮਾਜਿਕ ਪ੍ਰਬੰਧ ਵਿੱਚ ਘਰੇਲੂ ਅਤੇ ਸਮਾਜਿਕ ਦਬਾਅ ਆਦਿ। ਖ਼ੁਦਕੁਸ਼ੀ ਸਬੰਧੀ ਵੱਖ-ਵੱਖ ਰਿਪੋਰਟਾਂ ਵੀ ਇਨ੍ਹਾਂ ਕਾਰਨਾਂ ਦੀ ਨਿਸ਼ਾਨਦੇਹੀ ਕਰਦੀਆਂ ਹਨ ਕਿਉਂਕਿ 'ਖ਼ੁਦਕੁਸ਼ੀ ਨੋਟ' ਇਨ੍ਹਾਂ ਸਭ ਕਾਰਨਾਂ ਨੂੰ ਓਹਲੇ ਹੋਣ ਦਾ ਕੋਈ ਮੌਕਾ ਨਹੀਂ ਦਿੰਦੇ।

ਸੱਚ ਤਾਂ ਇਹ ਹੈ ਕਿ ਖ਼ੁਦਕੁਸ਼ੀ ਇਸ ਬਿਮਾਰ ਢਾਂਚੇ ਦਾ ਇੱਕ ਲੱਛਣ ਹੈ। ਇਸ ਵਿੱਚ ਕੋਈ ਸ਼ੱਕ ਨਹੀਂ ਕਿ ਨਿਰਾਸ਼ਾ ਦੇ ਪਲਾਂ ਵਿੱਚ ਹਾਰ ਮੰਨ ਲੈਣਾ ਅਤੇ ਸੰਘਰਸ਼ ਤੋਂ ਮੂੰਹ ਮੋੜ ਕੇ ਆਪਣੀ ਜ਼ਿੰਦਗੀ ਖ਼ਤਮ ਕਰ ਲੈਣ ਦਾ ਰਾਹ ਕਿਸੇ ਵੀ ਤਰੀਕੇ ਸਹੀ ਨਹੀਂ ਹੈ ਪਰ ਖ਼ੁਦਕੁਸ਼ੀ ਕਰਨ ਵਾਲੇ ਨੂੰ ਹੀ ਇਸ ਲਈ ਦੋਸ਼ੀ ਐਲਾਨਣਾ ਗ਼ਲਤ ਹੈ। ਇਸ ਦੀ ਅਸਲ ਜੜ੍ਹ ਇਹ ਲੋਟੂ ਢਾਂਚਾ ਹੈ ਜਿਸ ਵਿੱਚੋਂ ਅਜਿਹੇ ਹਾਲਾਤ ਪੈਦਾ ਹੁੰਦੇ ਰਹਿੰਦੇ ਹਨ ਜਿਨ੍ਹਾਂ ਕਾਰਨ ਕਈ ਇਨਸਾਨ ਇਹ ਗ਼ੈਰ-ਕੁਦਰਤੀ ਘਟਨਾ ਨੇਪਰੇ ਚਾੜ੍ਹ ਦਿੰਦੇ ਹਨ। ਇਸ ਢਾਂਚੇ ਵਿੱਚ ਇਨਸਾਨ ਦੀ ਉਪਯੋਗਤਾ ਉਸ ਵੱਲੋਂ ਕਮਾਏ ਗਏ ਪੈਸਿਆਂ ਤੋਂ ਆਂਕੀ ਜਾਂਦੀ ਹੈ। ਜੋ ਮਹੀਨੇ ਦੇ ਵੱਧ ਪੈਸੇ ਕਮਾਉਂਦਾ ਹੈ ਉਹ ਵੱਧ ਉਪਯੋਗੀ, ਜੋ ਘੱਟ ਕਮਾਉਂਦਾ ਹੈ ਜਾਂ ਪੈਸੇ ਕਮਾਉਣ ਲਈ ਟੱਕਰਾਂ ਮਾਰ ਰਿਹਾ ਹੈ ਉਹ ਨਕਾਰਾ। ਇਹ ਮੁਨਾਫ਼ੇ ਨੂੰ ਕੇਂਦਰ ਵਿੱਚ ਰੱਖਣ ਵਾਲਿਆਂ ਦਾ ਵਿਚਾਰ ਹੈ। ਇਸ ਨੂੰ ਹਾਕਮ ਜਮਾਤਾਂ ਰਾਹੀਂ ਲੁੱਟ, ਜਬਰ ਦਾ ਸ਼ਿਕਾਰ ਲੋਕਾਂ ਦਾ ਵੀ ਵਿਚਾਰ ਬਣਾ ਦਿੱਤਾ ਗਿਆ ਹੈ। ਇੱਥੋਂ ਹੀ ਉਹ ਹੀਣ ਭਾਵਨਾ ਜਨਮ ਲੈਂਦੀ ਹੈ ਕਿ ਖ਼ੁਦ ਇਨਸਾਨ ਹੀ ਆਪਣੀ ਘੱਟ ਯੋਗਤਾ ਕਾਰਨ ਦੋਸ਼ੀ ਹੈ।

ਸਰਮਾਏਦਾਰਾ ਢਾਂਚੇ ਵਿੱਚ ਕੰਮ ਕਰਦੇ ਕਾਮਿਆਂ ਉੱਤੇ ਲਗਾਤਾਰ ਵਿੱਤੋਂ ਵੱਧ ਕੰਮ ਕਰਨ ਦਾ ਦਬਾਅ ਲਗਾਤਾਰ ਬਣਿਆ ਰਹਿੰਦਾ ਹੈ। ਨਿੱਜੀ ਕੰਪਨੀਆਂ ਵਿੱਚ ਨਿੱਤ ਨਵੇਂ ਨਿਸ਼ਾਨੇ ਦਿੱਤੇ ਜਾਂਦੇ ਹਨ, ਜਿਨ੍ਹਾਂ ਨੂੰ ਪੂਰੇ ਕਰਦਾ ਮੁਲਾਜ਼ਮ ਆਪਣੀ ਜਾਨ ਖਪਾ ਦਿੰਦਾ ਹੈ। ਮਨੁੱਖ ਨੂੰ ਮਨੁੱਖ ਨਾ ਸਮਝ ਕੇ, ਮੁਨਾਫ਼ਾ ਕਮਾਉਣ ਵਾਲੀ ਮਸ਼ੀਨ ਸਮਝਿਆ ਜਾਂਦਾ ਹੈ। ਕੰਮ ਹੌਲੀ ਜਾਂ ਗ਼ਲਤ ਹੋਣ ਦੀ ਸੂਰਤ ਵਿੱਚ ਅਣਮਨੁੱਖੀ ਵਿਹਾਰ ਅਤੇ ਨੌਕਰੀ ਜਾਣ ਦਾ ਖ਼ਤਰਾ ਬਣਿਆ ਰਹਿੰਦਾ ਹੈ।

ਔਰਤਾਂ ਦੇ ਮਾਮਲੇ ਦੀ ਗੱਲ ਕਰੀਏ ਤਾਂ ਮਰਦ ਪ੍ਰਧਾਨ ਸਮਾਜ ਵਿੱਚ ਉਨ੍ਹਾਂ ਦੀ ਪਰਵਰਿਸ਼ ਕੁਝ ਇਸ ਤਰੀਕੇ ਨਾਲ ਹੁੰਦੀ ਹੈ ਕਿ ਦੱਬੂਪੁਣਾ ਅਤੇ ਕਮਜ਼ੋਰ ਵਿਅਕਤਿਤਵ ਉਸ ਦੀਆਂ ਖ਼ੂਬੀਆਂ ਵਜੋਂ ਪ੍ਰਚਾਰਿਆ ਜਾਂਦਾ ਹੈ। ਸਾਰੇ ਪਰਿਵਾਰ ਦੀ 'ਇੱਜ਼ਤ' ਦਾ ਭਾਰ ਉਸ ਦੇ ਮੋਢਿਆਂ ਉੱਤੇ ਪਾ ਦਿੱਤਾ ਜਾਂਦਾ ਹੈ। ਅਕਸਰ ਘਰੇਲੂ ਹਿੰਸਾ, ਜਿਨਸੀ ਸੋਸ਼ਣ ਦਾ ਸ਼ਿਕਾਰ ਹੋਣ ਦੇ ਜ਼ਿਆਦਾਤਰ ਮਾਮਲਿਆਂ ਵਿੱਚ ਚੁੱਪ-ਚਾਪ ਸਹਿਣਾ ਅਤੇ ਮਾਨਸਿਕ ਪ੍ਰੇਸ਼ਾਨੀਆਂ ਵਿੱਚੋਂ ਲੰਘਣਾ ਔਰਤਾਂ ਦੇ ਹਿੱਸੇ ਆਉਂਦਾਹੈ। ਕੁਝ ਔਰਤਾਂ ਜ਼ਿਆਦਾ ਬੁਰੇ ਹਾਲਾਤ ਵਿੱਚੋਂ ਲੰਘਦੇ ਹੋਏ ਹੱਲ ਦੇ ਤੌਰ 'ਤੇ ਖ਼ੁਦਕੁਸ਼ੀ ਕਰਨਾ ਚੁਣਦੀਆਂ ਹਨ।

ਅਜਿਹੇ ਸਮਾਜਿਕ ਸੰਦਰਭਾਂ ਨੂੰ ਸਮਝ ਕੇ ਅਸੀਂ ਖ਼ੁਦਕੁਸ਼ੀ ਦੇ ਕਾਰਨਾਂ ਅਤੇ ਖ਼ੁਦਕੁਸ਼ੀ ਕਰਨ ਵਾਲਿਆਂ ਦੀ ਮਨੋਸਥਿਤੀ ਸਮਝ ਸਕਦੇ ਹਾਂ। ਜਦੋਂ ਤੱਕ ਖ਼ੁਦਕੁਸ਼ੀਆਂ ਵਾਲੇ ਹਾਲਾਤ ਰਹਿਣਗੇ, ਓਦੋਂ ਤੱਕ ਇਹ ਸਿਲਸਿਲਾ ਇਸੇ ਤਰ੍ਹਾਂ ਚੱਲਦਾ ਰਹੇਗਾ।

# ਝੋਨੇ ਦੀ ਕਾਸ਼ਤ ਘਟਾਉਣ ਲਈ ਇਸ ਦਾ ਬਦਲ ਲੱਭੋ ਸਰਕਾਰ ਜੀ

**ਭਗਵੰਤ ਦਾਸ**

ਪੰਜਾਬ 'ਚ ਪਿਛਲੀ ਸ਼ਤਾਬਦੀ ਦੇ ਚੌਥੇ ਪੰਜਵੇਂ ਦਹਾਕੇ ਦਰਮਿਆਨ ਜਦੋਂ ਝੋਨਾ ਲਗਣਾ ਸ਼ੁਰੂ ਹੋਇਆ, ਉਦੋਂ ਸੇਮ ਤੇ ਕੱਲਰੀ ਜ਼ਮੀਨਾਂ ਦੀ ਸਮੱਸਿਆ ਸੀ, ਜੋ ਸਬਜ਼ ਇਨਕਲਾਬ ਦੌਰਾਨ ਝੋਨੇ ਦੀ ਕਾਸ਼ਤ ਨਾਲ ਕਾਫੀ ਹੱਦ ਤੱਕ ਹੱਲ ਹੋ ਗਈ। ਸਬਜ਼ ਇਨਕਲਾਬ ਦੇ ਸ਼ੁਰੂ 'ਚ ਝੋਨੇ ਦੀ ਕਾਸ਼ਤ ਥੱਲੇ 2.27 ਲੱਖ ਹੈਕਟੇਅਰ ਰਕਬਾ ਸੀ, ਜੋ ਹੁਣ ਵਧ ਕੇ 32 ਲੱਖ ਹੈਕਟੇਅਰ ਦੇ ਨੇੜੇ ਪਹੁੰਚ ਗਿਆ। ਝੋਨੇ ਦੀ ਕਾਸ਼ਤ ਥਲਿਓਂ ਰਕਬਾ ਘਟਾਉਣ ਲਈ ਸਰਕਾਰ ਵੱਲੋਂ ਬਹੁਤ ਉਪਰਾਲੇ ਕੀਤੇ ਜਾ ਰਹੇ ਹਨ, ਪਰ ਇਹ ਘਟਣ ਦੀ ਬਜਾਏ ਹਰ ਸਾਲ ਵਧਦਾ ਹੀ ਜਾ ਰਿਹਾ ਹੈ। ਸਬਜ਼ ਇਨਕਲਾਬ ਦੇ ਦੌਰਾਨ ਝੋਨੇ ਦੀ ਕਾਸ਼ਤ ਥੱਲੇ ਰਕਬਾ ਕਣਕ ਦੀ ਕਾਸ਼ਤ ਥੱਲੇ ਰਕਬੇ ਨਾਲੋਂ ਕਈ ਗੁਣਾ ਵਧਿਆ। ਝੋਨੇ ਨੇ ਮੱਕੀ, ਦਾਲਾਂ, ਕਪਾਹ ਨਰਮਾ ਅਤੇ ਮੂੰਗਫਲੀ ਆਦਿ ਫ਼ਸਲਾਂ ਦੀ ਕਾਸ਼ਤ ਘਟਾ ਕੇ ਇਕ ਵੱਡਾ ਰਕਬਾ ਆਪਣੀ ਕਾਸ਼ਤ ਥੱਲੇ ਲੈ ਲਿਆ। ਅੱਜ ਝੋਨੇ ਦੀ ਕਾਸ਼ਤ ਹਰ ਕਾਨਫਰੰਸ, ਮੀਟਿੰਗ, ਸੈਮੀਨਾਰ ਅਤੇ ਖੇਤੀ ਮਾਹਿਰਾਂ ਤੇ ਅਰਥ ਸਾਸ਼ਤਰੀਆਂ ਦੇ ਦਰਮਿਆਨ ਚਰਚਾ ਦਾ ਵਿਸ਼ਾ ਬਣੀ ਹੋਈ ਹੈ। ਇਸ ਦਾ ਕਾਰਨ ਜ਼ਮੀਨ ਥੱਲੇ ਪਾਣੀ ਦੇ ਪੱਧਰ ਦਾ ਘਟਣਾ, ਜ਼ਮੀਨ ਦੀ ਉਪਜਾਊ ਸ਼ਕਤੀ ਦਾ ਪ੍ਰਭਾਵਿਤ ਹੋਣਾ ਅਤੇ ਵਾਤਾਵਰਨ ਪ੍ਰਦੂਸ਼ਿਤ ਹੋਣਾ ਆਦਿ ਹਨ। ਸਬਜ਼ ਇਨਕਲਾਬ ਦੇ ਦੌਰਾਨ ਜਾਂ ਇਸ ਤੋਂ ਬਾਅਦ ਕਣਕ ਦੀ ਫ਼ਸਲ 'ਤੇ ਤਾਂ ਕੋਈ ਕਿੰਤੂ ਪ੍ਰੰਤੂ ਨਹੀਂ, ਸਗੋਂ ਇਸ ਦਾ ਉਤਪਾਦਨ ਹੋਰ ਵਧਾਉਣ ਦੀ ਲੋੜ ਹੈ। ਝੋਨੇ ਤੋਂ ਪੈਦਾ ਹੋਈਆਂ ਸਮੱਸਿਆਵਾਂ ਜ਼ਮੀਨ ਥੱਲੇ ਦੇ ਪਾਣੀ ਦੇ ਪੱਧਰ ਦੇ ਲਗਾਤਾਰ ਥੱਲੇ ਜਾਣ ਨਾਲ ਹੋਰ ਗੰਭੀਰ ਹੋ ਗਈਆਂ ਹਨ।

ਝੋਨੇ ਦੀ ਕਾਸ਼ਤ ਵਧਣ ਦਾ ਮੁੱਖ ਕਾਰਨ ਸਾਉਣੀ 'ਚ ਇਸ ਤੋਂ ਦੂਜੀਆਂ ਸਾਰੀਆਂ ਫ਼ਸਲਾਂ ਦੇ ਮੁਕਾਬਲੇ ਮੁਨਾਫ਼ੇ ਦੀ ਵੱਧ ਉਪਲਬਧਤਾ ਹੈ। ਪਿਛਲੇ ਸਮੇਂ ਦੌਰਾਨ ਪਾਣੀ ਦਾ ਪੱਧਰ ਥੱਲੇ ਜਾਣ ਦਾ ਮੁੱਖ ਕਾਰਨ ਝੋਨੇ ਦੀ ਅਗੇਤੀ ਬਿਜਾਈ ਰਿਹਾ ਹੈ। ਪਾਣੀ ਦੀ ਇਹ ਸਮੱਸਿਆ ਕੇਂਦਰੀ ਜ਼ਿਲ੍ਹਿਆਂ ਜਿਨ੍ਹਾਂ 'ਚ ਮੋਗਾ, ਪਟਿਆਲਾ, ਸੰਗਰੂਰ, ਫਤਿਹਗੜ੍ਹ ਸਾਹਿਬ, ਬਰਨਾਲਾ, ਲੁਧਿਆਣਾ, ਜਲੰਧਰ ਅਤੇ ਅੰਮ੍ਰਿਤਸਰ ਆਦਿ ਸ਼ਾਮਿਲ ਹਨ, ਵਿੱਚ ਵਧੇਰੇ ਗੰਭੀਰ ਹੈ। ਪੰਜਾਬ ਪ੍ਰੀਜ਼ਰਵੇਸ਼ਨ ਆਫ ਸਬ-ਸੁਆਇਲ ਵਾਟਰ ਐਕਟ, 2009 ਦੇ ਲਾਗੂ ਹੋਣ ਨਾਲ ਝੋਨੇ ਦੀ ਅਗੇਤੀ ਲਵਾਈ ਦੀ ਸਮੱਸਿਆ 'ਤੇ ਤਾਂ ਕਾਫੀ ਹੱਦ ਤੱਕ ਕਾਬੂ ਪਾ ਲਿਆ ਗਿਆ। ਇਸ ਕਾਨੂੰਨ ਦੇ ਵਜੂਦ 'ਚ ਆਉਣ ਨਾਲ ਝੋਨੇ ਦੀ ਲਵਾਈ 10 ਜੂਨ ਤੋਂ ਪਹਿਲਾਂ ਵਰਜਿਤ ਕਰ ਦਿੱਤੀ ਗਈ ਹੈ। ਪੀ.ਏ.ਯੂ. ਵਲੋਂ ਕੀਤੇ ਗਏ ਤਜਰਬੇ ਦਰਸਾਉਂਦੇ ਹਨ ਕਿ ਮਈ 'ਚ ਲਗਾਏ ਗਏ ਝੋਨੇ ਨਾਲ ਜ਼ਮੀਨ ਥੱਲੇ ਦੇ ਪਾਣੀ ਦੀ ਪੱਧਰ ਦੇ ਘਟਣ ਦੀ ਸਮੱਸਿਆ ਗੰਭੀਰ ਰੂਪ ਅਖ਼ਤਿਆਰ ਕਰ ਰਹੀ ਸੀ, ਪਰ ਜਿਸ ਇਲਾਕੇ 'ਚ ਜੁਲਾਈ 'ਚ ਬਾਸਮਤੀ ਦੀ ਫ਼ਸਲ ਲਗਾਈ ਗਈ ਸੀ, ਉੱਥੇ ਜ਼ਮੀਨ ਥੱਲੇ ਪਾਣੀ ਦਾ ਪੱਧਰ ਨਹੀਂ ਘਟਿਆ।

ਪਾਣੀ ਦੀ ਸਮੱਸਿਆ ਘਟਾਉਣ 'ਚ ਕਾਫੀ ਹੱਦ ਤੱਕ ਬਾਸਮਤੀ ਦੀ ਕਾਸ਼ਤ ਅਤੇ ਪੰਜਾਬ ਪ੍ਰੀਜ਼ਰਵੇਸ਼ਨ ਆਫ ਸਬ-ਸੁਆਇਲ ਵਾਟਰ ਐਕਟ, 2009 ਦਾ ਯੋਗਦਾਨ ਹੈ। ਬਾਸਮਤੀ ਦੀ ਕਾਸ਼ਤ ਆਮ ਤੌਰ 'ਤੇ ਜੁਲਾਈ 'ਚ ਕੀਤੀ ਜਾਂਦੀ ਹੈ, ਜਦੋਂ ਬਾਰਿਸ਼ਾਂ ਸ਼ੁਰੂ ਹੋ ਜਾਂਦੀਆਂ ਹਨ ਅਤੇ ਕਈ ਹਾਲਤਾਂ ਵਿੱਚ ਤਾਂ ਇਹ ਇੱਕ ਪਾਣੀ ਨਾਲ ਹੀ ਬਾਰਿਸ਼ਾਂ ਦੀ ਮਦਦ ਨਾਲ ਪੱਕ ਜਾਂਦੀ ਹੈ।

ਪੰਜਾਬ ਸਰਕਾਰ ਦੀ ਝੋਨੇ ਦੀ ਕਾਸ਼ਤ ਥੱਲੇ 10 12 ਲੱਖ ਹੈਕਟੇਅਰ ਰਕਬਾ ਘਟਾਉਣ ਦੀ ਯੋਜਨਾ ਤਾਂ ਠੁੱਸ ਹੋ ਗਈ। ਸਖ਼ਤ ਉਪਰਾਲੇ ਕੀਤਿਆਂ ਵੀ ਝੋਨੇ ਦੀ ਕਾਸ਼ਤ ਥੱਲੇ ਰਕਬਾ ਘਟਣ ਦੀ ਬਜਾਏ ਵਧਿਆ ਹੈ। ਜਦੋਂ ਤੱਕ ਕਿਸਾਨਾਂ ਨੂੰ ਝੋਨੇ ਦਾ ਕੋਈ ਅਜਿਹਾ ਯੋਗ ਬਦਲ ਜੋ ਇਸ ਫ਼ਸਲ ਜਿੰਨਾ ਮੁਨਾਫ਼ਾ ਦੇ ਸਕੇ ਨਹੀਂ ਮਿਲਦਾ, ਓਨਾ ਚਿਰ ਕਿਸਾਨਾਂ ਵਲੋਂ ਇਸ ਫ਼ਸਲ ਦੀ ਕਾਸ਼ਤ ਨੂੰ ਤਿਲਾਂਜਲੀ ਦੇਣਾ ਸੰਭਵ ਨਹੀਂ। ਕਿਸਾਨ ਗੰਭੀਰ ਸੰਕਟ ਦੀ ਸਥਿਤੀ 'ਚੋਂ ਗੁਜ਼ਰ ਰਹੇ ਹਨ। ਕਰਜ਼ੇ ਦਾ ਬੋਝ ਵਧ ਗਿਆ ਹੈ, ਖ਼ੁਦਕਸ਼ੀਆਂ ਦਾ ਰੁਝਾਨ ਹੈ। ਉਹ ਅਜਿਹੇ ਹਾਲਾਤ 'ਚ ਝੋਨੇ ਦੀ ਕਾਸ਼ਤ ਨੂੰ ਕਿਵੇਂ ਛੱਡਣ ? ਹੁਣ ਕਿਸਾਨ ਸਾਉਣੀ ਦੀ ਬਿਜਾਈ ਲਈ ਯੋਜਨਾਬੰਦੀ ਕਰ ਰਹੇ ਹਨ। ਉਹ ਝੋਨੇ ਦੇ ਸੁਧਰੇ ਬੀਜ ਇਸੇ ਮਹੀਨੇ ਮੇਲਿਆਂ 'ਚੋਂ ਖ਼ਰੀਦਣਗੇ। ਪੂਸਾ ਕ੍ਰਿਸ਼ੀ ਵਿਗਿਆਨ ਮੇਲਾ ਦਿੱਲੀ 'ਚ 22 ਤੋਂ 24 ਫਰਵਰੀ ਨੂੰ ਹੋਇਆ ਹੈ, ਜੋ ਮੇਲੇ ਹੁਣ ਤੱਕ ਹੋਏ ਹਨ, ਉਨ੍ਹਾਂ 'ਚ ਇਹ ਪ੍ਰਤੱਖ ਸੀ ਕਿ ਪੰਜਾਬ, ਹਰਿਆਣਾ ਤੇ ਪੱਛਮੀ ਉੱਤਰ ਪ੍ਰਦੇਸ਼ ਦੇ ਕਿਸਾਨਾਂ ਦਾ ਰੁਝਾਨ ਜ਼ਿਆਦਾ ਝੋਨੇ ਤੇ ਬਾਸਮਤੀ ਦੇ ਬੀਜ ਲੈਣ ਵੱਲ ਰਿਹਾ ਹੈ। ਖੇਤੀਬਾੜੀ ਵਿਭਾਗ ਦੇ ਅਧਿਕਾਰੀ ਵੀ ਅੰਦਰੋਗਤੀ ਇਹ ਕਹਿੰਦੇ ਹਨ ਕਿ ਝੋਨੇ ਥੱਲੇ ਰਕਬੇ ਦਾ ਘਟਾਉਣਾ ਇਸ ਵੇਲੇ ਸੰਭਵ ਨਹੀਂ। ਇਸ ਸਾਲ ਸਗੋਂ ਪਿਛਲੇ ਸਾਲ ਦੇ ਮੁਕਾਬਲੇ ਝੋਨੇ ਦੀ ਕਾਸ਼ਤ ਵੱਧ ਰਕਬੇ 'ਤੇ ਕੀਤੇ ਜਾਣ ਦੀ ਸੰਭਾਵਨਾ ਹੈ।



ਬਾਸਮਤੀ ਦੀ ਕਾਸ਼ਤ ਵਧਾ ਕੇ ਝੋਨੇ ਦੀ ਕਾਸ਼ਤ ਥੱਲੇ ਰਕਬਾ ਘਟਾਉਣ ਦਾ ਕਿਸਾਨਾਂ 'ਚ ਰੁਝਾਨ ਪੈਦਾ ਹੋਇਆ ਸੀ, ਜਿਸ ਨਾਲ ਪਾਣੀ ਦੀ ਸਮੱਸਿਆ ਹੱਲ ਹੋ ਸਕਦੀ ਸੀ ਅਤੇ ਮੁਲਕ ਨੂੰ ਵਿਦੇਸ਼ੀ ਮੁਦਰਾ ਵੀ ਆ ਸਕਦੀ ਸੀ। ਪ੍ਰੰਤੂ ਕਿਸਾਨਾਂ ਵਲੋਂ ਕੀਤੀ ਜਾ ਰਹੀ ਜ਼ੋਰਦਾਰ ਮੰਗ ਕਿ ਬਾਸਮਤੀ ਦੀ ਐੱਮ.ਐੱਸ.ਪੀ. ਮੁਕਰਰ ਕੀਤੀ ਜਾਵੇ, ਸਰਕਾਰ ਵੱਲੋਂ ਅਣਗੌਲਿਆਂ ਕਰ ਦਿੱਤੀ ਗਈ ਅਤੇ ਪਿਛਲੇ ਸਾਲ ਬਾਸਮਤੀ 'ਚ ਆਏ ਮੰਦੇ ਨਾਲ ਕਿਸਾਨਾਂ ਦੀ ਰੁਚੀ ਬਾਸਮਤੀ ਦੀ ਕਾਸ਼ਤ ਤੋਂ ਕੁਝ ਮੁੜ ਗਈ ਨਜ਼ਰ ਆਉਂਦੀ ਹੈ। ਇਸ ਥੱਲੇ ਪਿਛਲੇ ਸਾਲ ਦੇ 6.71 ਲੱਖ ਹੈਕਟੇਅਰ ਰਕਬੇ ਤੋਂ ਵਧਣ ਦੀ ਕੋਈ ਸੰਭਾਵਨਾ ਨਹੀਂ। ਭਾਵੇਂ ਖੋਜ ਖੇਤਰ 'ਚ ਬੜੀ ਕਾਮਯਾਬੀ ਹੋਈ ਹੈ ਅਤੇ ਬਾਸਮਤੀ ਦੀਆਂ ਥੋੜ੍ਹੇ ਸਮੇਂ 'ਚ ਪੱਕਣ ਵਾਲੀਆਂ ਵਧੇਰੇ ਝਾੜ ਨਾਲੋਂ ਉਤਪਾਦਕਤਾ ਦੇਣ ਵਾਲੀਆਂ ਪੂਸਾ ਬਾਸਮਤੀ 1509, ਪੂਸਾ ਬਾਸਮਤੀ 1692, ਪੂਸਾ ਬਾਸਮਤੀ 1882, ਪੂਸਾ ਬਾਸਮਤੀ 1847 ਅਤੇ ਸਿੱਧੀ ਬਿਜਾਈ ਕਰਕੇ ਥੜ੍ਹੇ ਸਮੇਂ 'ਚ ਪੱਕਣ ਵਾਲੀਆਂ ਪੂਸਾ ਬਾਸਮਤੀ 1985, ਪੂਸਾ ਬਾਸਮਤੀ 1979 ਜਿਹੀਆਂ ਕਿਸਮਾਂ ਕਿਸਾਨਾਂ ਲਈ ਉਪਲਬਧ ਹਨ। ਜੇ ਕਿਸਾਨਾਂ ਨੂੰ ਇਸ ਦੀ ਸਰਕਾਰੀ ਖ਼ਰੀਦ ਕੀਮਤ ਯਕੀਨੀ ਬਣਾ ਦਿੱਤੀ ਜਾਵੇ ਤਾਂ 2 ਲੱਖ ਹੈਕਟੇਅਰ ਤੱਕ ਰਕਬਾ ਝੋਨੇ ਦੀ ਕਾਸ਼ਤ ਥਲਿਉਂ ਨਿਕਲ ਕੇ ਬਾਸਮਤੀ ਦੀ ਕਾਸ਼ਤ ਥੱਲੇ ਵਧ ਜਾਣ ਦੀ ਸੰਭਾਵਨਾ ਹੈ, ਜਿਸ ਦੀ ਉਪਜ ਦੀ ਬਰਾਮਦ ਕੀਤੀ ਜਾ ਸਕਦੀ ਹੈ।

ਪੰਜਾਬ ਕੇਂਦਰ ਦੇ ਚੌਲ ਭੰਡਾਰ 'ਚ 23 30 ਪ੍ਰਤੀਸ਼ਤ ਤੱਕ ਯੋਗਦਾਨ ਪਾ ਰਿਹਾ ਹੈ। ਭਾਰਤ ਹੁਣ ਚੌਲਾਂ ਦੀ ਬਰਾਮਦ 'ਚ ਸਭ ਤੋਂ ਮੋਹਰੀ ਦੇਸ਼ ਬਣ ਗਿਆ ਹੈ। ਕਾਫੀ ਵੱਡੀ ਤਾਦਾਦ 'ਚ ਚੌਲਾਂ ਤੋਂ ਮੁਲਕ 'ਚ ਵਿਦੇਸ਼ੀ ਮੁਦਰਾ ਆਉਂਦੀ ਹੈ। ਚੌਲ ਉਤਪਾਦਨ ਕਰਨ ਵਾਲੇ ਥਾਈਲੈਂਡ ਅਤੇ ਵੀਅਤਨਾਮ ਵਰਗੇ ਦੇਸ਼ਾਂ ਨੂੰ ਭਾਰਤ ਪਿੱਛੇ ਛੱਡ ਗਿਆ ਹੈ। ਨਵੀਆਂ ਤਕਨੀਕਾਂ ਜਿਵੇਂ ਜ਼ਮੀਨ ਨੂੰ ਲੇਜ਼ਰ ਕਰਾਹੇ ਨਾਲ ਪੱਧਰ ਕਰਨਾ, ਜ਼ੀਰੋ ਟਿਲੇਜ, ਸਿੱਧੀ ਬਿਜਾਈ, ਵੱਟਾਂ 'ਤੇ ਲਵਾਈ ਆਦਿ ਨਾਲ ਪਾਣੀ ਦੀ ਬੱਚਤ ਕੀਤੀ ਜਾ ਸਕਦੀ ਹੈ। ਖੇਤੀ ਪ੍ਰਸਾਰ ਸੇਵਾ ਤੇ ਪੰਜਾਬ ਐਗਰੀਕਲਚਰਲ ਯੂਨੀਵਰਸਿਟੀ ਨੂੰ ਉਪਰਾਲਾ ਕਰਨਾ ਚਾਹੀਦਾ ਹੈ ਕਿ ਕਿਸਾਨ ਇਨ੍ਹਾਂ ਸਭ ਤਕਨੀਕਾਂ ਨੂੰ ਅਪਣਾਉਣ ਅਤੇ ਪਾਣੀ ਦੀ ਬੱਚਤ ਕਰਨ। ਭਾਰਤ ਭਾਵੇਂ ਸਬਜ਼ੀਆਂ ਵੀ ਬਰਾਮਦ ਕਰਦਾ ਹੈ ਅਤੇ ਇਸ ਤੋਂ ਵਿਦੇਸ਼ੀ ਮੁਦਰਾ ਕਮਾਉਂਦਾ ਹੈ, ਪਰ ਇਸ ਦੀ ਵੀ ਪਾਣੀ ਦੀ ਲੋੜ ਕੋਈ ਝੋਨੇ ਨਾਲੋਂ ਘੱਟ ਨਹੀਂ। ਮਾਸ (ਮੀਟ) ਜਿਸ ਨੂੰ ਬਰਾਮਦ ਕਰ ਕੇ ਵਿਦੇਸ਼ੀ ਮੁਦਰਾ ਆਉਂਦੀ ਹੈ, ਉਸ ਦੀ ਵੀ ਪਾਣੀ ਦੀ ਲੋੜ ਝੋਨੇ ਨਾਲੋਂ ਕਿਤੇ ਜ਼ਿਆਦਾ ਹੈ। ਫ਼ਸਲੀ ਪੱਧਰ ਤੋਂ ਇਸ ਵੇਲੇ ਝੋਨੇ ਨੂੰ ਫ਼ਸਲੀ ਚੱਕਰ 'ਚੋਂ ਕੱਢਣਾ ਜਾਂ ਘਟਾਉਣਾ ਬੜਾ ਅਣਸੰਭਾਵਕ ਹੈ। ਜਦੋਂ ਤੱਕ ਕਿ ਖੋਜ ਮਜ਼ਬੂਤ ਕਰਕੇ ਇਸ ਦਾ ਕੋਈ ਲਾਹੇਵੰਦ ਬਦਲ ਨਹੀਂ ਦਿੱਤਾ ਜਾਂਦਾ।

ਝੋਨੇ ਦੀ ਕਾਸ਼ਤ ਥੱਲਿਉ ਰਕਬਾ ਘਟਾਉਣਾ ਨੇੜੇ ਭਵਿੱਖ 'ਚ ਸੰਭਵ ਨਹੀਂ। ਇਸ ਉਦੇਸ਼ ਦੀ ਪ੍ਰਾਪਤੀ ਲਈ ਖੋਜ ਨੂੰ ਮਜ਼ਬੂਤ ਕਰਨ ਦੀ ਲੋੜ ਹੈ। ਕਿਸਾਨ ਤਾਂ ਆਪਣੇ-ਆਪ ਹੀ ਹੋਰ ਫ਼ਸਲਾਂ ਦੀ ਕਾਸ਼ਤ ਕਰਨ ਲਈ ਤਿਆਰ ਹੋ ਜਾਣਗੇ, ਜੇ ਉਨ੍ਹਾਂ ਨੂੰ ਝੋਨੇ ਦੇ ਬਰਾਬਰ ਮੁਨਾਫ਼ਾ ਦੇਣ ਵਾਲੇ ਯੋਗ ਬਦਲ ਮੁਹੱਈਆ ਕਰ ਦਿੱਤੇ ਜਾਣ। ਝੋਨੇ ਦੀ ਸਰਾਕਰੀ ਖਰੀਦ ਮੱਠੀ ਪਾ ਕੇ ਅਤੇ ਕਿਸਾਨਾਂ ਨੂੰ ਲਾਹੇਵੰਦ ਭਾਅ ਨਾ ਦੇ ਕੇ ਝੋਨੇ ਦੀ ਕਾਸ਼ਤ ਛੱਡਣ 'ਤੇ ਮਜਬੂਰ ਕਰਨਾ, ਕਿਸਾਨਾਂ 'ਚ ਹੋਰ ਨਿਰਾਸ਼ਤਾ ਲਿਆਉਣ ਦਾ ਕਾਰਨ ਬਣੇਗਾ, ਜਿਸ ਨਾਲ ਰਾਜ ਦੀ ਆਰਥਿਕਤਾ ਹੀ ਨਹੀਂ ਅਤੇ ਸ਼ਾਂਤੀ ਵੀ ਪ੍ਰਭਾਵਿਤ ਹੋਣ ਦਾ ਅੰਦੇਸ਼ਾ ਹੋ ਸਕਦਾ ਹੈ।



## ਹੋਲੀ ਅਤੇ ਹੋਲਾ-ਮਹੱਲਾ 'ਤੇ ਵਿਸ਼ੇਸ਼

# ਖ਼ਾਲਸਾਈ ਜਾਹੋ-ਜਲਾਲ ਤੇ ਸਿੱਖ ਸ਼ਕਤੀ ਦਾ ਪ੍ਰਤੀਕ ਹੋਲਾ-ਮਹੱਲਾ



ਡਾ. ਰੂਪ ਸਿੰਘ



ਹੋਲਾ ਮਹੱਲਾ ਸਿੱਖਾਂ ਦਾ ਅਹਿਮ ਦਿਹਾੜਾ ਹੈ, ਜੋ ਹੋਲੀ ਤੋਂ ਅਗਲੇ ਦਿਨ ਮਨਾਇਆ ਜਾਂਦਾ ਹੈ। ਗੁਰੂ ਗੋਬਿੰਦ ਸਿੰਘ ਜੀ ਨੇ ਇਹ ਤਿਉਹਾਰ ਨਵੇਂ ਤਰੀਕੇ ਨਾਲ ਮਨਾਉਣਾ ਸ਼ੁਰੂ ਕੀਤਾ। ਉਨ੍ਹਾਂ ਨੇ ਲੋਕਾਂ ਦੀ ਸੁੱਤੀ ਅਣਖ ਜਗਾ ਕੇ, ਉਨ੍ਹਾਂ ਦੇ ਮਨਾਂ ਅੰਦਰ ਚੜ੍ਹਦੀ ਕਲਾ ਦਾ ਅਹਿਸਾਸ ਪੈਦਾ ਕਰਨ ਲਈ ਹੋਲੀ ਨੂੰ 'ਹੋਲੇ ਮਹੱਲੇ' ਦੇ ਰੂਪ ਵਿੱਚ ਮਨਾਉਣ ਦੀ ਰੀਤ ਚਲਾਈ। ਚੇਤ ਵਦੀ ਏਕਮ, ਸੰਮਤ 1757 (1700 ਈ:) ਨੂੰ ਦਸਮ ਪਾਤਸ਼ਾਹ ਨੇ ਆਨੰਦਪੁਰ ਸਾਹਿਬ ਵਿਖੇ 'ਹੋਲਗੜ੍ਹ' ਦੇ ਸਥਾਨ 'ਤੇ ਪਹਿਲੀ ਵਾਰ 'ਹੋਲਾ-ਮਹੱਲਾ' ਮਨਾਇਆ। ਇਸ ਤੋਂ ਇਹ ਵੀ ਸਪੱਸ਼ਟ ਹੁੰਦਾ ਹੈ ਕਿ ਦਸਮੇਸ਼ ਪਿਤਾ ਨੇ 'ਹੋਲੇ ਮਹੱਲੇ' ਨੂੰ ਸੁਤੰਤਰ ਸਿੱਖ ਸੋਚ ਅਨੁਸਾਰ ਮਨਾਉਣ ਦਾ ਆਰੰਭ ਖ਼ਾਲਸਾ ਪੰਥ ਦੀ ਸਿਰਜਣਾ ਤੋਂ ਤੁਰੰਤ ਬਾਅਦ ਕੀਤਾ ਤਾਂ ਕਿ ਖ਼ੁਦ-ਮੁਖਤਿਆਰ ਖ਼ਾਲਸਾ, ਆਪਣੀ ਵਿਲੱਖਣ ਹੋਂਦ-ਹਸਤੀ ਅਨੁਸਾਰ ਪੰਜਾਬੀ ਸੱਭਿਆਚਾਰ ਨਾਲ ਸਬੰਧਿਤ ਦਿਨ-ਦਿਹਾਰ ਵਿਲੱਖਣ ਤੇ ਨਿਰਾਲੇ ਰੂਪ ਵਿੱਚ ਮਨਾ ਕੇ ਆਪਣੀ ਸੁਤੰਤਰ ਹੋਂਦ ਤੇ ਨਿਆਰੇਪਨ ਦਾ ਪ੍ਰਗਟਾਵਾ ਕਰ ਸਕੇ। ਉਨ੍ਹਾਂ ਦਾ ਆਸ਼ਾ ਪੰਜਾਬੀਆਂ ਦੇ ਮਨਾਂ 'ਚੋਂ ਗ਼ੁਲਾਮੀ ਦੇ ਅੰਸ਼ ਨੂੰ ਮੂਲੋਂ ਖ਼ਤਮ ਕਰਨਾ ਸੀ ਤਾਂ ਕਿ ਉਹ ਸੋਚ-ਵਿਚਾਰ ਤੇ ਵਿਵਹਾਰ ਵਿੱਚ ਸੁਤੰਤਰ ਹੋ ਕੇ ਵਿਚਰ ਸਕਣ।

ਹੋਲੀ ਭਾਰਤ ਦਾ ਮੌਸਮੀ ਤਿਉਹਾਰ ਹੈ ਜੋ ਬਸੰਤ-ਬਹਾਰ ਦੀ ਆਗਮਨ ਦੀ ਖ਼ੁਸ਼ੀ ਵਿੱਚ ਮਨਾਉਣਾ ਸ਼ੁਰੂ ਹੋਇਆ। ਪੋਖ ਤੁਖਾਰ ਦੇ ਮੌਸਮ ਕਾਰਨ ਸਾਰੇ ਪਾਸੇ ਵਿਰਾਨਗੀ ਤੇ ਪੱਤਝੜ ਹੁੰਦੀ ਹੈ। ਮੌਸਮ ਦੇ ਬਦਲ ਜਾਣ ਨਾਲ ਸਾਰੀ ਕੁਦਰਤ ਆਪਣੇ ਨਵੇਂ ਨਿਵੇਕਲੇ ਰੰਗ ਵਿੱਚ ਰੰਗੀ ਜਾਂਦੀ ਹੈ।

ਪੁਰਾਤਨ ਕਹਾਣੀ ਅਨੁਸਾਰ ਹਰਨਾਕਸ਼ ਨੇ ਆਪਣੇ ਪੁੱਤਰ ਪ੍ਰਹਿਲਾਦ ਨੂੰ ਸਬਕ ਸਿਖਾਉਣ ਵਾਸਤੇ ਵਿਉਂਤ ਉਲੀਕੀ ਕਿ ਪ੍ਰਹਿਲਾਦ ਨੂੰ ਅੱਗ ਵਿੱਚ ਸਾੜਿਆ ਜਾਵੇ। ਕਿਹਾ ਜਾਂਦਾ ਹੈ ਕਿ ਹਰਨਾਕਸ਼ ਦੀ ਭੈਣ ਹੋਲਿਕਾ ਨੂੰ ਵਰ ਪ੍ਰਾਪਤ ਸੀ ਕਿ ਉਸ ਨੂੰ ਅਗਨੀ ਸਾੜਦੀ ਨਹੀਂ। ਇਸ ਲਈ ਹਰਨਾਕਸ਼ ਨੇ ਪ੍ਰਹਿਲਾਦ ਨੂੰ ਹੋਲਿਕਾ ਦੀ ਗੋਦ ਵਿੱਚ ਬਠਾ ਕੇ ਚਿਖਾ 'ਤੇ ਬਿਠਾ ਦਿੱਤਾ। ਜਦ ਅੱਗ ਲਾਈ ਗਈ ਤਾਂ ਪਰਮਾਤਮਾ ਨੇ ਆਪਣੇ ਭਗਤ ਪ੍ਰਹਿਲਾਦ ਨੂੰ ਬਚਾ ਲਿਆ ਪਰ ਹੋਲਿਕਾ ਸੜ ਗਈ। ਹੋਲਿਕਾ ਦੇ ਸੜ ਜਾਣ ਦੇ ਪ੍ਰਤੀਕ ਵਜੋਂ ਇਸ ਦਿਨ ਅੱਗ ਬਾਲੀ ਜਾਂਦੀ ਹੈ। ਗੁਰਬਾਣੀ ਵਿੱਚ ਪਾਵਨ ਸ਼ਬਦ ਅੰਕਿਤ ਹੈ :

ਹਰਿ ਜੁਗੁ ਜੁਗੁ ਭਗਤ ਉਪਾਇਆ ਪੈਜ ਰਖਦਾ ਆਇਆ ਰਾਮ ਰਾਜੇ ॥
ਹਰਣਾਖਸੁ ਦੁਸਟੁ ਹਰਿ ਮਾਰਿਆ ਪ੍ਰਹਲਾਦੁ ਤਰਾਇਆ ॥
ਅਹੰਕਾਰੀਆ ਨਿੰਦਕਾ ਪਿਠਿ ਦੇਇ ਨਾਮਦੇਉ ਮੁਖਿ ਲਾਇਆ ॥
ਜਨ ਨਾਨਕ ਐਸਾ ਹਰਿ ਸੇਵਿਆ ਅੰਤਿ ਲਏ ਛਡਾਇਆ ॥

'ਹੋਲਾ' ਸ਼ਬਦ 'ਹੋਲੀ' ਦਾ ਧੜੱਲੇਦਾਰ ਬਦਲਵਾਂ ਰੂਪ ਹੈ ਜੋ ਡਿੱਗਿਆਂ-ਢੱਠਿਆਂ ਦੇ ਹਿਰਦੇ ਅੰਦਰ ਉਤਸ਼ਾਹ ਤੇ ਹੁਲਾਸ ਪੈਦਾ ਕਰਦਾ ਹੈ। ਸਿੱਖਾਂ ਨੇ ਲੋਕਾਂ ਦੇ ਮਨਾਂ 'ਚ ਚੜ੍ਹਦੀ ਕਲਾ ਤੇ ਸੂਰਬੀਰਤਾ ਦਾ ਜਜ਼ਬਾ ਭਰਨ ਲਈ ਅਨੇਕਾਂ ਅਜਿਹੇ 'ਬੋਲੇ' ਪ੍ਰਚਲਤ ਕੀਤੇ ਹਨ, ਜਿਨ੍ਹਾਂ ਨੂੰ 'ਖ਼ਾਲਸਾਈ ਬੋਲੇ' ਕਿਹਾ ਜਾਂਦਾ ਹੈ। 'ਖ਼ਾਲਸਾਈ ਬੋਲੇ' ਅਨੁਸਾਰ 'ਇੱਕ' ਨੂੰ 'ਸਵਾ ਲੱਖ', 'ਮੌਤ' ਨੂੰ 'ਚੜ੍ਹਾਈ ਕਰਨਾ', 'ਤੇਗ' ਨੂੰ 'ਤੇਗਾ', 'ਦੇਗ' ਨੂੰ 'ਦੇਗਾ', 'ਦਸਤਾਰ' ਨੂੰ 'ਦਸਤਾਰਾ', 'ਮੁੱਛਾਂ' ਨੂੰ 'ਮੁਛਹਿਰਾ', 'ਦਾੜ੍ਹੀ' ਨੂੰ 'ਦਾੜ੍ਹਾ' ਕਿਹਾ ਜਾਂਦਾ ਹੈ। ਇਸੇ ਤਰ੍ਹਾਂ ਹੋਲੀ ਨੂੰ 'ਹੋਲਾ' ਕਹਿਣਾ ਸਿੱਖਾਂ ਦੀ ਵਿਲੱਖਣਤਾ ਅਤੇ ਚੜ੍ਹਦੀ ਕਲਾ ਦੀ ਭਾਵਨਾ ਨੂੰ ਪ੍ਰਗਟਾਉਂਦਾ ਹੈ। ਕਵੀ ਨਿਹਾਲ ਸਿੰਘ ਦੇ ਸ਼ਬਦਾਂ ਵਿੱਚ:

ਬਰਛਾ ਢਾਲ ਕਟਾਰਾ ਤੇਗਾ, ਕੜਛਾ ਦੇਗਾ ਗੋਲਾ ਹੈ,
ਛਕਾ ਪ੍ਰਸਾਦ ਸਜਾ ਦਸਤਾਰਾ ਅਰੁ ਕਰਦੌਨਾ ਟੋਲਾ ਹੈ,
ਸੁਭਟ ਸੁਚਾਲਾ ਅਰ ਲਖ ਬਾਹਾ, ਕਲਗਾ ਸਿੰਘ ਸੁਚੋਲਾ ਹੈ,
ਅਪਰ ਮੁਛਹਿਰਾ ਦਾੜ੍ਹਾ ਜੈਸੇ, ਤੈਸੇ ਬੋਲਾ 'ਹੋਲਾ' ਹੈ।

'ਹੋਲੀ' ਤੋਂ 'ਹੋਲਾ ਮਹੱਲਾ' ਸਿਰਫ਼ ਸ਼ਬਦ ਜੋੜ ਦੀ ਤਬਦੀਲੀ ਨਹੀਂ, ਇਹ ਤਾਂ ਗੁਲਾਮ ਮਾਨਸਿਕਤਾ ਤੋਂ ਅਜ਼ਾਦ ਸੋਚ-ਵਿਚਾਰ ਤੇ ਵਿਵਹਾਰ ਦੀ ਤਬਦੀਲੀ ਦਾ ਪ੍ਰਗਟਾਵਾ ਹੈ।

ਭਾਰਤ ਸਦੀਆਂ ਤੀਕ ਵਿਦੇਸ਼ੀ ਹਮਲਾਵਰਾਂ ਦਾ ਗੁਲਾਮ ਰਿਹਾ। ਇਹੀ ਕਾਰਨ ਹੈ ਕਿ ਭਾਰਤੀਆਂ ਦੇ ਸ਼ੌਕ, ਮੌਜ-ਮੇਲੇ ਤੇ ਤਿਉਹਾਰ ਵੀ ਗੁਲਾਮੀ ਮਾਨਸਿਕਤਾ ਨੂੰ ਰੂਪਮਾਨ ਕਰਦੇ ਹਨ। ਭਾਰਤੀ ਲੋਕ ਤਨ, ਮਨ, ਧਰਮ, ਸਮਾਜ ਤੇ ਰਾਜਸੀ ਸੋਚ ਕਰਕੇ ਗੁਲਾਮ ਸਨ। ਗੁਲਾਮੀ ਦੀ ਦਲਦਲ 'ਚੋਂ ਆਜ਼ਾਦ ਸੋਚ, ਸੁਤੰਤਰ ਹੋਂਦ-ਹਸਤੀ ਤੇ ਨਿਆਰੇਪਨ ਨੂੰ ਪ੍ਰਗਟ ਕਰਨਾ ਸਚਮੁੱਚ ਅਦਭੁਤ ਕਰਾਮਾਤ ਸੀ। ਇਹ ਚਿੜੀਆਂ ਤੋਂ ਬਾਜ਼ ਤੁੜਾਉਣ, ਇੱਕ ਨੂੰ ਸਵਾ ਲੱਖ ਨਾਲ ਲੜਾਉਣ ਤੇ ਅਸੰਭਵ ਨੂੰ ਸੰਭਵ ਕਰਨ ਦੇ ਤੁਲ ਸੀ। ਊਚ-ਨੀਚ, ਭਰਮ-ਭੇਖ, ਜਾਤ-ਪਾਤ, ਕਰਮ-ਵੰਡ, ਰੰਗ-ਨਸਲ ਦੇ ਹਰ ਤਰ੍ਹਾਂ ਦੇ ਵਿਤਕਰਿਆਂ ਵਖਰੇਵਿਆਂ ਨੂੰ ਦੂਰ ਕਰ, ਗੁਰੂ ਗੋਬਿੰਦ ਸਿੰਘ ਜੀ ਨੇ ਪ੍ਰਭੂਸਤਾ ਸੰਪੰਨ, ਸੁਤੰਤਰ ਸੋਚ-ਵਿਚਾਰ, ਵਿਹਾਰ ਲਈ ਖਾਲਸਾ ਫ਼ੌਜ ਦੀ ਸਥਾਪਨਾ ਕੀਤੀ। ਉਨ੍ਹਾਂ ਨੇ ਭਾਰਤੀਆਂ ਨੂੰ ਖ਼ੂਨ ਦੀ ਹੋਲੀ, ਆਜ਼ਾਦੀ, ਸੁਤੰਤਰਤਾ, ਸਵੈਮਾਣ, ਸਵੈਹੋਂਦ ਦੇ ਪ੍ਰਗਟਾਅ ਲਈ ਖ਼ਾਲਸਾਈ ਖੇਡਾਂ ਖੇਡਣ ਲਈ ਮੈਦਾਨ ਤਿਆਰ ਕਰ ਕੇ ਦਿੱਤਾ।



'ਪੰਜਾਬੀ ਲੋਕਧਾਰਾ ਵਿਸ਼ਵਕੋਸ਼' ਮੁਤਾਬਕ ਮਹੱਲਾ ਅਰਬੀ ਦੇ ਸ਼ਬਦ 'ਮਹੱਲਹੋ' ਦਾ ਤਦਭਵ ਹੈ, ਜਿਸ ਦਾ ਭਾਵ ਉਸ ਸਥਾਨ ਤੋਂ ਹੈ, ਜਿੱਥੇ 'ਫ਼ਤਹ' ਕਰਨ ਤੋਂ ਬਾਅਦ ਟਿਕਾਣਾ ਕੀਤਾ ਜਾਵੇ। 'ਹੋਲੇ ਮਹੱਲੇ' ਵਾਲੇ ਦਿਨ ਖ਼ਾਲਸੇ ਨੂੰ ਦੋ ਦਲਾਂ ਵਿੱਚ ਵੰਡ ਕੇ ਦਸਮ ਪਾਤਸ਼ਾਹ ਮਸਨੂਈ (ਨਕਲੀ) ਯੁੱਧ ਕਰਵਾਇਆ ਕਰਦੇ ਸਨ। ਇੱਕ ਦਲ ਨਿਸ਼ਚਤ ਸਥਾਨ 'ਤੇ ਕਾਬਜ਼ ਹੋ ਜਾਂਦਾ ਅਤੇ ਦੂਜਾ ਉਸ 'ਤੇ ਹਮਲਾ ਕਰ ਕੇ ਕਿਲ੍ਹਾ ਖੋਹਣ ਦਾ ਯਤਨ ਕਰਦਾ। ਇਸ ਤਰ੍ਹਾਂ ਨਕਲੀ ਯੁੱਧ ਰਾਹੀਂ ਯੁੱਧ-ਜੁਗਤੀ ਅਤੇ ਪੈਂਤਰੇਬਾਜ਼ੀ ਦਾ ਅਭਿਆਸ ਹੁੰਦਾ। ਯੁੱਧ ਦੇ ਨਗਾਰੇ ਵੱਜਦੇ, ਹਥਿਆਰਾਂ ਦਾ ਟਕਰਾਅ ਹੁੰਦਾ, ਜੈਕਾਰੇ ਗੂੰਜਦੇ ਅਤੇ 'ਫ਼ਤਹ' ਦੀਆਂ ਖ਼ੁਸ਼ੀਆਂ ਮਨਾਈਆਂ ਜਾਂਦੀਆਂ। ਜਿਹੜਾ ਦਲ ਜਿੱਤ ਪ੍ਰਾਪਤ ਕਰਦਾ ਉਸ ਨੂੰ ਗੁਰੂ ਦਰਬਾਰ ਵੱਲੋਂ ਸਿਰੋਪਾਓ ਬਖਸ਼ਿਸ਼ ਕੀਤਾ ਜਾਂਦਾ। ਫਿਰ ਉਥੇ ਹੀ ਦਰਬਾਰ ਸੱਜਦਾ ਅਤੇ ਸ਼ਸਤਰਧਾਰੀ ਸਿੰਘ ਆਪੋ-ਆਪਣੇ ਕਰਤੱਬ ਵਿਖਾਉਂਦੇ। ਪਹਿਲਾਂ 'ਮਹੱਲਾ' ਸ਼ਬਦ ਇਸੇ ਭਾਵ ਵਿੱਚ ਵਰਤਿਆ ਜਾਂਦਾ ਰਿਹਾ ਪਰ ਹੌਲੀ-ਹੌਲੀ ਇਹ ਸ਼ਬਦ ਉਸ ਜਲੂਸ ਲਈ ਪ੍ਰਚਲਤ ਹੋ ਗਿਆ ਜੋ 'ਫ਼ਤਹ' ਮਗਰੋਂ ਫ਼ੌਜੀ ਸੱਜ-ਧੱਜ ਅਤੇ ਨਗਾਰਿਆਂ 'ਤੇ ਚੋਟ ਨਾਲ ਨਿਕਲਦਾ। ਇਹ ਪ੍ਰਥਾ ਹੁਣ ਤੱਕ ਜਾਰੀ ਹੈ। ਇਸ ਤਰ੍ਹਾਂ ਪਤਾ ਲੱਗਦਾ ਹੈ ਕਿ ਗੁਰੂ ਗੋਬਿੰਦ ਸਿੰਘ ਜੀ ਨੇ ਗ਼ੁਲਾਮੀ ਅਤੇ ਹਕੂਮਤੀ ਜਬਰ ਵਿਰੁੱਧ ਲੋਕ-ਮਨਾਂ ਅੰਦਰ ਨਵਾਂ ਉਤਸ਼ਾਹ ਅਤੇ ਕੁਰਬਾਨੀ ਦਾ ਜਜ਼ਬਾ ਭਰਨ ਲਈ 'ਹੋਲੀ' ਨੂੰ 'ਹੋਲੇ' ਦਾ ਰੂਪ ਦਿੱਤਾ। ਜ਼ਿਕਰਯੋਗ ਹੈ ਕਿ ਉਸ ਸਮੇਂ ਬਾਦਸ਼ਾਹ ਔਰੰਗਜ਼ੇਬ ਵੱਲੋਂ 1687 ਈ: 'ਚ ਜਾਰੀ ਕੀਤੇ ਫ਼ੁਰਮਾਨ ਅਨੁਸਾਰ ਹਿੰਦੁਸਤਾਨੀ ਲੋਕਾਂ ਨੂੰ ਟਲ ਖੜਕਾਉਣ, ਸ਼ਸਤਰ ਧਾਰਨ ਕਰਨ, ਘੋੜ-ਸਵਾਰੀ ਕਰਨ ਅਤੇ ਦਸਤਾਰ ਸਜਾਉਣ ਦੀ ਸਖ਼ਤ ਮਨਾਹੀ ਸੀ। ਦਸਤਾਰ ਕੇਵਲ ਉਹ ਹੀ ਸਜਾ ਸਕਦਾ ਸੀ, ਜਿਸ ਨੂੰ ਬਾਦਸ਼ਾਹ ਵੱਲੋਂ ਦਰਬਾਰੀ ਬਖ਼ਸ਼ੀ ਜਾਵੇ। ਘੋੜੇ ਦੀ ਸਵਾਰੀ, ਨਿਸ਼ਾਨ, ਨਗਾਰਾ ਅਤੇ ਫ਼ੌਜ ਰੱਖਣੀ ਹਕੂਮਤ ਵਿਰੁੱਧ ਬਗਾਵਤ ਦੇ ਤੁਲ ਸੀ, ਜਿਸ ਦੀ ਸਜ਼ਾ ਮੌਤ ਅਤੇ ਘਰ-ਘਾਟ ਦਾ ਉਜਾੜਾ ਨੂੰ ਸੱਦਾ ਦੇਣ ਦੇ ਤੁਲ ਸੀ। ਇਸੇ ਕਰਕੇ ਆਮ ਲੋਕ ਹਕੂਮਤੀ ਜਬਰ ਵਿਰੁੱਧ ਮੂੰਹ ਨਹੀਂ ਖੋਲ੍ਹਦੇ ਸਨ। ਗੁਰੂ ਜੀ ਨੇ ਲੋਕਾਂ ਨੂੰ ਮਾਨਸਿਕ ਤੌਰ 'ਤੇ ਬਲਵਾਨ ਬਣਾਉਣ ਲਈ ਹਰ ਸੰਭਵ ਯਤਨ ਕੀਤਾ। ਪ੍ਰਚਲਤ ਤਿਉਹਾਰਾਂ ਨੂੰ ਨਵੇਂ ਤਰੀਕੇ ਨਾਲ ਮਨਾਉਣਾ ਇਸੇ ਲੜੀ ਦੀ ਕੜੀ ਹੈ। ਹੁਣ ਤੇਗਾਂ-ਤਲਵਾਰਾਂ, ਨਿਸ਼ਾਨ, ਨਗਾਰੇ ਅਤੇ ਘੋੜਿਆਂ ਦੇ ਨਜ਼ਾਰੇ ਖ਼ਾਲਸੇ ਦੇ ਤਿਉਹਾਰ ਬਣ ਗਏ। ਹਕੂਮਤ ਦੀਆਂ ਨਜ਼ਰਾਂ ਵਿੱਚ ਸੰਗੀਨ ਜੁਰਮ ਸਮਝੀਆਂ ਜਾਂਦੀਆਂ 'ਜੰਗੀ-ਮਸ਼ਕਾਂ' ਖ਼ਾਲਸੇ ਦੀਆਂ ਰਵਾਇਤੀ ਖੇਡਾਂ ਬਣ ਗਈਆਂ।

ਹੋਲਾ ਮਹੱਲਾ ਹੁਣ ਵੀ ਸਿੱਖ-ਸ਼ਕਤੀ ਦੇ ਪ੍ਰਦਰਸ਼ਨ ਵਜੋਂ ਆਨੰਦਪੁਰ ਸਾਹਿਬ ਵਿਖੇ ਖ਼ਾਲਸਾਈ ਜਾਹੋ-ਜਲਾਲ ਨਾਲ ਮਨਾਇਆ ਜਾਂਦਾ ਹੈ। ਸ਼ਾਇਦ ਇਹ ਪੰਜਾਬ ਦਾ ਸਭ ਤੋਂ ਵੱਡਾ ਲੋਕ ਇਕੱਠ ਹੋਵੇ। ਵਿਸ਼ੇਸ਼ ਦੀਵਾਨ ਸੱਜਦੇ ਹਨ ਤੇ ਖ਼ਾਲਸਾਈ ਸ਼ਾਨ ਪ੍ਰਗਟ ਕਰਦਾ 'ਮਹੱਲਾ' ਚੜ੍ਹਦਾ ਹੈ, ਜੋ ਕਿਲ੍ਹਾ ਆਨੰਦਗੜ੍ਹ ਸਾਹਿਬ ਤੋਂ ਆਰੰਭ ਹੋ ਕੇ ਹੋਲਗੜ੍ਹ ਦੇ ਸਥਾਨ ਹੁੰਦਾ ਹੋਇਆ, ਤਖ਼ਤ ਸ੍ਰੀ ਕੇਸਗੜ੍ਹ ਸਾਹਿਬ ਵਿਖੇ ਸੰਪੂਰਨ ਹੁੰਦਾ ਹੈ। ਨਿਹੰਗ ਸਿੰਘ ਰਵਾਇਤੀ ਖ਼ਾਲਸਾਈ ਬਾਣੇ ਵਿੱਚ ਖ਼ਾਲਸਾਈ ਖੇਡਾਂ ਦੁਆਰਾ ਆਪਣੀ ਗੁਰੂ-ਬਖ਼ਸ਼ੀ ਵਿਲੱਖਣ ਹੋਂਦ-ਹਸਤੀ ਦਾ ਖ਼ੂਬਸੂਰਤ ਪ੍ਰਦਰਸ਼ਨ ਚਰਨ ਗੰਗਾ ਦੇ ਕਿਨਾਰੇ ਕਰਦੇ ਹਨ। ਹੋਲੇ-ਮਹੱਲੇ ਦੇ ਦੀਵਾਨ ਆਮ ਕਰਕੇ ਪਿੰਡਾਂ ਵਿੱਚ ਸੱਜਦੇ ਸਨ ਜਿਨ੍ਹਾਂ ਵਿੱਚ ਉੱਚ-ਕੋਟੀ ਦੇ ਢਾਡੀ ਤੇ ਕਵੀਸ਼ਰ ਸਿੱਖ ਇਤਿਹਾਸ ਦੀ ਤਸਵੀਰ ਹੂ-ਬ-ਹੂ ਪ੍ਰਗਟ ਕਰਦੇ ਸਨ, ਜਿਸ ਨਾਲ ਨੌਜਵਾਨੀ ਆਪਣੇ ਅਮੀਰ ਇਤਿਹਾਸ ਤੇ ਵਿਰਾਸਤ ਨਾਲ ਜੁੜਦੀ ਸੀ। ਅੱਜ ਲੋੜ ਹੈ ਇਸ ਪਰੰਪਰਾ ਨੂੰ ਸਥਾਈ ਬਣਾਇਆ ਜਾਵੇ।



# ਸ੍ਰੀ ਅਕਾਲ ਤਖ਼ਤ ਸਾਹਿਬ ਅਤੇ ਜਥੇਦਾਰ ਸਾਹਿਬਾਨ



ਡਾ. ਪਰਮਵੀਰ ਸਿੰਘ
ਸਿੱਖ ਵਿਸ਼ਵਕੋਸ਼ ਵਿਭਾਗ
ਪੰਜਾਬੀ ਯੂਨੀਵਰਸਿਟੀ, ਪਟਿਆਲਾ

ਸ੍ਰੀ ਅਕਾਲ ਤਖ਼ਤ ਸਾਹਿਬ ਸਿੱਖਾਂ ਦੀ ਪੰਥਕ ਇਕਜੁੱਟਤਾ, ਸਵੈਮਾਨਤਾ, ਮੁੱਢਲੇ ਰਾਜਨੀਤਿਕ ਅਤੇ ਮਨੁੱਖੀ ਅਧਿਕਾਰਾਂ ਪ੍ਰਤੀ ਚੇਤਨਾ ਪ੍ਰਗਟ ਕਰਨ ਦਾ ਕੇਂਦਰੀ ਅਸਥਾਨ ਹੈ ਜਿੱਥੇ ਸਰਬੱਤ ਖ਼ਾਲਸਾ ਰਾਹੀਂ ਸਾਂਝੀ ਗੁਰਮਤਿ ਸੋਚ ਅਤੇ ਸੂਝ ਪੈਦਾ ਕਰਨ ਲਈ ਯਤਨ ਕੀਤੇ ਜਾਂਦੇ ਰਹੇ ਹਨ। ਇਸ ਤਖ਼ਤ ਸਾਹਿਬ ’ਤੇ ਹੋਣ ਵਾਲੇ ਫ਼ੈਸਲਿਆਂ ਕਰਕੇ ਹੀ ਪੰਜਾਬ ਦੇ ਲੋਕ ਬਾਹਰੀ ਹਮਲਾਵਰਾਂ ਤੋਂ ਮਹਿਫ਼ੂਜ਼ ਹੋਏ ਸਨ, ਪੰਜਾਬੀ ਸੂਬਾ ਬਣਾਉਣ ਅਤੇ ਇਸ ਨੂੰ ਬਚਾਉਣ ਲਈ ਮੋਰਚੇ ਲੱਗਦੇ ਰਹੇ ਹਨ। ਇਹ ਤਖ਼ਤ ਸਿੱਖਾਂ ਦੀ ਰਾਜਸੀ ਅਤੇ ਜੁਝਾਰੂ ਸ਼ਕਤੀ ਦਾ ਪ੍ਰਤੀਕ ਹੈ ਜਿੱਥੇ ਸ਼ਸਤਰ ਵਿੱਦਿਆ ਨੂੰ ਧਾਰਮਿਕ ਜੀਵਨ ਦੀ ਵਾੜ ਅਤੇ ਵੈਰੀਆਂ ਦੀ ਵੰਗਾਰ ਦੇ ਰੂਪ ਵਿੱਚ ਪ੍ਰਚਾਰਿਆ ਜਾਂਦਾ ਹੈ।

ਸਿੱਖਾਂ ਵਿੱਚ ਸ਼ਸਤਰ ਧਾਰਨ ਕਰਨ ਸੰਬੰਧੀ ਵਿਚਾਰ ਗੁਰੂ ਅਰਜਨ ਦੇਵ ਜੀ ਦੀਆਂ ਜੀਵਨ ਸਾਖੀਆਂ ਰਾਹੀਂ ਦੇਖਣ ਨੂੰ ਮਿਲਦੇ ਹਨ ਜਿਨ੍ਹਾਂ ਨੇ ਆਪਣੀ ਸ਼ਹਾਦਤ ਤੋਂ ਪਹਿਲਾਂ ਸਮੇਂ ਦੀਆਂ ਪ੍ਰਸਥਿਤੀਆਂ ਦੇ ਸਨਮੁਖ ਇਹ ਅਨੁਭਵ ਕਰ ਲਿਆ ਸੀ ਕਿ ਆਉਣ ਵਾਲਾ ਸਮਾਂ ਸੁਖਾਵਾਂ ਨਹੀਂ ਹੋਵੇਗਾ ਜਿਸ ਦਾ ਮੁਕਾਬਲਾ ਕਰਨ ਲਈ ਸ਼ਸਤਰ ਧਾਰਨ ਕਰਨੇ ਜ਼ਰੂਰੀ ਹੋ ਜਾਣਗੇ। ‘ਸਿੱਖਾਂ ਦੀ ਭਗਤਮਾਲਾ’ ਅਨੁਸਾਰ ਗੁਰੂ ਅਰਜਨ ਦੇਵ ਜੀ ਆਪਣੇ ਸਿੱਖਾਂ ਨੂੰ ਬਚਨ ਕਰਦੇ ਹਨ, ‘ਅਸਾ ਸਸਤ੍ਰ ਪਕੜਨੇ ਹੈਨ ਸੋ ਗੁਰੂ ਹਰਿਗੋਬਿੰਦ ਦਾ ਰੂਪ ਧਾਰ ਕਰ ਪਕੜਨੇ ਹੈਨ। ਸਮਾ ਕਲਜੁਗ ਦਾ ਵਰਤਨਾ ਹੈ। ਸਸਤ੍ਰਾ ਦੀ ਵਿੱਦਿਆ ਕਰ ਮੀਰ ਦੀ ਮੀਰੀ ਖਿਚ ਲੈਣੀ ਹੈ। ਤੇ ਸਬਦ ਦੀ ਪ੍ਰੀਤ ਸਮਝ ਕਰ ਪੀਰੀ ਲੈ ਲੈਣੀ।’

ਗੁਰੂ ਹਰਿਗੋਬਿੰਦ ਸਾਹਿਬ ਨੇ ਗੁਰਿਆਈ ਧਾਰਨ ਕੀਤੀ ਤਾਂ ਸਮੇਂ ਦੇ ਹਾਲਾਤ ਅਨੁਸਾਰ ਉਹਨਾਂ ਨੇ ਦੋ ਕ੍ਰਿਪਾਨਾਂ ਧਾਰਨ ਕਰਦੇ ਹੋਏ ਇਹ ਐਲਾਨ ਕਰ ਦਿੱਤਾ ਸੀ :

ਜੋ ਚੜ੍ਹਿ ਆਵੈ ਤਿਸ ਨਾਲ ਜੁੱਧ ਕਰਨਾ।
ਲੜਨਾ ਮਾਰਨਾ ਜਰਾ ਨਾ ਡਰਨਾ।

ਗੁਰੂ ਅਰਜਨ ਦੇਵ ਜੀ ਦੀ ਸ਼ਹਾਦਤ ਨਾਲ ਸਿੱਖਾਂ ਵਿੱਚ ਉਦਾਸੀ ਅਤੇ ਸਰਕਾਰ ਪ੍ਰਤੀ ਵਿਰੋਧ ਅਤੇ ਰੋਸ ਦੀ ਭਾਵਨਾ ਪੈਦਾ ਹੋ ਗਈ ਸੀ। ਗੁਰੂ ਹਰਿਗੋਬਿੰਦ ਸਾਹਿਬ ਨੇ ਸ੍ਰੀ ਅਕਾਲ ਤਖ਼ਤ ਸਾਹਿਬ ਦੀ ਸਥਾਪਨਾ ਕਰਕੇ ਸਿੱਖਾਂ ਦੇ ਮਨ ਵਿੱਚ ਪੈਦਾ ਹੋਈ ਉਦਾਸੀ ਦੀ ਭਾਵਨਾ ਨੂੰ ਚੜ੍ਹਦੀਕਲਾ ਵਿੱਚ ਤਬਦੀਲ ਕਰ ਦਿੱਤਾ ਸੀ। ਇਹ ਅਸਥਾਨ ਸਿੱਖਾਂ ਦੀਆਂ ਜੁਝਾਰੂ, ਸਮਾਜਿਕ ਅਤੇ ਰਾਜਨੀਤਿਕ ਗਤੀਵਿਧੀਆਂ ਦਾ ਕੇਂਦਰ ਬਣਾਉਣਾ ਅਰੰਭ ਹੋ ਗਿਆ ਸੀ। ਗੁਰੂ ਜੀ ਨੇ ਸਿੱਖ ਸੰਗਤ ਨੂੰ ਸ਼ਸਤਰ ਅਤੇ ਘੋੜੇ ਭੇਟ ਕਰਨ ਦਾ ਆਦੇਸ਼ ਕਰਨ ਦੇ ਨਾਲ-ਨਾਲ ਸ਼ਿਕਾਰ ਖੇਡਣਾ ਅਰੰਭ ਕੀਤਾ ਤਾਂ ਲੋਕਾਂ ਦੇ ਮਨ ਵਿੱਚ ਇਹ ਸ਼ੰਕੇ ਪੈਦਾ ਹੋਣ ਲੱਗੇ ਕਿ ਛੇਵੇਂ ਗੁਰੂ ਜੀ ਨੇ ਪਹਿਲੇ ਪੰਜ ਗੁਰੂ ਸਾਹਿਬਾਨ ਤੋਂ ਵੱਖਰਾ ਕਾਰਜ ਅਰੰਭ ਕਰ ਦਿੱਤਾ ਹੈ। ਭਾਈ ਗੁਰਦਾਸ ਜੀ ਲੋਕਾਂ ਦੇ ਮਨ ਵਿੱਚ ਪੈਦਾ ਹੋਈ ਇਸ ਉਲਝਣ ਨੂੰ ਦੂਰ ਕਰਦੇ ਹੋਏ ਕਹਿੰਦੇ ਹਨ :

ਸਚੁ ਨ ਲੁਕੈ ਲੁਕਾਇਆ ਚਰਣ ਕਵਲ ਸਿਖ ਭਵਰ ਲੁਭਾਇਆ।
ਅਜਰੁ ਜਰੈ ਨ ਆਪੁ ਜਣਾਇਆ॥

ਇਸ ਦਾ ਭਾਵ ਹੈ ਕਿ ਸੱਚ ਲੁਕਾਇਆਂ ਲੁਕ ਨਹੀਂ ਸਕਦਾ, ਇਸ ਨੇ ਪ੍ਰਗਟ ਹੋ ਜਾਣਾ ਹੈ। ਸਿੱਖ ਭਵਰੇ ਵਾਂਗ ਗੁਰੂ ਜੀ ਦੇ ਚਰਨਾਂ ਨਾਲ ਜੁੜੇ ਹੋਏ ਹਨ। ਉਹ ਜਾਣਦੇ ਹਨ ਕਿ ਗੁਰੂ ਜੀ ਆਪਣਾ ਭਾਵ ਨਹੀਂ ਜਣਾਉਂਦੇ ਅਤੇ ਅਜਰ ਨੂੰ ਜਰ ਜਾਂਦੇ ਹਨ। ਗੁਰੂ ਸਾਹਿਬ ਦਾ ਇਹ ਨਵਾਂ ਰੂਪ ਸੰਗਤ ਨੂੰ ਸੰਗਠਿਤ ਕਰਨ ਵਾਲਾ ਅਤੇ ਸਿੱਖਾਂ ਦੀ ਸੁਤੰਤਰ ਹੋਂਦ ਕਾਇਮ ਕਰਨ ਵਾਲਾ ਸੀ। ਗੁਰੂ ਅਰਜਨ ਦੇਵ ਜੀ ਨੇ ਜਿਸ ਤਰ੍ਹਾਂ ਕਸ਼ਟ ਸਹਿਣ ਕਰਕੇ ਸਿੱਖੀ ਨੂੰ ਬਚਾਇਆ ਸੀ ਉਸੇ ਤਰ੍ਹਾਂ ਸਿੱਖਾਂ ਨੂੰ ਸ਼ਸਤਰਧਾਰੀ ਬਣਾ ਕੇ ਸੰਗਤ ਨੂੰ ਸਦੀਵੀ ਤੌਰ ’ਤੇ ਬਚਾਉਣ ਦਾ ਯਤਨ ਗੁਰੂ ਹਰਿਗੋਬਿੰਦ ਸਾਹਿਬ ਨੇ ਕੀਤਾ ਸੀ। ਸੰਗਤ ਅਧਿਆਤਮਿਕ ਫਲ ਗ੍ਰਹਿਣ ਕਰਨ ਦੀ ਇੱਛਾ ਰੱਖਦੀ ਹੈ ਜਿਸ ਨੂੰ ਪ੍ਰਾਪਤ ਕਰਨ ਲਈ ਸੂਰਬੀਰਤਾ ਦਾ ਗੁਣ ਹੋਣਾ ਬਹੁਤ ਜ਼ਰੂਰੀ ਹੈ। ਗੁਰੂ ਹਰਿਗੋਬਿੰਦ ਸਾਹਿਬ ਨੇ ਸਿੱਖਾਂ ਨੂੰ ਸ਼ਸਤਰ ਧਾਰਨ ਕਰਵਾ ਕੇ ਉਹਨਾਂ ਦੀਆਂ ਅਧਿਆਤਮਿਕ ਪ੍ਰਾਪਤੀਆਂ ਨੂੰ ਸੁਰੱਖਿਅਤ ਕਰਨ ਦਾ ਕਾਰਜ ਕੀਤਾ ਸੀ। ਅਧਿਆਤਮਿਕ ਉੱਚਤਾ ਦੇ ਨਾਲ-ਨਾਲ ਦੁਨਿਆਵੀ ਜੀਵਨ ਸੰਬੰਧੀ ਦੱਸੀਆਂ ਗਈਆਂ ਜ਼ਿੰਮੇਵਾਰੀਆਂ ਨਿਭਾਉਣ ਦੀ ਵਚਨਬੱਧਤਾ ਦੇ ਪ੍ਰੇਰਨਾ ਸ੍ਰੋਤ ਵਜੋਂ ਇਸ ਤਖ਼ਤ ਸਾਹਿਬ ਦਾ ਸਿੱਖ ਧਰਮ ਵਿੱਚ ਵਿਸ਼ੇਸ਼ ਸਥਾਨ ਹੈ। ਜਿਹੜਾ ਵੀ ਗੁਰਸਿੱਖ ਇਸ ਤਖ਼ਤ ਸਾਹਿਬ ਦੀ ਸੇਵਾ-ਸੰਭਾਲ ਦੀ ਜ਼ਿੰਮੇਵਾਰੀ ਕਬੂਲ ਕਰਦਾ ਹੈ, ਉਸ ਤੋਂ ਇਹ ਆਸ ਕੀਤੀ ਜਾਂਦੀ ਹੈ ਕਿ ਉਹ ਇਸ ਦੀ ਨਿਰਧਾਰਿਤ ਭਾਵਨਾ ਅਤੇ ਮਰਯਾਦਾ ਅਨੁਸਾਰ ਕਾਰਜਸ਼ੀਲ ਹੋਵੇ।



ਸਿੱਖਾਂ ਦੀ ਸੰਸਾਰਕ ਸ਼ਕਤੀ ਦੇ ਇਸ ਕੇਂਦਰ ਨੂੰ ਸੁਚਾਰੂ ਰੂਪ ਵਿੱਚ ਚਲਾਉਣ ਲਈ ਇਸ ਦੇ ਜਿਹੜੇ ਸੇਵਾਦਾਰ ਨਿਯੁਕਤ ਹੁੰਦੇ ਰਹੇ ਹਨ, ਉਹਨਾਂ ਵਿੱਚ ਸਭ ਤੋਂ ਪਹਿਲਾ ਨਾਂ ਭਾਈ ਗੁਰਦਾਸ ਜੀ ਦਾ ਹੈ, ਜਿਨ੍ਹਾਂ ਨੂੰ ਗੁਰੂ ਹਰਿਗੋਬਿੰਦ ਸਾਹਿਬ ਨੇ ਆਪ ਨਿਯੁਕਤ ਕੀਤਾ ਸੀ। ਇਹਨਾਂ ਤੋਂ ਬਾਅਦ ਭਾਈ ਮਨੀ ਸਿੰਘ, ਜਥੇਦਾਰ ਦਰਬਾਰਾ ਸਿੰਘ, ਨਵਾਬ ਕਪੂਰ ਸਿੰਘ, ਸਰਦਾਰ ਜੱਸਾ ਸਿੰਘ ਆਹਲੂਵਾਲੀਆ, ਅਕਾਲੀ ਫੂਲਾ ਸਿੰਘ ਨੇ ਆਪਣੀਆਂ ਪੰਥਕ ਗਤੀਵਿਧੀਆਂ ਰਾਹੀਂ ਬਹੁਤ ਹੀ ਮਾਣਮੱਤੇ ਕਾਰਜ ਕੀਤੇ ਹਨ। ਅੰਗਰੇਜ਼ ਸਰਕਾਰ ਅਧੀਨ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ 1925 ਦੇ ਐਕਟ ਅਧੀਨ ਸ੍ਰੀ ਅਕਾਲ ਸਾਹਿਬ ਦੇ ਜਥੇਦਾਰਾਂ ਦੀ ਨਿਯੁਕਤੀ ਕੀਤੀ ਜਾਂਦੀ ਹੈ। ਐਕਟ ਅਧੀਨ ਜਥੇਦਾਰ ਊਧਮ ਸਿੰਘ ਨਾਗੋਕੇ, ਜਥੇਦਾਰ ਅੱਛਰ ਸਿੰਘ, ਗਿਆਨੀ ਗੁਰਮੁਖ ਸਿੰਘ ਮੁਸਾਫਿਰ, ਜਥੇਦਾਰ ਮੋਹਨ ਸਿੰਘ ਨਾਗੋਕੇ, ਗਿਆਨੀ ਪ੍ਰਤਾਪ ਸਿੰਘ, ਜਥੇਦਾਰ ਮੋਹਣ ਸਿੰਘ ਤੁੜ, ਜਥੇਦਾਰ ਸਾਧੂ ਸਿੰਘ ਭੌਰਾ, ਜਥੇਦਾਰ ਗੁਰਦਿਆਲ ਸਿੰਘ ਅਜਨੋਹਾ, ਗਿਆਨੀ ਕਿਰਪਾਲ ਸਿੰਘ, ਪ੍ਰੋ. ਦਰਸ਼ਨ ਸਿੰਘ, ਭਾਈ ਰਣਜੀਤ ਸਿੰਘ, ਗਿਆਨੀ ਜੋਗਿੰਦਰ ਸਿੰਘ ਵੇਦਾਂਤੀ, ਗਿਆਨੀ ਗੁਰਬਚਨ ਸਿੰਘ ਗਿਆਨੀ ਹਰਪ੍ਰੀਤ ਸਿੰਘ ਆਦਿ ਸ਼ਖ਼ਸੀਅਤਾਂ ਇਸ ਅਸਥਾਨ ਦੀ ਸੇਵਾ-ਸੰਭਾਲ ਕਰਦੀਆਂ ਰਹੀਆਂ ਹਨ। ਮੌਜੂਦਾ ਸਮੇਂ ਵਿਚ ਗਿਆਨੀ ਰਘਬੀਰ ਸਿੰਘ ਇਹ ਸੇਵਾ ਕਰ ਰਹੇ ਹਨ।


ਕਿਸੇ ਸਮੇਂ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਜਥੇਦਾਰ ਆਪ ਫੈਸਲੇ ਕਰਦੇ ਸਨ ਪਰ ਹੌਲੀ-ਹੌਲੀ ਇਹ ਸ਼ਕਤੀ ਪੰਜ ਸਿੰਘ ਸਾਹਿਬਾਨ ਕੋਲ ਚਲੀ ਗਈ। ਸ੍ਰੀ ਅਕਾਲ ਤਖ਼ਤ ਸਾਹਿਬ ’ਤੇ ਹੋਣ ਵਾਲੇ ਫੈਸਲਿਆਂ ’ਤੇ ਵਿਚਾਰ ਲਈ ਤਖ਼ਤ ਸ੍ਰੀ ਹਰਿਮੰਦਰ ਜੀ ਪਟਨਾ ਸਾਹਿਬ, ਤਖ਼ਤ ਸ੍ਰੀ ਕੇਸਗੜ੍ਹ ਸਾਹਿਬ, ਤਖ਼ਤ ਸ੍ਰੀ ਦਮਦਮਾ ਸਾਹਿਬ ਅਤੇ ਤਖ਼ਤ ਸ੍ਰੀ ਹਜ਼ੂਰ ਸਾਹਿਬ ਦੇ ਜਥੇਦਾਰ ਸਾਹਿਬਾਨ ਨੂੰ ਬੁਲਾਇਆ ਜਾਣ ਲੱਗਿਆ। ਜਿਸ ਵੀ ਤਖ਼ਤ ਸਾਹਿਬ ਦਾ ਜਥੇਦਾਰ ਆਪ ਹਾਜ਼ਰ ਨਹੀਂ ਹੋ ਸਕਦਾ, ਉਹ ਆਪਣਾ ਨੁਮਾਇੰਦਾ ਸ੍ਰੀ ਅਕਾਲ ਤਖ਼ਤ ਸਾਹਿਬ ’ਤੇ ਹੋਣ ਵਾਲੀ ਇਕੱਤ੍ਰਤਾ ਲਈ ਭੇਜ ਦਿੰਦਾ ਹੈ ਜਾਂ ਕਿਸੇ ਨੂੰ ਨਾਮਜਦ ਕਰ ਸਕਦਾ ਹੈ। ਇਸ ਕਰਕੇ ਇਹਨਾਂ ਇਕਤ੍ਰਤਾਵਾਂ ਵਿੱਚ ਸ੍ਰੀ ਦਰਬਾਰ ਸਾਹਿਬ ਦੇ ਮੁੱਖ ਗ੍ਰੰਥੀ ਅਤੇ ਗ੍ਰੰਥੀ ਸਾਹਿਬਾਨ ਸ਼ਾਮਲ ਕੀਤੇ ਜਾਂਦੇ ਹਨ। ਸਿੱਖ ਪੰਥ ਵਿੱਚ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਜਥੇਦਾਰ ਸਾਹਿਬਾਨ ਦਾ ਵਿਸ਼ੇਸ਼ ਸਤਿਕਾਰ ਹੈ। ਭਾਵੇਂ ਕਿ 1925 ਵਿੱਚ ਪਾਸ ਹੋਏ ਐਕਟ ਵਿੱਚ ਇਸ ਪਦਵੀ ਦਾ ਕੋਈ ਜ਼ਿਕਰ ਨਹੀਂ ਮਿਲਦਾ ਪਰ ਪਿੱਛੋਂ ਹੋਈ ਸੋਧ ਅਨੁਸਾਰ ਗੁਰਦੁਆਰਾ ਐਕਟ ਵਿਚ ‘ਜਥੇਦਾਰ’ ਸ਼ਬਦ ਨੂੰ ਮਾਨਤਾ ਦਿੱਤੀ ਗਈ ਹੈ। ਭਾਵੇਂ ਕਿ ਸਮੂਹ ਜਥੇਦਾਰ ਸਾਹਿਬਾਨ ਦਾ ਰੁਤਬਾ ਬਰਾਬਰ ਮੰਨਿਆ ਜਾਂਦਾ ਹੈ ਪਰ ਫਿਰ ਵੀ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਜਥੇਦਾਰ ਸਾਹਿਬ ਨੂੰ ਬਾਕੀ ਤਖ਼ਤਾਂ ਦੇ ਜਥੇਦਾਰਾਂ ਵਿਚੋਂ ਵਿਸ਼ੇਸ਼ ਸਥਾਨ ਪ੍ਰਾਪਤ ਹੈ। ਜਿਸ ਕਰਕੇ ਪੰਜ ਸਿੰਘ ਸਾਹਿਬਾਨ ਦੀ ਵਿਚਾਰ ਚਰਚਾ ਉਪਰੰਤ ਸਿੱਖ ਸੰਗਤ ਲਈ ਕੀਤਾ ਜਾਣ ਵਾਲਾ ਐਲਾਨ ਜਥੇਦਾਰ ਸ੍ਰੀ ਅਕਾਲ ਤਖ਼ਤ ਸਾਹਿਬ ਵੱਲੋਂ ਕੀਤਾ ਜਾਂਦਾ ਹੈ। (ਬਾਕੀ ਸਫ਼ਾ 31 ’ਤੇ)

# ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਮਹੱਤਵਪੂਰਨ ਫ਼ੈਸਲੇ ਅਤੇ ਮਤੇ:ਇੱਕ ਝਾਤ


ਡਾਕਟਰ ਦਿਲਵਰ ਸਿੰਘ
ਸਹਾਇਕ ਡਾਇਰੈਕਟਰ ਯੁਵਕ ਸੇਵਾਵਾਂ
ਪੰਜਾਬ ਸਰਕਾਰ

## ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀ ਸਮੁੱਚੀ ਕਾਰਗੁਜ਼ਾਰੀ ’ਤੇ ਚਾਨਣਾ ਪਾਉਂਦੀ ਕਿਤਾਬ ‘ਸ਼ਤਾਬਦੀ ਨੂੰ ਸਮਰਪਿਤ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਮਹੱਤਵਪੂਰਨ ਮਤੇ ਅਤੇ ਫ਼ੈਸਲੇ 1920-2024’

ਡਾ. ਪਰਮਵੀਰ ਸਿੰਘ ਅਤੇ ਸ੍ਰ. ਰਵਿੰਦਰ ਪਾਲ ਸਿੰਘ ਵੱਲੋਂ ਸੰਕਲਨ ਅਤੇ ਸੰਪਾਦਨ ਕੀਤੀ ਹੋਈ ਵਡ ਅਕਾਰੀ ਪੁਸਤਕ ‘ਸ਼ਤਾਬਦੀ ਨੂੰ ਸਮਰਪਿਤ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਮਹੱਤਵਪੂਰਨ ਮਤੇ ਅਤੇ ਫ਼ੈਸਲੇ 1920-2024’ ਹਾਲ ਹੀ ਵਿੱਚ ਬੈਕੁੰਠ ਪਬਲੀਕੇਸ਼ਨ ਪਟਿਆਲਾ ਵੱਲੋਂ ਪੰਜਾਬੀ ਭਾਸ਼ਾ ਵਿੱਚ ਪ੍ਰਕਾਸ਼ਿਤ ਕੀਤੀ ਗਈ ਹੈ। ਇਹ ਬਹੁਤ ਹੀ ਮਹੱਤਵਪੂਰਨ ਪੁਸਤਕ ਹੈ। ਇਸ ਪੁਸਤਕ ਦੇ ਕੁੱਲ 579 ਪੰਨੇ ਹਨ। ਸੰਪਾਦਕਾਂ ਨੇ ਇਸ ਪੁਸਤਕ ਨੂੰ ਦੋ ਹਿੱਸਿਆਂ ਵਿੱਚ ਵੰਡਿਆ ਹੈ। ਪਹਿਲੇ ਹਿੱਸੇ ਵਿੱਚ ਗੁਰਦੁਆਰਾ ਐਕਟ ਲਾਗੂ ਹੋਣ ਤੋਂ ਪੂਰਬਲੇ ਮਤੇ ਦਰਜ ਕੀਤੇ ਗਏ ਹਨ ਅਤੇ ਦੂਜੇ ਹਿੱਸੇ ਵਿੱਚ ਗੁਰਦੁਆਰਾ ਐਕਟ ਅਧੀਨ ਪਾਸ ਹੋਏ ਮਤੇ ਦਰਜ ਹਨ। ਗੁਰਦੁਆਰਾ ਐਕਟ ਲਾਗੂ ਹੋਣ ਤੋਂ ਪੂਰਬਲੇ ਮਤੇ ਗਿਣਤੀ ਵਿੱਚ ਥੋੜੇ ਹਨ ਅਤੇ ਗੁਰਦੁਆਰਾ ਐਕਟ ਅਧੀਨ ਪਾਸ ਹੋਏ ਮਤੇ ਗਿਣਤੀ ਵਿੱਚ ਬਹੁਤ ਜਿਆਦਾ ਹਨ। ਜੇਕਰ ਇਸ ਪੁਸਤਕ ਦੀ ਭੂਮਿਕਾ ਦੇ ਆਧਾਰ ’ਤੇ ਜ਼ਿਕਰ ਕੀਤਾ ਜਾਵੇ ਤਾਂ ਭੂਮਿਕਾ ਵਿੱਚ ਦਰਜ ਹੈ ਕਿ ਗੁਰਦੁਆਰਾ ਐਕਟ ਅਧੀਨ ਪਾਸ ਕੀਤੇ ਮਤਿਆਂ ਦੇ ਵਿਸ਼ੇ 60 ਤੋਂ ਵਧੇਰੇ ਹਨ ਜਿਨ੍ਹਾਂ ਨੂੰ ਪੈਂਤੀ ਅੱਖਰੀ ਦੇ ਕ੍ਰਮ ਅਨੁਸਾਰ ਦਰਜ ਕੀਤੀ ਗਿਆ ਹੈ। ਇਹਨਾਂ ਵਿਸ਼ਿਆਂ ਵਿੱਚ ਪ੍ਰਮੁੱਖ ਵਿਸ਼ੇ ਜਿਵੇਂ ਅਕਾਲੀ ਆਗੂ, ਅਕਾਲੀ ਮੋਰਚੇ, ਅਛੂਤਾਂ ਦੇ ਉਧਾਰ ਸਬੰਧੀ ਮਤੇ, ਅਨੰਦ ਵਿਆਹ, ਇਤਿਹਾਸਕ ਨਗਰਾਂ ਦੇ ਵਿਕਾਸ ਅਤੇ ਪਵਿੱਤਰਤਾ, ਸਹਾਇਤਾ, ਸਨਮਾਨ, ਸਰਕਾਰ, ਸਰਬੱਤ ਖ਼ਾਲਸਾ, ਸਾਕੇ ਅਤੇ ਸ਼ਹਾਦਤਾਂ,ਸਿੱਖ ਨੌਜਵਾਨਾਂ ਦੀ ਨਜ਼ਰਬੰਦੀ/ਰਿਹਾਈ, ਸਿੱਖ ਸੰਪਰਦਾਵਾਂ/ ਜਥੇਬੰਦੀਆਂ, ਸਿੱਖ ਸਾਹਿਤ ਦੀ ਛਪਾਈ ਅਤੇ ਪ੍ਰੈਸ, ਸਿੱਖ ਕਨਵੈਂਸ਼ਨ, ਸਿੱਖ ਪਛਾਣ, ਸਿੱਖ ਭਾਵਨਾਵਾਂ ਨੂੰ ਠੇਸ ਪਹੁੰਚਾਉਣ ਵਾਲਿਆਂ ਸਬੰਧੀ, ਸਿੱਖ ਰਹਿਤ ਮਰਿਆਦਾ, ਸਿੱਖ ਰਿਆਸਤਾਂ(ਕਪੂਰਥਲਾ, ਨਾਭਾ, ਪਟਿਆਲਾ, ਫ਼ਰੀਦਕੋਟ ਰਿਆਸਤ) ਸਬੰਧੀ ਕੁਝ ਸਾਂਝੇ ਮਤੇ, ਸਿੱਖ ਰੈਫ਼ਰੈਂਸ ਲਾਈਬਰੇਰੀ,ਸਿੱਖਾਂ ਉੱਤੇ ਹਮਲੇ, ਸਿੰਘ ਸਾਹਿਬਾਨ, ਸ੍ਰੀ ਗੁਰੂ ਗ੍ਰੰਥ ਸਾਹਿਬ ਜੀ, ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਬੇਅਦਬੀ ਦੀਆਂ ਘਟਨਾਵਾਂ ਸਬੰਧੀ, ਸ਼ਤਾਬਦੀਆਂ, ਸ਼ਬਦਾਵਲੀ ਦੀ ਸਹੀ ਵਰਤੋਂ ਸਬੰਧੀ, ਸ਼ਲਾਘਾ/ ਪ੍ਰਸ਼ੰਸਾ ਸਬੰਧੀ, ਸ਼ੋਕ ਮਤੇ, ਕਾਰ ਸੇਵਾ, ਕਾਲੇ ਕਾਨੂੰਨਾਂ ਦਾ ਵਿਰੋਧ, ਕਾਲੀਆਂ ਸੂਚੀਆਂ ਖਤਮ ਕਰਨ ਸਬੰਧੀ, ਕਿਸਾਨਾਂ ਸਬੰਧੀ, ਕੀਰਤਨ ਸਬੰਧੀ, ਕਿਤਾਬਾਂ / ਫ਼ਿਲਮਾਂ ਸਬੰਧੀ, ਗੁਰਦੁਆਰਾ ਪ੍ਰਬੰਧਕ ਕਮੇਟੀਆਂ ਦੇ ਮਸਲੇ/ਫ਼ੈਸਲੇ, ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਹਰਿਆਣਾ ਗੁਰਦੁਆਰਾ ਪ੍ਰਬੰਧਕ ਕਮੇਟੀ,ਦਿੱਲੀ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ, ਗੁਰਦੁਆਰਾ ਪ੍ਰਬੰਧਕ ਕਮੇਟੀਆਂ ਦੇ ਮੈਂਬਰਾਂ ਨੂੰ ਖਾਰਜ ਕਰਨ ਸਬੰਧੀ, ਗੁਰਦੁਆਰਾ ਕਾਨੂੰਨ/ ਐਕਟ ਵਿੱਚ ਸੋਧਾਂ, ਗੁਰਦੁਆਰਾ ਬਿੱਲ / ਐਕਟ ਬਣਾਉਣ ਸਬੰਧੀ, ਗੁਰੂ ਧਾਮਾਂ ਦਾ ਪ੍ਰਬੰਧ, ਗੁਰੂ ਧਾਮਾਂ ਦੀ ਉਸਾਰੀ, ਦਰਸ਼ਨ ਅਤੇ ਸੇਵਾ, ਗੁਰੂ ਧਾਮਾਂ ਦੀ ਪਵਿੱਤਰਤਾ ਭੰਗ ਕਰਨ ਵਾਲਿਆਂ ਦਾ ਵਿਰੋਧ, ਗੁਰੂ ਧਾਮਾਂ ਦੀਆਂ ਜ਼ਮੀਨਾਂ, ਗੁਰਪੁਰਬ/ ਜੋੜ ਮੇਲੇ, ਗੁਰਮਤਿ ਵਿਰੋਧੀ ਡੇਰਿਆਂ ਸਬੰਧੀ, ਗੁਰਮੁਖੀ / ਪੰਜਾਬੀ ਭਾਸ਼ਾ ਸਬੰਧੀ, ਘੱਟ ਗਿਣਤੀ ਸਬੰਧੀ, ਜੂਨ ਨਵੰਬਰ 1984 ਸਬੰਧੀ, ਤਸਵੀਰਾਂ/ ਫ਼ਿਲਮਾਂ, ਤਖਤ ਸਾਹਿਬਾਨ (ਸ੍ਰੀ ਅਕਾਲ ਤਖ਼ਤ ਸਾਹਿਬ, ਤਖ਼ਤ ਸ੍ਰੀ ਹਜ਼ੂਰ ਸਾਹਿਬ,ਤਖ਼ਤ ਸ੍ਰੀ ਹਰਿਮੰਦਰ ਜੀ ਪਟਨਾ ਸਾਹਿਬ, ਤਖ਼ਤ ਸ੍ਰੀ ਕੇਸਗੜ੍ਹ ਸਾਹਿਬ, ਤਖ਼ਤ ਸ੍ਰੀ ਦਮਦਮਾ ਸਾਹਿਬ) ਧਰਮ ਦੇ ਪ੍ਰਚਾਰ ਪ੍ਰਸਾਰ ਸਬੰਧੀ, ਧਰਮੀ ਫ਼ੌਜੀ, ਨਸ਼ਿਆਂ ਸਬੰਧੀ, ਨਾਨਕ ਸ਼ਾਹੀ ਕੈਲੰਡਰ, ਪੰਥ ਦੋਖੀਆਂ ਵਿਰੁੱਧ ਕਾਰਵਾਈ, ਪੰਜਾਬ ਦੇ ਮਸਲਿਆਂ ਸਬੰਧੀ, ਭਾਰਤ ਦੇ ਹੋਰਨਾਂ ਰਾਜਾਂ ਸਬੰਧੀ(ਉੱਤਰ ਪ੍ਰਦੇਸ਼, ਉੱਤਰਾਖੰਡ, ਹਰਿਆਣਾ, ਹਿਮਾਚਲ, ਜੰਮੂ-ਕਸ਼ਮੀਰ, ਪੱਛਮੀ ਬੰਗਾਲ, ਮੱਧ ਪ੍ਰਦੇਸ਼), ਮਨੁੱਖੀ ਅਧਿਕਾਰਾਂ ਸਬੰਧੀ, ਮਰਦਮ ਸ਼ੁਮਾਰੀ, ਮੀਡੀਆ ਸਬੰਧੀ, ਵਿਦਿਅਕ ਅਦਾਰੇ ਅਤੇ ਆਰਥਿਕ ਸਹਾਇਤਾ, ਵਿਦੇਸ਼ੀ ਸਿੱਖਾਂ ਸਬੰਧੀ (ਅਫ਼ਗਾਨਿਸਤਾਨ, ਆਸਟ੍ਰੇਲੀਆ, ਇੰਗਲੈਂਡ, ਇਰਾਕ, ਚੀਨ, ਪਾਕਿਸਤਾਨ, ਫ਼ਰਾਂਸ, ਬੰਗਲਾਦੇਸ਼), ਵਿਭਿੰਨ ਦੇਸ਼ਾਂ ਸਬੰਧੀ, ਸਾਂਝੇ ਮਤੇ, ਵਾਤਾਵਰਣ, ਵਿਰਾਸਤੀ ਯਾਦਗਾਰਾਂ / ਨਿਸ਼ਾਨੀਆਂ ਅਤੇ ਫ਼ੁਟਕਲ ਆਦਿ ਵਿਸ਼ਿਆਂ ਸਬੰਧੀ ਕੀਤੇ ਗਏ ਮਤਿਆਂ ਨੂੰ ਮੂਲ ਰੂਪ ਵਿੱਚ ਹੀ ਦਰਜ ਕੀਤਾ ਗਿਆ ਹੈ। ਇਸ ਪੁਸਤਕ ਦੇ ਆਰੰਭ ਵਿੱਚ ਕੁਝ ਲੰਬੇਰੇ ਤੇ ਵੱਡੇ ਸ਼ਬਦਾਂ ਦਾ ਸੰਖੇਪ ਸੰਕੇਤ ਦਰਜ ਕੀਤੇ ਗਏ ਹਨ ਅਤੇ ਅਖੀਰ ਵਿੱਚ ਕੁਝ ਔਖੇ ਸ਼ਬਦਾਂ ਦੀ ਅਰਥਾਵਲੀ ਅਤੇ ਸਹਾਇਕ ਪੁਸਤਕਾਂ ਦੀ ਸੂਚੀ ਵੀ ਦਰਜ ਕੀਤੀ ਗਈ ਹੈ। ਜੇਕਰ ਗਹੁ ਨਾਲ ਵਿਚਾਰਿਆ ਜਾਵੇ ਤਾਂ ਇਹ ਪੁਸਤਕ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀ ਸਮੁੱਚੀ ਕਾਰਗੁਜ਼ਾਰੀ ਨੂੰ ਪ੍ਰਸਤੁਤ ਕਰਦੀ ਹੈ ਅਤੇ ਲਗਭਗ 104 ਸਾਲਾਂ ਦੇ ਸਿੱਖ ਇਤਿਹਾਸ ਤੇ ਵੀ ਝਾਤ ਪਵਾਉਂਦੀ ਹੈ। ਇਹ ਪੁਸਤਕ ਇੱਕ ਸੰਪੂਰਨ ਪੁਸਤਕ ਹੈ ਜਿਸ ਵਿੱਚ ਸਿੱਖਾਂ ਦੇ ਆਪਸੀ ਪਿਆਰ ਅਤੇ ਕੌਮ ਪ੍ਰਤੀ ਸਮਰਪਣ ਭਾਵਨਾ ਦਾ ਪ੍ਰਗਟਾਵਾ ਸਹਿਜ ਹੀ ਹੋ ਜਾਂਦਾ ਹੈ। ਇਹ ਵੀ ਪਤਾ ਚਲਦਾ ਹੈ ਕਿ ਕਿਸ ਤਰ੍ਹਾਂ ਸਿੱਖਾਂ ਦੀ ਸ਼੍ਰੋਮਣੀ ਸੰਸਥਾ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਸਿੱਖ ਸਿਧਾਂਤਾਂ ਅਤੇ ਸਿੱਖ ਹੱਕਾਂ ਆਦਿ ਦੇ ਪ੍ਰਤੀ ਕਿੰਨੀ ਜਾਗਰੂਕ ਹੈ ਅਤੇ ਹਰ ਫ਼ਰੰਟ ’ਤੇ ਆਪਣੇ ਅਧਿਕਾਰਾਂ ਦੀ ਵਰਤੋਂ ਕਰਦਿਆਂ ਹੋਇਆਂ ਸਿੱਖ ਸਿਧਾਂਤਾਂ ਅਤੇ ਸਿੱਖ ਹੱਕਾਂ ਨੂੰ ਬਚਾਉਣ ਲਈ ਲੜਦੀ ਆਈ ਹੈ, ਲੜ ਰਹੀ ਹੈ ਅਤੇ ਲੜਦੀ ਰਹੇਗੀ। ਜਦੋਂ ਇਹਨਾਂ ਮਤਿਆਂ ਨੂੰ ਧਿਆਨ ਨਾਲ ਵਾਚਿਆ ਜਾਂਦਾ ਹੈ ਤਾਂ ਸਾਨੂੰ ਪਤਾ ਲੱਗਦਾ ਹੈ ਕਿ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੇ ਹਰ ਪੱਖ ਤੋਂ ਪੰਥ ਨੂੰ ਮਜ਼ਬੂਤ ਕਰਨ ਹਿੱਤ ਵੱਡੀ ਪੱਧਰ ਉੱਤੇ ਆਪਣੀ ਭੂਮਿਕਾ ਨਿਭਾਈ ਹੈ। ਦੋਹਾਂ ਵਿਦਵਾਨਾਂ ਨੇ ਬੜੀ ਮਿਹਨਤ ਅਤੇ ਲਗਨ ਨਾਲ ਇਹਨਾਂ ਸਾਰੇ ਮਤਿਆਂ ਨੂੰ ਸੰਕਲਿਤ ਕਰਕੇ ਸੰਪਾਦਿਤ ਕੀਤਾ ਹੈ ਤਾਂ ਹੀ ਇਹ ਮਤੇ ਆਮ ਸਿੱਖ ਸੰਗਤਾਂ ਦੀ ਪਹੁੰਚ ਵਿੱਚ ਵੀ ਆ ਸਕੇ ਹਨ। ਇਸ ਪੁਸਤਕ ਨੂੰ ਵਾਚਦਿਆਂ ਅਸੀਂ ਵੇਖਦੇ ਹਾਂ ਕਿ ਇਹ ਪੁਸਤਕ ਜਿੱਥੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ 104 ਸਾਲਾ ਇਤਿਹਾਸ ਨੂੰ ਆਪਣੇ ਵਿੱਚ ਸਮੋਈ ਬੈਠੀ ਹੈ ਉੱਥੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀ ਸਮੁੱਚੀ ਕਾਰਗੁਜ਼ਾਰੀ ਦਾ ਲੇਖਾ ਜੋਖਾ ਵੀ ਇਸ ਪੁਸਤਕ ਰਾਹੀਂ ਸਹਿਜੇ ਹੀ ਪ੍ਰਗਟ ਹੋ ਜਾਂਦਾ ਹੈ। ਇਹ ਪੁਸਤਕ ਸਿੱਖਾਂ ਦੀ ਧਾਰਮਿਕ, ਸਮਾਜਿਕ, ਆਰਥਿਕ, ਰਾਜਨੀਤਿਕ, ਸੱਭਿਆਚਾਰਕ ਆਦਿਕ ਸਥਿਤੀਆਂ ਦਾ ਵੀ ਦਰਪਣ ਹੈ। ਇਹ ਪੁਸਤਕ ਇੱਕ ਹਵਾਲਾ (ਬਾਕੀ ਸਫ਼ਾ 30 ’ਤੇ)



# ਹੋਲਾ ਮਹੱਲਾ : ਖ਼ਾਲਸਾਈ ਜਾਹੋ ਜਲਾਲ ਦਾ ਪ੍ਰਤੀਕ



ਪ੍ਰਮਿੰਦਰ ਸਿੰਘ ਪ੍ਰਵਾਨਾ
510-415-9377



ਸ੍ਰੀ ਗੁਰੂ ਤੇਗ ਬਹਾਦਰ ਜੀ ਅਤੇ ਸ੍ਰੀ ਗੁਰੂ ਗੋਬਿੰਦ ਸਿੰਘ ਜੀ 20 ਸਾਲ ਦੇ ਸਮੇਂ ਤੋਂ ਵੱਧ ਆਨੰਦਪੁਰ ਸਾਹਿਬ ਦੀ ਪਾਵਨ ਧਰਤੀ ’ਤੇ ਠਹਿਰੇ। ਆਨੰਦਪੁਰ ਸਾਹਿਬ ਦੀ ਪਵਿੱਤਰ ਧਰਤੀ ਦੇ ਪੁਰਾਤਨ ਇਤਿਹਾਸਕ ਤਿਉਹਾਰਾਂ ਵਿੱਚ ‘ਹੋਲਾ ਮਹਲਾ’ ਦੇ ਤਿਉਹਾਰ ਦਾ ਵੀ ਮਹੱਤਵਪੂਰਨ ਸਥਾਨ ਹੈ। ਜੋ ਬੜੀ ਧੂਮ ਧਾਮ ਨਾਲ ਮਨਾਇਆ ਜਾਂਦਾ ਹੈ। ਜੋ ਕਿ ਸ਼ਾਨਮੱਤੇ ਇਤਿਹਾਸ, ਗੌਰਵਮਈ ਵਿਰਸੇ ਬੀਰ ਰਸ ਨਾਲ ਜੰਗਾਂ ਵਿੱਚ ਕੁਰਬਾਨੀ, ਰਵਾਇਤੀ ਸ਼ਸ਼ਤਰਾਂ ਦਾ ਸਤਿਕਾਰ ਅਤੇ ਪ੍ਰਯੋਗ ਦ੍ਰਿੜ ਕਰਵਾਉਂਦਾ ਹੈ। ਹੋਲਾ ਮਹੱਲਾ ਖ਼ਾਲਸਾਈ ਜਾਹੋ ਜਹਾਲ ਦਾ ਪ੍ਰਤੀਕ ਹੈ। ਸੰਸਾਰਕ ਇਤਿਹਾਸਕ ਤਿਉਹਾਰਾਂ ਵਿੱਚ ਮੌਸਮ ਦੇ ਬਦਲਣ ਨਾਲ ਹੋਲੀ ਤੇ ਬਸੰਤ ਦੇ ਖੇੜੇ ਮਨੁੱਖ ਮਨ ਵਿੱਚ ਅਨੰਦ ਭਰਦੇ ਹਨ। ਮਨੁੱਖੀ ਚੇਤਨਾ ਵਿੱਚ ਮਹਾਨ ਘਲੂਘਾਰਿਆਂ ਦੀ ਵੀਰ ਭੂਮੀ ਨੇ ਜਿੱਥੇ ਪੁਰਾਤਨ ਪਿੜ ਨੂੰ ਕਾਇਮ ਰੱਖਿਆ ਹੈ, ਉੱਥੇ ਖ਼ਾਲਸਾ ਪੰਥ ਨੇ ਆਪਣੀ ਨਿਵੇਕਲੀ ਪਛਾਣ ਨਾਲ ਜੋੜ ਕੇ ਖ਼ਾਲਸਾਈ ਤਿਉਹਾਰ ਬੜੇ ਜਾਹੋ ਜਹਾਲ ਨਾਲ ਮਨਾਏ ਹਨ।

ਹੋਲਾ ਅਰਬੀ ਭਾਸ਼ਾ ਦਾ ਸ਼ਬਦ ‘ਹੂਲ’ ਭਾਵ ਭਲੇ ਕੰਮ ਲਈ ਜੂਝਣਾ, ਸੀਸ ਤਲੀ ’ਤੇ ਧਰ ਕੇ ਲੜਨਾ ਤਲਵਾਰ ਦੀ ਧਾਰ ’ਤੇ ਚੱਲਣਾ। ਮਹੱਲਾ ਫ਼ਾਰਸੀ ਦੇ ਸ਼ਬਦ ‘ਮਹਲਾ’ ਭਾਵ ਉਹ ਅਸਥਾਨ ਜਿੱਥੇ ਫ਼ਤਹਿ ਕਰਨ ਤੋਂ ਬਾਅਦ ਟਿਕਾਣਾ ਕੀਤਾ ਜਾਵੇ। ਸਿੱਖ ਗੁਰੂਆਂ ਦਾ ਉਪਦੇਸ਼ ਹੈ ਕਿ ਜੁਲਮ, ਅਨਿਆਂ ਅਤੇ ਰਾਜਨੀਤਿਕ ਵਧੀਕੀਆਂ ਦੇ ਖ਼ਿਲਾਫ਼ ਮਰ ਮਿੱਟਣ ਲਈ ਤਿਆਰ ਰਹਿਣ। ਗੁਰੂ ਗੋਬਿੰਦ ਸਿੰਘ ਜੀ ਨੇ 1699 ਦੀ ਵਿਸਾਖੀ ’ਤੇ ਖ਼ਾਲਸਾ ਪੰਥ ਦੀ ਸਾਜਣਾ ਕੀਤੀ। ਸਿੱਖ ਪੰਥ ਵਿੱਚ ਕ੍ਰਾਂਤੀਕਾਰੀ ਤਬਦੀਲੀ ਆਈ। ਗੁਰੂ ਸਾਹਿਬ ਜੀ ਨੇ ਦਬੇ ਕੁੱਚਲੇ, ਗਰੀਬ, ਨਿਕੰਮੇ, ਨਿਤਾਣੇ ਨਿਖਿੱਧ ਨੀਚ ਵਰਗਾਂ ਨੂੰ ਇੱਕਠੇ ਕਰਕੇ ਸਵੈ ਮਾਣ ਦਾ ਜਜਬਾ ਭਰ ਕੇ ਉਹਨਾਂ ਨੂੰ ਸਵੈ ਮਾਣ ਨਾਲ ਪੰਥ ਦੀ ਰੱਖਿਆ ਲਈ ਜੂਝ ਕੇ ਕੁਰਬਾਨ ਹੋ ਜਾਣ ਵਾਲੇ ਸੂਰਬੀਰ ਯੋਧੇ ਨੂੰ ਫ਼ੌਜੀ ਖ਼ਾਲਸਾ ਸਾਜਿਆ। ਉਹਨਾਂ ਦੇ ਦਿਲਾਂ ਵਿੱਚ ਪੂਰਨ ਮਨੁੱਖੀ ਆਜ਼ਾਦੀ ਲਈ ਜੋਸ਼ ਭਰਿਆ। ਉਹਨਾਂ ਵਿਚੋਂ ਮੌਤ ਦੇ ਡਰ ਨੂੰ ਕੱਢ ਕੇ ਬਲਵਾਨ ਅਣਖੀ ਯੋਧੇ ਬਣਾਇਆ।

ਗੁਰੂ ਗੋਬਿੰਦ ਸਿੰਘ ਜੀ ਨੇ ਪ੍ਰੰਪਰਾਗਤ ਰਹੁ ਰੀਤਾਂ ਅਤੇ ਤਿਉਹਾਰਾਂ ਨੂੰ ਵੀ ਇਨਕਲਾਬੀ ਢੰਗ ਨਾਲ ਮਨਾਉਣ ਦੀ ਪ੍ਰੇਣਾ ਦਿੱਤੀ। ਉਹਨਾਂ ਨੇ ਸਿੰਘਾਂ ਨੂੰ ਸ਼ਸ਼ਤਰ ਵਿਦਿਆ ਵਿੱਚ ਨਿੰਪੁਨ ਬਣਾਇਆ। ਉਹਨਾਂ ਨੇ ਹੋਲਾ ਮਹੱਲਾ ਦੇ ਤਿਉਹਾਰ ਨੂੰ ਸੂਰਮਗਤੀ ਨਾਲ ਜੋੜਲ ਦਿੱਤਾ। ਉਹਨਾਂ ਚਾਹਿਆ ਕਿ ਸਮਾਜ ਵਿੱਚ ਨਰੋਆ ਪ੍ਰੀਵਰਤਨ ਆਵੇ ਕਿ ਸਮਾਜ ਨੂੰ ਸਾਰਥਿਕ ਅਤੇ ਉਸਾਰੂ ਸੇਧ ਮਿਲ ਸਕੇ। ਸ਼ਸ਼ਤਰਾਂ ਦਾ ਅਭਿਆਸ ਜਾਰੀ ਰੱਖਿਆ। ਗੁਰੂ ਸਾਹਿਬ ਜੀ ਨੇ ਮੀਰੀ ਪੀਰੀ ਦੇ ਸਿਧਾਂਤ ਨੂੰ ਕਾਇਮ ਰੱਖਣ ਲਈ ਸ਼ਸ਼ਤਰਾਂ ਦੀ ਵਰਤੋਂ ਨੂੰ ਪ੍ਰਪੱਕ ਬਣਾਇਆ। ਜੁਲਮ ਦੇ ਖ਼ਿਲਾਫ਼ ਸੱਚ ਦੀ ਜਿੱਤ ਦਾ ਸੰਕਲਪ ਦ੍ਰਿੜ ਕਰਵਾਉਣਾ ਸੀ।

ਹੋਲਾ ਮਹੱਲਾ ਗੁਰੂ ਗੋਬਿੰਦ ਸਿੰਘ ਜੀ ਦੇ ਸਮੇਂ ਪੰਜਾਬ ਦੇ ਉੱਤਰੀ ਪੂਰਬੀ ਖੇਤਰ ਦੇ ਰੋਪੜ ਜ਼ਿਲ੍ਹੇ ਵਿੱਚ ਸ਼ਿਵਾਲਕ ਤਲਹਟੀਆ ਖਾਸ ਕਰਕੇ ਆਨੰਦਪੁਰ ਸਾਹਿਬ ਅਤੇ ਕੀਰਤਪੁਰ ਸਾਹਿਬ ਦੇ ਇਤਿਹਾਸਕ ਨਗਰਾਂ ਆਲੇ ਦੁਆਲੇ 22 ਫ਼ਰਵਰੀ 1701 ਈ. ਵਿੱਚ ਆਨੰਦਪੁਰ ਸਾਹਿਬ ਦੇ ਹੋਲਗੜ੍ਹ ਕਿਲੇ ਤੋਂ ਆਰੰਭ ਹੋਇਆ। ਇਸ ਤਿਉਹਾਰ ਨੂੰ ਨਵਾਂ ਰੂਪ ਦੇ ਕੇ ਫ਼ਰਜੀ ਜੰਗੀ ਹੁਨਰ ਦਾ ਪ੍ਰਦਰਸ਼ਨ ਕਰਨ ਦਾ ਮੌਕਾ ਬਣਾਇਆ। ਇੱਕ ਨਵੀਂ ਪ੍ਰੰਪਰਾ ਆਰੰਭ ਕੀਤੀ। ਹੋਲੀਆਂ ਦਿਨ ਸਵੇਰ ਦੇ ਦੀਵਾਨ ਉਪਰੰਤ ਕਵੀ ਦਰਬਾਰ ਲੱਗਦੇ, ਰਾਗ ਸਭਾਵਾਂ ਹੁੰਦੀਆਂ, ਚੋਣਵੇਂ ਚੋਟੀ ਦੇ ਕਵੀ ਢਾਡੀ, ਕੀਰਤਨੀਏ, ਰਾਗੀ ਆਪਣਾ ਦੀਵਾਨ ਸਜਾਉਂਦੇ। ਸ਼ਾਮ ਵੇਲੇ ਤਾਕਤ ਬਹਾਦਰੀ ਦੇ ਕਰੱਤਬ, ਫ਼ੌਜੀ ਅਭਿਆਸ, ਖੇਡਾਂ ਦਾ ਪਿੜ ਬੱਝਦਾ। ਅਤਰ ਫ਼ੁਲੇਲ ਦੀਆਂ ਸੁਗੰਧੀਆਂ ਦੀ ਫ਼ੁਹਾਰ ਖੁਸ਼ਬੂਦਾਰ ਬਸੰਤੀ ਤੇ ਗੁਲਾਬੀ ਫ਼ੁੱਲਾਂ ਦੀ ਵਰਖਾ ਕੀਤੀ ਜਾਂਦੀ। ਸਾਰਾ ਦਿਨ ਨਵੀਂ ਉਮੰਗ ਅਤੇ ਨਵੀਂ ਜਿੰਦ ਜਾਨ ਦਾ ਜੋਸ਼ ਠਾਠਾਂ ਮਾਰਦਾ। ਹਰ ਪਾਸੇ ਚੜ੍ਹਦੀ ਕਲਾ ਦਾ ਪਸਾਰਾ ਬਣਿਆ ਰਹਿੰਦਾ।

ਹੋਲੀ ਤੋਂ ਅਗਲੇ ਦਿਨ ਹੋਲਾ ਮਹੱਲਾ ਬੜੇ ਉਤਸ਼ਾਹ ਨਾਲ ਮਨਾਇਆ ਜਾਂਦਾ। ਗੁਰੂ ਸਾਹਿਬ ਆਪਣੀ ਫ਼ੌਜ ਨੂੰ ਦੋ ਦਲਾਂ ਵਿੱਚ ਵੰਡ ਲੈਂਦੇ ਸਨ। ਦੋਹਾਂ ਦੇ ਬਸਤਰ ਵੱਖਰੇ ਵੱਖਰੇ ਹੁੰਦੇ ਸਨ। ਹਿੱਕ ਦਲ ਹਵੇਲੀ ਵਿੱਚ ਡੇਰਾ ਲਾ ਲੈਂਦਾ ਸੀ। ਜਿਸ ਨੂੰ ਫ਼ਰਜੀ ਕਿਲਾ ਕਿਹਾ ਜਾਂਦਾ ਸੀ। ਦੂਸਰਾ ਦਲ ਗੁਰੂ ਸਾਹਿਬ ਜੀ ਦੀ ਅਗਵਾਈ ਹੇਠ ਉਸ ਕਿਲੇ ਨੂੰ ਸਰ ਕਰਨ ਲਈ ਪੂਰੇ ਜੋਸ ਨਾਲ ਚੜਾਈ ਕਰਕੇ ਆਉਂਦਾ ਸੀ। ਬੜੀ ਡੱਟਵੀਂ ਫ਼ਰਜੀ ਲੜਾਈ ਹੁੰਦੀ ਸੀ। ਦੋਹਾਂ ਦਲਾਂ ਨੂੰ ਆਦੇਸ਼ ਹੁੰਦਾ ਸੀ ਕਿ ਕਿਸੇ ’ਤੇ ਜਾਨੀ ਹਮਲਾ ਨਹੀਂ ਕਰਨਾ ਤੇ ਨਾ ਹੀ ਕੋਈ ਫ਼ੱਟੜਾਂ ਹੋਵੇ। ਦੋਹਾਂ ਪਾਸਿਓਂ ਛੋਟੀਆਂ ਛੋਟੀਆਂ ਫ਼ੌਜੀ ਟੁਕੜੀਆਂ ਆਪਣੇ ਜੰਗੀ ਕਰਤੱਬ ਦਿਖਾਉਂਦੀਆਂ। ਅੰਤ ਵਿੱਚ ਕਿਲਾ ਫ਼ਤਹਿ ਹੋ ਜਾਂਦਾ। ਇਸ ਜਿੱਤ ਨੂੰ ਮਨਾਉਣ ਦਾ ਵੀ ਵਿਲੱਖਣ ਢੰਗ ਸੀ। ਬਹੁਤ ਸਾਰਾ ਕੜਾਹ ਪ੍ਰਸ਼ਾਦ ਸਾਫ਼ ਸੁਥਰੀ ਥਾਂ ਤੇ ਸਾਫ਼ ਸੁਥਰੀਆਂ ਚਾਦਰਾਂ ਉਪਰ ਰਖਿਆ ਜਾਂਦਾ ਸੀ। ਸਿੰਘਾਂ ਨੂੰ ਹੁਕਮ ਹੁੰਦਾ ਸੀ ਕਿ ਸਾਰੇ ਹੱਲਾ ਕਰਕੇ ਜਿੰਨਾ ਕਿਸੇ ਦੀ ਪਹੁੰਚ ਵਿੱਚ ਹੋਵੇ, ਛੱਕ ਲਵੇ। ਨਾਲ ਹੀ ਇਹ ਵੀ ਹੁਕਮ ਸੀ ਕਿ ਪ੍ਰਸ਼ਾਦ ਦੀ ਬੇਅਦਬੀ ਨਾ ਹੋਵੇ। ਲੁੱਟ ਖਸੁੱਟ ਜਾਂ ਖੋਹਾ ਖੋਹੀ ਨਾ ਹੋਵੇ ਤਾਂ ਜੋ ਚੜ੍ਹਦੀ ਕਲਾ ਦਾ ਮਾਹੌਲ ਬਣਿਆ ਰਹੇ। ਇਸ ਤਰ੍ਹਾਂ ਇਹ ਖ਼ਾਲਸੇ ਦੀ ਮੌਜ਼ ਅਤੇ ਜਾਹੋ ਜਹਾਲ ਦਾ ‘ਹੋਲਾ ਮਹੱਲਾ’ ਸੰਪੰਨ ਹੁੰਦਾ।

ਮਹੱਲਾ ਕੱਢਣ ਦੀ ਰੀਤ ਵਰਤਮਾਨ ਵਿੱਚ ਵੀ ਨਿਭਾਈ ਜਾਂਦੀ ਹੈ। ਇਸ ਤਿਉਹਾਰ ਵਿੱਚ ਜੰਗੀ ਢੋਲ ਮਿਆਰੀ ਧੁੰਨਾਂ ਨਾਲ ਅਤੇ ਨਿਹੰਗ ਸਿੰਘ ਰਵਾਇਤੀ ਬਾਣੇ ਵਿੱਚ ਕੇਸਗੜ੍ਹ ਸਾਹਿਬ ਤੋਂ ਅਰਦਾਸ ਕਰਨ ਉਪਰੰਤ ਫ਼ੌਜੀ ਟੁਕੜੀਆਂ ਦੇ ਰੂਪ ਵਿੱਚ ਨਗਾਰਿਆਂ ਦੀ ਗੂੰਜ ਵਿੱਚ ਨਿਸ਼ਾਨ ਸਾਹਿਬ ਚੜਾਏ ਜਾਂਦੇ ਹਨ। ਮਹੱਲਾ ਆਰੰਭ ਹੁੰਦਾ ਹੈ। ਇਹ ਇੱਕ ਭਾਈਚਾਰਕ ਜੋੜ ਮੇਲਾ ਹੈ। ਇਹ ਧਾਰਮਿਕ ਪ੍ਰੰਪਰਾਵਾਂ ਨਾਲ ਬੜੀ ਸ਼ਰਧਾ ਭਾਵਨਾ ਨਾਲ ਮਨਾਇਆ ਜਾਂਦਾ ਹੈ। ਇੱਕ ਜਲੂਸ ਦੀ ਸ਼ਕਲ ਵਿੱਚ ਇੱਕ ਗੁਰਧਾਮ ਤੋਂ ਦੂਸਰੇ ਗੁਰਧਾਮ ਜਿਵੇਂ ਕਿਲਾ ਆਨੰਦਗੜ੍ਹ ਲੋਹਗੜ੍ਹ ਸਾਹਿਬ , ਮਾਤਾ ਜੀਤੋ ਜੀ ਗੁਰਧਾਮ ਤੋਂ ਹੁੰਦਾ ਹੋਇਆ ਤਖ਼ਤ ਕੇਸਗੜ੍ਹ ਸਾਹਿਬ ਵਿਖੇ ਸਮਾਪਤ ਹੁੰਦਾ ਹੈ।

ਇਸ ਦਿਨ ਵੱਡਾ ਜਲੂਸ ਜਿਸ ਨੂੰ ਮਹੱਲਾ ਕਹਿੰਦੇ ਹਨ। ਚਰਨ ਗੰਗਾ ਦੇ ਮੈਦਾਨ ਵਿੱਚ ਪੁੱਜਦਾ ਹੈ। ਅੱਗੇ ਅੱਗੇ ਜੰਗੀ ਕਲਾ ਦਾ ਪ੍ਰਦਰਸ਼ਨ ਕੀਤਾ ਜਾਂਦਾ ਹੈ। ਮਹੱਲਾ ਨਗਾਰਿਆਂ ਦੀ ਧੁੰਨ ਤੇ ਸੱਜ ਧੱਜ ਕੇ ਨਿਹੰਗ ਆਪਣੀ ਪੁਰਾਤਨ ਫ਼ੌਜੀ ਆਨ,ਸ਼ਾਨ ਨਾਲ ਸ਼ਾਮਲ ਹੁੰਦੇ ਹਨ। ਆਪਣੇ ਸ਼ਸ਼ਤਰਾਂ ਦੇ ਕਰਤੱਬੀ ਜੌਹਰ ਵਿਖਾਉਂਦੇ ਹਨ। ਤੇਗ ਦੇ ਕਮਾਲ ਵਿਖਾਏ ਜਾਂਦੇ ਹਨ। ਤਲਵਾਰਬਾਜੀ, ਤੀਰ ਅੰਦਾਜੀ, ਘੋੜ ਸਵਾਰੀ, ਨੇਜ਼ੇਬਾਜੀ ਵਰਗੇ ਜੰਗੀ ਜੌਹਰਾਂ ਦੀ ਕੁਸ਼ਲਤਾ ਦਾ ਪ੍ਰਦਰਸ਼ਨ ਕੀਤਾ ਜਾਂਦਾ ਾਹੈ। ਮਹੱਲਾ ਤਲਵਾਰਾਂ ਬਰਛਿਆਂ ਅਤੇ ਨੇਜਿਆਂ ਨਾਲ ਵੀ ਖੇਡਿਆ ਜਾਂਦਾ ਹੈ। ਜੰਗੀ ਅਭਿਆਸਾਂ ਦੇ ਨਾਲ ਨਾਲ ਪ੍ਰੰਪਰਾ ਅਨੁਸਾਰ ਦੀਵਾਨ ਵੀ ਸਜਾਏ ਜਾਂਦੇ ਹਨ। ਕਥਾ ਕੀਰਤਨ ਵਿਚਾਰਾਂ ਹੁੰਦੀਆਂ ਹਨ। ਬੀਰ ਰਸੀ ਵਾਰਾਂ ਗਾਈਆਂ ਜਾਂਦੀਆਂ ਹਨ। ਕਾਵਿ ਗੋਸ਼ਟੀਆਂ ਤੇ ਕਵੀ ਕਰਬਾਰ ਸਜਾਏ ਜਾਂਦੇ ਹਨ। ਚੜ੍ਹਦੀਗਲਾ ਦਾ ਉਤਸ਼ਾਹ ਬਣਿਆ ਰਹਿੰਦਾ ਹੈ। ਹੋਲੇ ਮਹੱਲੇ ਦੀ ਰਵਾਇਤ ਨੂੰ ਕਾਇਮ ਰੱਖਦਿਆਂ ਇਹ ਤਿਉਹਾਰ ਤਿੰਨ ਸਦੀਆਂ ਤੋਂ ਵਧੇਰੇ ਸਮੇਂ ਤੋਂ ਨਿਯਮਤ ਤੌਰ ’ਤੇ ਬੜੀ ਸ਼ਰਧਾ ਭਾਵਨਾ ਅਤੇ ਉਤਸ਼ਾਹ ਨਾਲ ਮਨਾਇਆ ਜਾਂਦਦਾ ਹੈ। ਜੋ ਸਿੱਖ ਵਿਰਸੇ ਬਾਰੇ ਵਧੇਰੇ ਜਾਗ੍ਰਿਤ ਕਰਦਾ ਹੈ।

ਇਹ ਹੁਣ ਭਾਰਤ ਦਾ ਰਾਸ਼ਟਰੀ ਤਿਉਹਾਰ ਹੈ। ਜੋ ਬਹਾਦਰੀ ਅਤੇ ਰੱਖਿਆ ਦੇ ਤਿਆਰੀ ਅਭਿਆਸ ਵਿੱਚ ਗੁਰੂ ਸਾਹਿਬ ਜੀ ਦੇ ਬਹਾਦਰੀ ਦੇ ਸੰਕਲਪ ਨੂੰ ਦ੍ਰਿੜ ਕਰਵਾਉਂਦਾ ਹੈ। ਜੋ ਮੁਗਲ ਸਾਮਰਾਜ ਅਤੇ ਪਹਾੜੀ ਰਾਜਿਆਂ ਦੇ ਹਮਲੇ ਤੋਂ ਸਿੱਖਾਂ ਦੀ ਰੱਖਿਆ ਕਰਦੇ ਸਨ।

‘ਹੋਲਾ ਮਹੱਲਾ’ ਦੀਆਂ ਵਿਸ਼ੇਸ਼ਤਾਈਆਂ ਵਿਖੇ ਕੇ ਭਾਰਤੀ ਲੋਕਾਂ ਦੇ ਮਨਾਂ ਵਿੱਚ ਇਸ ਦਾ ਬੜਾ ਪ੍ਰਭਾਵ ਪਿਆ ਹੈ। ਉਹ ‘ਹੋਲਾ ਮਹੱਲਾ’ ਦੇ ਵਿਸ਼ੇਸ਼ ਉਤਸਵ ਵਿੱਚ ਹੁੰਮ ਹੁਮਾ ਕੇ ਸ਼ਾਮਲ ਹੋਣ ਲੱਗੇ ਹਨ। ਕੀਰਤਪੁਰ ਸਾਹਿਬ , ਨੰਦੇੜ ਵਿੱਚ ਵੀ ਮਹੱਲਾ ਨਿਕਲਦਾ ਹੈ। ਮਹੱਲੇ ਦੇ ਅੱਗੇ ਇੱਕ ਸ਼ਿੰਗਾਰਿਆ ਹੋਇਆ ਨੀਲਾ ਘੋੜਾ ਨਿਕਲਦਾ ਹੈ। ਪਿੱਛੇ ਸੰਗਤ ਚਲ ਪੈਂਦੀ ਹੈ। ਫ਼ਿਰ ਕੁਝ ਸੂਰਮੇ ਹਵਾ ਵਿੱਚ ਗੋਲੀ ਦਾਗਦੇ ਹਨ। ਜਿਵੇਂ ਕਿਸੇ ਦੁਸ਼ਮਣ ’ਤੇ ਹਮਲਾ ਕੀਤਾ ਹੋਵੇ। ਘੋੜਾ ਬੜੀ ਤੇਜ਼ੀ ਨਾਲ ਦੌੜਦਾ ਹੈ। ਪਿੱਛੇ ਸੰਗਤ ਦੌੜ ਪੈਂਦੀ ਹੈ। ਇਸ ਤਰ੍ਹਾਂ ਮਹੱਲਾ ਜ਼ੋਰਾਂ ’ਤੇ ਹੁੰਦਾ ਹੈ।

ਦੇਖਦੇ ਹੀ ਦੇਖਦੇ ਮਹੱਲਾ ਭਰ ਜਾਂਦਾ ਹੈ। ਗੁਰਦੁਆਰਾ ਪਾਉਂਟਾ ਸਾਹਿਬ ਦੇ ਬਾਹਰ ਉਤਸਵ ਹੁੰਦਾ ਹੈ। ਸੰਗਤਾਂ ਭਾਰੀ ਗਿਣਤੀ ਵਿੱਚ ਸ਼ਾਮਲ ਹੁੰਦੀਆਂ ਹਨ। ਇਹ ਨਜ਼ਾਰਾ ਦੇਖਿਆ ਹੀ ਬਣਦਾ ਹੈ। ਜੋ ਯਾਦਗਾਰੀ ਹੋ ਨਿਬੜਦਾ ਹੈ। ਜਿਥੇ ਸੂਰਮੇ ਆਪਣੇ ਜੰਗੀ ਕਰਤੱਬ ਦਿਖਾਉਂਦੇ ਹਨ, ਉਥੇ ਵਿਸ਼ੇਸ਼ ਤੌਰ ’ਤੇ ਕਵੀ ਦਰਬਾਰ ਸਜਾਏ ਜਾਂਦੇ ਹਨ, ਕਵੀ ਆਪਣੰਆਂ ਕਵਿਤਾਵਾਂ ਦਾ ਰੰਗ ਭਰਦੇ ਹਨ।

ਗੁਰਬਾਣੀ ਵਿੱਚ ਹੋਲੀ ਦਾ ਰੰਗ ਚਿਤ੍ਰਿਆ ਹੈ, ਜੋ ਪਰਮਾਤਮਾ ਦੀ ਸਿਫ਼ਤਿ ਸਾਲਾਹ ਦਾ ਰੰਗ ਚੜ੍ਹਦਾ ਹੈ।

ਅੰਤਿਕਾ : ਹੇ ਭਾਈ ! ਪਰਮਾਤਮਾ ਦੀ ਸਿਫ਼ਤਿ ਸਾਲਾਹ ਦੀ ਬਰਕਤ ਨਾਲ ਮੇਰੇ ਅੰਦਰ ਮਾਨੋ ਫ਼ੱਗਣ ਦੀ ਹੋਲੀ ਬਣੀ ਪਈ ਹੈ। ਪ੍ਰਭੂ ਦੇ ਸੰਤ ਜਨ ਸਾਧ ਸੰਗਤ ਵਿੱਚ ਮਿਲ ਕੇ ਇਹ ਹੋਲੀ ਖੇਡਣ ਲੱਗ ਪਏ ਹਨ। ਹੇ ਭਾਈ ਇਹ ਹੋਲੀ ਕੀਹ ਹੈ ? ਸੰਤ ਜਨਾ ਦੀ ਸੇਵਾ ਨੂੰ ਮੈਂ ਹੋਲੀ ਬਣਾਇਆ ਹੈ। ਸੰਤ ਜਨਾਂ ਦੀ ਸੰਗਤ ਦੀ ਬਰਕਤ ਨਾਲ ਮੇਰੇ ਅੰਦਰ ਪਰਮਾਤਮਾ ਦੇ ਪਿਆਰ ਦਾ ਗੂੜਾ ਆਤਮਿਕ ਰੰਗ ਚੜ ਗਿਆ ਹੈ। ਅੰਗ 1180






# ਲੈ ਵੱਲ ਬਟਣੇ ਦਾ ...

ਜੋਗਿੰਦਰ ਕੌਰ ਅਗਨੀਹੋਤਰੀ

ਸਾਡੇ ਸੱਭਿਆਚਾਰ ਵਿੱਚ ਰੀਤੀ ਰਿਵਾਜਾਂ ਦਾ ਇੰਨਾ ਮਹੱਤਵ ਹੈ ਕਿ ਇਹ ਸਮਾਜ ਲਈ ਜਿੱਥੇ ਭਾਈਚਾਰਕ ਏਕਤਾ ਬਣਾਉਂਦੇ ਹਨ, ਉੱਥੇ ਨਾਲ ਹੀ ਸਾਰਿਆਂ ਲਈ ਖ਼ੁਸ਼ੀ ਦਾ ਮੌਕਾ ਵੀ ਪੈਦਾ ਕਰਦੇ ਹਨ। ਵਿਆਹ ਵਰਗੀ ਗੀਤ ਵਿੱਚ ਸਾਰਾ ਸ਼ਰੀਕਾ ਕਬੀਲਾ ਇਕੱਠਾ ਹੁੰਦਾ ਹੈ ਤਾਂ ਰਲ ਮਿਲ ਕੇ ਖ਼ੁਸ਼ੀ ਦੇ ਗੀਤ ਗਾਏ ਜਾਂਦੇ ਹਨ। ਹਰ ਕੰਮ ਨੂੰ ਕਰਨ ਲਈ ਸ਼ਰੀਕੇ ਕਬੀਲੇ ਦੀਆਂ ਔਰਤਾਂ ਅਤੇ ਆਦਮੀ ਅੱਗੇ ਹੁੰਦੇ ਹਨ। ਕੰਮ ਭਾਵੇਂ ਛੋਟਾ ਹੋਵੇ ਜਾਂ ਵੱਡਾ, ਪਰ ਸਾਰੇ ਰਲ ਕੇ ਖ਼ੁਸ਼ੀ ਖ਼ੁਸ਼ੀ ਕਰਦੇ ਹਨ। ਉਂਜ ਤਾਂ ਹਰ ਵਿਅਕਤੀ ਦੇ ਅੰਦਰ ਆਪਣੇ ਆਪ ਨੂੰ ਸੋਹਣਾ ਬਣ ਕੇ ਦਿਖਾਉਣ ਦੀ ਲਾਲਸਾ ਹੁੰਦੀ ਹੈ, ਪ੍ਰੰਤੂ ਫਿਰ ਵੀ ਕਿਸੇ ਖ਼ਾਸ ਮੌਕੇ ਉੱਤੇ ਕਿਸੇ ਨੂੰ ਸੋਹਣਾ ਬਣਾਇਆ ਵੀ ਜਾਂਦਾ ਹੈ, ਉਹ ਹੈ ਵਿਆਹ ਵਾਲਾ ਲੜਕਾ ਜਾਂ ਲੜਕੀ। ਵਿਆਹ ਵਾਲੇ ਨੂੰ ਸੁੰਦਰ ਬਣਾਉਣ ਲਈ ਬਟਣੇ ਦੀ ਵਰਤੋਂ ਕੀਤੀ ਜਾਂਦੀ ਹੈ। ਇਹ ਬਟਣਾ ਮਲ ਕੇ ਉਸ ਦੀ ਸੁੰਦਰਤਾ ਵਧਾਈ ਜਾਂਦੀ ਹੈ। ਇਨ੍ਹਾਂ ਸਭ ਕਾਰਜਾਂ ਨੂੰ ਕਰਨ ਲਈ ਇਹ ਛੋਟੇ ਛੋਟੇ ਇਹ ਰਿਵਾਜ ਬਣੇ ਹਨ।

ਬਟਣਾ ਤਿਆਰ ਕਰਨ ਲਈ ਸਭ ਤੋਂ ਪਹਿਲਾਂ ਸ਼ਰੀਕੇ ਦੀਆਂ ਸੱਤ ਸੁਹਾਗਣਾਂ ਨੂੰ ਬੁਲਾਇਆ ਜਾਂਦਾ ਹੈ। ਉਹ ਇਸ ਗੀਤ ਨੂੰ ਨਿਭਾਉਣ ਦੀ ਸ਼ੁਰੂਆਤ ਕਰਦੀਆਂ ਹਨ। ਸਿੱਧੇ ਸ਼ਬਦਾਂ ਵਿੱਚ ਕਹੀਏ ਤਾਂ ਬਟਣਾ ਮਲਣ ਵਾਲੀ ਚੀਜ਼ ਨੂੰ ਹੀ ਕਿਹਾ ਜਾਂਦਾ ਹੈ। ਇਹ ਬਟਣਾ ਘਰੇਲੂ ਔਰਤਾਂ ਘਰ ਵਿੱਚ ਹੀ ਤਿਆਰ ਕਰਦੀਆਂ ਸਨ। ਇਸ ਵਿੱਚ ਬੇਸਣ ਦੀ ਵਰਤੋਂ ਨਹੀਂ ਬਲਕਿ ਜੌਆਂ ਦੇ ਆਟੇ ਦੀ ਵਰਤੋਂ ਕੀਤੀ ਜਾਂਦੀ ਸੀ ਤੇ ਉਸ ਨੂੰ ਹਲਦੀ ਅਤੇ ਤੇਲ ਮਿਲਾ ਕੇ ਤਿਆਰ ਕੀਤਾ ਜਾਂਦਾ ਸੀ। ਜੌਆਂ ਦੇ ਆਟੇ ਨੂੰ ਘਰ ਹੀ ਚੱਕੀ 'ਤੇ ਬਾਰੀਕ ਪੀਸਿਆ ਜਾਂਦਾ ਤੇ ਇਸ ਨੂੰ ਪੀਸਣ ਤੋਂ ਪਹਿਲਾਂ ਇਸ ਵਿੱਚ ਹਲਦੀ ਦੇ ਛੋਟੇ ਛੋਟੇ ਟੁਕੜੇ ਵੀ ਪਾਏ ਜਾਂਦੇ। ਫਿਰ ਇਸ ਨੂੰ ਪੀਸ ਕੇ ਤਿਆਰ ਕੀਤਾ ਜਾਂਦਾ। ਸ਼ੁਰੂਆਤੀ ਦੌਰ ਵਿੱਚ ਬੰਨ ਯਾਨੀ ਬਟਣਾ ਵਿਆਹ ਤੋਂ ਪੰਜ ਜਾਂ ਸੱਤ ਦਿਨ ਪਹਿਲਾਂ ਹੀ ਲਾਇਆ ਜਾਂਦਾ ਸੀ। ਉਸ ਤੋਂ ਬਾਅਦ ਬੰਨ ਤਿੰਨ ਦਿਨ ਦਾ ਹੋ ਗਿਆ।

ਬਟਣਾ ਤਿਆਰ ਕਰਨ ਵੇਲੇ ਸੱਤ ਸੁਹਾਗਣਾਂ ਇਕੱਠੀਆਂ ਹੋ ਕੇ ਛੱਜ ਵਿੱਚ ਜੌਂ ਰੱਖ ਕੇ ਮੂਲ੍ਹੇ ਜਾਂ ਮੂਲ੍ਹੀ ਨਾਲ ਸੱਤ ਸੱਟਾਂ ਲਾਉਂਦੀਆਂ। ਇਸ ਦੇ ਨਾਲ ਹੀ ਉਹ ਵਿਆਹ ਵਾਲੇ ਨੂੰ ਸੰਬੋਧਨ ਵੀ ਕਰਦੀਆਂ ਹਨ ਕਿ ਤੂੰ ਵੀ ਆ ਕੇ ਇਹ ਕੰਮ ਕਰਵਾ। ਜੇਕਰ ਵਿਆਹ ਲੜਕੇ ਦਾ ਹੋਵੇ ਤਾਂ ਵਹੁਟੀ ਨੂੰ ਸਦ ਬੁਲਾਈ ਹੁੰਦੀ ਹੈ ਤੇ ਜੇਕਰ ਲੜਕੀ ਦਾ ਵਿਆਹ ਹੋਵੇ ਤਾਂ ਲਾੜੇ ਨੂੰ ਜਾਂ ਪ੍ਰਾਹੁਣੇ ਨੂੰ ਸੱਦ ਬੁਲਾਈ ਕੀਤੀ ਜਾਂਦੀ ਹੈ। ਇੱਥੇ ਇਹ ਦੱਸਣਾ ਵੀ ਜ਼ਰੂਰੀ ਹੈ ਕਿ ਲਾੜੇ-ਲਾੜੀ ਦੇ ਸ਼ਗਨ ਦੇ ਨਾਲ ਉਨ੍ਹਾਂ ਚੀਜ਼ਾਂ ਨੂੰ ਵੀ ਖੰਮਣੀ ਜਾਂ ਮੌਲੀ ਬੰਨ੍ਹ ਕੇ ਸ਼ਗਨ ਵਜੋਂ ਸਜਾਇਆ ਜਾਂਦਾ ਹੈ ਜਿਵੇਂ ਮੂਲ੍ਹੀ 'ਤੇ ਮੌਲੀ ਬੰਨ੍ਹਣਾ। ਚੱਕੀ ਅਤੇ ਛੱਜ ਦੇ ਮੌਲੀ ਬੰਨ੍ਹਣਾ। ਜੌਆਂ 'ਤੇ ਸੱਟਾਂ ਲਾਉਣ ਤੋਂ ਪਹਿਲਾਂ ਵੱਟੇ 'ਤੇ ਵੱਟਾਂ ਮਾਰ ਕੇ ਹਲਦੀ ਦੀਆਂ ਗੰਢੀਆਂ ਨੂੰ ਸੱਤ ਸੁਹਾਗਣਾਂ ਭੰਨਦੀਆਂ ਹਨ ਤੇ ਉਸ ਵੇਲੇ ਵੀ ਚੀਰੇ ਵਾਲੇ ਨੂੰ ਜਾਂ ਚੀਰੇ ਵਾਲੀ ਨੂੰ ਸੱਦ ਬੁਲਾਈ ਹੁੰਦੀ ਹੈ। ਹਲਦੀ ਦੀਆਂ ਗੰਢੀਆਂ ਨੂੰ ਭੰਨਣ ਵੇਲੇ ਇਹ ਗੀਤ ਗਾਇਆ ਜਾਂਦਾ;

ਉੱਪਰ ਤਾਂ ਵਾੜੇ ਤੈਨੂੰ ਸੱਦ ਹੋਈ
ਚੀਰੇ ਵਾਲਿਆ ਵੇ,
ਆ ਕੇ ਤਾਂ ਹਲਦੀ ਤੂੰ ਭੰਨਾਅ
ਦਿਲਾਂ ਵਿੱਚ ਵੱਸ ਰਿਹਾ ਵੇ।

ਫਿਰ ਇਸ ਤਰ੍ਹਾਂ ਸਾਰੀਆਂ ਰਿਸ਼ਤੇਦਾਰ ਔਰਤਾਂ ਨੂੰ ਸੰਬੋਧਨ ਕਰਕੇ ਇਹ ਗੀਤ ਗਾਏ ਜਾਂਦੇ ;

ਹਲਦੀ ਭੰਨਾਵਣ ਤੇਰੀਆਂ ਮਾਮੀਆਂ
ਚੀਰੇ ਵਾਲਿਆ ਵੇ
ਜਿਨ੍ਹਾਂ ਦੇ ਮਨ ਵਿੱਚ ਚਾਅ।

ਇਸ ਤਰ੍ਹਾਂ ਹਰ ਇਕੱਲੀ-ਇਕੱਲੀ ਸ਼ਰੀਕੇ ਦੀ ਔਰਤ ਦਾ ਮਾਣ ਰੱਖਿਆ ਜਾਂਦਾ। ਇਸ ਤੋਂ ਬਾਅਦ ਬਟਣਾ ਪੀਹਣ ਲਈ ਸੱਤ ਸੁਹਾਗਣਾਂ ਚੱਕੀ ਵਿੱਚ ਗਲਾ ਪਾ ਕੇ ਬਟਣਾ ਪੀਂਹਦੀਆਂ ਤੇ ਨਾਲ ਹੀ ਇਹ ਗੀਤ ਗਾਉਂਦੀਆਂ;

ਉੱਪਰ ਤਾਂ ਬਾੜੇ ਤੈਨੂੰ ਸੱਦ ਹੋਈ
ਚੀਰੇ ਵਾਲਿਆ ਵੇ
ਆ ਕੇ ਤਾਂ ਚੱਕੀ ਗਲਾ ਪਵਾ
ਵੇ ਦਿਲਾਂ ਵਿੱਚ ਵਸ ਰਿਹਾ ਵੇ।
***
ਗਲਾ ਤਾਂ ਪਾਵਣ ਤੇਰੀਆਂ ਮਾਮੀਆਂ
ਚੀਰੇ ਵਾਲਿਆ ਵੇ
ਜਿਨ੍ਹਾਂ ਦੇ ਮਨਾਂ ਵਿੱਚ ਚਾਅ।

ਹਲਦੀ ਅਤੇ ਜੌਆਂ ਦੇ ਪੀਸੇ ਆਟੇ ਵਿੱਚ ਤੇਲ ਮਿਲਾ ਕੇ ਫਿਰ ਬਟਣਾ ਤਿਆਰ ਕੀਤਾ ਜਾਂਦਾ। ਅੱਜਕੱਲ੍ਹ ਬਟਣਾ ਬਣਿਆ ਬਣਾਇਆ ਬਾਜ਼ਾਰ ਵਿੱਚੋਂ ਵੀ ਮਿਲਦਾ ਹੈ ਅਤੇ ਕਈ ਵਾਰ ਬੇਸਣ ਵਿੱਚ ਤੇਲ ਮਿਲਾ ਕੇ ਵੀ ਕੰਮ ਚਲਾਇਆ ਜਾਂਦਾ ਹੈ। ਇਸ ਬਟਣੇ ਨਾਲ ਚਿਹਰਾ ਤੇ ਹੋਰ ਅੰਗ ਸਾਫ਼ ਹੋ ਜਾਂਦੇ ਹਨ। ਆਪਣੇ ਆਪਣੇ ਵਿਹਾਰ ਮੁਤਾਬਕ ਲੋਕ ਲੜਕੀ ਜਾਂ ਲੜਕੇ ਦੇ ਬੰਨ ਲਾਉਂਦੇ ਹਨ। ਕਈ ਵਾਰ ਪਹਿਲਾਂ ਲੋਕ ਜੋਤਸ਼ੀ ਤੋਂ ਬੰਨ ਕਢਵਾਉਂਦੇ ਵੀ ਸਨ ਤੇ ਓਨੇ ਦਿਨ ਪਹਿਲਾਂ ਹੀ ਬੰਨ ਲਾਉਣੇ ਸ਼ੁਰੂ ਕਰ ਦਿੰਦੇ ਸਨ। ਹੁਣ ਅਜਿਹਾ ਰੁਝਾਨ ਨਹੀਂ ਹੈ। ਸਮੇਂ ਵਿੱਚ ਤਬਦੀਲੀ ਆਉਣ ਨਾਲ ਰੀਤੀ ਰਿਵਾਜਾਂ ਵਿੱਚ ਵੀ ਤਬਦੀਲੀ ਆ ਗਈ ਹੈ। ਅੱਜਕੱਲ੍ਹ ਬਟਣਾ ਇੱਕ ਦਿਨ ਪਹਿਲਾਂ ਹੀ ਲਾ ਦਿੱਤਾ ਜਾਂਦਾ ਹੈ ਅਤੇ ਸਾਰਾ ਸ਼ਗਨ ਵਿਹਾਰ ਕਰ ਦਿੱਤਾ ਜਾਂਦਾ ਹੈ, ਪਰ ਪਿਛਲੇ ਸਮਿਆਂ ਵਿੱਚ ਲੜਕੇ ਜਾਂ ਲੜਕੀ ਦੀ ਨ੍ਹਾਈ ਧੋਈ ਹੋਣ ਤੋਂ ਪਹਿਲਾਂ ਹੀ ਬਟਣਾ ਮਲਿਆ ਜਾਂਦਾ ਸੀ। ਇਹ ਬਟਣਾ ਲੜਕੀ ਦੇ ਨਾਇਣ ਮਲਦੀ ਸੀ ਅਤੇ ਲੜਕੇ ਦੇ ਨਾਈ। ਬਟਣਾ ਮਲਣ ਵੇਲੇ ਪਹਿਲਾਂ ਉਸ ਨੂੰ ਕਾਂਸੀ ਦੇ ਛੰਨੇ ਵਿੱਚ ਪਾਇਆ ਜਾਂਦਾ ਸੀ ਅਤੇ ਫਿਰ ਜਦੋਂ ਲੜਕੀ ਉੱਤੇ ਫੁਲਕਾਰੀ ਤਾਣ ਕੇ ਉਸ ਨੂੰ ਬੰਨ ਲਾਇਆ ਜਾਂਦਾ ਸੀ ਤਾਂ ਸੱਤ ਸੁਹਾਗਣਾਂ ਉਸ ਨੂੰ ਬੰਨ ਲਾਉਂਦੀਆਂ ਸਨ। ਲੜਕੀ ਨੂੰ ਬੰਨ ਲਾਉਣ ਵੇਲੇ ਫੁਲਕਾਰੀ ਤਾਣ ਕੇ ਲਿਆਉਂਦੀਆਂ ਅਤੇ ਨਾਲ ਹੀ ਗੀਤ ਗਾਉਂਦੀਆਂ;

ਬੀਬੀ ਹੋਈ ਬਟਣੇ ਦੀ ਤਿਆਰੀ
ਨੀਂ ਲੈ ਵੱਲ ਬਟਣੇ ਦਾ।
***
ਕਾਂਸੀ ਕਟੋਰੇ ਬਟਣਾ ਪਾਇਆ
ਮਨ ਵਿੱਚ ਕੀਤੇ ਚਾਅ
ਨੀਂ ਲੈ ਵੱਲ ਬਟਣੇ ਦਾ।

ਬਟਣਾ ਮਲਣ ਵੇਲੇ ਵਿਆਂਦੜ ਨੂੰ ਪੂਰਬ ਵੱਲ ਮੂੰਹ ਕਰਕੇ ਪਟੜੇ 'ਤੇ ਬਿਠਾ ਕੇ ਬੰਨ ਲਾਇਆ ਜਾਂਦਾ। ਪੂਰਬ ਵੱਲ ਮੂੰਹ ਕਰਨ ਦਾ ਭਾਵ ਸੂਰਜ ਦੇ ਚੜ੍ਹਨ ਵਾਲੇ ਪਾਸੇ ਨੂੰ ਚੰਗਾ ਸਮਝਣਾ ਹੈ। ਅੱਜਕੱਲ੍ਹ ਵੀ ਕੁਝ ਘਰਾਂ ਵਿੱਚ ਚੜ੍ਹਦੇ ਵਾਲੇ ਪਾਸੇ ਮੂੰਹ ਕਰਕੇ ਕੰਮ ਕੀਤੇ ਜਾਂਦੇ ਹਨ। ਨਵੇਂ ਕੱਪੜੇ ਪਾਉਣੇ, ਕਿਸੇ ਨੂੰ ਸ਼ਗਨ ਦੇਣਾ ਜਾਂ ਰੱਖੜੀ ਆਦਿ ਬੰਨ੍ਹਣ ਵੇਲੇ ਇਨ੍ਹਾਂ ਗੱਲਾਂ ਦਾ ਖ਼ਾਸ ਖ਼ਿਆਲ ਰੱਖਦੇ ਹਨ।

ਚੜ੍ਹਦੇ ਵਾਲੇ ਪਾਸੇ ਬਿਠਾ ਕੇ ਬੰਨ ਲਾਉਣ ਦਾ ਕੰਮ ਸ਼ੁਰੂ ਕੀਤਾ ਜਾਂਦਾ ਹੈ। ਸਭ ਤੋਂ ਪਹਿਲਾਂ ਮਾਂ ਬੰਨ ਲਾਉਂਦੀ ਹੈ। ਜਦੋਂ ਮਾਂ ਬੰਨ ਲਾਉਂਦੀ ਹੈ ਤਾਂ ਔਰਤਾਂ ਗੀਤ ਗਾਉਂਦੀਆਂ ਹਨ;

ਉਹ ਮੈਂ ਵਾਰੀ ਜੀ
ਪਹਿਲਾਂ ਬੰਨਾ ਕੀਹਨੇ ਲਾਇਆ ?

ਇਸ ਗੀਤ ਨੂੰ ਦੁਹਰਾਉਣ ਤੋਂ ਬਾਅਦ ਫਿਰ ਦੂਜਾ ਗੀਤ ਸ਼ੁਰੂ ਹੁੰਦਾ;

ਓ ਮੈਂ ਵਾਰੀ ਜੀ
ਪਹਿਲਾ ਬੰਨਾ ਮਾਂ ਨੇ ਲਾਇਆ।
ਮਾਂ ਤਾਂ ਇਹਦੀ ਸਦਾ ਸੁਹਾਗਣ
ਪਹਿਲਾ ਬੰਨਾ ਉਸ ਲਾਇਆ।

ਇਸ ਤੋਂ ਬਾਅਦ ਮੁੰਡੇ ਦੀ ਮਾਮੀ ਜਾਂ ਕੁੜੀ ਦੀ ਮਾਮੀ ਬੰਨਾ ਲਾਉਂਦੀ ਹੈ। ਇਸ ਤਰ੍ਹਾਂ ਬਾਕੀ ਸਾਰੀਆਂ ਚਾਚੀਆਂ, ਤਾਈਆਂ ਅਤੇ ਭਰਜਾਈਆਂ ਆਦਿ ਬੰਨ ਲਾਉਂਦੀਆਂ ਹਨ ਅਤੇ ਉਨ੍ਹਾਂ ਦੇ ਨਾਂ ਨਾਲ ਗੀਤ ਜੋੜ ਕੇ ਗਾਏ ਜਾਂਦੇ ਹਨ। ਇਹ ਸਿਲਸਿਲਾ ਕਾਫ਼ੀ ਚਿਰ ਚੱਲਦਾ ਹੈ ਜੋ ਵਿਹੜੇ ਦੀ ਰੌਣਕ ਬਣਦਾ ਹੈ। ਬੰਨ ਲਾਉਣ ਤੋਂ ਬਾਅਦ ਨਾਇਣ ਜਾਂ ਨਾਈ ਜਾਂ ਇਸ ਦੀ ਥਾਂ 'ਤੇ ਕੋਈ ਹੋਰ ਲਾਗੀ ਗਿਆ ਹੋਵੇ ਤਾਂ ਉਹ ਵੀ ਵਿਆਂਦੜ ਨੂੰ ਬੰਨ ਮਲਦਾ ਹੈ। ਬਟਣਾ ਮਲਣ ਵੇਲੇ ਇਹ ਗੀਤ ਗਾਇਆ ਜਾਂਦਾ ਹੈ;

ਬੋ ਬੋ, ਜਿੰਦ ਨੀਂ
ਬਟਣਾ ਕਟੋਰੇ ਦਾ।
ਮੈਂ ਵਾਰੀ ਜਿੰਦ ਨੀਂ
ਬਟਣਾ ਕਟੋਰੇ ਦਾ।

ਸਮੇਂ ਦੇ ਬਦਲਣ ਨਾਲ ਇਹ ਰਸਮਾਂ ਹੁਣ ਇੱਕ ਜਾਂ ਦੋ ਦਿਨ ਪਹਿਲਾਂ ਹੀ ਕਰ ਦਿੱਤੀਆਂ ਜਾਂਦੀਆਂ ਹਨ ਕਿਉਂਕਿ ਉਸ ਦਿਨ ਲੜਕੀ ਅਤੇ ਲੜਕੇ ਦੇ ਤਿਆਰ ਹੋਣ ਲਈ ਹੋਰ ਰੁਝੇਵੇਂ ਹੁੰਦੇ ਹਨ, ਪ੍ਰੰਤੂ ਪਹਿਲਾਂ ਇਹ ਤਿਆਰੀ ਹੀ ਸਭ ਤੋਂ ਵਧੀਆ ਮੰਨੀਂ ਜਾਂਦੀ ਸੀ ਅਤੇ ਉਸ ਤੋਂ ਬਾਅਦ ਨ੍ਹਾਈ ਧੋਈ ਕਰਕੇ ਕੱਪੜੇ ਪੁਆ ਦਿੰਦੇ ਸਨ।



# ਮੇਰੀ ਅੱਜ ਦੀ ਦਿਹਾੜੀ ਰੱਖ ਡੋਲੀ ਨੀਂ ਮਾਏ ...

ਜਸਵਿੰਦਰ ਸਿੰਘ ਰੁਪਾਲ

ਪਰਿਵਾਰ ਇਸ ਜਗਤ ਦੀ ਸਭ ਤੋਂ ਪਹਿਲੀ ਮੁੱਢਲੀ ਇਕਾਈ ਹੈ ਅਤੇ ਵਿਆਹ ਇਸ ਪਰਿਵਾਰ ਦੇ ਬਣਨ ਲਈ ਮੁੱਢਲਾ ਕਾਰਕ ਹੈ। ਭਾਵੇਂ ਅੱਜਕੱਲ੍ਹ ਸਮਲਿੰਗੀ ਵਿਆਹ ਵੀ ਹੋ ਰਹੇ ਨੇ ਅਤੇ ਕਈ ਦੇਸ਼ਾਂ ਵਿੱਚ ਪ੍ਰਵਾਨਿਤ ਵੀ ਹਨ, ਪਰ ਅਸਲ ਵਿੱਚ ਵਿਆਹ ਲੜਕੀ ਅਤੇ ਲੜਕੇ ਦਾ ਹੀ ਹੁੰਦਾ ਹੈ ਜਿੱਥੋਂ ਪਰਿਵਾਰ ਦਾ ਮੁੱਢ ਬੱਝਦਾ ਹੈ। ਪੁਰਾਤਨ ਸਮੇਂ ਤੋਂ ਹੀ ਇਹ ਰੀਤ ਚੱਲਦੀ ਆ ਰਹੀ ਹੈ ਕਿ ਲੜਕੀ ਨੂੰ ਵਿਆਹੁਣ ਵਾਸਤੇ ਲੜਕਾ ਬਰਾਤ ਲੈ ਕੇ ਲੜਕੀ ਦੇ ਘਰ ਆਉਂਦਾ ਹੈ ਅਤੇ ਲਾਵਾਂ ਜਾਂ ਫੇਰੇ ਆਦਿ ਤੋਂ ਬਾਅਦ ਲੜਕੀ ਨੂੰ ਹਮੇਸ਼ਾ ਲਈ ਆਪਣੇ ਘਰ ਲੈ ਜਾਂਦਾ ਹੈ। ਜਿਸ ਵਾਹਨ ਵਿੱਚ ਉਹ ਲੜਕੀ ਨੂੰ ਆਪਣੇ ਘਰ ਲੈ ਕੇ ਜਾਂਦਾ ਹੈ, ਉਸ ਨੂੰ ਡੋਲੀ ਕਿਹਾ ਜਾਂਦਾ ਹੈ।

ਧੀ ਨੇ ਆਪਣੇ ਬਾਬਲ ਦੇ ਵਿਹੜੇ ਵਿੱਚ ਹੱਸਦਿਆਂ, ਖੇਡਦਿਆਂ, ਪੀਂਘਾਂ ਝੂਟਦਿਆਂ, ਸਖੀਆਂ ਨਾਲ ਗੀਤ ਗਾਉਂਦਿਆਂ, ਮਾਂ-ਬਾਪ, ਭੈਣ-ਭਰਾਵਾਂ ਦਾ ਪਿਆਰ ਮਾਣਦਿਆਂ ਆਪਣੇ ਬਚਪਨ ਤੋਂ ਲੈ ਕੇ ਵਿਆਹ ਵੇਲੇ ਤੱਕ ਵਧੀਆ ਸਮਾਂ ਗੁਜ਼ਾਰਿਆ ਹੁੰਦਾ ਹੈ। ਜੱਗ ਦੇ ਦਸਤੂਰ ਅਨੁਸਾਰ ਇੱਕ ਦਿਨ ਉਸ ਨੇ ਇਹ ਸਭ ਕੁਝ ਛੱਡ ਕੇ ਇੱਕ ਨਵੇਂ ਅਤੇ ਅਣਜਾਣ ਪਰਿਵਾਰ ਕੋਲ ਹਮੇਸ਼ਾਂ ਵਾਸਤੇ ਰਹਿਣ ਲਈ ਚਲੀ ਜਾਣਾ ਹੁੰਦਾ ਹੈ। ਨਵੇਂ ਥਾਂ ਬਾਰੇ, ਉਸ ਪਰਿਵਾਰ ਬਾਰੇ, ਹੋਣ ਵਾਲੇ ਪ੍ਰਾਹੁਣੇ, ਸੱਸ, ਸਹੁਰੇ, ਨਣਦਾਂ, ਦਿਉਰ, ਜੇਠ ਆਦਿ ਰਿਸ਼ਤਿਆਂ ਬਾਰੇ ਉਸ ਨੇ ਬਹੁਤ ਕੁਝ ਚੰਗਾ ਅਤੇ ਮਾੜਾ ਸੁਣਿਆ ਹੁੰਦਾ ਹੈ ਅਤੇ ਕੁਝ ਵੇਖਿਆ ਵੀ ਹੁੰਦਾ ਹੈ। ਇਸ ਲਈ ਜਿੱਥੇ ਚੰਗੇ ਬਾਰੇ ਉਸ ਦੇ ਮਨ ਵਿੱਚ ਚਾਅ ਅਤੇ ਉਤਸ਼ਾਹ ਹੁੰਦਾ ਹੈ, ਉੱਥੇ ਇੱਕ ਅਣਜਾਣ ਕਿਸਮ ਦਾ ਡਰ ਵੀ ਉਸ ਦੇ ਅਚੇਤ ਮਨ ਵਿੱਚ ਹੁੰਦਾ ਹੈ। ਉਸ ਨੂੰ ਉਸ ਘਰ ਵਿੱਚ ਆਪਣੀ ਹੋਂਦ ਬਣਾਉਣ ਲਈ, ਮਾਣ ਸਤਿਕਾਰ ਲੈਣ ਲਈ ਬਹੁਤ ਕੁਝ ਨਵਾਂ ਕਰਨਾ ਪੈਣਾ ਹੁੰਦਾ ਹੈ। ਆਪਣੀ ਸ਼ਖ਼ਸੀਅਤ ਵਿੱਚ ਕੁਝ ਨਵੇਂ ਗੁਣ ਧਾਰਨ ਕਰਨੇ ਹੁੰਦੇ ਹਨ ਤਾਂ ਕਿ ਉਹ ਖ਼ੁਸ਼ੀ ਅਤੇ ਪਿਆਰ ਸਤਿਕਾਰ ਨਾਲ ਉੱਥੇ ਰਹਿ ਸਕੇ। ਆਪਣੇ ਬਾਬਲ ਤੋਂ ਜਿਹੜਾ ਉਸ ਦੀ ਹਰ ਮੰਗ ਆਪ ਔਖਾ ਹੋ ਕੇ ਵੀ ਪੂਰੀ ਕਰਦਾ ਰਿਹਾ ਏ, ਉਸ ਦੀ ਅੰਮੜੀ ਜਿਸ ਦੇ ਲਾਡ ਪਿਆਰ ਸਦਕਾ ਉਹ ਉੱਚੀਆਂ ਉਡਾਰੀਆਂ ਮਾਰਦੀ ਰਹੀ ਸੀ, ਉਸ ਦੀਆਂ ਸਹੇਲੀਆਂ ਵਰਗੀਆਂ ਹਮਰਾਜ਼ ਭੈਣਾਂ ਅਤੇ ਮਜ਼ਾਕ ਅਤੇ ਪਿਆਰ ਲੜਾਈ ਕਰਨ ਵਾਲਾ ਵੀਰ, ਅੱਜ ਉਸ ਨੇ ਸਭ ਤੋਂ ਵਿੱਛੜ ਜਾਣਾ ਹੈ, ਇਹ ਸੋਚਾਂ ਸੋਚ ਸੋਚ ਕੇ ਹੀ ਉਸ ਦੇ ਦਿਲ ਨੂੰ ਡੋਬੂ ਪੈਣ ਲੱਗਦੇ ਹਨ। ਕੌਣ ਕਦੋਂ ਅਤੇ ਕਿੰਨੀ ਦੇਰ ਬਾਅਦ ਮਿਲ ਸਕੇਗਾ, ਮਿਲੇਗਾ ਵੀ ਕਿ ਨਹੀਂ, ਉਸ ਨੂੰ ਕਦੋਂ ਅਤੇ ਕਿੰਨੀ ਦੇਰ ਲਈ ਪੇਕੇ ਘਰ ਆਉਣਾ ਮਿਲਦਾ ਏ, ਇਹ ਸਭ ਇੱਕ ਅਗਿਆਤ ਭਵਿੱਖ ਦੇ ਗਰਭ ਵਿੱਚ ਹੋਣ ਕਰਕੇ ਉਸ 'ਤੇ ਉਦਾਸੀ ਦਾ ਰੰਗ ਹੋਰ ਗੂੜ੍ਹਾ ਹੁੰਦਾ ਜਾਂਦਾ ਹੈ। ਚਾਵਾਂ ਅਤੇ ਖ਼ੁਸ਼ੀਆਂ ਨਾਲ ਵਿਆਹ ਦੀਆਂ ਸਾਰੀਆਂ ਰਸਮਾਂ ਨਿਪਟਾ ਲੈਣ ਬਾਅਦ ਹੁਣ ਅਲਵਿਦਾ ਕਹਿਣ ਦਾ ਵਕਤ ਆ ਗਿਆ ਹੈ। ਉਸ ਦੇ ਹੰਝੂ ਰੋਕਿਆਂ ਨਹੀਂ ਰੁਕਦੇ।

ਪੁਰਾਤਨ ਸਮੇਂ ਵਿੱਚ ਲੜਕੀ ਨੂੰ ਪਾਲਕੀ ਵਿੱਚ ਬੈਠਾ ਕੇ ਤੋਰਦੇ ਸਨ, ਜਿਸ ਨੂੰ ਡੋਲੀ ਕਿਹਾ ਜਾਂਦਾ ਸੀ। ਇਸ ਡੋਲੀ ਨੂੰ ਕਹਾਰ ਚੁੱਕਦੇ ਸਨ। ਉਦੋਂ ਅੱਜ ਵਾਂਗ ਕਾਰਾਂ ਆਦਿ ਸਾਧਨ ਨਹੀਂ ਸੀ ਹੁੰਦੇ। ਇਸੇ ਲਈ ਲੋਕ ਗੀਤਾਂ ਅਤੇ ਬੋਲੀਆਂ ਵਿੱਚ ਡੋਲੀ ਚੁੱਕਣ ਦਾ ਜ਼ਿਕਰ ਆਉਂਦਾ ਹੈ। ਲੜਕੀ ਘਰ ਤੋਂ ਤੁਰਨ ਸਮੇਂ ਬੁੱਕ ਭਰ ਕੇ ਚਾਵਲ ਪਿੱਛੇ ਨੂੰ ਸੁੱਟਦੀ ਹੈ ਜਿਸ ਦਾ ਇੱਕ ਭਾਵ ਤਾਂ ਇਹ ਹੁੰਦਾ ਹੈ ਕਿ ਅੱਜ ਤੋਂ ਬਾਅਦ ਮੇਰਾ ਇਸ ਘਰ ਦਾ ਦਾਣਾ ਪਾਣੀ ਖ਼ਤਮ ਹੋਇਆ। ਦੂਜੇ ਉਹ ਇਸ ਪਰਿਵਾਰ ਦੀ ਆਰਥਿਕ ਖੈਰ ਸੁੱਖ ਮੰਗਦੀ ਹੋਈ ਆਖਦੀ ਹੈ ਕਿ ਇਹ ਘਰ ਸਦਾ ਹਰਿਆ ਭਰਿਆ ਰਹੇ। ਉਸ ਨੇ ਚਾਵਲ ਸੁੱਟਣ ਸਮੇਂ ਪਿੱਛੇ ਨੂੰ ਨਹੀਂ ਦੇਖਣਾ ਹੁੰਦਾ। ਕਈ ਥਾਵਾਂ 'ਤੇ ਲੜਕੀ ਦੀ ਮਾਂ ਉਸ ਦੇ ਸੁੱਟੇ ਹੋਏ ਚਾਵਲ ਆਪਣੇ ਪੱਲੇ ਵਿੱਚ ਪਵਾਉਂਦੀ ਹੈ ਜਿਸ ਦਾ ਅਰਥ ਸ਼ਾਇਦ ਇਹ ਹੈ ਕਿ ਉਹ ਆਖਦੀ ਹੋਵੇ ਕਿ ਤੇਰਾ ਦਾਣਾ ਪਾਣੀ ਖ਼ਤਮ ਨਹੀਂ ਹੋਇਆ, ਸਗੋਂ ਤੂੰ ਉਸ ਨੂੰ ਚੁਗਣ ਲਈ ਆਉਂਦੀ ਰਹੀਂ। ਕੁਝ ਥਾਵਾਂ 'ਤੇ ਵਿਆਹੁਲੀ ਕੁੜੀ ਦੀਵਾ ਬਾਲ ਕੇ ਘਰੋਂ ਜਾਂਦੀ ਹੈ ਤਾਂ ਜੋ ਪਿੱਛੋਂ ਘਰ ਵਧੇ ਫੁੱਲੇ। ਘਰੋਂ ਤੋਰਨ ਸਮੇਂ ਲੜਕੀ ਦੀ ਮਾਂ, ਚਾਚੀਆਂ, ਤਾਈਆਂ, ਮਾਮੀਆਂ, ਮਾਸੀਆਂ ਅਤੇ ਹੋਰ ਸੁਆਣੀਆਂ ਉਸ ਨੂੰ ਪਿਆਰ ਦਿੰਦੀਆਂ ਹਨ। ਸ਼ਗਨ ਵੀ ਦਿੱਤਾ ਜਾਂਦਾ ਹੈ ਅਤੇ ਹਰ ਇੱਕ ਦੇ ਗਲ਼ ਲੱਗ ਕੇ ਮਿਲਣ ਸਮੇਂ ਹੰਝੂਆਂ ਦਾ ਵਟਾਂਦਰਾ ਵੀ ਹੁੰਦਾ ਹੈ। ਡੋਲੀ ਤੋਰਨ ਸਮੇਂ ਉਹ ਕਿਹੜੀ ਅੱਖ ਹੈ ਜਿਹੜੀ ਤਰ ਨਹੀਂ ਹੁੰਦੀ। ਬਾਬਲ, ਵੀਰ ਸਭ ਆਪਣੀਆਂ ਭਾਵਨਾਵਾਂ ਨੂੰ ਅੱਖਾਂ ਰਾਹੀਂ ਵਹਿਣ ਦਿੰਦੇ ਹਨ। ਵੀਰ, ਡੋਲੀ ਨੂੰ ਧੱਕਾ ਵੀ ਲਗਾਉਂਦੇ ਹਨ। ਬੈਂਡ ਵਾਜੇ ਵਾਲੇ ਵੀ ਇਸ ਸਮੇਂ ਬੈਰਾਗੀ ਸੁਰਾਂ ਛੇੜਦੇ ਹਨ। ਉਸ ਦੀ ਹੂਕ ਉੱਠਦੀ ਹੈ;

ਬਾਬਲ ਵਿਦਾ ਕਰੇਂਦਿਆ
ਮੈਨੂੰ ਰੱਖ ਲੈ ਅੱਜ ਦੀ ਰਾਤ ਵੇ।
ਕਿੱਕਣ ਰੱਖਾਂ ਧੀਏ ਮੇਰੀਏ
ਮੈਂ ਤਾਂ ਸੱਜਣ ਬੁਲਾ ਲਏ ਆਪ ਨੀਂ।
***
ਮੇਰੀ ਅੱਜ ਦੀ ਦਿਹਾੜੀ ਰੱਖ ਡੋਲੀ ਨੀਂ ਮਾਏ
ਰਵਾਂ ਬਾਬਲ ਦੀ ਬਣ ਕੇ ਮੈਂ ਗੋਲੀ ਨੀਂ ਮਾਏ।

ਬਾਬਲ ਦੀ ਮਜਬੂਰੀ ਹੈ। ਉਹ ਕਦੋਂ ਧੀ ਤੋਂ ਵੱਖ ਹੋਣਾ ਚਾਹੁੰਦਾ ਹੈ, ਪਰ ਧੀਆਂ ਤਾਂ ਰਾਜੇ-ਰਾਣੀਆਂ ਨੂੰ ਵੀ ਤੋਰਨੀਆਂ ਪੈਂਦੀਆਂ ਹਨ।

***
ਤੇਰੇ ਮਹਿਲਾਂ ਦੇ ਵਿੱਚ ਵਿੱਚ ਵੇ,
ਬਾਬਲ ਗੁੱਡੀਆਂ ਕੌਣ ਖੇਡੂ ?
ਮੇਰੀਆਂ ਖੇਡਣ ਪੋਤਰੀਆਂ ਧੀਏ ਘਰ ਜਾ ਆਪਣੇ।
***
ਤੇਰੇ ਮਹਿਲਾਂ ਦੇ ਵਿੱਚ ਵਿੱਚ ਵੇ,
ਬਾਬਲ ਡੋਲਾ ਨਹੀਂ ਲੰਘਦਾ
ਇੱਕ ਇੱਟ ਪੁਟਾ ਦੇਵਾਂ ਧੀਏ ਘਰ ਜਾ ਆਪਣੇ।

ਭਾਵ ਬਾਬਲ ਨੇ ਹਰ ਹਾਲਤ ਵਿੱਚ ਆਪਣੀ ਧੀ ਨੂੰ ਤੋਰਨਾ ਹੀ ਹੈ, ਭਾਵੇ ਉਸ ਨੂੰ ਵੀ ਆਪਣੇ ਦਿਲ 'ਤੇ ਕਾਬੂ ਪਾਉਣਾ ਆਸਾਨ ਨਹੀਂ ਹੁੰਦਾ। ਧੀ ਆਪਣੇ ਪਰਦੇਸਣ ਹੋਣ 'ਤੇ ਇੰਝ ਆਖਦੀ ਹੈ;

ਮੇਰੀ ਡੋਲੀ 'ਤੇ ਪਾ ਦਿਓ ਲੋਈ
ਨੀਂ ਮੈਂ ਅੱਜ ਪਰਦੇਸਣ ਹੋਈ।

ਉਹ ਆਪਣੀ ਸਰਦਾਰੀ ਛੱਡ ਕੇ ਜਾ ਰਹੀ ਹੁੰਦੀ ਹੈ ਅਤੇ ਆਪਣੀ ਅੰਮੜੀ ਨੂੰ ਸੰਬੋਧਿਤ ਹੁੰਦੀ ਹੈ; (ਬਾਕੀ ਸਫ਼ਾ 31 'ਤੇ)



TRANS-ALLIANCE
TOGETHER WE SAVE

FUEL DISCOUNTS
UPTO 80 CENTS PER GALLON DISCOUNT
MAJOR NETWORK OF TRUCK STOPS

FUEL CARDS
NO CREDIT - NO PROBLEM
BEST CUSTOMER SERVICE




FLEET ONE FACTORING
WE WANT TO MAKE FACTORING EASY FOR YOU
SAME-DAY FUNDING - NO HIDDEN FEES
COMPETITIVE RATES - 97% ADVANCE RATE

YOU BREAK DOWN
WE SHOW UP
24-HOUR ROADSIDE ASSISTANCE

TRUCK REPAIR & TIRE DISCOUNTS
GET NATIONAL ACCOUNT
NEARLY 3,000 HIGHLY SKILLED TECHNICIANS COAST TO COAST

FUEL MANAGEMENT
DAILY FUEL RATES IN PHONE APP

CALL FOR MORE INFO
(855)641-6955, (888)795-7035




# 'ਵਕਤ ਦੀਆਂ ਲਹਿਰਾਂ'

**ਪੁਨੀਤ ਭਾਟੀਆ**

ਤਾਰਿਆਂ ਦੀ ਲੋਏ ਮੱਸਿਆ ਦੀ ਰਾਤ ਪਾਰਕ ਵਿੱਚ ਬੈਠੇ, ਸ਼ਾਮੀ ਠੰਢੀਆਂ ਹਵਾਵਾਂ ਨਾਲ ਕੰਬਲੀ ਵਿੱਚ ਸਿਕੁੜਦੇ ਦਾਸ ਦੇ ਚਿਹਰੇ ਨੂੰ ਅੱਜ ਗਰਮ ਹੰਝੂ ਸੇਕ ਰਹੇ ਸੀ। ਰਾਤ ਦੇ 9 ਵੱਜ ਚੁੱਕੇ ਸੀ ਤੇ ਦਾਸ ਨੂੰ ਦਫ਼ਤਰ ਤੋਂ ਛੁੱਟੀ ਹੋਇਆਂ 3 ਘੰਟੇ ਹੋ ਚੁੱਕੇ ਸਨ। ਅੱਜ ਦਾਸ ਦਾ ਘਰੇ ਪਰਤਣ ਨੂੰ ਬਿਲਕੁਲ ਵੀ ਮਨ ਨਹੀਂ ਸੀ ਕਰ ਰਿਹਾ। ਪਾਰਕ ਵਿੱਚ ਗਿਣਵੇਂ-ਚੁਣਵੇਂ ਲੋਕ ਘੁੰਮ ਰਹੇ ਸਨ। ਲਾਗਲੀ ਸੜਕ 'ਤੇ ਗੱਡੀਆਂ ਮੋਟਰ ਸਾਇਕਲ ਲੰਘ ਰਹੇ ਸਨ ਤੇ ਨੁੱਕਰ 'ਚ ਲੱਗੇ ਗੋਲ-ਗੱਪਿਆਂ ਵਾਲੇ ਨੇ ਵੀ ਆਪਣੀ ਰੇਹੜੀ ਸਮੇਟਣੀ ਸ਼ੁਰੂ ਕਰ ਦਿੱਤੀ ਸੀ ਅਤੇ ਉੱਥੋਂ ਸਭ ਲੋਕੀ ਘਰਾਂ ਨੂੰ ਪਰਤਣ ਦੀ ਕਾਹਲ ਵਿੱਚ ਆ ਜਾ ਰਹੇ ਸੀ। ਪਰ ਦਾਸ ਇਕੋ ਜਗ੍ਹਾ ਸੁੰਨ ਬੈਠਾ ਸੀ। ਉਸਨੂੰ ਅੱਜ ਘਰਵਾਲੀ ਨੇ ਰੋਟੀ ਵਿੱਚ ਕੀ ਬਣਾਇਆ ਹੈ, ਨਾ ਇਹ ਜਾਨਣ ਦੀ ਕਾਹਲ ਸੀ ਤੇ ਨਾ ਹੀ ਆਪਣੇ ਇੱਕ ਸਾਲ ਦੇ ਜਵਾਕ ਨੂੰ ਗੋਦੀ ਚੁੱਕ ਖਿਡਾਉਣ ਦੀ ਰੀਝ। ਘਰ ਪਰਤਣ ਦੀਆਂ ਸਭ ਤਰ੍ਹਾਂ ਦੀਆਂ ਰੀਝਾਂ ਮੁਕਾਈ, ਬੈਂਚ ਤੇ ਬੈਠਾ ਦਾਸ ਅੱਜ ਚੁੱਪ ਸੀ ਤੇ ਹਨੇਰੀ ਰਾਤ ਦੀਆਂ ਠੰਢੀਆਂ ਹਵਾਵਾਂ ਦੀ ਸਰਸਰਾਹਟ ਉਸਦੇ ਗਰਮ ਹੰਝੂਆਂ ਨੂੰ ਜਮਾ ਰਹੀ ਸੀ।

ਕਿਉਂਕਿ ਅੱਜ ਦਾਸ ਦਾ ਉਹ ਅਤੀਤ ਉਸ ਸਾਹਮਣੇ ਆ ਕੇ ਖੜ੍ਹੋ ਗਿਆ ਸੀ ਜਿਸ ਦੀ ਦਾਸ ਨੂੰ ਅੱਜ ਤੋਂ 5 ਸਾਲ ਪਹਿਲਾਂ ਭਿਣਕ ਵੀ ਨਹੀ ਸੀ। ਅੱਜ ਦਫ਼ਤਰ ਦੇ ਵੱਡੇ ਅਫ਼ਸਰ ਦੇ 5 ਸਾਲਾ ਮੁੰਡੇ ਦਾ ਅੱਜ ਜਨਮ ਦਿਨ ਸੀ ਤੇ ਅਤੇ ਉਸ ਜਵਾਕ ਦੇ ਗਲ਼ ਉਹ ਚਾਂਦੀ ਦਾ ਲਾਕੇਟ ਸੀ ਜੋ ਦਾਸ ਨੇ ਤਾਰੋ ਨੂੰ ਦਿੱਤਾ ਸੀ ਜਦੋਂ ਉਹ ਕਾਲਜ ਇਕੱਠੇ ਪੜ੍ਹਦੇ ਸੀ ਤੇ ਉਨ੍ਹਾਂ ਦੋਵਾਂ ਦੀ ਜੋੜੀ ਕਾਲਜ ਵਿੱਚ ਬਾਕੀਆਂ ਲਈ ਇੱਕ ਮਿਸਾਲ ਸੀ। ਜੇ ਇੱਕ ਰੁੱਖ ਸੀ ਤਾਂ ਦੂਜਾ ਉਸਦੀ ਛਾਂ ਸੀ। ਜੇ ਇੱਕ ਪਾਣੀ ਸੀ ਤਾਂ ਦੂਜਾ ਮਛਲੀ ਸੀ। ਜੇ ਇੱਕ ਕਿਤਾਬ ਸੀ ਤਾਂ ਦੂਜਾ ਉਸ ਤੇ ਲਿਖੇ ਹੋਏ ਅੱਖਰ। ਇਹ ਲਾਕੇਟ ਦਾਸ ਨੇ ਤਾਰੋ ਨੂੰ ਆਪਣੀ ਜ਼ਿੰਦਗੀ ਦੀ ਪਹਿਲੀ ਕਮਾਈ ਜੋ ਕਿ ਉਸਨੇ ਕਾਲਜ ਵਿੱਚ ਇੱਕ ਪ੍ਰਤੀਯੋਗਤਾ 'ਚ ਇਨਾਮ ਵਜੋਂ ਕਮਾਈ ਸੀ। ਉਸ ਸਮੇਂ ਤਾਰੋ ਨੂੰ ਕਿਹਾ ਸੀ ਕਿ ਇਹ ਲਾਕੇਟ ਆਪਣੇ ਵਿਆਹ ਤੋਂ ਬਾਅਦ ਸਾਡੇ ਬੱਚੇ ਦੇ ਗਲ਼ ਚਮਕੇਗਾ। ਜਵਾਕ ਦੇ ਜਨਮ ਦਿਨ ਦੀ ਖੁਸ਼ੀ ਵਿੱਚ ਵੱਡੇ ਸਾਬ੍ਹ ਨੇ ਅੱਜ ਦਫ਼ਤਰ ਵਿੱਚ ਛੋਟੀ ਜਿਹੀ ਪਾਰਟੀ ਸਜਾਈ ਸੀ ਜਿਸ ਵਿੱਚ ਵੱਡੇ ਸਾਬ੍ਹ ਨੇ ਆਪਣੀ ਘਰਵਾਲੀ ਅਤੇ ਜਵਾਕ ਨੂੰ ਨਾਲ ਲਿਆਂਦਾ ਸੀ। ਅੱਜ ਦੁਪਹਿਰ ਦੀ ਰੋਟੀ-ਪਾਣੀ ਦਾ ਇੰਤਜ਼ਾਮ ਵੱਡੇ ਸਾਬ ਵੱਲੋਂ ਸੀ। ਦਫ਼ਤਰ ਦੇ ਸਭ ਕਰਮਚਾਰੀ ਬਹੁਤ ਖੁਸ਼ ਸੀ ਅਤੇ ਵੱਡੇ ਸਾਬ੍ਹ ਨੂੰ ਜਵਾਕ ਦੇ ਜਨਮ ਦਿਨ ਦੀ ਵਧਾਈ ਦੇ ਰਹੇ ਸੀ।

ਦਫ਼ਤਰ ਦੀਆਂ 3 ਔਰਤਾਂ ਵਿੱਚ ਇੱਕ ਮੁਸਕੁਰਾਂਦਾ ਚਿਹਰਾ ਉਦੋਂ ਮੁਰਝਾਇਆ ਜਦੋਂ ਉਸ ਚਿਹਰੇ ਦੀ ਨਜ਼ਰ ਦਾਸ 'ਤੇ ਜਾ ਪਈ ਸੀ। ਇਹ ਚਿਹਰਾ ਤਾਰੋ ਦਾ ਸੀ। ਜਿਸਨੇ 5 ਸਾਲ ਪਹਿਲਾਂ ਦਾਸ ਨਾਲ ਜੀਣ-ਮਰਨ ਦੀਆਂ ਕਸਮਾਂ ਖਾਧੀਆਂ ਸੀ ਅਤੇ ਦਾਸ ਨਾਲ ਜ਼ਿੰਦਗੀ ਹੰਢਾਉਣ ਦੇ ਵਾਅਦੇ ਕੀਤੇ ਸੀ। ਜਦ ਦਾਸ ਦੀ ਨਜ਼ਰ ਵੀ ਤਾਰੋ 'ਤੇ ਪਈ ਤੇ ਦੋਵੇਂ ਇੱਕ ਦੂਜੇ ਨੂੰ ਮਨ ਵਿੱਚ ਕਈ ਤਰ੍ਹਾਂ ਦੇ ਸਵਾਲ ਲੈ ਕੇ ਦੇਖਣ ਲੱਗੇ। ਚੁੱਪ ਹੋਣ ਦੇ ਬਾਵਜੂਦ ਦੋਵਾਂ ਦੀਆਂ ਨਜ਼ਰਾਂ ਬਹੁਤ ਕੁਝ ਕਹਿ ਰਹੀਆਂ ਸੀ।

'ਤਾਰੋ ਤੂੰ ? ਇੱਥੇ..?' ਦਾਸ ਨੇ ਝੱਟ ਆਪਣੀ ਚੁੱਪੀ ਤੋੜਦੇ ਆਖਿਆ ।

'ਜੇ ਤੂੰ ਉਸ ਦਿਨ ਮੈਨੂੰ ਛੱਡ ਕੇ ਨਾ ਜਾਂਦਾ ਤਾਂ ਮੈਂ ਇੱਥੇ ਨਾ ਹੁੰਦੀ।'

'ਤਾਰੋ ਮੈਂ ਤੈਨੂੰ ਕਦੀ ਛੱਡ ਕੇ ਗਿਆ ਹੀ ਨਹੀ ਸੀ...ਬਸ ਜੇ ਥੋੜ੍ਹਾ ਜਿਹਾ ਭਰੋਸਾ ਰੱਖ ਮੈਨੂੰ ਉਡੀਕ ਲੈਂਦੀ ਤਾਂ ਸ਼ਾਇਦ ਸਾਡੀ ਕਿਸਮਤ ਹੋਰ ਹੁੰਦੀ। ਤੈਨੂੰ ਯਾਦ ਏ ਜਦੋਂ ਸਾਡੀ ਪੜ੍ਹਾਈ ਤੋਂ ਬਾਅਦ ਮੈਂ ਤੁਹਾਡੇ ਘਰ ਰਿਸ਼ਤਾ ਲੈ ਕੇ ਆਇਆ ਸੀ ਤਾਂ ਤੇਰੇ ਬਾਪੂ ਜੀ ਨੇ ਮੇਰੀ ਜਾਤ ਅਲੱਗ ਹੋਣ ਕਰਕੇ ਰਿਸ਼ਤੇ ਲਈ ਨਾ ਕਰ ਦਿੱਤੀ ਸੀ ਤੇ ਬੇਇੱਜ਼ਤ ਕਰ ਕੇ ਘਰੋਂ ਕੱਢਿਆ ਸੀ। ਇਨ੍ਹਾਂ ਸਭ ਹੋਣ ਦੇ ਬਾਵਜੂਦ ਮੈਂ ਠਾਣ ਲਿਆ ਸੀ ਕਿ ਹੁਣ ਵਿਆਹ ਤੇਰੇ ਨਾਲ ਕਰਵਾਉਣ ਦਾ ਸੋਚਿਆ ਹੈ ਤਾਂ ਤੇਰੇ ਨਾਲ ਹੀ ਕਰਵਾਉਣਾ ਹੈ ਤੇ ਜਾਤ-ਪਾਤ ਦਾ ਵਹਿਮ ਲੋਕਾਂ ਦੇ ਦਿਲਾਂ 'ਚੋਂ ਕੱਢ ਇਕ ਹੋ ਕੇ ਦਿਖਾਉਣਾ ਹੈ। ਕਿਉਂਕਿ ਗੱਲ ਹੁਣ ਵਿਆਹ ਕਰਵਾਉਣ ਤੱਕ ਸੀਮਿਤ ਨਹੀ ਸੀ ਰਹਿ ਗਈ। ਗੱਲ ਹੁਣ ਲੋਕਾਂ ਦੀ ਜਾਤ-ਪਾਤ ਵਾਲੀ ਘਟੀਆ ਸੋਚ ਦੀ ਸੀ, ਜਿਸ ਨੂੰ ਮੈਂ ਬਦਲਣਾ ਚਾਹੁੰਦਾ ਸੀ।

ਉਸ ਦਿਨ ਜਦੋਂ ਮੈਂ ਤੇਰੇ ਘਰੋਂ ਮਾਂ ਨਾਲ ਘਰ ਪਰਤਿਆ ਤਾਂ ਜਿਵੇਂ ਕਿ ਤੈਨੂੰ ਪਤਾ ਹੀ ਸੀ ਮਾਂ ਦੀ ਬਿਮਾਰੀ ਦਾ। ਉਸ ਦਿਨ ਆਹ ਕੁਝ ਹੋਣ ਦੇ ਬਾਵਜੂਦ ਮਾਂ ਦੀ ਸਿਹਤ ਏਨੀ ਕੁ ਵਿਗੜ ਗਈ ਸੀ ਕਿ ਮੈਨੂੰ ਮਾਂ ਨੂੰ ਵੱਡੇ ਸ਼ਹਿਰ ਇਲਾਜ ਲਈ ਲੈ ਕੇ ਜਾਣਾ ਪਿਆ। ਮੈਂ ਉਹ 2 ਮਹੀਨੇ ਵਿੱਚ ਮਾਂ ਦੇ ਇਲਾਜ ਵਿੱਚ ਐਨਾ ਕੁ ਕਰਜ਼ਾਈ ਹੋ ਗਿਆ ਸੀ ਕਿ ਮੈਨੂੰ ਆਪਣਾ ਘਰ ਗਿਰਵੀ ਰੱਖਣਾ ਪਿਆ। ਇਸ ਦੌਰਾਨ ਮੈਂ ਤੈਨੂੰ ਕਈ ਫ਼ੋਨ ਕੀਤੇ ਤੇ ਕਈ ਸੁਨੇਹੇ ਵੀ ਭੇਜੇ ਪਰ ਨਾ ਤੇਰਾ ਫ਼ੋਨ ਲੱਗਿਆ ਤੇ ਨਾ ਕੋਈ ਤੇਰੇ ਵਲੋਂ ਕੋਈ ਸੁਨੇਹਾ ਆਇਆ। ਮੈਂ ਬਹੁਤ ਕੋਸ਼ਿਸ਼ ਕੀਤੀ ਤੇਰੇ ਨਾਲ ਗੱਲ ਕਰਨ ਦੀ ਪਰ ਮੈਂ ਸਮਝ ਗਿਆ ਸੀ ਕੇ ਤੇਰੇ ਘਰਦਿਆਂ ਨੇ ਤੈਨੂੰ ਮੇਰੇ ਨਾਲ ਗੱਲ ਕਰਨ ਲਈ ਰੋਕਿਆ ਹੋਵੇਗਾ ਤੇ 3 ਮਹੀਨੇ ਬਾਅਦ ਮਾਂ ਦੀ ਮੌਤ ਹੋ ਗਈ ਤੇ ਮੈਂ ਕਰਜ਼ੇ ਵਿੱਚ ਡੁੱਬ ਗਿਆ ਸੀ। ਇੱਕ ਦਿਨ ਮੈਂ ਤੈਨੂੰ ਮਿਲਣ ਲਈ ਤੇਰੇ ਵੱਲ ਜਾਂਦੇ ਰਾਹ ਵੱਲ ਨੂੰ ਮੁੜਿਆ ਹੀ ਸੀ ਕਿ ਮੈਨੂੰ ਖਿਆਲ ਆਇਆ ਕਿ ਜੇ ਮੇਰੇ ਹਾਲਾਤ ਨੇ ਇਸ ਵਕਤ, ਕੀ ਇਸ ਹਾਲਾਤਾਂ ਵਿੱਚ ਤੈਨੂੰ ਖੁਸ਼ ਰੱਖ ਪਾਵਾਂਗਾ? ਐਹੋ ਜਿਹੇ ਖਿਆਲਾਂ ਨੇ ਮੇਰੇ ਪੈਰ ਪਿਛਾਂਹ ਨੂੰ ਖਿੱਚ ਲਏ ਸੀ ਤੇ ਮੈਂ ਥੋੜ੍ਹੇ ਸਮੇਂ ਲਈ ਤੇਰੇ ਤੋਂ ਦੂਰੀ ਕਾਇਮ ਰੱਖਣ ਦੀ ਕੋਸ਼ਿਸ਼ ਕੀਤੀ ਤੇ ਸੋਚਿਆ ਕਿ ਪਹਿਲਾਂ ਖੁਦ ਸੰਭਲ ਜਾਵਾਂ, ਫ਼ੇਰ ਤੇਰੇ ਵੱਲ ਨੂੰ ਤੁਰਾਂਗਾ। ਥੋੜ੍ਹੇ ਕੁ ਦਿਨ ਬਾਅਦ ਮੈਨੂੰ ਪਤਾ ਚੱਲਿਆ ਕਿ ਤੇਰਾ ਵਿਆਹ 3 ਮਹੀਨੇ ਪਹਿਲਾਂ ਹੋ ਚੁੱਕਾ ਹੈ। ਮੈਂ ਪੂਰੀ ਤਰਾਂ ਟੁੱਟ ਗਿਆ ਸੀ। ਸਿਰ ਤੇ ਮਾਂ-ਬਾਪ ਦਾ ਸਹਾਰਾ ਨਾ ਹੋਣ ਕਰਕੇ ਪਹਿਲਾਂ ਹੀ ਹਾਲਾਤਾਂ ਦਾ ਮਾਰਿਆ ਸੀ। ਪਰ ਤੇਰੇ ਵਿਆਹ ਦੀ ਖ਼ਬਰ ਸੁਣ ਕੇ ਮੇਰੇ ਦਿਲ 'ਚ ਜੋ ਤੇਰੇ ਲਈ ਜ਼ਿੰਦਗੀ ਜਿਊਣ ਦੀਆਂ ਸਧਰਾਂ, ਚਾਅ ਸੀ, ਸਭ ਮੁੱਕ ਗਏ ਸੀ। ਹੁਣ ਜ਼ਿੰਦਗੀ ਜਿਊਣਾ ਭੁੱਲ ਚੁੱਕਾ ਸੀ ਮੈਂ। ਹੋਰ ਕਰਦਾ ਵੀ ਕੀ? ਜੀਣ ਦੀਆਂ ਸਾਰੀਆਂ ਵਜ੍ਹਾ ਰੱਬ ਨੇ ਮੈਥੋਂ ਖੋਹ ਲਈਆਂ ਸੀ।'

ਤਾਰੋ ਦੇ ਚਿਹਰੇ ਉੱਪਰ ਆਏ ਹੋਏ ਹਰ ਤਰਾਂ ਦੇ ਸਵਾਲਾਂ ਦੇ ਜਵਾਬ ਤਾਰੋ ਨੂੰ ਮਿਲ ਚੁੱਕੇ ਸੀ ਤੇ ਹੁਣ ਸਮਝ ਨਹੀ ਪਾ ਰਹੀ ਸੀ ਕਿ ਹੁਣ ਉਹ ਦੋਸ਼ ਕਿਸਨੂੰ ਦੇਵੇ? ਦਾਸ ਨੂੰ? ਖੁਦ ਨੂੰ? ਹਾਲਾਤਾਂ ਨੂੰ ਕਿ ਸਮੇਂ ਨੂੰ? ਪਾਰਟੀ ਦੀ ਭੀੜ ਵਿੱਚ ਉਹ ਹੁਣ ਖੁਦ ਨੂੰ ਸੰਭਾਲਣ ਦੀ ਕੋਸ਼ਿਸ਼ ਕਰਦੀ ਹੋਈ ਲੋਕਾਂ ਦੇ ਚਿਹਰਿਆਂ ਵੱਲ ਦੇਖ ਮੁਸਕੁਰਾਉਣ ਦੀ ਕੋਸ਼ਿਸ਼ 'ਚ ਲੱਗੀ ਸੀ ਤੇ ਦਾਸ ਵੀ ਖੁਦ ਨੂੰ ਪਾਰਟੀ ਦੇ ਮਾਹੌਲ ਮੁਤਾਬਿਕ ਖੁਦ ਨੂੰ ਢਾਲਣ ਦੀ ਕੋਸ਼ਿਸ਼ ਵਿੱਚ ਲੱਗਾ ਸੀ। ਤਾਰੋ ਵੀ ਦਾਸ ਨਾਲ ਬਹੁਤ ਕੁਝ ਸਾਂਝਾ ਕਰਨਾ ਚਾਹੁੰਦੀ ਸੀ। ਆਖਿਰ ਉਸਨੇ ਦਾਸ ਨੂੰ ਕਿਹਾ ਕਿ ਜੋ ਹੋਇਆ ਸਭ ਕੁਦਰਤ ਦੀ ਖੇਡ ਸਮਝ ਕੇ ਭੁੱਲ ਜਾਣਾ ਹੀ ਸਾਡੀ ਦੋਵਾਂ ਦੀ ਬਿਹਤਰੀ ਹੈ। ਤੂੰ ਇੰਤਜ਼ਾਰ ਦੀ ਗੱਲ ਕਰ ਰਿਹਾਂ, ਉਸ ਸਮੇਂ ਮੇਰੇ ਕੋਲ ਸਮਾਂ ਹੀ ਤਾਂ ਨਹੀ ਸੀ। ਅੱਜ ਜਿਸਦਾ ਜਨਮ ਦਿਨ ਹੈ, ਉਸਦਾ ਬਾਪ ਤੂੰ ਏਂ। ਜਦੋਂ ਘਰਦਿਆਂ ਨੂੰ ਸਭ ਪਤਾ ਲੱਗਾ ਤਾਂ ਬਦਨਾਮੀ ਦੇ ਡਰ ਤੋਂ ਮੈਨੂੰ ਹਫ਼ਤੇ ਬਾਅਦ ਹੀ ਵਿਆਹ ਕੇ ਤੋਰਨ ਦੀ ਕੀਤੀ। ਜਦ ਨੂੰ ਤਾਰੋ ਦਾ ਜਵਾਕ ਦੌੜਦਾ-ਦੌੜਦਾ ਤਾਰੋ ਦੀਆਂ ਲੱਤਾਂ ਨਾਲ ਆ ਚਿੰਬੜਿਆ ਤੇ ਤਾਰੋ ਨੇ ਆਪਣੇ ਮੂਹਰੇ ਖੜੇ ਦਾਸ ਵੱਲ ਨੂੰ ਇਸ਼ਾਰਾ ਕਰ ਕੇ ਆਖਿਆ ਕਿ ਬੇਟਾ ਅੰਕਲ ਨੂੰ ਮੱਥਾ ਟੇਕੋ। ਤਦ ਇੱਕ ਦਮ ਦਾਸ ਦੇ ਸਾਬ ਨੇ ਤਾਰੋ ਨੂੰ ਆਵਾਜ਼ ਲਗਾਉਂਦਿਆ ਆਖਿਆ ਕਿ ਆਜਾ ਹੁਣ, ਜਨਮ ਦਿਨ ਦਾ ਕੇਕ ਕੱਟੀਏ। ਤਾਰੋ ਨੇ ਝੱਟ ਹਾਮੀ ਭਰਦੇ ਹੋਏ ਜਵਾਕ ਨਾਲ ਆਪਣੇ ਘਰ ਵਾਲੇ ਵੱਲ ਨੂੰ ਤੁਰ ਪਈ। ਦਾਸ ਉੱਥੇ ਖੜ੍ਹਾ ਰਿਹਾ ਤੇ ਜਾਂਦੀ ਤਾਰੋ ਅਤੇ ਬੱਚੇ ਵੱਲ ਮਨ ਵਿੱਚ ਉਲਝਣਾਂ ਲਈ ਦੇਖਦਾ ਰਿਹਾ। ਖੂੰਝੇ 'ਚ ਖੜ੍ਹੇ ਦਾਸ ਦੇ ਕੰਨਾਂ ਵਿੱਚ ਹੈਪੀ ਬਰਥਡੇ ਦੀਆਂ ਤਾੜੀਆਂ ਗੂੰਜਣ ਲੱਗੀਆਂ ਤੇ ਆਫ਼ਿਸ ਦੇ ਕਰਮਚਾਰੀ ਖੁਸ਼ੀ ਵਿੱਚ ਚਹਿਕਣ ਲੱਗੇ।

ਗੁੰਮਸੁਮ ਹੋਏ ਦਾਸ ਨੇ ਪਾਰਟੀ ਤੋਂ ਜਾਣਾ ਠੀਕ ਸਮਝਿਆ ਤੇ ਕੱਲਾ ਜਾ ਕੇ ਪਾਰਕ ਵਿੱਚ ਬੈਠ ਗਿਆ। ਪਾਰਕ ਵਿੱਚ ਬੈਠੇ ਨੂੰ ਕਈ ਘੰਟੇ ਹੋ ਚੁੱਕੇ ਸੀ ਤੇ ਦਾਸ ਦੇ ਫ਼ੋਨ ਦੀ ਘੰਟੀ ਕਈ ਵਾਰ ਵੱਜ-ਵੱਜ ਕੇ ਬੰਦ ਹੋ ਚੁੱਕੀ ਸੀ। ਅੱਜ ਦਾਸ ਨੂੰ ਕੁਝ ਸਮਝ ਨਹੀ ਸੀ ਆ ਰਿਹਾ। ਜਦੋਂ ਦੁਬਾਰਾ ਫ਼ੋਨ ਦੀ ਘੰਟੀ ਵੱਜੀ ਤਾਂ ਇਸ ਵਾਰ ਦਾਸ ਨੇ ਹੋਸ਼ ਕਰ ਕੇ ਫ਼ੋਨ ਚੁੱਕਿਆ ਤਾਂ ਅੱਗਿਉਂ ਦਾਸ ਦੇ ਇੱਕ ਸਾਲ ਦੇ ਜਵਾਕ ਦੀ ਆਵਾਜ਼ ਦਾਸ ਦੇ ਕੰਨੀ ਪਈ ਜੋ ਪਾਪਾ.. ਤੋਤਲੀ ਬੋਲੀ ਬੋਲ ਰਿਹਾ ਸੀ ਤੇ ਦਾਸ ਦੀ ਘਰਵਾਲੀ ਫ਼ਿਕਰ ਵਿੱਚ ਬੋਲੀ 'ਕਿੱਥੇ ਓ?'ਫ਼ੋਨ ਕਿਉਂ ਨਹੀ ਚੁੱਕਦੇ? ਕਦੋਂ ਦਾ ਫ਼ੋਨ ਲਗਾ ਰਹੀ ਹਾਂ ਮੈਂ? ਤੁਸੀਂ ਠੀਕ ਹੋ? ਕੁਝ ਬੋਲਦੇ ਕਿਉਂ ਨਹੀ? ਮੈਂ ਰੋਟੀ ਕਦੋਂ ਦੀ ਪਕਾ ਕੇ ਬੈਠੀ ਹਾਂ.. ਕਦੋਂ ਆ ਰਹੇ ਹੋ ਘਰ? ਦਾਸ ਲਗਾਤਾਰ ਚੁੱਪ-ਚਾਪ ਆਪਣੀ ਘਰਵਾਲੀ ਦੀ ਫ਼ਿਕਰ ਭਰੀ ਆਵਾਜ਼ ਸੁਣ ਰਿਹਾ ਸੀ ਤੇ ਆਪਣੇ ਬੱਚੇ ਦੀਆਂ ਕਿਲਕਾਰੀਆਂ ਉਸਨੂੰ ਸੁਣ ਰਹੀਆਂ ਸਨ। ਅੰਤ ਦਾਸ ਨੇ ਆਪਣੇ ਹੰਝੂ ਸਾਫ਼ ਕਰਦੇ ਆਖਿਆ 'ਰੋਟੀ ਪਾ ਕੇ ਰੱਖ.. ਬਹੁਤ ਭੁੱਖ ਲੱਗੀ ਹੈ.. ਮੈਂ 5 ਮਿੰਟਾਂ 'ਚ ਆ ਰਿਹਾਂ। ਇਹ ਕਹਿ ਕੇ ਦਾਸ ਨੇ ਫ਼ੋਨ ਕੱਟ ਦਿੱਤਾ। ਬੈਂਚ ਤੋਂ ਉੱਠ ਕੇ ਉਸਨੇ ਇੱਕ ਲੰਬਾ ਸਾਹ ਭਰਿਆ ਤੇ ਆਪਣੇ ਅਤੀਤ ਨੂੰ ਭੁਲਾ ਕੇ ਅੱਗੇ ਤੁਰਨਾ ਸਹੀ ਸਮਝਿਆ। ਉਹ ਇਹ ਸੋਚਦਾ ਹੋਇਆ ਤੁਰ ਪਿਆ ਕਿ ਸਮੇਂ ਤੋਂ ਅੱਜ ਤੱਕ ਕੋਈ ਨਹੀ ਜਿੱਤ ਸਕਿਆ। ਹਾਲਾਤਾਂ ਨੂੰ ਕਬੂਲ ਕਰ ਅੱਗੇ ਵਧਣਾ ਜ਼ਰੂਰੀ ਹੈ। ਕਿਉਂਕਿ ਵਕਤ ਦੀਆ ਲਹਿਰਾਂ ਨੂੰ ਅੱਜ ਤੱਕ ਕੋਈ ਨਹੀਂ ਕਾਬੂ ਕਰ ਪਾਇਆ। ਉਨ੍ਹਾਂ ਲਹਿਰਾਂ ਵਿੱਚ ਤੈਰਨਾ ਕਿਵੇਂ ਹੈ, ਉਹ ਵਕਤ ਦਾਸ ਨੂੰ ਸਿਖਾ ਗਿਆ ਸੀ।

# ਮਿੰਨੀ ਕਹਾਣੀਆਂ

## ਬੁਲੰਦ ਹੌਂਸਲੇ ਦੀ ਉਡਾਣ

**ਡਾ. ਸੰਦੀਪ ਘੰਡ**

ਪੰਜਾਬ ਦੇ ਇੱਕ ਅਤਿ ਪੱਛੜੇ ਜ਼ਿਲ੍ਹੇ ਤੋਂ ਕੈਨੇਡਾ ਪੜ੍ਹਨ ਅਤੇ ਰੁਜ਼ਗਾਰ ਲਈ ਗਈ 17 ਸਾਲਾ ਕੁੜੀ ਸ਼ਾਲੂ ਦੇ ਬੁਲੰਦ ਹੌਂਸਲੇ ਦੀ ਉਡਾਣ ਅਤੇ ਬਹਾਦਰੀ ਨੇ ਸਭ ਨੂੰ ਸੋਚਣ ਲਈ ਮਜਬੂਰ ਕਰ ਦਿੱਤਾ। ਸ਼ਾਲੂ ਵੱਖ ਵੱਖ ਸ਼ਹਿਰਾਂ ਤੋਂ ਗਈਆਂ ਪੰਜ-ਛੇ ਕੁੜੀਆਂ ਨਾਲ ਇੱਕ ਸਾਂਝਾ ਫ਼ਲੈਟ ਕਿਰਾਏ 'ਤੇ ਲੈ ਕੇ ਰਹਿ ਰਹੀ ਸੀ। ਸ਼ਾਲੂ ਉਮਰ ਵਿੱਚ ਉਨ੍ਹਾਂ ਸਾਰੀਆਂ ਕੁੜੀਆਂ ਤੋਂ ਛੋਟੀ ਸੀ ਅਤੇ ਸਰੀਰਕ ਪੱਖੋਂ ਵੀ ਸਾਰਿਆਂ ਨਾਲੋਂ ਕਮਜ਼ੋਰ ਦਿਸਦੀ ਸੀ। ਇਸ ਕਰਕੇ ਉਸ ਨਾਲ ਰਹਿੰਦੀਆਂ ਕੁੜੀਆਂ ਉਸ ਨੂੰ ਪਿੱਦੀ, ਗਿਟਕ ਕਹਿ ਕੇ ਮਖੌਲ ਕਰਦੀਆਂ ਸਨ ਉਹ ਹਮੇਸ਼ਾ ਆਪਣੇ ਕੰਮ ਅਤੇ ਪੜ੍ਹਾਈ ਤੱਕ ਸੀਮਤ ਰਹਿੰਦੀ ਤੇ ਦੋ ਦੋ ਸ਼ਿਫ਼ਟਾਂ ਵਿੱਚ ਕੰਮ ਕਰਦੀ। ਅੱਜ ਅਚਾਨਕ ਸਾਰੀਆਂ ਕੁੜੀਆਂ ਵਿੱਚੋਂ ਸੀਨੀਅਰ ਜਸਬੀਰ ਨੂੰ ਸ਼ਾਲੂ ਦੀ ਮਾਂ ਦਾ ਫ਼ੋਨ ਆਇਆ। ਜਿਵੇਂ ਕਿਵੇਂ ਰੋਂਦਿਆਂ ਉਸ ਨੇ ਦੱਸਿਆ ਕਿ ਸ਼ਾਲੂ ਦਾ ਇੱਕੋ ਇੱਕ ਭਰਾ ਹਾਦਸੇ ਵਿੱਚ ਮਾਰਿਆ ਗਿਆ। ਮਾਂ ਨੂੰ ਜਾਪਦਾ ਸੀ ਕਿ ਇਸ ਖ਼ਬਰ ਨੂੰ ਸ਼ਾਲੂ ਕਿਵੇਂ ਸਹੇਗੀ। ਇਸੇ ਲਈ ਉਸ ਨੇ ਉਸ ਕੁੜੀ ਨੂੰ ਇਹ ਸਭ ਸ਼ਾਲੂ ਨੂੰ ਦੱਸਣ ਲਈ ਚੁਣਿਆ। ਜਦੋਂ ਫ਼ੋਨ ਆਇਆ ਤਾਂ ਦੋ ਹੋਰ ਕੁੜੀਆਂ ਵੀ ਜਸਬੀਰ ਕੋਲ ਸਨ। ਹੁਣ ਉਨ੍ਹਾਂ ਨੂੰ ਫ਼ਿਕਰ ਸੀ ਕਿ ਦੱਸਿਆ ਕਿਵੇਂ ਜਾਵੇ, ਕੀ ਸ਼ਾਲੂ ਇਹ ਸਹਿ ਸਕੇਗੀ ਤੇ ਅਸੀਂ ਉਸ ਨੂੰ ਕਿਵੇਂ ਸੰਭਾਲਾਂਗੇ। ਅਜੇ ਉਹ ਸੋਚ ਹੀ ਰਹੀਆਂ ਸਨ ਕਿ ਸਾਹਮਣੇ ਤੋਂ ਸ਼ਾਲੂ ਬੱਸ ਵਿੱਚੋਂ ਉਤਰ ਕੇ ਆ ਗਈ। ਉਸ ਦੇ ਘਰ ਆਉਂਦਿਆਂ ਹੀ ਸਾਰੀਆਂ ਕੁੜੀਆਂ ਨੇ ਉਸ ਨੂੰ ਕਲਾਵੇ ਵਿੱਚ ਲੈਂਦਿਆਂ ਸਾਰੀ ਗੱਲ ਦੱਸੀ। ਇੱਕ ਵਾਰ ਤਾਂ ਸ਼ਾਲੂ ਪੱਥਰ ਬਣ ਗਈ। ਉਸ ਨੂੰ ਬੇਗਾਨੇ ਮੁਲਕ ਆਇਆਂ ਹਾਲੇ ਦੋ ਮਹੀਨੇ ਵੀ ਨਹੀਂ ਸੀ ਹੋਏ। ਰਿਸ਼ਤੇਦਾਰਾਂ ਨੇ ਰੁਪਏ ਉਧਾਰ ਦੇਣ ਸਮੇਂ ਕਿਹਾ ਕਿ ਕਿਸੇ ਨੂੰ ਉਧਾਰ ਦੇਣਾ ਰਿਸ਼ਤਾ ਖ਼ਰਾਬ ਕਰਨ ਵਾਂਗ ਹੈ। ਸ਼ਾਲੂ ਅਤੇ ਉਸ ਦੀ ਮਾਂ ਨੇ ਉਨ੍ਹਾਂ ਨੂੰ ਭਰੋਸਾ ਦਿੱਤਾ ਕਿ ਉਹ ਜਲਦੀ ਪੈਸੇ ਮੋੜ ਦੇਵੇਗੀ। ਪਰ ਹੁਣ ਉਸ ਨੂੰ ਲੱਗ ਰਿਹਾ ਸੀ ਕਿ ਰਿਸ਼ਤੇਦਾਰਾਂ ਦੀ ਗੱਲ ਕਿਤੇ ਸੱਚੀ ਸਾਬਿਤ ਨਾ ਹੋ ਜਾਵੇ। ਉਸ ਨੂੰ ਰੋਂਦੀ ਰੋਂਦੀ ਨੂੰ ਸਾਰੀਆਂ ਕੁੜੀਆਂ ਕਮਰੇ ਵਿੱਚ ਛੱਡ ਗਈਆਂ। ਉਸ ਨੇ ਮਾਂ ਨੂੰ ਫ਼ੋਨ ਮਿਲਾਇਆ। ਮਾਵਾਂ ਧੀਆਂ ਬਹੁਤ ਰੋਈਆਂ ਤੇ ਆਪਣੀ ਮਾੜੀ ਕਿਸਮਤ ਨੂੰ ਕੋਸਣ ਲੱਗੀਆਂ। ਉਸ ਦੀ ਮਾਂ ਕਹਿ ਰਹੀ ਸੀ ਕਿ ਅਜੇ ਪਿਛਲੇ ਸਾਲ ਹੀ ਉਸ ਦਾ ਪਿਉ ਛੱਡ ਗਿਆ ਸੀ ਅਤੇ ਹੁਣ ਇੱਕ ਆਸ ਸੀ ਜੋ ਖ਼ਤਮ ਹੋ ਗਈ। ਮਾਂ ਨੂੰ ਫ਼ਿਕਰ ਸੀ ਕਿ ਹੁਣ ਕਿਵੇਂ ਆਵੇਂਗੀ। ਦੂਜੀਆਂ ਕੁੜੀਆਂ ਨੇ ਮਾਂ ਨੂੰ ਦਿਲਾਸੇ ਦਿੰਦਿਆਂ ਫ਼ੋਨ ਕੱਟਿਆ। ਉਸ ਰਾਤ ਨੂੰ ਸ਼ਾਲੂ ਬਿਨਾਂ ਕੁਝ ਖਾਧੇ ਪੀਤੇ ਹੀ ਸੌਂ ਗਈ। ਹੁਣ ਬਾਕੀ ਕੁੜੀਆਂ ਬੈਠੀਆਂ ਸੋਚ ਰਹੀਆਂ ਸਨ ਕਿ ਕਿਵੇਂ ਕੀਤਾ ਜਾਵੇ। ਪਤਾ ਲੱਗਣ 'ਤੇ ਫ਼ਲੈਟ ਵਿੱਚ ਉੱਪਰ ਰਹਿ ਰਿਹਾ ਲੜਕਾ ਅਤੇ ਉਸ ਦੀਆਂ ਭੈਣਾਂ ਵੀ ਉਨ੍ਹਾਂ ਕੋਲ ਆ ਗਈਆਂ। ਉਨ੍ਹਾਂ ਨੇ ਫ਼ੈਸਲਾ ਕੀਤਾ ਕਿ ਸਾਰੇ ਆਪੋ ਆਪਣਾ ਯੋਗਦਾਨ ਪਾਉਣਗੇ ਅਤੇ ਸ਼ਾਲੂ ਨੂੰ ਆਉਣ ਜਾਣ ਦੀ ਟਿਕਟ ਦੇ ਕੇ ਪਿੰਡ ਭੇਜਣਗੇ। ਜਿਉਂ ਹੀ ਸਵੇਰ ਹੋਈ ਤਾਂ



ਸਾਰੀਆਂ ਕੁੜੀਆਂ ਹੈਰਾਨ ਹੋ ਗਈਆਂ। ਦਰਅਸਲ, ਸ਼ਾਲੂ ਆਪਣੀ ਕਿੱਟ ਮੋਢੇ 'ਤੇ ਟੰਗ ਕੇ ਆਪਣੇ ਕੰਮ 'ਤੇ ਜਾਣ ਲਈ ਤਿਆਰ ਸੀ। ਬਰੈੱਡ ਨਾਲ ਚਾਹ ਪੀ ਕੇ ਉਸ ਨੇ ਫ਼ਰਿੱਜ ਵਿੱਚ ਪਏ ਚੌਲ ਡੱਬੇ ਵਿੱਚ ਪਾ ਲਏ। ਸਾਰੀਆਂ ਕੁੜੀਆਂ ਨੇ ਬੀਤੀ ਰਾਤ ਕੀਤੇ ਫ਼ੈਸਲੇ ਬਾਰੇ ਦੱਸਿਆ ਕਿ ਤੂੰ ਮਾਂ ਕੋਲ ਜਾਣਾ ਹੈ ਤਾਂ ਅਸੀਂ ਕਿਰਾਇਆ ਦੇ ਦਿਆਂਗੇ। ਸ਼ਾਲੂ ਨੇ ਕਿਹਾ, "ਹੁਣ ਉੱਥੇ ਮੇਰਾ ਕੀ ਹੈ? ਮੇਰੇ ਜਾਣ ਨਾਲ ਵੀਰ ਵਾਪਸ ਨਹੀਂ ਆ ਸਕਦਾ, ਪਰ ਇੱਥੇ ਰਹਿ ਕੇ ਮੈਂ ਆਪਣੀ ਮਾਂ ਅਤੇ ਭਰਾ ਦੇ ਸੁਫ਼ਨੇ ਪੂਰੇ ਕਰ ਸਕਦੀ ਹਾਂ। ਰਿਸ਼ਤੇਦਾਰਾਂ ਤੋਂ ਲਿਆ ਕਰਜ਼ਾ ਮੋੜ ਸਕਦੀ ਹਾਂ। ਨਹੀਂ ਤਾਂ ਉਨ੍ਹਾਂ ਦੀ ਗੱਲ ਸੱਚ ਸਾਬਿਤ ਹੋ ਜਾਵੇਗੀ ਕਿ ਉਧਾਰ ਨਾਲ ਰਿਸ਼ਤੇਦਾਰੀ ਵਿੱਚ ਫ਼ਰਕ ਪੈ ਜਾਂਦਾ ਹੈ।" ਉਧਰੋਂ ਉਸ ਦੀ ਬੱਸ ਦੇ ਆਉਣ ਦਾ ਸਮਾਂ ਹੋ ਗਿਆ ਸੀ। ਉਹ ਨਮ ਅੱਖਾਂ ਨਾਲ ਸਾਰੀਆਂ ਕੁੜੀਆਂ ਦਾ ਧੰਨਵਾਦ ਕਰਦਿਆਂ ਬਾਏ ਬਾਏ ਕਰਦੀ ਬੱਸ ਚੜ੍ਹ ਗਈ। ਉਨ੍ਹਾਂ ਕੁੜੀਆਂ ਨੂੰ ਸ਼ਾਲੂ ਦਾ ਕੱਦ ਤੇ ਹੌਂਸਲਾ ਪਹਾੜ ਜਿੱਡਾ ਜਾਪਣ ਲੱਗਾ ਸੀ। ਛੋਟੀ ਜਿਹੀ ਜਿਸ ਨੂੰ ਉਹ ਹਮੇਸ਼ਾ ਪਿੱਦੀ ਕਹਿ ਕੇ ਬੁਲਾਉਂਦੀਆਂ ਸਨ, ਅੱਜ ਉਨ੍ਹਾਂ ਦੀ ਮਾਰਗਦਰਸ਼ਕ ਬਣ ਚੁੱਕੀ ਸੀ।

***

## ਰੁੱਖ ਥੱਲੇ

**ਹਰਭਿੰਦਰ ਸਿੰਘ ਸੰਧੂ**

ਅੱਜ ਵੀਹ ਸਾਲ ਬਾਅਦ ਗੁਰਦਿੱਤ ਸਿੰਘ ਆਪਣੇ ਬਚਪਨ ਦੇ ਮਿੱਤਰ ਕੁਲਦੀਪ ਨੂੰ ਉਸ ਦੇ ਪਿੰਡ ਮਿਲਣ ਜਾ ਰਿਹਾ ਸੀ। ਕੁਲਦੀਪ ਦੀ ਗੁਰਦਿੱਤ ਸਿੰਘ ਨਾਲ ਭਾਵੇਂ ਚਿੱਠੀਆਂ ਜਾਂ ਫ਼ੋਨ 'ਤੇ ਤਾਂ ਗੱਲ ਹੁੰਦੀ ਰਹਿੰਦੀ ਪਰ ਗੁਰਦਿੱਤ ਨੂੰ ਸਰਕਾਰੀ ਨੌਕਰੀ ਮਿਲਣ 'ਤੇ ਉਹ ਪੱਕਾ ਹੀ ਚੰਡੀਗੜ੍ਹ ਰਹਿਣ ਲੱਗ ਪਿਆ ਸੀ। ਹੁਣ ਉਹ ਪੰਜ ਸਾਲ ਵਿਦੇਸ਼ ਵੀ ਰਹਿ ਆਇਆ ਸੀ। ਕੁਲਦੀਪ ਬਹੁਤ ਖੁਸ਼ ਸੀ ਕਿ ਉਸ ਦਾ ਮਿੱਤਰ ਏਨੇ ਸਾਲਾਂ ਬਾਅਦ ਉਸ ਨੂੰ ਮਿਲਣ ਆ ਰਿਹਾ ਹੈ। ਪੂਰੇ ਘਰ ਦੀ ਸਫ਼ਾਈ ਕਰਵਾਈ ਗਈ। ਡਰਾਇੰਗ ਰੂਮ ਵਿੱਚ ਮਹਿੰਗੇ ਗੁਲਦਸਤੇ ਰੱਖੇ, ਮਹਿੰਗਾ ਇਤਰ ਛਿੜਕਿਆ ਗਿਆ। ਅੱਜ ਗੁਰਦਿੱਤ ਸਿੰਘ ਦੇ ਆਉਣ ਕਰਕੇ ਕੁਲਦੀਪ ਦਾ ਸਾਰਾ ਪਰਿਵਾਰ ਖੁਸ਼ ਸੀ। ਜਦੋਂ ਬਾਹਰਲੇ ਗੇਟ 'ਤੇ ਹਾਰਨ ਵੱਜਾ ਤਾਂ ਕੁਲਦੀਪ ਕਾਹਲੇ ਪੈਰ ਗੇਟ ਵੱਲ ਗਿਆ। ਗੁਰਦਿੱਤ ਸਿੰਘ ਨੇ ਗੱਡੀ ਵਿੱਚੋਂ ਉੱਤਰਦਿਆਂ ਹੀ ਆਪਣੀ ਨਿਗ੍ਹਾ ਪੂਰੇ ਘਰ ਉੱਪਰ ਘੁਮਾਈ ਤੇ ਫ਼ਿਰ ਵਿਹੜੇ ਵਿੱਚ ਲੱਗੀ ਵੱਡੀ ਟਾਹਲੀ ਥੱਲੇ ਪਏ ਮੰਜੇ ਵੱਲ ਨੂੰ ਹੋ ਤੁਰਿਆ ਅਤੇ ਉੱਥੇ ਹੀ ਬੈਠ ਗਿਆ। ਕੁਲਦੀਪ ਅਤੇ ਉਸ ਦੇ ਪਰਿਵਾਰ ਨੇ ਬਹੁਤ ਕਿਹਾ ਕਿ ਅੰਦਰ ਏ.ਸੀ. ਚੱਲਦਾ ਪਿਆ ਏ, ਉੱਥੇ ਬੈਠੋ। ਗੁਰਦਿੱਤ ਨੇ ਗੱਲ ਨਾ ਮੰਨੀ ਸਗੋਂ ਇੱਕ ਸਿਰਹਾਣਾ ਲਿਆਉਣ ਲਈ ਕਿਹਾ। ਫ਼ਿਰ ਟਾਹਲੀ ਥੱਲੇ ਹੀ ਚਾਹ ਪਾਣੀ ਪੀਤਾ। ਬਚਪਨ ਅਤੇ ਜਵਾਨੀ ਦੀਆਂ ਗੱਲਾਂਬਾਤਾਂ ਹੋਈਆਂ। ਹੁਣ ਰੋਟੀ ਖਾਣ ਸਮੇਂ ਕੁਲਦੀਪ ਨੇ ਇੱਕ ਵਾਰ ਫ਼ਿਰ ਗੁਰਦਿੱਤ ਸਿੰਘ ਨੂੰ ਡਰਾਇੰਗ ਰੂਮ ਵਿੱਚ ਜਾਣ ਲਈ ਕਿਹਾ ਤਾਂ ਉਹ ਬੋਲਿਆ, "ਯਾਰ, ਇੱਥੇ ਹੀ ਖਾਨੇ ਆ ਰੋਟੀ। ਬਥੇਰਾ ਜ਼ਿੰਦਗੀ ਵਿੱਚ ਸੋਫ਼ਿਆਂ, ਗੱਦਿਆਂ, ਗਰਮ ਅਤੇ ਠੰਢੇ ਕਮਰਿਆਂ ਵਿੱਚ ਬਹਿ ਬਹਿ ਦੇਖ ਲਿਆ। ਆਹ ਰੁੱਖ ਥੱਲੇ ਮੰਜੇ 'ਤੇ ਰੋਟੀ ਖਾਣ ਵਾਲਾ ਸੁਆਦ ਕਿਤੇ ਵੀ ਨਹੀਂ ਆਇਆ।" ਹੁਣ ਕੁਲਦੀਪ ਨੂੰ ਵੀ ਆਪਣੇ ਵਿਹੜੇ ਵਿੱਚ ਲੱਗੀ ਟਾਹਲੀ ਸਵਰਗ ਦਾ ਨਜ਼ਾਰਾ ਜਾਪੀ।

***

## ਛੋਟੀ ਸੋਚ

**ਲਾਭ ਸਿੰਘ ਸ਼ੇਰਗਿੱਲ**

ਉਸ ਨੇ ਆਪਣੇ ਨੇੜੇ ਖੜ੍ਹੇ ਮੁਲਾਜ਼ਮਾਂ ਨੂੰ ਗੱਲਾਂ ਕਰਦੇ ਸੁਣਿਆ। ਉਨ੍ਹਾਂ ਵਿੱਚੋਂ ਇੱਕ ਕਹਿ ਰਿਹਾ ਸੀ, ਜੇ ਕੰਮ ਹੀ ਕਰਨਾ ਹੁੰਦਾ ਤਾਂ ਦਿਹਾੜੀ ਨਾ ਕਰ ਲੈਂਦੇ, ਐਸ਼ ਕਰੀਦੀ ਐ ਐਸ਼, ਏਦਾਂ ਹੀ ਦਿਹਾੜੀ ਕੁੱਟੀਦੀ ਐ।

ਬਾਕੀ ਵੀ ਸ਼ਾਇਦ ਉਸ ਦੀ ਗੱਲ 'ਤੇ ਮੁਸਕਰਾ ਕੇ ਸਹਿਮਤੀ ਦੇ ਰਹੇ ਸਨ।

ਸੀਮਿੰਟ ਨਾਲ ਰਲਾਏ ਮਸਾਲੇ ਦਾ ਚੇਪਾ ਤਸਲੇ ਵਿੱਚ ਪਾ ਕੇ ਮਿਸਤਰੀ ਨੂੰ ਪਾਉਂਦਿਆਂ ਉਹ ਸੋਚ ਰਿਹਾ ਸੀ ਕਿ ਅਨਪੜ੍ਹ ਤੇ ਨੀਵੇਂ ਤਾਂ ਸਾਨੂੰ ਸਮਝਿਆ ਜਾਂਦਾ ਹੈ ਪਰ..।

# ਮੇਰੀ ਕਲਮ

## ਕੀਮਤੀ ਜਾਨ ਗੁਆਓ ਨਾ

**ਸੁਹਿੰਦਰ ਬੀਰ**

ਧੀਆਂ ਪੁੱਤ ਹੱਟਾਂ ’ਤੇ ਨਹੀਂ ਮਿਲਦੇ,
ਕਦੇ ਮੌਤ ਦੇ ਮੂੰਹ ਵਿੱਚ ਪਾਓ ਨਾ।
ਘਰ ਵਰਗੀ ਕਿਧਰੇ ਰੀਸ ਨਹੀਂ
ਪਰਦੇਸਾਂ ਨੂੰ ਅਜ਼ਮਾਓ ਨਾ
ਮੇਰੇ ਵੀਰੋ ਭੰਗ ਦੇ ਭਾੜੇ ਵਿੱਚ
ਇਹ ਕੀਮਤੀ ਜਾਨ ਗਵਾਓ ਨਾ
ਮੈਂ ਜਾਣਦਾ ਹਾਂ ਕਿ ਸਭ ਨੇ ਹੀ
ਗ਼ੁਰਬਤ ਦੀਆਂ ਮਾਰਾਂ ਝੱਲੀਆਂ ਨੇ।
ਸਾਡੇ ਮੱਥੇ ਵਿਚਲੀਆਂ ਸੋਚਾਂ ਵੀ
ਕੁਝ ਸ਼ਾਹੀ ਸੁਪਨਿਆਂ ਮੱਲੀਆਂ ਨੇ।
ਅੰਬਰ ਤੱਕ ਉੱਚਾ ਉੱਡਣ ਲਈ
ਜਿੰਦ ਜੋਖ਼ਮ ਦੇ ਵਿੱਚ ਪਾਓ ਨਾ
ਮੇਰੀ ਧਰਤੀ ਦੇ ਸ਼ਹਿਜ਼ਾਦੇ ਵੀ
ਹੁਣ ਚਕਾਚੌਂਧ ਵਿੱਚ ਆ ਗਏ ਨੇ।
ਖ਼ਾਬਾਂ ਦੀ ਦੁਨੀਆਂ ਵਿੱਚ ਮੋਹਿਤ
ਘਰ ਅਪਣੇ ਤੋਂ ਉਕਤਾ ਗਏ ਨੇ।
ਘਰ ਵਰਗੀ ਜੰਨਤ ਲੱਭਣੀ ਨਹੀਂ
ਐਵੇਂ ਅੱਖੀਆਂ ਨੂੰ ਭਰਮਾਓ ਨਾ
ਆਪਣੀ ਸਰਦਾਰੀ ਛੱਡ ਕੇ ਨਾ
ਤੁਸੀਂ ਵਾਂਗ ਭਿਖਾਰੀ ਬਣ ਜਾਣਾ।
ਮਾਵਾਂ ਤੇ ਛਾਵਾਂ ਤੋਂ ਸੱਖਣੇ
ਲੈ ਲੈ ਕੇ ਹਾਉਕੇ ਪਛਤਾਣਾ।
ਦੋ ਬੁਰਕੀਆਂ ਯਾਰੋ ਘੱਟ ਖਾ ਲਓ!
ਪਰ ਜਾਨ ਤਾਂ ਇੰਜ ਗਵਾਓ ਨਾ
ਮੈਂ ਐਸੀ ਧਰਤੀ ਵੇਖੀ ਨਾ,
ਜਿੱਥੇ ਰੁੱਖ ਨੂੰ ਡਾਲਰ ਲੱਗਦੇ ਨੇ
ਪਰ ਗੱਭਰੂ ਡਾਲਰ ਤੋੜਨ ਲਈ,
ਮੈਂ ਸੂਲੀ ਚੜ੍ਹਦੇ ਵੇਖੇ ਨੇ।
ਜੇ ਡਾਲਰ ਤੋੜਨ ਦਾ ਚਾਓ,
ਘਰ ਛੱਡ ਕੇ ਕਿਧਰੇ ਜਾਓ ਨਾ
ਅੱਖੀਆਂ ਵਿੱਚ ਅੱਥਰੂ ਭਰਦਾ ਹਾਂ,
ਜਦ ਤੜਫ਼ਦਿਆਂ ਨੂੰ ਵੇਖਦਾ ਹਾਂ।
ਜੋ ਮਹਿਲ ਮੁਨਾਰੇ ਛੱਡ ਗਏ ਸੀ
ਹੁਣ ਕਲਪਦਿਆਂ ਨੂੰ ਵੇਖਦਾ ਹਾਂ।
ਬੋਹੜਾਂ ਦੀਆਂ ਠੰਢੀਆਂ ਛਾਵਾਂ ਛੱਡ
ਮਲ੍ਹਿਆਂ ਦੀ ਜੂਨ ਹੰਢਾਓ ਨਾ।

## ਵਕਤ

**ਕੁਲਵਿੰਦਰ ਵਿਰਕ**

ਤਬਦੀਲੀ ਦੇ ਇਸ ਦੌਰ ਅੰਦਰ
ਵਕਤ
ਤੀਬਰਤਾ ਨਾਲ ਤਬਦੀਲ ਹੋ ਰਿਹੈ..
ਜਿੱਥੇ ਕੱਲ੍ਹ ਲਿਆਕਤ
ਅਪਣੱਤ
ਭਾਈਚਾਰਾ
ਅਤੇ ਨਜ਼ਾਕਤ ਸੀ-
ਅੱਜਕੱਲ੍ਹ ਉੱਥੇ
ਬੇਗਾਨਗੀ ਦਾ ਅਹਿਸਾਸ ਹੈ
ਸਾੜੇ ਅਤੇ ਨਫ਼ਰਤਾਂ ਦਾ ਵਾਸ ਹੈ
ਤੇਜ਼ੀ ਨਾਲ ਬਦਲਦੇ ਵਕਤ ਅੰਦਰ
ਕਿੰਨਾ ਕੁਝ
ਪਿੱਛੇ ਛੁੱਟਦਾ ਜਾ ਰਿਹੈ
ਰਿਸ਼ਤਿਆਂ ਦੀ ਭੀੜ ’ਚ
ਕਈ ਵਾਰ ਤਾਂ ਲੱਗਦੈ
ਕਿ ਦਮ ਘੁੱਟਦਾ ਜਾ ਰਿਹੈ
ਆਰਥਿਕ ਪਾੜਾ ਹੋਰ ਵਧ ਰਿਹੈ
ਜੰਗ ਭਿਆਨਕ ਹੋਣ ਲੱਗੀ ਹੈ
ਇੱਕ-ਦੂਜੇ ਤੋਂ ਅੱਗੇ ਨਿਕਲਣ ਦੀ
ਦੌੜ ਜਿਹੀ ਲੱਗੀ ਹੈ
ਵਕਤ ਤੀਬਰਤਾ ਨਾਲ ਤਬਦੀਲ ਹੋ ਰਿਹੈ
ਗੁਨਾਹਾਂ ਦਾ ਭਰਿਆ ਬੰਦਾ
ਆਪੇ ਹੀ ਜੱਜ
ਵਕੀਲ
ਅਪੀਲ
ਤੇ ਆਪੇ ਹੀ ਦਲੀਲ ਹੋ ਰਿਹੈ
ਵਕਤ ਬਦਲ ਰਿਹੈ
ਵਕਤ ਸਦਾ ਹੀ
ਬਦਲਦਾ ਆਇਐ
ਵਕਤ ਨੇ ਬਦਲਦੇ ਹੀ ਰਹਿਣਾ ਹੈ !

## ਸਫ਼ਰ ਲੰਮੇਰਾ

**ਹਰਜੀਤ ਸਿੰਘ ਮੋਹਾਲੀ**

ਸਫ਼ਰ ਲੰਮੇਰਾ ’ਤੇ ਹਨ੍ਹੇਰੀ ਰਾਤ ਦਾ ਏ
ਮੁੱਖ ਦਿਸਦਾ ਨਾ ਅਜੇ ਪ੍ਰਭਾਤ ਦਾ ਏ
ਖ਼ੂੰਖ਼ਾਰ ਆਵਾਜ਼ਾਂ ਦਹਿਲ ਪਾਉਂਦੀਆਂਨੇ
ਹੱਲ ਓਹੜਦਾ ਨਾ ਅਜੇ ਹਾਲਾਤ ਦਾ ਏ
ਪਥਰਾਏ ਮਨੁੱਖ ਮੂਰਤੀਆਂ ਜਾਪਦੇ ਨੇ
ਕਤਲ ਹੋ ਰਿਹਾ ਕੋਮਲ ਜਜ਼ਬਾਤ ਦਾ ਏ
ਦਿਨ ਚੜ੍ਹਦਾ ਤਪਦੇ ਮਾਰੂਥਲ ਵਰਗਾ
ਇੰਤਜ਼ਾਰ ਲੰਮਾ ਹੋ ਗਿਆ ਬਰਸਾਤ ਦਾ ਏ
ਫ਼ੂਕ ਫ਼ੂਕ ਰੱਖ ਕੇ ਤੂੰ ਕਦਮ ਵਧਾਈ ਚੱਲ
ਧਿਆਨ ਧਰ ਲ ?ਈਂ ਵਿਛੀ ਬਿਸਾਤ ਦਾ ਏ
ਲਹੂ ਲਿਬੜੇ ਦਾਮਨਾਂ ਦੀ ਭੀੜ ਉਮੜੀ
ਮੁੱਲ ਭੁੱਲ ਬੈਠੇ ਇੰਨਸਾਨੀ ਇਨਾਇਤ ਦਾ ਏ
ਇਹ ਸ਼ਾਨੋ ਸ਼ੌਕਤਾਂ ਤਾਂ ਧੁੱਪਾਂ ਛਾਵਾਂ ਨਿਆਈਂ
ਗਰੂਰ ਕਰਨਾ ਭਲਾਂ ਦੱਸ ਕਿਸ ਬਾਤ ਦਾ ਏ
ਇਹ ਸਾਹ ਬਖ਼ਸੇ ? ਨੇ ਜ਼ਖਮਾਂ ’ਤੇ ਟਕੋਰਾਂ ਲ ?ਈ
ਭੁੱਲ ਗਿਆ ਤੂੰ ਵੀ ਕਿ ਪੁੱਤਲਾ ਹੱਡ ਮਾਸ ਦਾ ਏ
ਹਰ ਪੱਲ ਵੱਧ ਰਿਹਾ ਸਿਵਿਆਂ ਦੀਆਂ ਰਾਹਵਾਂ ਨੂੰ
ਹੱਲ ਕੀਤਾ ਨਾ ਅਜੇ ਵੀ ਅੰਦਰਲੀ ਘਾਤ ਦਾ ਏ

## ਔਰਤ ਦਿਵਸ

**ਜਗਜੀਤ ਸਿੰਘ ਲੱਡਾ**

ਗੱਲਾਂ-ਬਾਤਾਂ ਦੇ ਵਿੱਚ ਹੀ ਹੁੰਦਾ ਔਰਤ ਦਾ ਸਤਿਕਾਰ।
ਕੋਈ ਨਾ ਦਿੰਦਾ ਉਸਨੂੰ ਖ਼ੁਸ਼ੀਆਂ ਮਾਣਨ ਦਾ ਅਧਿਕਾਰ।
ਬਚਪਨ ਤੋਂ ਵਿਆਹ ਤੱਕ ਪਿਓ, ਵੀਰਾਂ ਤੋਂ ਡਰ ਕੇ ਰਹਿੰਦੀ,
ਵਿਆਹ ਪਿੱਛੋਂ ਪਤੀ, ਪੁੱਤਰ ਦੀ ਹਰ ਗੱਲ ’ਤੇ ਜੀ ਕਹਿੰਦੀ,
ਸੱਸ, ਸਹੁਰੇ, ਨਣਦਾਂ ਤੋਂ ਡਰਦੀ ਜ਼ਿੰਦਗੀ ਦਿੰਦੀ ਗੁਜ਼ਾਰ।
ਕੋਈ ਨਾ ਦਿੰਦਾ ਔਰਤ ਨੂੰ ਖ਼ੁਸ਼ੀ ਮਾਣਨ ਦਾ ਅਧਿਕਾਰ।
ਲੱਗ ਨੌਕਰੀ ਬੌਸ ਦੇ ਹਰ ਇੱਕ ਨਖਰੇ ਨੂੰ ਹੈ ਜਰਦੀ,
ਹੋਵੇ ਭਾਵੇਂ ਵਧੀਕੀ ਪਰ ਛੇਤੀ ਚੂੰ-ਚਾਂ ਨਹੀਓਂ ਕਰਦੀ,
ਕਿਉਂਕਿ ਇੱਥੇ ਇੱਜ਼ਤ ਦੇ ਨਾਲ ਜੁੜਿਆ ਹੁੰਦਾ ਰੁਜ਼ਗਾਰ।
ਕੋਈ ਨਾ ਦਿੰਦਾ ਔਰਤ ਨੂੰ ਖ਼ੁਸ਼ੀ ਮਾਣਨ ਦਾ ਅਧਿਕਾਰ।
ਸਭ ਧਾਰਮਿਕ ਅਸਥਾਨ ਵੀ ਬੰਦਿਆਂ ਨੇ ਸੰਭਾਲੇ ਹੋਏ,
ਬੱਚਾ ਹੋਣ ਦੀ ਸੁੱਖ ਮੰਗਦੀ ਡੇਰਿਆਂ ’ਚ ਜਵਾਨੀ ਖੋਏ,
ਬੇਔਲਾਦ ਨੂੰ ਬਾਂਝ ਕਹਿ-ਕਹਿ ਜਿਊਣ ਨਾ ਦੇਵੇ ਸੰਸਾਰ।
ਕੋਈ ਨਾ ਦਿੰਦਾ ਔਰਤ ਨੂੰ ਖ਼ੁਸ਼ੀ ਮਾਣਨ ਦਾ ਅਧਿਕਾਰ।
ਅਸਲ ’ਚ ਔਰਤ ਦਿਵਸ ‘ਲੱਡੇ’ ਮੈਨੂੰ ਲੱਗੇ ਓਦਣ ਹੋਊ,
ਜਿੱਦਣ ਇਸ ਧਰਤੀ ਦੀ ਕੋਈ ਵੀ ਔਰਤ ਅੱਖ ਨਾ ਚੋਊ,
ਆਓ ਰੋਕੀਏ ਇਕੱਠੇ ਹੋ ਦਾਜ, ਕੁੱਟ ਅਤੇ ਬਲਾਤਕਾਰ।
ਸਾਰੇ ਦੇਈਏ ਔਰਤ ਨੂੰ ਖ਼ੁਸ਼ੀ ਮਾਣਨ ਦਾ ਅਧਿਕਾਰ।

## ਨਾਰੀ ਜੰਨਤ ਦੀ ਪਰਿਭਾਸ਼ਾ

**ਬਲਵਿੰਦਰ ‘ਬਾਲਮ’ ਗੁਰਦਾਸਪੁਰ**



ਨਾਰੀ ਜੰਨਤ ਦੀ ਪਰਿਭਾਸ਼ਾ।
ਨਾਰੀ ਪੀੜ੍ਹੀ ਦੀ ਅਭਿਲਾਸ਼ਾ।
ਨਾਰੀ ਮੰਦਿਰ ਵਿੱਚ ਜਿਉਂ ਜਯੋਤੀ।
ਨਾਰੀ ਮਮਤਾ ਵਾਲੀ ਗੋਦੀ।
ਨਾਰੀ ਸ਼ੁਭ ਮੰਗਲ ਅਭਿਵਾਦਨ।
ਨਾਰੀ ਮਾਰੂਥਲ ਵਿੱਚ ਸਾਵਣ।
ਨਾਰੀ ਅਗਨੀ ਵਾਲਾ ਮੰਜ਼ਰ।
ਨਾਰੀ ਦੁਸ਼ਮਣ ਦੇ ਲਈ ਖੰਜਰ।
ਨਾਰੀ ਸਤਿਅਮ ਸੁੰਦਰਮ ਸ਼ਕਤੀ।
ਨਾਰੀ ਪੂਜਾ ਨਾਰੀ ਭਗਤੀ।
ਨਾਰੀ ਬੰਦਨਵਾਰ ਜਿਉਂ ਦਰ ’ਤੇ।
ਨਾਰੀ ਕਿਰਪਾ ਦ੍ਰਿਸ਼ਟੀ ਘਰ ’ਤੇ।
ਨਾਰੀ ਜਿਉਂ ਖਿੜਦੀ ਖੁਸ਼ਹਾਲੀ।
ਨਾਰੀ ਸਾਰੇ ਜਗ ਦੀ ਵਾਲੀ।
ਨਾਰੀ ਵਗਦਾ ਦਰਿਆ ਹੈ ਪਰ।
ਨਾਰੀ ਚੜ੍ਹਦੇ ਹੜ੍ਹ ਦਾ ਹੈ ਡਰ।
ਨਾਰੀ ਮੰਗਲ ਕਲਸ਼ ਪਿਆਰਾ।
ਨਾਰੀ ਰੱਬ ਦਾ ਰੂਪ ਨਿਆਰਾ।
ਨਾਰੀ ਕਰਕੇ ਇਹ ਸੰਸਾਰ।
ਨਾਰੀ ਕਰਕੇ ਸਭ ਭੰਡਾਰ।
ਨਾਰੀ ਮਿਹਰਾਂ ਵਾਲੀ ਦਾਤੀ।
ਨਾਰੀ ਸੂਰਜ ਵਾਲੀ ਝਾਤੀ।
ਨਾਰੀ ਕੋਮਲ ਗੰਦਲ ਵਾਂਗੂੰ।
ਨਾਰੀ ਖੁਸ਼ਬੂ ਚੰਦਨ ਵਾਂਗੂੰ।
ਨਾਰੀ ਵੇਲ ਮੁਹੱਬਤ ਵਾਲੀ।
ਨਾਰੀ ਫੁੱਲਾਂ ਲੱਦੀ ਡਾਲੀ।
ਨਾਰੀ ਸਰਬ ਕਲਾ ਸੰਪੂਰਨ।
ਨਾਰੀ ਅਰਪਨ ਨਾਰੀ ਦਰਪਨ।
ਨਾਰੀ ਸਾਰੇ ਜੱਗ ਦੀ ਜਨਨੀ।
ਨਾਰੀ ਜਿਉਂ ਦੀਵੇ ਦੀ ਅਗਨੀ।
ਨਾਰੀ ‘ਬਾਲਮ’ ਪਾਕ ਪਵਿੱਤਰ।
ਨਾਰੀ ਸਭ ਤੋਂ ਸੱਚਾ ਮਿੱਤਰ।

## ਖ਼ਾਹਸ਼ਾਂ ਦੀ ਧੂੜ ਦੇ ਤੂਫ਼ਾਨ ਵਿੱਚ

**ਆਗ਼ਾ ਨਿਸਾਰ**

ਖ਼ਾਹਸ਼ਾਂ ਦੀ ਧੂੜ ਦੇ ਤੂਫ਼ਾਨ ਵਿੱਚ ।
ਲੱਭ ਰਿਹਾ ਹਾਂ ਮੈਂ ਵਫ਼ਾ ਇਨਸਾਨ ਵਿੱਚ ।

ਦੋ ਕਦਮ ਦਾ ਫ਼ਾਸਲਾ ਵੀ ਹੈ ਤਵੀਲ,
ਹੌਸਲਾ ਹੋਵੇ ਨਾ ਜੇ ਇਨਸਾਨ ਵਿੱਚ ।

ਆਰਜ਼ੂ ਦਾ ਹਰ ਸਫ਼ੀਨਾ ਡੁਬ ਗਿਆ,
ਨਾਉਮੀਦੀ ਦੇ ਚੜ੍ਹੇ ਤੂਫ਼ਾਨ ਵਿੱਚ ।

ਮੈਂ ਸਦਾ ਕਰਨਾ ਵਾਂ ਉਹਦੀ ਜੁਸਤਜੂ,
ਤੇਰੇ ਭਾਣੇ ਜੋ ਨਹੀਂ ਅਮਕਾਨ ਵਿੱਚ ।

ਖ਼ੌਫ਼ ਖਾਂਦਾ ਆਪ ਉਹ ਇਨਸਾਨ ਤੋਂ,
ਅਕਲ ਹੁੰਦੀ ਜੇ ਕਦੇ ਹੈਵਾਨ ਵਿੱਚ ।

ਫਿਰ ਰਿਆਇਆ ਕਿਉਂ ਮੁਖ਼ਾਲਿਫ਼ ਹੋ ਗਈ,
ਜੇ ਬੁਰਾਈ ਕੁਝ ਨਹੀਂ ਸੁਲਤਾਨ ਵਿੱਚ ।

ਜਦ ਕਸ਼ਿਸ਼ ‘ਆਗ਼ਾ’ ਵਿਖਾਈ ਕੁਫ਼ਰ ਨੇ,
ਤਾਜ਼ਗੀ ਆਈ ਮੇਰੇ ਈਮਾਨ ਵਿੱਚ ।

## ਅਕਾਲ ਤਖ਼ਤ ਨਹੀਂ ਘੇਰੀ ਦਾ

**ਗਿਆਨੀ ਕੇਵਲ ਸਿੰਘ**
**ਸਾਬਕਾ ਜਥੇਦਾਰ ਤਖ਼ਤ ਸ੍ਰੀ ਦਮਦਮਾ ਸਾਹਿਬ**



ਸ਼ਾਬਾਸ਼ ਜਥੇਦਾਰ ਜੀ ਤੁਸੀਂ ਕਦਮ ਉਠਾਇਆ ਦਲੇਰੀ ਦਾ।
ਸਮਝ ਆਵੇਗਾ ਹੁਣ ਗਦਾਰਾਂ ਤਾਂਈ ਅਕਾਲ ਤਖ਼ਤ ਨਹੀਂ ਘੇਰੀ ਦਾ।
ਠਿੱਬੀਆਂ ਲਾਉਣ ਗਿੱਝੇ ਨੇ ਜੋ ਚੁਫੇਰਿਓਂ ਗਦਾਰ ਅਟੇਰੀ ਦਾ।
ਪੰਥ ਨਾਲ ਧੋਖਾ ਦਗਾ ਕਮਾਉਣਾ ਨਿਸ਼ਾਨਾ ਹੇਰਾ-ਫ਼ੇਰੀ ਦਾ।
ਕਦਮ ਜੇ ਤੁਹਾਡੇ ਹੋਰ ਮਜ਼ਬੂਤ ਹੋਣਗੇ ਪੰਥ ਨਾਲ ਕਰ ਨਹੀਂ ਸਕਦੇ।
ਪਿੱਠ ਦਿੱਤਿਆਂ ਆਦੇਸ਼ਾਂ ਤਾਈਂ ਕੰਮ ਇਨ੍ਹਾਂ ਦੇ ਸਰ ਨਹੀਂ ਸਕਦੇ।
ਚਾਲ ਬਾਜ਼ੀਆਂ ਉਘੜ ਆਈਆਂ ਹਾਮੀ ਚੋਰਾਂ ਭਰ ਨਹੀਂ ਸਕਦੇ।
ਜਿਵੇਂ ਭੱਜ ਗਏ ਨੇ ਪਿੱਠ ਦਿਖਾ ਕੇ ਏਦਾਂ ਬੇੜੇ ਕਦੀ ਤਰ ਨਹੀਂ ਸਕਦੇ।
ਪ੍ਰਧਾਨ ਸ਼੍ਰੋਮਣੀ ਕਮੇਟੀ ਦੀ ਬੁੱਧ ਮਾਰੀ ਗਦਾਰਾਂ ਨਾਲ ਨਿਭਾਈ ਜਾਰੀ।
ਕਿਉਂ ਨਹੀਂ ਆਦੇਸ਼ਾਂ ਨਾਲ ਖੜਿਆ ਬੇਈਮਾਨੀ ਕਿਉਂ ਕੀਤੀ ਭਾਰੀ।
ਇਮਾਨਦਾਰੀ ਦਾ ਸੀ ਚਿਹਰਾ ਇਸ ਦਾ ਬੁੱਕਲ ਵਿੱਚ ਕਿਉਂ ਰੱਖੀ ਕਟਾਰੀ।
ਜੇਕਰ ਇਹ ਨਾਲ ਆਦੇਸ਼ਾਂ ਖੜ੍ਹਦਾ ਮਿਲਨੀ ਭਲ ਸੀ ਇਸ ਨੂੰ ਭਾਰੀ।
ਤਖ਼ਤ ਅਕਾਲ ਤੋਂ ਭਗੌੜਿਆਂ ਤਾਈਂ ਤਨਖ਼ਾਹੀਏ ਛੇਤੀ ਐਲਾਨ ਕਰ ਦਿਓ।
ਆਦੇਸ਼ਾਂ ਤਾਈਂ ਇਨ੍ਹਾਂ ਕਿਉਂ ਨਹੀਂ ਮੰਨਿਆ ਕਰਨ ਸਪਸ਼ਟ ਫੁਰਮਾਨ ਕਰ ਦਿਓ।
ਪੰਥਕ ਨਿਰਣਿਆਂ ਮਜ਼ਾਕ ਜੁ ਕੀਤਾ ਨਕਾਬੀ ਚਿਹਰਾ ਇਨ੍ਹਾਂ ਸਾਫ ਕਰ ਦਿਓ।
ਆਨੀ ਕਾਨੀ ਜੇ ਰਤਾ ਆਦੇਸ਼ਾਂ ਤੋਂ ਕਰਦੇ ਤੁਸੀਂ ਪੂਰਾ ਇਨ੍ਹਾਂ ਦਾ ਹਿਸਾਬ ਕਰ ਦਿਓ।

# ਚੈਂਪੀਅਨਜ਼ ਟਰਾਫ਼ੀ ’ਚ ‘ਚੈਂਪੀਅਨ’ ਬਣਿਆ ਭਾਰਤ

## ਭਾਰਤ ਨੇ ਨਿਊਜ਼ੀਲੈਂਡ ਨੂੰ ਚਾਰ ਵਿਕਟਾਂ ਨਾਲ ਹਰਾ ਕੇ ਰਿਕਾਰਡ ਤੀਜੀ ਵਾਰ ਚੈਂਪੀਅਨਜ਼ ਟਰਾਫ਼ੀ ਕੀਤੀ ਆਪਣੇ ਨਾਂਅ

ਦੁਬਈ/ਏ.ਟੀ.ਨਿਊਜ਼: ਸਪਿੰਨਰਾਂ ਦੀ ਸ਼ਾਨਦਾਰ ਗੇਂਦਬਾਜ਼ੀ ਮਗਰੋਂ ਰੋਹਿਤ ਸ਼ਰਮਾ ਦੀ ਧਮਾਕੇਦਾਰ ਬੱਲੇਬਾਜ਼ੀ ਦੀ ਬਦੌਲਤ ਭਾਰਤ ਨੇ ਨਿਊਜ਼ੀਲੈਂਡ ਨੂੰ ਚਾਰ ਵਿਕਟਾਂ ਨਾਲ ਹਰਾ ਕੇ ਰਿਕਾਰਡ ਤੀਜੀ ਵਾਰ ਚੈਂਪੀਅਨਜ਼ ਟਰਾਫ਼ੀ ਆਪਣੇ ਨਾਂਅ ਕੀਤੀ ਹੈ। ਰੋਹਿਤ ਸ਼ਰਮਾ ਦੀ ਕਪਤਾਨੀ ਹੇਠ ਟੀ-20 ਵਿਸ਼ਵ ਕੱਪ-2024 ਜਿੱਤਣ ਤੋਂ ਬਾਅਦ ਭਾਰਤ ਨੇ ਦੂਜਾ ਆਈ.ਸੀ.ਸੀ. ਖਿਤਾਬ ਜਿੱਤਿਆ ਹੈ। ਭਾਰਤ ਨੇ ਟੂਰਨਾਮੈਂਟ ’ਚ ਇੱਕ ਵੀ ਮੈਚ ਗੁਆਏ ਬਿਨਾਂ 2002 ਤੇ 2013 ਤੋਂ ਬਾਅਦ ਤੀਜੀ ਵਾਰ ਖਿਤਾਬ ਹਾਸਲ ਕੀਤਾ ਹੈ। ਹੋਰ ਕੋਈ ਵੀ ਟੀਮ ਤਿੰਨ ਵਾਰ ਇਹ ਟਰਾਫ਼ੀ ਨਹੀਂ ਜਿੱਤ ਸਕੀ। ਰੋਹਿਤ ਸ਼ਰਮਾ ਨੂੰ ‘ਮੈਨ ਆਫ਼ ਦਿ ਮੈਚ’ ਐਲਾਨਿਆ ਗਿਆ।




ਸਪਿੰਨਰ ਕੁਲਦੀਪ ਯਾਦਵ ਤੇ ਵਰੁਣ ਚਕਰਵਰਤੀ ਨੇ ਹਾਲਾਤ ਦਾ ਫ਼ਾਇਦਾ ਉਠਾਉਂਦਿਆਂ ਬਿਹਤਰੀਨ ਗੇਂਦਬਾਜ਼ੀ ਕੀਤੀ ਪਰ ਡੈਰਿਲ ਮਿਸ਼ੇਲ ਤੇ ਮਾਈਕਲ ਬ੍ਰੇਸਵੈੱਲ ਨੇ ਸੰਜਮ ਨਾਲ ਨੀਮ ਸੈਂਕੜੇ ਜੜਦਿਆਂ ਨਿਊਜ਼ੀਲੈਂਡ ਦੀ ਟੀਮ ਨੇ ਸੱਤ ਵਿਕਟਾਂ ’ਤੇ 251 ਦੌੜਾਂ ਦਾ ਮਜ਼ਬੂਤ ਸਕੋਰ ਦਿੱਤਾ। ਰੋਹਿਤ ਸ਼ਰਮਾ ਨੇ 83 ਗੇਂਦਾਂ ’ਚ 76 ਦੌੜਾਂ ਬਣਾ ਕੇ ਜਿੱਤ ਦੀ ਨੀਂਹ ਰੱਖੀ ਤੇ ਭਾਰਤ ਨੇ ਇੱਕ ਓਵਰ ਬਾਕੀ ਰਹਿੰਦਿਆਂ ਛੇ ਵਿਕਟਾਂ ਗੁਆ ਕੇ ਟੀਚਾ ਹਾਸਲ ਕਰ ਲਿਆ। ਕੇ.ਐੱਲ. ਰਾਹੁਲ ਨੇ ਫ਼ਿਨਿਸ਼ਰ ਦੀ ਭੂਮਿਕਾ ਨਿਭਾਉਂਦਿਆਂ ਨਾਬਾਦ 34 ਦੌੜਾਂ ਬਣਾਈਆਂ। ਸਲਾਮੀ ਬੱਲੇਬਾਜ਼ ਸ਼ੁਭਮਨ ਗਿੱਲ ਨੇ 31 ਦੌੜਾਂ ਬਣਾਈਆਂ ਤੇ ਪਹਿਲੀ ਵਿਕਟ ਲਈ ਰੋਹਿਤ ਨਾਲ ਮਿਲ ਕੇ 105 ਦੌੜਾਂ ਜੋੜੀਆਂ। ਵਿਰਾਟ ਕੋਹਲੀ ਸਿਰਫ਼ ਇੱਕ ਦੌੜ ਹੀ ਬਣਾ ਸਕਿਆ। ਸ਼੍ਰੇਅਸ ਅਈਅਰ ਨੇ 48 ਤੇ ਅਕਸ਼ਰ ਪਟੇਲ ਨੇ 29 ਦੌੜਾਂ ਦਾ ਯੋਗਦਾਨ ਪਾਇਆ।

ਇਸ ਤੋਂ ਪਹਿਲਾਂ ਨਿਊਜ਼ੀਲੈਂਡ ਨੇ ਟਾਸ ਜਿੱਤ ਕੇ ਪਹਿਲਾਂ ਬੱਲੇਬਾਜ਼ੀ ਕਰਨ ਦਾ ਫ਼ੈਸਲਾ ਕੀਤਾ ਪਰ ਇਸ ਦੇ ਬੱਲੇਬਾਜ਼ ਟਿਕ ਕੇ ਖੇਡ ਨਹੀਂ ਸਕੇ, ਜਿਸ ਮਗਰੋਂ ਡੈਰਿਲ ਮਿਸ਼ੇਲ ਤੇ ਮਾਈਕਲ ਬ੍ਰੇਸਵੈੱਲ ਨੇ ਪਾਰੀ ਸੰਭਾਲੀ ਤੇ ਟੀਮ ਦਾ ਸਕੋਰ ਸੱਤ ਵਿਕਟਾਂ ’ਤੇ 251 ਦੌੜਾਂ ਤੱਕ ਪਹੁੰਚਾਇਆ। ਮਿਸ਼ੇਲ ਨੇ 101 ਗੇਂਦਾਂ ਵਿੱਚ 63 ਦੌੜਾਂ, ਜਦਕਿ ਕਿ ਬ੍ਰੇਸਵੈੱਲ ਨੇ 40 ਗੇਂਦਾਂ ਵਿੱਚ 53 ਦੌੜਾਂ ਜੋੜੀਆਂ।

ਨਿਊਜ਼ੀਲੈਂਡ ਦੀ ਸ਼ੁਰੂਆਤ ਚੰਗੀ ਰਹੀ। ਟੀਮ ਨੇ ਦਸ ਓਵਰਾਂ ਵਿੱਚ ਇੱਕ ਵਿਕਟ ’ਤੇ 69 ਦੌੜਾਂ ਬਣਾਈਆਂ। ਛੇਵੇਂ ਓਵਰ ਵਿੱਚ ਗੇਂਦਬਾਜ਼ੀ ਕਰਨ ਆਏ ਵਰੁਣ ਚੱਕਰਵਰਤੀ ਨੇ ਵਿਲ ਯੰਗ ਨੂੰ ਪੈਵੇਲੀਅਨ ਵਾਪਸ ਭੇਜਿਆ। ਮਗਰੋਂ ਕਪਤਾਨ ਰੋਹਿਤ ਸ਼ਰਮਾ ਨੇ 11ਵੇਂ ਓਵਰ ਵਿੱਚ ਗੇਂਦ ਸਪਿੰਨਰ ਕੁਲਦੀਪ ਯਾਦਵ ਨੂੰ ਸੌਂਪ ਦਿੱਤੀ, ਜਿਸ ਨੇ ਇੱਕ ਵਾਰ ਤਾਂ ਮੈਚ ਦਾ ਰੁਖ਼ ਹੀ ਬਦਲ ਦਿੱਤਾ। ਉਸ ਨੇ ਆਪਣੀ ਪਹਿਲੀ ਹੀ ਗੇਂਦ ’ਤੇ ਰਚਿਨ ਰਵਿੰਦਰਾ ਨੂੰ ਆਊਟ ਕਰ ਦਿੱਤਾ। ਆਪਣੇ ਅਗਲੇ ਓਵਰ ਵਿੱਚ ਉਸ ਨੇ ਕੇਨ ਵਿਲੀਅਮਸਨ ਦਾ ਰਿਟਰਨ ਕੈਚ ਲੈ ਕੇ ਨਿਊਜ਼ੀਲੈਂਡ ਨੂੰ ਵੱਡਾ ਝਟਕਾ ਦਿੱਤਾ। ਨਿਊਜ਼ੀਲੈਂਡ ਨੇ 12.2 ਓਵਰਾਂ ਵਿੱਚ 75 ਦੌੜਾਂ ’ਤੇ 3 ਵਿਕਟਾਂ ਗੁਆ ਲਈਆਂ। ਨਿਊਜ਼ੀਲੈਂਡ ਦੀ ਟੀਮ ਭਾਰਤ ਦੇ ਸਪਿੰਨ ਹਮਲੇ ਦਾ ਸਾਹਮਣਾ ਨਹੀਂ ਕਰ ਸਕੀ ਅਤੇ ਅਗਲੀਆਂ 81 ਗੇਂਦਾਂ ਵਿੱਚ ਕੋਈ ਚੌਕਾ ਨਹੀਂ ਮਾਰ ਸਕੀ। ਇਸ ਮਗਰੋਂ ਗਲੈੱਨ ਫ਼ਿਲਿਪਸ ਨੇ ਕੁਲਦੀਪ ਦੀ ਗੇਂਦ ’ਤੇ ਛੱਕਾ ਮਾਰ ਕੇ ਟੀਮ ਨੂੰ ਦਬਾਅ ’ਚੋਂ ਬਾਹਰ ਲਿਆਉਣ ਦੀ ਕੋਸ਼ਿਸ਼ ਕੀਤੀ।

ਕੁਲਦੀਪ ਅਤੇ ਵਰੁਣ ਨੂੰ ਪਿੱਚ ਤੋਂ ਕਾਫ਼ੀ ਮਦਦ ਮਿਲੀ, ਜਦਕਿ ਅਕਸ਼ਰ ਪਟੇਲ ਅਤੇ ਰਵਿੰਦਰ ਜਡੇਜਾ ਨੇ ਆਪਣੀ ਗਤੀ ਨਾਲ ਬੱਲੇਬਾਜ਼ਾਂ ਨੂੰ ਪ੍ਰੇਸ਼ਾਨ ਕੀਤਾ। ਭਾਰਤੀ ਸਪਿੰਨਰਾਂ ਨੇ 38 ਓਵਰ ਸੁੱਟੇ ਅਤੇ ਸਿਰਫ਼ 144 ਦੌੜਾਂ ਦਿੱਤੀਆਂ। ਵਰੁਣ ਨੇ ਫ਼ਿਲਿਪਸ ਨੂੰ ਆਊਟ ਕਰਕੇ ਪੰਜਵੀਂ ਵਿਕਟ ਲਈ 57 ਦੌੜਾਂ ਦੀ ਭਾਈਵਾਲੀ ਤੋੜੀ। ਫ਼ਿਲਿਪਸ ਉਸ ਦੀ ਗੁਗਲੀ ਦਾ ਸ਼ਿਕਾਰ ਹੋਇਆ। ਦੂਜੇ ਸਿਰੇ ਤੋਂ ਮਿਸ਼ੇਲ ਹੌਲੀ-ਹੌਲੀ ਸਕੋਰ ਅੱਗੇ ਵਧਾਉਂਦਾ ਰਿਹਾ ਅਤੇ 91 ਗੇਂਦਾਂ ਵਿੱਚ ਆਪਣਾ ਨੀਮ ਸੈਂਕੜਾ ਪੂਰਾ ਕੀਤਾ। ਉਸ ਨੇ ਬ੍ਰੇਸਵੈੱਲ ਨਾਲ ਛੇਵੀਂ ਵਿਕਟ ਲਈ 46 ਦੌੜਾਂ ਦੀ ਭਾਈਵਾਲੀ ਕੀਤੀ। ਮਗਰੋਂ ਸ਼ਮੀ ਨੇ ਉਸ ਨੂੰ ਪੈਵੇਲੀਅਨ ਵਾਪਸ ਭੇਜਿਆ। ਨਿਊਜ਼ੀਲੈਂਡ ਨੇ ਆਖਰੀ ਪੰਜ ਓਵਰਾਂ ਵਿੱਚ ਕੁੱਲ 50 ਦੌੜਾਂ ਬਣਾਈਆਂ।

### ਰੋਹਿਤ ਵੱਲੋਂ ਆਈ.ਸੀ.ਸੀ. ਚੈਂਪੀਅਨਸ਼ਿਪ ਦੇ ਫ਼ਾਈਨਲ ’ਚ ਪਹਿਲੀ ਵਾਰ ਨੀਮ ਸੈਂਕੜਾ

ਦੁਬਈ: ਭਾਰਤੀ ਕਪਤਾਨ ਰੋਹਿਤ ਸ਼ਰਮਾ ਨੇ ਚੈਂਪੀਅਨਜ਼ ਟਰਾਫ਼ੀ ਦੇ ਫ਼ਾਈਨਲ ਵਿੱਚ ਨੀਮ ਸੈਂਕੜਾ ਜੜਿਆ, ਜੋ ਉਸ ਦਾ ਆਈ.ਸੀ.ਸੀ. ਟੂਰਨਾਮੈਂਟ ਦੇ ਕਿਸੇ ਖ਼ਿਤਾਬੀ ਮੁਕਾਬਲੇ ਵਿੱਚ ਪਹਿਲਾ ਨੀਮ ਸੈਂਕੜਾ ਹੈ। ਨਿਊਜ਼ੀਲੈਂਡ ਖ਼ਿਲਾਫ਼ ਚੈਂਪੀਅਨਜ਼ ਟਰਾਫ਼ੀ ਦੇ ਫ਼ਾਈਨਲ ਮੈਚ ’ਚ 252 ਦੌੜਾਂ ਦੇ ਟੀਚੇ ਦਾ ਪਿੱਛਾ ਕਰਦਿਆਂ ਭਾਰਤੀ ਕਪਤਾਨ ਨੇ 83 ਗੇਂਦਾਂ ’ਚ ਸ਼ਾਨਦਾਰ 76 ਦੌੜਾਂ ਦੀ ਪਾਰੀ ਖੇਡੀ। ਉਨ੍ਹਾਂ ਦਾ ਆਈ.ਸੀ.ਸੀ. ਮੁਕਾਬਲਿਆਂ ਦੇ ਫ਼ਾਈਨਲ ’ਚ ਇਹ ਸਭ ਤੋਂ ਬਿਹਤਰੀਨ ਸਕੋਰ ਹੈ। ਰੋਹਿਤ ਹੁਣ ਸੌਰਵ ਗਾਂਗੁਲੀ (117 ਦੌੜਾਂ), ਸਨਤ ਜੈਸੂਰਿਆ (74) ਅਤੇ ਦੱਖਣੀ ਅਫ਼ਰੀਕਾ ਦੇ ਹੰਸੀ ਕਰੋਨੇ (ਨਾਬਾਦ 61 ਦੌੜਾਂ) ਦੀ ਸੂਚੀ ’ਚ ਸ਼ੁਮਾਰ ਹੋ ਗਏ ਹਨ ਜਿਨ੍ਹਾਂ ਨੇ ਕਪਤਾਨ ਰਹਿੰਦਿਆਂ ਅਹਿਮ ਟੂਰਨਾਮੈਂਟਾਂ ਦੇ ਫ਼ਾਈਨਲ ’ਚ ਨੀਮ ਸੈਂਕੜੇ ਜੜੇ ਸਨ। ਰੋਹਿਤ ਨੇ 2008 ਦੀ ਕਾਮਨਵੈਲਥ ਬੈਂਕ ਸੀਰੀਜ਼ ਦੌਰਾਨ ਐੱਸ.ਸੀ.ਜੀ. ’ਚ ਆਸਟ੍ਰੇਲੀਆ ਖ਼ਿਲਾਫ਼ 66 ਦੌੜਾਂ ਬਣਾਈਆਂ ਸਨ ਅਤੇ ਇਸ ਮੌਕੇ ਬਣਾਈਆਂ 76 ਦੌੜਾਂ ਇਕ ਰੋਜ਼ਾ ਮੈਚਾਂ ਦੇ ਫ਼ਾਈਨਲ ’ਚ ਸਭ ਤੋਂ ਵਧ ਦੌੜਾਂ ਹਨ।

## ਪ੍ਰਧਾਨ ਮੰਤਰੀ ਮੋਦੀ ਵੱਲੋਂ ਟੀਮ ਨੂੰ ਜਿੱਤ ਦੀ ਵਧਾਈ



ਨਵੀਂ ਦਿੱਲੀ/ਏ.ਟੀ.ਨਿਊਜ਼: ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਆਈ.ਸੀ.ਸੀ. ਚੈਂਪੀਅਨਜ਼ ਟਰਾਫ਼ੀ ਜਿੱਤਣ ਲਈ ਭਾਰਤੀ ਕ੍ਰਿਕਟ ਟੀਮ ਦੀ ਸ਼ਲਾਘਾ ਕਰਦਿਆਂ ਕਿਹਾ ਕਿ ਖਿਡਾਰੀਆਂ ਨੇ ਪੂਰੇ ਟੂਰਨਾਮੈਂਟ ’ਚ ਸ਼ਾਨਦਾਰ ਪ੍ਰਦਰਸ਼ਨ ਕੀਤਾ ਹੈ। ਪ੍ਰਧਾਨ ਮੰਤਰੀ ਨੇ ਐਕਸ ’ਤੇ ਕਿਹਾ, ‘ਇੱਕ ਅਸਧਾਰਨ ਮੁਕਾਬਲਾ ਤੇ ਇੱਕ ਅਸਧਾਰਨ ਨਤੀਜਾ। ਆਈ.ਸੀ.ਸੀ. ਚੈਂਪੀਅਨਜ਼ ਟਰਾਫ਼ੀ ਘਰ ਲਿਆਉਣ ਲਈ ਸਾਨੂੰ ਆਪਣੀ ਕ੍ਰਿਕਟ ਟੀਮ ’ਤੇ ਮਾਣ ਹੈ।’ ਉਨ੍ਹਾਂ ਕਿਹਾ, ‘ਖਿਡਾਰੀਆਂ ਨੇ ਪੂਰੇ ਟੂਰਨਾਮੈਂਟ ’ਚ ਸ਼ਾਨਦਾਰ ਪ੍ਰਦਰਸ਼ਨ ਕੀਤਾ ਹੈ। ਸ਼ਾਨਦਾਰ ਹਰਫ਼ਨਮੌਲਾ ਪ੍ਰਦਰਸ਼ਨ ਲਈ ਸਾਡੀ ਟੀਮ ਨੂੰ ਵਧਾਈ।’ ਇਸੇ ਤਰ੍ਹਾਂ ਕੇਂਦਰੀ ਗ੍ਰਹਿ ਮੰਤਰੀ ਅਮਿਤ ਸ਼ਾਹ, ਉੱਤਰ ਪ੍ਰਦੇਸ਼ ਦੇ ਮੁੱਖ ਮੰਤਰੀ ਯੋਗੀ ਆਦਿੱਤਿਆਨਾਥ ਤੇ ਹੋਰਾਂ ਨੇ ਵੀ ਭਾਰਤੀ ਕ੍ਰਿਕਟ ਟੀਮ ਨੂੰ ਵਧਾਈ ਦਿੱਤੀ ਹੈ।

# ਇੱਕ ਰੋਜ਼ਾ ਕ੍ਰਿਕਟ ਨੂੰ ਹਾਲੇ ਅਲਵਿਦਾ ਨਹੀਂ ਕਹਾਂਗਾ: ਰੋਹਿਤ



ਦੁਬਈ/ਏ.ਟੀ. ਨਿਊਜ਼: ਭਾਰਤੀ ਕਪਤਾਨ ਰੋਹਿਤ ਸ਼ਰਮਾ ਨੇ ਬੀਤੇ ਦਿਨ ਚੈਂਪੀਅਨਜ਼ ਟਰਾਫ਼ੀ ਜਿੱਤਣ ਮਗਰੋਂ ਸਪੱਸ਼ਟ ਕੀਤਾ ਕਿ ਉਹ ਹਾਲੇ ਇੱਕ ਰੋਜ਼ਾ ਕ੍ਰਿਕਟ ਨੂੰ ਅਲਵਿਦਾ ਨਹੀਂ ਕਹਿਣ ਵਾਲਾ। ਆਸਟਰੇਲੀਆ ਦੌਰੇ ਤੋਂ ਹੀ ਰੋਹਿਤ ਦੀ ਕਪਤਾਨੀ ਅਤੇ ਟੀਮ ਵਿੱਚ ਉਸ ਦੀ ਜਗ੍ਹਾ ਬਾਰੇ ਕਿਆਸ ਲਾਏ ਜਾ ਰਹੇ ਸਨ। ਚੈਂਪੀਅਨਜ਼ ਟਰਾਫ਼ੀ ਦੇ ਫ਼ਾਈਨਲ ਵਿੱਚ 76 ਦੌੜਾਂ ਦੀ ਸ਼ਾਨਦਾਰ ਪਾਰੀ ਖੇਡਣ ਵਾਲੇ ਰੋਹਿਤ ਨੇ ਪ੍ਰੈਸ ਕਾਨਫ਼ਰੰਸ ਵਿੱਚ ਕਿਹਾ, ‘ਮੈਂ ਇੱਕ ਰੋਜ਼ਾ ਕ੍ਰਿਕਟ ਤੋਂ ਸੰਨਿਆਸ ਨਹੀਂ ਲੈ ਰਿਹਾ। ਕਿਰਪਾ ਕਰਕੇ ਅਫ਼ਵਾਹਾਂ ਨਾ ਫ਼ੈਲਾਓ।” ਜਦੋਂ ਉਸ ਨੂੰ ਭਵਿੱਖ ਦੀਆਂ ਯੋਜਨਾਵਾਂ ਬਾਰੇ ਪੁੱਛਿਆ ਗਿਆ ਤਾਂ ਉਸ ਨੇ ਕਿਹਾ, ‘ਭਵਿੱਖ ਦੀਆਂ ਹਾਲੇ ਕੋਈ ਯੋਜਨਾਵਾਂ ਨਹੀਂ ਹਨ, ਜੋ ਹੋ ਰਿਹਾ ਹੈ ਉਹ ਜਾਰੀ ਰਹੇਗਾ।’ ਇਸ ਦੌਰਾਨ ਉਸ ਨੇ ਚੈਂਪੀਅਨਜ਼ ਟਰਾਫ਼ੀ ਦੀ ਜਿੱਤ ਦੇਸ਼ ਨੂੰ ਸਮਰਪਿਤ ਕਰਦਿਆਂ ਕਿਹਾ, ‘ਇਹ ਜਿੱਤ ਪੂਰੇ ਦੇਸ਼ ਲਈ ਹੈ ਕਿਉਂਕਿ ਮੈਂ ਜਾਣਦਾ ਹਾਂ ਕਿ ਦੇਸ਼ ਸਾਡੇ ਨਾਲ ਹੈ।’

ਰੋਹਿਤ ਨੇ ਕਿਹਾ ਕਿ ਪਾਵਰਪਲੇਅ ਵਿੱਚ ਹਮਲਾਵਰ ਰੁਖ ਅਖਿਤਆਰ ਕਰਨ ਦਾ ਫ਼ੈਸਲਾ ਖਾਸ ਟੀਚੇ ਨੂੰ ਧਿਆਨ ਵਿੱਚ ਰੱਖ ਕੇ ਲਿਆ ਗਿਆ ਸੀ। ਉਸ ਨੇ ਕਿਹਾ, ‘ਮੈਂ ਅੱਜ ਕੁਝ ਵੱਖਰਾ ਨਹੀਂ ਕੀਤਾ। ਮੈਂ ਪਿਛਲੇ ਤਿੰਨ-ਚਾਰ ਮੈਚਾਂ ਤੋਂ ਇਹੀ ਕਰ ਰਿਹਾ ਸੀ।

ਮੈਨੂੰ ਪਤਾ ਹੈ ਕਿ ਪਾਵਰਪਲੇਅ ਵਿੱਚ ਦੌੜਾਂ ਬਣਾਉਣਾ ਕਿੰਨਾ ਅਹਿਮ ਹੈ ਕਿਉਂਕਿ ਅਸੀਂ ਦੇਖਿਆ ਹੈ ਕਿ 10 ਓਵਰਾਂ ਤੋਂ ਬਾਅਦ ਦੌੜਾਂ ਬਣਾਉਣਾ ਮੁਸ਼ਕਲ ਹੋ ਜਾਂਦਾ ਹੈ।’ ਉਸ ਨੇ ਕਿਹਾ, ‘ਪਿੱਚ ਸੁਸਤ ਸੀ ਅਤੇ ਦੌੜਾਂ ਬਣਾਉਣਾ ਹੋਰ ਵੀ ਮੁਸ਼ਕਲ ਹੋ ਗਿਆ। ਅਜਿਹੀ ਸਥਿਤੀ ਵਿੱਚ ਸ਼ੁਰੂ ਤੋਂ ਹੀ ਜੋਖ਼ਮ ਲੈਣਾ ਜ਼ਰੂਰੀ ਸੀ। ਮੈਂ ਉਸ ਗੇਂਦਬਾਜ਼ ਨੂੰ ਚੁਣਿਆ, ਜਿਸ ਖ਼ਿਲਾਫ਼ ਮੈਂ ਦੌੜਾਂ ਬਣਾ ਸਕਦਾ ਹਾਂ। 10 ਓਵਰਾਂ ਤੋਂ ਬਾਅਦ ਮੈਂ ਆਪਣੀ ਖੇਡ ਵਿੱਚ ਕੁਝ ਬਦਲਾਅ ਕੀਤੇ ਕਿਉਂਕਿ ਮੈਂ ਟਿਕ ਕੇ ਖੇਡਣਾ ਚਾਹੁੰਦਾ ਸੀ।’

# ਹਾਕੀ ਇੰਡੀਆ ਨੇ ਲਗਾਈ ਇਨਾਮਾਂ ਦੀ ਝੜੀ

## ਅੱਠ ਪੁਰਸਕਾਰਾਂ ਲਈ 32 ਖਿਡਾਰੀ ਨਾਮਜ਼ਦ, 15 ਨੂੰ ਕੀਤਾ ਜਾਵੇਗਾ ਸਨਮਾਨ

ਨਵੀਂ ਦਿੱਲੀ/ਏ.ਟੀ.ਨਿਊਜ਼: ਹਾਕੀ ਇੰਡੀਆ ਨੇ ਆਪਣੇ ਸੱਤਵੇਂ ਸਾਲਾਨਾ ਪੁਰਸਕਾਰਾਂ ਲਈ 12 ਕਰੋੜ ਰੁਪਏ ਦੀ ਰਿਕਾਰਡ ਇਨਾਮੀ ਰਾਸ਼ੀ ਦਾ ਐਲਾਨ ਕੀਤਾ ਹੈ। ਇਸ ਲਈ ਅੱਠ ਵਰਗਾਂ ਵਿੱਚ 32 ਖਿਡਾਰੀਆਂ ਨੂੰ ਨਾਮਜ਼ਦ ਕੀਤਾ ਗਿਆ ਹੈ। ਸਾਲਾਨਾ ਇਨਾਮ ਵੰਡ ਸਮਾਗਮ ਸ਼ਨਿਚਰਵਾਰ ਨੂੰ ਇੱਥੇ ਕਰਵਾਇਆ ਜਾਵੇਗਾ, ਜਿਸ ਵਿੱਚ 2024 ਸੀਜ਼ਨ ’ਚ ਬਿਹਤਰੀਨ ਪ੍ਰਦਰਸ਼ਨ ਕਰਨ ਵਾਲੇ ਖਿਡਾਰੀਆਂ ਦਾ ਸਨਮਾਨ ਕੀਤਾ ਜਾਵੇਗਾ। ਇਸ ਦੌਰਾਨ ਸਾਲ ਦੇ ਸਰਵੋਤਮ ਖਿਡਾਰੀ ਨੂੰ ਵੱਕਾਰੀ ਬਲਬੀਰ ਸਿੰਘ ਸੀਨੀਅਰ ਪੁਰਸਕਾਰ ਦਿੱਤਾ ਜਾਵੇਗਾ।

ਨੌਜਵਾਨ ਖਿਡਾਰੀਆਂ ਦਾ ਵੀ ਸਨਮਾਨ ਕੀਤਾ ਜਾਵੇਗਾ। ਜੁਗਰਾਜ ਸਿੰਘ ਪੁਰਸਕਾਰ ਸਾਲ ਦੇ ਉਭਰਦੇ ਸਰਵੋਤਮ ਪੁਰਸ਼ ਖਿਡਾਰੀ ਜਦਕਿ ਅਸੁੰਤਾ ਲਾਕੜਾ ਪੁਰਸਕਾਰ ਸਾਲ ਦੀ ਉਭਰਦੀ ਮਹਿਲਾ ਖਿਡਾਰਨ ਨੂੰ ਦਿੱਤਾ ਜਾਵੇਗਾ। ਇਨ੍ਹਾਂ ਤੋਂ ਇਲਾਵਾ ਸਾਲ ਦੇ ਸਰਵੋਤਮ ਗੋਲਕੀਪਰ ਲਈ ਬਲਜੀਤ ਸਿੰਘ ਪੁਰਸਕਾਰ, ਸਾਲ ਦੇ ਸਰਵੋਤਮ ਡਿਫੈਂਡਰ ਲਈ ਪਰਗਟ ਸਿੰਘ ਪੁਰਸਕਾਰ, ਸਰਵੋਤਮ ਮਿਡਫੀਲਡਰ ਲਈ ਅਜੀਤ ਪਾਲ ਸਿੰਘ ਪੁਰਸਕਾਰ ਅਤੇ ਸਰਵੋਤਮ ਫਾਰਵਰਡ ਲਈ ਧਨਰਾਜ ਪਿੱਲੈ ਪੁਰਸਕਾਰ ਦਿੱਤੇ ਜਾਣਗੇ। ਇਸ ਸਾਲ ਦੇ ਪੁਰਸਕਾਰ ਉਸ ਦਿਨ ਦਿੱਤੇ ਜਾਣਗੇ, ਜਿਸ ਦਿਨ 50 ਸਾਲ ਪਹਿਲਾਂ 1975 ਵਿੱਚ ਭਾਰਤੀ ਪੁਰਸ਼ ਟੀਮ ਨੇ ਵਿਸ਼ਵ ਕੱਪ ਜਿੱਤਿਆ ਸੀ। ਇਹ ਦੇਸ਼ ਦਾ ਹੁਣ ਤੱਕ ਦਾ ਪਹਿਲਾ ਤੇ ਇੱਕੋ-ਇੱਕ ਖਿਤਾਬ ਹੈ। ਇਸ ਦੇ ਨਾਲ ਹੀ 2025 ਵਿੱਚ ਭਾਰਤੀ ਹਾਕੀ ਦੇ 100 ਸਾਲ ਵੀ ਪੂਰੇ ਹੋ ਜਾਣਗੇ। ਦੇਸ਼ ਨੂੰ 7 ਨਵੰਬਰ 1925 ਨੂੰ ਕੌਮਾਂਤਰੀ ਹਾਕੀ ਫੈਡਰੇਸ਼ਨ (ਐੱਫ.ਆਈ.ਐੱਚ.) ਤੋਂ ਮਾਨਤਾ ਮਿਲੀ ਸੀ। ਇਸ ਦੌਰਾਨ ਉਲੰਪਿਕ ਵਿੱਚ ਕਾਂਸੇ ਦਾ ਤਗ਼ਮਾ ਜੇਤੂ ਭਾਰਤੀ ਟੀਮ ਦਾ ਸਨਮਾਨ ਵੀ ਕੀਤਾ ਜਾਵੇਗਾ। ਇਸ ਤੋਂ ਇਲਾਵਾ ਪਿਛਲੇ ਸਾਲ ਏਸ਼ਿਆਈ ਚੈਂਪੀਅਨਜ਼ ਟਰਾਫੀ ਜਿੱਤਣ ਵਾਲੀਆਂ ਪੁਰਸ਼ ਅਤੇ ਮਹਿਲਾ ਟੀਮਾਂ ਤੇ ਜੂਨੀਅਰ ਏਸ਼ੀਆ ਕੱਪ ਜਿੱਤਣ ਵਾਲੀਆਂ ਪੁਰਸ਼ ਅਤੇ ਮਹਿਲਾ ਟੀਮਾਂ ਵੀ ਸਨਮਾਨਿਤ ਹੋਣਗੀਆਂ।

### ਅਭਿਸ਼ੇਕ, ਹਾਰਦਿਕ, ਹਰਮਨਪ੍ਰੀਤ ਤੇ ਸੁਖਜੀਤ ਸਰਵੋਤਮ ਖਿਡਾਰੀ ਲਈ ਨਾਮਜ਼ਦ







ਹਾਕੀ ਇੰਡੀਆ ਸਾਲਾਨਾ ਪੁਰਸਕਾਰ 2024 ਦੇ ਸਰਵੋਤਮ ਪੁਰਸ਼ ਖਿਡਾਰੀ ਲਈ ਅਭਿਸ਼ੇਕ, ਹਾਰਦਿਕ ਸਿੰਘ, ਹਰਮਨਪ੍ਰੀਤ ਸਿੰਘ ਅਤੇ ਸੁਖਜੀਤ ਸਿੰਘ ਨਾਮਜ਼ਦ ਕੀਤੇ ਗਏ ਹਨ। ਇਸੇ ਤਰ੍ਹਾਂ ਸਰਵੋਤਮ ਮਹਿਲਾ ਖਿਡਾਰਨ ਲਈ ਸਵਿਤਾ ਪੂਨੀਆ, ਸਲੀਮਾ ਟੇਟੇ, ਸੰਗੀਤਾ ਕੁਮਾਰੀ ਅਤੇ ਨਵਨੀਤ ਕੌਰ, ਸਰਵੋਤਮ ਗੋਲਕੀਪਰ ਲਈ ਬਿੱਚੂ ਦੇਵੀ, ਕ੍ਰਿਸ਼ਨ ਬਹਾਦਰ ਪਾਠਕ, ਪੀਆਰ ਸ੍ਰੀਜੇਸ਼ ਅਤੇ ਸਵਿਤਾ, ਸਰਵੋਤਮ ਡਿਫੈਂਡਰ ਲਈ ਸੰਜੈ, ਅਮਿਤ ਰੋਹਿਦਾਸ, ਹਰਮਨਪ੍ਰੀਤ ਸਿੰਘ ਅਤੇ ਉਦਿਤਾ, ਸਰਵੋਤਮ ਮਿਡਫੀਲਡਰ ਲਈ ਜਰਮਨਪ੍ਰੀਤ ਸਿੰਘ, ਹਾਰਦਿਕ ਸਿੰਘ, ਨੀਲਕਾਂਤ ਸ਼ਰਮਾ ਅਤੇ ਸੁਮਿਤ; ਸਰਵੋਤਮ ਫਾਰਵਰਡ ਲਈ ਲਾਲਰੇਮਸਿਆਮੀ, ਅਭਿਸ਼ੇਕ, ਸੁਖਜੀਤ ਸਿੰਘ ਅਤੇ ਨਵਨੀਤ ਕੌਰ, ਉੱਭਰਦੀ ਮਹਿਲਾ ਖਿਡਾਰਨ (21 ਸਾਲ ਤੋਂ ਘੱਟ) ਲਈ ਬਿਊਟੀ ਡੁੰਗਡੁੰਗ, ਦੀਪਿਕਾ, ਵੈਸ਼ਨਵੀ ਵਿੱਠਲ ਫਾਲਕੇ ਅਤੇ ਸੁਨੇਲਿਤਾ ਟੋਪੋ; ਉੱਭਰਦੇ ਪੁਰਸ਼ ਖਿਡਾਰੀ (21 ਸਾਲ ਤੋਂ ਘੱਟ) ਲਈ ਅਰਸ਼ਦੀਪ ਸਿੰਘ, ਅਮੀਰ ਅਲੀ, ਸ਼ਰਦਾਨੰਦ ਤਿਵਾੜੀ ਅਤੇ ਅਰਾਇਜੀਤ ਸਿੰਘ ਹੁੰਦਲ ਨਾਮਜ਼ਦ ਹਨ।

# ‘ਅਮਰ ਸਿੰਘ ਚਮਕੀਲਾ’ ਅਤੇ ‘ਪੰਚਾਇਤ 3’ ਨੂੰ ਮਿਲਿਆ ਆਈਫ਼ਾ ਡਿਜੀਟਲ ਐਵਾਰਡ

## ਇਮਤਿਆਜ਼ ਅਲੀ ਸਰਵੋਤਮ ਨਿਰਦੇਸ਼ਕ ਬਣੇ






ਜੈਪੁਰ/ਏ.ਟੀ.ਨਿਊਜ਼: ਫ਼ਿਲਮ ਨਿਰਮਾਤਾ ਇਮਤਿਆਜ਼ ਅਲੀ ਦੀ ‘ਅਮਰ ਸਿੰਘ ਚਮਕੀਲਾ’ ਅਤੇ ਵੈੱਬ ਸੀਰੀਜ਼ ‘ਪੰਚਾਇਤ’ ਦੇ ਤੀਜਾ ਸੀਜ਼ਨ ਨੂੰ ਇੱਥੇ ਆਈਫ਼ਾ ਡਿਜੀਟਲ ਐਵਾਰਡ 2025 ਵਿੱਚ ਸਿਖਰਲਾ ਸਥਾਨ ਮਿਲਿਆ। ਇਹ ਸਮਾਗਮ ਜੈਪੁਰ ਵਿੱਚ ਕਰਵਾਇਆ ਗਿਆ, ਜਿਸ ਦੇ ਸਿਲਵਰ ਜੁਬਲੀ ਸਮਾਰੋਹ ਦੌਰਾਨ ਪਹਿਲੇ ਆਈਫ਼ਾ ਡਿਜੀਟਲ ਐਵਾਰਡ ਦਿੱਤੇ ਗਏ। ਇਸ ਮੌਕੇ ਨੋਰਾ ਫ਼ਤੇਹੀ, ਸਚਿਨ-ਜਿਗਰ, ਸ਼੍ਰੇਆ ਘੋਸ਼ਾਲ ਅਤੇ ਮੀਕਾ ਸਿੰਘ ਨੇ ਪੇਸ਼ਕਾਰੀ ਦਿੱਤੀ ਜਦਕਿ ਸਮਾਗਮ ਦੀ ਮੇਜ਼ਬਾਨੀ ਅਪਾਰਸ਼ਕਤੀ ਖੁਰਾਨਾ, ਵਿਜੇ ਵਰਮਾ ਅਤੇ ਅਭਿਸ਼ੇਕ ਬੈਨਰਜੀ ਨੇ ਕੀਤੀ। ਨੈੱਟਫਲਿਕਸ ’ਤੇ ਦਿਲਜੀਤ ਦੋਸਾਂਝ ਦੀ ਫ਼ਿਲਮ ‘ਅਮਰ ਸਿੰਘ ਚਮਕੀਲਾ’ ਨੇ ਸਰਵੋਤਮ ਫ਼ਿਲਮ ਦਾ ਪੁਰਸਕਾਰ ਜਿੱਤਿਆ ਜਦੋਂ ਕਿ ਅਲੀ ਨੂੰ ਸਰਵੋਤਮ ਨਿਰਦੇਸ਼ਕ ਐਲਾਨਿਆ ਗਿਆ।

ਅਦਾਕਾਰੀ ਸ਼੍ਰੇਣੀਆਂ ਵਿੱਚ ਕ੍ਰਿਤੀ ਸੈਨਨ ਨੂੰ ‘ਦੋ ਪੱਤੀ’ ਦੀ ਮੁੱਖ ਭੂਮਿਕਾ ਲਈ ਸਰਵੋਤਮ ਖ਼ਿਤਾਬ (ਮਹਿਲਾ) ਮਿਲਿਆ। ਦੂਜੇ ਪਾਸੇ ਵਿਕਰਾਂਤ ਮੈਸੀ ਨੂੰ ਨੈੱਟਫਲਿਕਸ ਫ਼ਿਲਮ ‘ਸੈਕਟਰ 36’ ਲਈ ਸਰਵੋਤਮ ਅਦਾਕਾਰ (ਪੁਰਸ਼) ਐਲਾਨਿਆ ਗਿਆ ਜਦੋਂ ਕਿ ਉਸਦੇ ਸਹਿ-ਅਦਾਕਾਰ ਦੀਪਕ ਡੋਬਰਿਆਲ ਨੇ ਸਰਬੋਤਮ ਸਹਾਇਕ ਅਦਾਕਾਰ (ਪੁਰਸ਼) ਦਾ ਪੁਰਸਕਾਰ ਜਿੱਤਿਆ। ਸਭ ਤੋਂ ਵਧੀਆ ਸਹਾਇਕ ਅਦਾਕਾਰ (ਮਹਿਲਾ) ਦਾ ਪੁਰਸਕਾਰ ਅਨੁਪ੍ਰਿਆ ਗੋਇਨਕਾ ਨੂੰ ‘ਬਰਲਿਨ’ (ਜ਼ੀ5) ਵਿੱਚ ਉਸ ਦੇ ਬਿਹਤਰੀਨ ਪ੍ਰਦਰਸ਼ਨ ਲਈ ਦਿੱਤਾ ਗਿਆ। ਜ਼ਿਕਰਯੋਗ ਹੈ ਕਿ ਫ਼ਿਲਮ ਅਮਰ ਸਿੰਘ ਚਮਕੀਲਾ ਪੰਜਾਬ ਦੇ ਲੋਕਾਂ ਦੇ ਅਸਲੀ ਰੌਕਸਟਾਰ ਅਮਰ ਸਿੰਘ ਚਮਕੀਲਾ ਦੀ ਸੱਚੀ ਕਹਾਣੀ ’ਤੇ ਆਧਾਰਿਤ ਹੈ ਜਿਸ ਨੇ ਗਰੀਬੀ ਦੇ ਪਰਛਾਵੇਂ ਵਿੱਚੋਂ ਉਭਰ ਕੇ 80 ਦੇ ਦਹਾਕੇ ਵਿੱਚ ਆਪਣੇ ਸੰਗੀਤ ਦੇ ਬਲਬੂਤੇ ਪ੍ਰਸਿੱਧੀ ਹਾਸਲ ਕੀਤੀ ਸੀ। ਇਸ ਦੇ ਨਾਲ ਹੀ ਉਸ ਦੀ ਗਾਇਕੀ ਦੇ ਕਈ ਵਿਰੋਧੀ ਵੀ ਬਣ ਗਏ ਸਨ ਜਿਸ ਕਾਰਨ ਉਸ ਦੀ 27 ਸਾਲ ਦੀ ਉਮਰ ਵਿੱਚ ਹੱਤਿਆ ਕਰ ਦਿੱਤੀ ਗਈ। ਉਹ ਆਪਣੇ ਵੇਲੇ ਦੇ ਸਭ ਤੋਂ ਚਰਚਿਤ ਗਾਇਕਾਂ ਵਿਚੋਂ ਇੱਕ ਸੀ ਜਿਸ ਦੇ ਰਿਕਾਰਡ ਹਾਲੇ ਵੀ ਸ਼ੌਕ ਨਾਲ ਸੁਣੇ ਜਾਂਦੇ ਹਨ।

# ਪੰਜਾਬੀ ਗੀਤਕਾਰ ਜੰਡੂ ਲਿੱਤਰਾਂ ਵਾਲੇ ਦਾ ਦਿਹਾਂਤ



ਗਿੱਧਿਆਂ ਦੀ ਰਾਣੀਏਂ ਨੀ ਗਿੱਧੇ ਵਿੱਚ ਆ , ਹੁੰਦੇ ਮਾਪਿਆਂ ਨੂੰ ਪੁੱਤਰ ਪਿਆਰੇ ਜੁੱਗ ਜੁੱਗ ਜੀਣ ਬਈ ਸਦਾ , ਮੇਰੀ ਅੱਖ ਨਾਲ ਦੇਖ ਤੇਰੀ ਅੱਖ ਦੇਖਣ ਵਾਲੀ ਨਹੀਂ , ਪੱਬਾਂ ਉੱਤੇ ਪਾ ਕੇ ਸਾਰਾ ਭਾਰ ਬੱਲੇ ਬੱਲੇ ਸਣੇ ਅਨੇਕਾਂ ਸ਼ਾਨਦਾਰ ਗੀਤ ਲਿਖਣ ਵਾਲੇ ਗੀਤਕਾਰ ਹਰਬੰਸ ਸਿੰਘ ਜੰਡੂ ਲਿੱਤਰਾਂ ਵਾਲੇ ਇਸ ਦੁਨੀਆਂ ਨੂੰ ਹਮੇਸ਼ਾ ਲਈ ਅਲਵਿਦਾ ਕਹਿ ਗਏ ਹਨ।

ਹਰਬੰਸ ਸਿੰਘ ਜੰਡੂ ਲਿੱਤਰਾਂ ਵਾਲੇ 1967 ਵਿਚ ਇੰਗਲੈਂਡ ਜਾ ਕੇ ਵਸ ਗਏ ਸਨ। ਉਨ੍ਹਾਂ ਵਲੋਂ ਲਿਖੇ ਗੀਤ ਗਿੱਧਿਆਂ ਦੀ ਰਾਣੀਏ, ਨੀ ਗਿੱਧੇ ਵਿੱਚ ਆ...ਗਿੱਧੇ ਵਿੱਚ ਆ ਨੀਂ ਜ਼ਰਾ ਨੱਚ ਕੇ ਦਿਖਾ ਨੇ ਦੁਨੀਆਂ ਭਰ ਵਿੱਚ ਵਸਦੇ ਪੰਜਾਬੀਆਂ ਨੂੰ ਥਿਰਕਣ ਲਾ ਦਿਤਾ ਸੀ। ਉਨ੍ਹਾਂ ਦਾ ਜਨਮ ਜਲੰਧਰ ਜ਼ਿਲ੍ਹੇ ਦੇ ਪਿੰਡ ਲਿੱਤਰਾਂ ਵਿਚ ਹੋਇਆ ਸੀ। ਉਨ੍ਹਾਂ ਨੇ ਪਹਿਲੀ ਵਾਰ 1968 ਵਿੱਚ ਗੀਤ ਲਿਖਣੇ ਸ਼ੁਰੂ ਕੀਤੇ। ਉਨ੍ਹਾਂ ਨੇ ਬਹੁਤ ਸਾਰੇ ਮਸ਼ਹੂਰ ਗੀਤ ਲਿਖੇ ਹਨ ਅਤੇ ਪੰਜਾਬੀ ਇੰਡਸਟਰੀ ਵਿੱਚ ਬਹੁਤ ਨਾਮ ਕਮਾਇਆ ਹੈ।

ਦਸ ਦਈਏ ਕਿ ਪਿੰਡ ਤੋਂ ਲੈ ਕੇ ਦੇਸ਼-ਪ੍ਰਦੇਸ਼ ਤਕ ਜੰਡੂ ਲਿੱਤਰਾਂ ਵਾਲੇ ਦੀ ਝੋਲੀ ਅਨੇਕਾਂ ਮਾਣ-ਸਨਮਾਨ ਪਏ। ਜੰਡੂ ਲਿੱਤਰਾਂ ਵਾਲੇ ਦੇ ਤੁਰ ਜਾਣ ਨਾਲ ਪੰਜਾਬੀ ਸੰਗੀਤ ਜਗਤ ਵਿੱਚ ਸੋਗ ਦੀ ਲਹਿਰ ਫੈਲ ਗਈ ਹੈ।

# ਦਿਲਜੀਤ ਨੇ ਜ਼ਿੰਦਗੀ ’ਚ ਅੱਗੇ ਵਧਣ ਦਾ ਮੰਤਰ ਦੱਸਿਆ



ਪੰਜਾਬੀ ਗਾਇਕ ਦਿਲਜੀਤ ਦੁਸਾਂਝ ਨੇ ਆਪਣੀ ਜ਼ਿੰਦਗੀ ’ਚ ਸਫ਼ਲਤਾ ਦਾ ਮੰਤਰ ਲੋਕਾਂ ਨਾਲ ਸਾਂਝਾ ਕੀਤਾ ਹੈ, ਜੋ ਬੜਾ ਦਿਲਚਸਪ ਹੈ। ਇਸ ਸਬੰਧੀ ਇੰਸਟਾਗ੍ਰਾਮ ’ਤੇ ਦਿਲਜੀਤ ਨੇ ਕੁਝ ਫ਼ੋਟੋਆਂ ਸਾਂਝੀਆਂ ਕੀਤੀਆਂ ਹਨ। ਇਨ੍ਹਾਂ ਵਿੱਚ ਉਸ ਨੇ ਕਾਲੀ ਪੈਂਟ ਤੇ ਜੈਕੇਟ ਦੇ ਨਾਲ ਟੋਪੀ ਪਾਈ ਹੋਈ ਹੈ ਤੇ ਐਨਕਾਂ ਲਾਈਆਂ ਹੋਈਆਂ ਹਨ। ਉਹ ਲੰਬੇ ਅਤੇ ਤੰਗ ਰਸਤੇ ’ਚ ਖੜ੍ਹਾ ਹੈ, ਜਿਸ ਦੇ ਦੋਵੇਂ ਪਾਸੇ ਦਰੱਖਤ ਹਨ। ਇਨ੍ਹਾਂ ਨਾਲ ਕੈਪਸ਼ਨ ਵਿੱਚ ਉਸ ਨੇ ਲਿਖਿਆ ਹੈ, “ਜ਼ਿੰਦਗੀ ਬਹੁਤ ਛੋਟੀ ਹੈ.ਸਿਰਫ਼ ਇੰਨਾ ਹੀ ਆਖੋ ‘ਟੈਨਸ਼ਨ ਮਿੱਤਰਾਂ ਨੂੰ ਹੈ ਨੀ’ ਅਤੇ ਅੱਗੇ ਵਧੋ।” ਗਾਇਕ ਵੱਲੋਂ ਸੋਸ਼ਲ ਮੀਡੀਆ ’ਤੇ ਸਾਂਝੇ ਕੀਤੇ ਵੀਡੀਓ ਅਨੁਸਾਰ ਉਹ ਕੈਫ਼ੇ ਵਿੱਚ ਬੈਠਾ ਹੈ। ਇਸ ਵੀਡੀਓ ਦੇ ਪਿੱਛੇ ਉਸ ਦਾ ਗੀਤ ‘ਵਾਟਰ’ ਚੱਲ ਰਿਹਾ ਹੈ। ਗਾਇਕ ਨੇ ਕੈਪਸ਼ਨ ਲਿਖੀ ਹੈ, “ਲੋਕਾਂ ਨੇ ਕੀ ਕਹਿਣਾ ? ਮੈਨੂੰ ਕੌਫ਼ੀ ਨਾਲ ਪਿਆਰ ਹੈ।” ਦਿਲਜੀਤ ਨੇ ਹਾਲ ਹੀ ਵਿੱਚ ਮੁਲਕ ਭਰ ਵਿੱਚ ਆਪਣਾ ਸੰਗੀਤ ਟੂਰ ਮੁਕੰਮਲ ਕੀਤਾ ਹੈ। ਇਸ ਤੋਂ ਬਿਨਾਂ ਉਸ ਦੀ ਅਗਲੀ ਫ਼ਿਲਮ ‘ਪੰਜਾਬ 95’ ਵੀ ਰਿਲੀਜ਼ ਹੋਣ ਵਾਲੀ ਹੈ। ਇਹ ਫ਼ਿਲਮ ਮਨੁੱਖੀ ਹੱਕਾਂ ਲਈ ਲੜਨ ਵਾਲੇ ਜਸਵੰਤ ਸਿੰਘ ਖਾਲੜਾ ’ਤੇ ਆਧਾਰਿਤ ਹੈ। ਇਸ ਵਿੱਚ ਸਾਲ 1984 ਵਿੱਚ ਹੋਏ ਸਿੱਖ ਕਤਲੇਆਮ ਸਮੇਂ ਪੰਜਾਬ ਵਿੱਚ ਕੀਤੇ ਨੌਜਵਾਨਾਂ ਦੇ ਘਾਣ ਦਾ ਮਾਮਲਾ ਚੁੱਕਿਆ ਗਿਆ ਹੈ।

# ਗਾਇਕਾ ਸੁਨੰਦਾ ਸ਼ਰਮਾ ਅਤੇ ਨਿਰਮਾਤਾ ਪਿੰਕੀ ਧਾਲੀਵਾਲ ਵਿਚਾਲੇ ਪੈਦਾ ਹੋਇਆ ਵਿਵਾਦ

## ਧਾਲੀਵਾਲ ’ਤੇ ਗਾਇਕਾ ਸੁਨੰਦਾ ਸ਼ਰਮਾ ਨਾਲ ਧੋਖਾਧੜੀ ਕਰਨ ਤੇ ਧਮਕਾਉਣ ਦਾ ਦੋਸ਼





ਮੋਹਾਲੀ ਪੁਲਿਸ ਨੇ ਪੰਜਾਬੀ ਸੰਗੀਤ ਕੰਪਨੀ ਦੇ ਨਿਰਮਾਤਾ ਪੁਸ਼ਪਿੰਦਰ ਸਿੰਘ ਪਿੰਕੀ ਧਾਲੀਵਾਲ ਨੂੰ ਗ੍ਰਿਫ਼ਤਾਰ ਕੀਤਾ ਹੈ। ਉਸ ਖ਼ਿਲਾਫ਼ ਪੰਜਾਬੀ ਗਾਇਕਾ ਤੇ ਅਦਾਕਾਰਾ ਸੁਨੰਦਾ ਸ਼ਰਮਾ (33) ਨਾਲ ਧੋਖਾਧੜੀ ਤੇ ਜਾਅਲਸਾਜ਼ੀ ਕਰਨ ਅਤੇ ਅਪਰਾਧਿਕ ਧਮਕੀ ਦੇਣ ਦਾ ਦੋਸ਼ ਹੈ। ਗਾਇਕਾ ਦੀ ਸ਼ਿਕਾਇਤ ’ਤੇ ਪੁਲਿਸ ਨੇ ਮਟੌਰ ਥਾਣੇ ਵਿੱਚ ਪਰਚਾ ਦਰਜ ਕੀਤਾ ਹੈ।

ਸੁਨੰਦਾ ਸ਼ਰਮਾ ਨੇ ਦੋਸ਼ ਲਾਇਆ ਕਿ ਕਈ ਸਾਲਾਂ ਤੋਂ 250 ਕਰੋੜ ਰੁਪਏ ਕਮਾਉਣ ਦੇ ਬਾਵਜੂਦ ਉਸ ਨੂੰ ਕੋਈ ਭੁਗਤਾਨ ਨਹੀਂ ਕੀਤਾ ਗਿਆ। ਮੋਹਾਲੀ ਪੁਲਿਸ ਨੂੰ ਸ਼ਿਕਾਇਤ ’ਚ ਸੁਨੰਦਾ ਨੇ ਇਹ ਵੀ ਦੋਸ਼ ਲਾਇਆ ਕਿ ਪੁਸ਼ਪਿੰਦਰ ਧਾਲੀਵਾਲ ਨੇ ਆਪਣੇ ਪੁੱਤਰ ਗੁਰਕਰਨ ਧਾਲੀਵਾਲ ਦਾ ਵਿਆਹ ਉਸ (ਸੁਨੰਦਾ) ਨਾਲ ਕਰਵਾਉਣ ਦਾ ਝਾਂਸਾ ਦੇ ਕੇ ਉਸ ਦਾ ਕਥਿਤ ਸ਼ੋਸ਼ਣ ਵੀ ਕੀਤਾ।

ਜਦੋਂ ਮੀਡੀਆ ਨੇ ਪੁਸ਼ਪਿੰਦਰ ਧਾਲੀਵਾਲ ਤੋਂ ਪੱਖ ਜਾਣਨ ਦੀ ਕੋਸ਼ਿਸ਼ ਕੀਤੀ ਤਾਂ ਉਸ ਨੇ ਕੋਈ ਸਪੱਸ਼ਟ ਜਵਾਬ ਨਾ ਦਿੱਤਾ। ਇਸ ਤੋਂ ਬਾਅਦ ਪੁਲਿਸ ਮੁਲਾਜ਼ਮ ਉਸ ਨੂੰ ਆਪਣੇ ਨਾਲ ਲੈ ਗਏ।

**ਸੁਨੰਦਾ ਨੇ ਮਹਿਲਾ ਕਮਿਸ਼ਨ ਕੋਲ ਮਾਮਲਾ ਚੁੱਕਿਆ**

ਸੁਨੰਦਾ ਸ਼ਰਮਾ ਨੇ ਸੋਸ਼ਲ ਮੀਡੀਆ ਰਾਹੀਂ ਪੰਜਾਬ ਮਹਿਲਾ ਕਮਿਸ਼ਨ ਦੀ ਚੇਅਰਪਰਸਨ ਰਾਜ ਲਾਲੀ ਗਿੱਲ ਕੋਲ ਇਹ ਮਾਮਲਾ ਚੁੱਕਿਆ ਹੈ। ਉਸ ਨੇ ਪੋਸਟ ’ਚ ਪੰਜਾਬ ਦੇ ਮੁੱਖ ਮੰਤਰੀ ਭਗਵੰਤ ਮਾਨ ਨੂੰ ਵੀ ਟੈਗ ਕੀਤਾ। ਸੁਨੰਦਾ ਨੇ ਦੋਸ਼ ਲਾਇਆ ਸੀ ਕਿ ਸੰਗੀਤ ਕੰਪਨੀ ‘ਮੈਡ-4-ਮਿਊਜ਼ਿਕ’ ਉਸ ਦਾ ਬਕਾਇਆ ਨਹੀਂ ਦੇ ਰਹੀ ਤੇ ਉਸ ਨਾਲ ਕਰਾਰ ਹੋਣ ਦਾ ਦਾਅਵਾ ਕਰ ਰਹੀ ਹੈ। ਉਸ ਨੇ ਕਿਹਾ, “ਕੁਝ ਵਿਅਕਤੀ/ਇਕਾਈਆਂ ਮੇਰੇ ਪੇਸ਼ੇਵਰ ਰੁਝੇਵਿਆਂ ’ਤੇ ਵਿਸ਼ੇਸ਼ ਅਧਿਕਾਰ ਹੋਣ ਦਾ ਝੂਠਾ ਦਾਅਵਾ ਕਰ ਰਹੇ ਹਨ ਤੇ ਤੀਜੀ ਧਿਰ ਨੂੰ ਗੁੰਮਰਾਹ ਕਰ ਰਹੀਆਂ ਹਨ ਕਿ ਮੇਰਾ ਉਨ੍ਹਾਂ ਨਾਲ ਇਕਰਾਰ ਹੈ।” ਸੁਨੰਦਾ ਸ਼ਰਮਾ ਨੇ ਕਿਹਾ, “ਪਰ ਇਹ ਦਾਅਵੇ ਝੂਠੇ, ਧੋਖਾਧੜੀ ਵਾਲੇ, ਅਣਅਧਿਕਾਰਤ ਅਤੇ ਕਾਨੂੰਨੀ ਤੌਰ ’ਤੇ ਬੇਬੁਨਿਆਦ ਹਨ। ਮੇਰੇ ਰੁਝੇਵਿਆਂ ’ਚ ਵਿਘਨ ਪਾਉਣ ਵਾਲੇ ਵਿਰੁੱਧ ਕਾਨੂੰਨੀ ਕਾਰਵਾਈ ਕੀਤੀ ਜਾਵੇਗੀ।”

# ਹਿੰਦੀ ਸਿਨੇਮਾ ’ਚ ਔਰਤਾਂ ਲਈ ਬਰਾਬਰ ਦਾ ਮਿਹਨਤਾਨਾ ਦੂਰ ਦੀ ਗੱਲ: ਮਾਧੁਰੀ ਦੀਕਸ਼ਿਤ



ਜੈਪੁਰ/ਏ.ਟੀ.ਨਿਊਜ਼: ਬੌਲੀਵੁੱਡ ਅਦਾਕਾਰਾ ਮਾਧੁਰੀ ਦੀਕਸ਼ਿਤ ਦਾ ਮੰਨਣਾ ਹੈ ਕਿ ਹਿੰਦੀ ਸਿਨੇਮਾ ’ਚ ਮਰਦਾਂ ਦੇ ਬਰਾਬਰ ਮਿਹਨਤਾਨਾ ਮਿਲਣਾ ਹਾਲੇ ਦੂਰ ਦੀ ਗੱਲ ਹੈ ਕਿਉਂਕਿ ਔਰਤਾਂ ਨੂੰ ਹਰ ਵਾਰ ਖ਼ੁਦ ਨੂੰ ਸਾਬਿਤ ਕਰਨਾ ਪੈਂਦਾ ਹੈ ਅਤੇ ਦਰਸ਼ਕਾਂ ਨੂੰ ਸਿਨੇਮਾਘਰਾਂ ਤੱਕ ਆਕਰਸ਼ਿਤ ਕਰਨ ਲਈ ਆਪਣੀ ਸਮਰੱਥਾ ਦਿਖਾਉਣੀ ਪੈਂਦੀ ਹੈ।

ਮਾਧੁਰੀ ਨੇ ਇਹ ਗੱਲ ਆਈਫਾ-2025 (ਆਈ.ਆਈ.ਐੱਫ.ਏ.) ਹਫ਼ਤੇ ਦੀ ਸ਼ੁਰੂਆਤ ਮੌਕੇ ‘ਸਿਨੇਮਾ ’ਚ ਔਰਤਾਂ ਦਾ ਸਫ਼ਰ’ ਸੈਸ਼ਨ ’ਚ ਸ਼ੂਮਲੀਅਤ ਦੌਰਾਨ ਆਖੀ। ਉਨ੍ਹਾਂ ਨਾਲ ਆਸਕਰ ਜੇਤੂ ਨਿਰਮਾਤਾ ਗੁਨੀਤ ਮੋਂਗਾ ਵੀ ਪ੍ਰੋਗਰਾਮ ’ਚ ਸ਼ਾਮਲ ਹੋਈ। ਮਾਧੁਰੀ ਦੀਕਸ਼ਿਤ ਨੇ ਕਿਹਾ, ‘ਔਰਤਾਂ ਨੂੰ ਹਰ ਵਾਰ ਖ਼ੁਦ ਨੂੰ ਸਾਬਤ ਕਰਨਾ ਪੈਂਦਾ ਹੈ ਅਤੇ ਇਹ ਦੱਸਣਾ ਪੈਂਦਾ ਹੈ ਕਿ ਅਸੀਂ ਬਰਾਬਰ ਹਾਂ। ਅਸੀਂ ਦਰਸ਼ਕਾਂ ਨੂੰ ਆਕਰਸ਼ਿਤ ਕਰ ਸਕਦੀਆਂ ਹਾਂ ਪਰ ਤੁਹਾਨੂੰ ਹਰ ਵਾਰ ਇਹ ਸਾਬਤ ਕਰਨਾ ਪੈਂਦਾ ਹੈ। ਹਾਲੇ ਵੀ ਗ਼ੈਰ-ਬਰਾਬਰੀ ਹੈ।” ਉਨ੍ਹਾਂ ਆਖਿਆ, ‘ਗ਼ੈਰ-ਬਰਾਬਰੀ ਖਤਮ ਹੋਣ ਤੋਂ ਅਸੀਂ ਹਾਲੇ ਵੀ ਬਹੁਤ ਦੂਰ ਹਾਂ। ਇਸ ਲਈ ਸਾਨੂੰ ਲਗਾਤਾਰ ਕੰਮ ਕਰਨਾ ਪਵੇਗਾ।’ ਇਸ ਦੌਰਾਨ ਗੁਨੀਤ ਮੋਂਗਾ ਨੇ ਕਿਹਾ ਕਿ ਮਹਿਲਾ ਕਲਾਕਾਰਾਂ ਨੂੰ ਹੋਰ ਮੌਕੇ ਦੇਣ ਦੀ ਲੋੜ ਹੈ। ਉਨ੍ਹਾਂ ਕਿਹਾ, “ਮਿਹਨਤਾਨੇ ’ਚ ਸਪੱਸ਼ਟ ਤੌਰ ’ਤੇ ਪਾੜਾ ਹੈ।”

## ਜਥੇਦਾਰਾਂ ਨੂੰ ਸੇਵਾ ਮੁਕਤ ਕਰਨ ਤੋਂ ਬਾਅਦ

ਇਸ ਮੌਕੇ ਤਖ਼ਤ ਸ੍ਰੀ ਕੇਸਗੜ੍ਹ ਸਾਹਿਬ ਦੇ ਹੈੱਡ ਗ੍ਰੰਥੀ ਗਿਆਨੀ ਜੋਗਿੰਦਰ ਸਿੰਘ ਵਲੋਂ ਅਰਦਾਸ ਕੀਤੀ ਗਈ ਤੇ ਬਾਅਦ ਵਿੱਚ ਪੰਜ ਪਿਆਰਿਆਂ ਨੇ ਸਿੰਘ ਸਾਹਿਬ ਨੂੰ ਦਸਤਾਰ ਭੇਟ ਕੀਤੀ ਗਈ ਸੀ। ਇਸ ਤੋਂ ਬਾਅਦ ਸ਼੍ਰੋਮਣੀ ਕਮੇਟੀ ਦੀ ਤਰਫ਼ੋਂ ਤਖ਼ਤ ਸਾਹਿਬ ਦੇ ਸਕੱਤਰ ਪ੍ਰਤਾਪ ਸਿੰਘ ਤੇ ਮੈਨੇਜਰ ਮਲਕੀਤ ਸਿੰਘ ਵਲੋਂ ਵੀ ਸਿੰਘ ਸਾਹਿਬ ਨੂੰ ਦਸਤਾਰਾਂ ਭੇਟ ਕੀਤੀਆਂ ਗਈਆਂ। ਹਾਲਾਂ ਕਿ ਗਿਆਨੀ ਕੁਲਦੀਪ ਸਿੰਘ ਗੜਗੱਜ ਦਾ ਸੇਵਾ ਸੰਭਾਲ ਸੰਬੰਧੀ ਸਮਾਗਮ ਸੋਮਵਾਰ ਨੂੰ ਸਵੇਰੇ 10 ਵਜੇ ਕਰਵਾਇਆ ਜਾਣਾ ਸੀ ਤੇ ਪਰ ਵੱਖ-ਵੱਖ ਨਿਹੰਗ ਸਿੰਘ ਜਥੇਬੰਦੀਆਂ ਵੱਲੋਂ ਸਮਾਗਮ ਦੇ ਕੀਤੇ ਜਾਣ ਵਾਲੇ ਵਿਰੋਧ ਨੂੰ ਦੇਖਦੇ ਹੋਏ ਸਿੰਘ ਸਾਹਿਬ ਦੀ ਦਸਤਾਰਬੰਦੀ ਆਨਨ-ਫ਼ਾਨਨ ਵਿੱਚ ਰਾਤ ਦੇ ਹਨ੍ਹੇਰੇ ਵਿੱਚ ਹੀ ਕਰੀਬ ਪੌਣੇ ਤਿੰਨ ਵਜੇ ਕਰ ਦਿੱਤੀ ਗਈ ਸੀ। ਹਾਲਾਂ ਕਿ ਬਾਅਦ ਵਿੱਚ ਸ਼੍ਰੋਮਣੀ ਕਮੇਟੀ ਦੇ ਸੀਨੀਅਰ ਮੀਤ ਪ੍ਰਧਾਨ ਰਘੂਜੀਤ ਸਿੰਘ ਵਿਰਕ ਤੇ ਅੰਤ੍ਰਿੰਗ ਕਮੇਟੀ ਦੇ ਹੋਰਨਾਂ ਮੈਂਬਰਾਂ ਨੇ ਵੀ ਮੰਨਿਆ ਕਿ ਕਿਸੇ ਵੀ ਤਰ੍ਹਾਂ ਦੇ ਟਕਰਾਅ ਤੇ ਵਿਵਾਦ ਤੋਂ ਬਚਣ ਲਈ ਹੀ ਸਿੰਘ ਸਾਹਿਬ ਨੂੰ ਅੰਮ੍ਰਿਤ ਵੇਲੇ ਹੀ ਤਖ਼ਤ ਸਾਹਿਬ ਦੀ ਸੇਵਾ ਸੰਭਾਲ ਦਿੱਤੀ ਗਈ। ਜਦਕਿ ਇਸ ਤੋਂ ਪਹਿਲਾਂ ਸ਼੍ਰੋਮਣੀ ਪੰਥ ਅਕਾਲੀ ਬੁੱਢਾ ਦਲ ਦੇ ਮੁਖੀ ਬਾਬਾ ਬਲਬੀਰ ਸਿੰਘ ਅਕਾਲੀ 96 ਕਰੋੜੀ ਨੇ ਤਖ਼ਤ ਸ੍ਰੀ ਕੇਸਗੜ੍ਹ ਸਾਹਿਬ ਵਿਖੇ ਮੱਥਾ ਟੇਕਣ ਉਪਰੰਤ ਕਿਹਾ ਸੀ ਕਿ ਨਿਹੰਗ ਸਿੰਘ ਜਥੇਬੰਦੀਆਂ ਨੂੰ ਗਿਆਨੀ ਕੁਲਦੀਪ ਸਿੰਘ ਗੜਗੱਜ ਦੀ ਤਖ਼ਤ ਸ੍ਰੀ ਕੇਸਗੜ੍ਹ ਸਾਹਿਬ ਦੇ ਜਥੇਦਾਰ ਵਜੋਂ ਨਿਯੁਕਤੀ ਪ੍ਰਵਾਨ ਨਹੀਂ ਹੈ ਤੇ ਜਿਸ ਤਰ੍ਹਾਂ ਗੁਪ-ਚੁੱਪ ਤਰੀਕੇ ਨਾਲ ਉਨ੍ਹਾਂ ਦੀ ਦਸਤਾਰਬੰਦੀ ਕੀਤੀ ਗਈ ਹੈ, ਉਹ ਪੰਥਕ ਮਰਿਆਦਾ ਦੀ ਘੋਰ ਉਲੰਘਣਾ ਹੈ।

ਇਸ ਦੌਰਾਨ ਤਖ਼ਤ ਸ੍ਰੀ ਕੇਸਗੜ੍ਹ ਸਾਹਿਬ ਦੇ ਜਥੇਦਾਰ ਵਜੋਂ ਸੇਵਾ ਸੰਭਾਲਣ ਤੋਂ ਬਾਅਦ ਸਿੰਘ ਸਾਹਿਬ ਗਿਆਨੀ ਕੁਲਦੀਪ ਸਿੰਘ ਗੜਗੱਜ ਨੇ ਬੀਤੀ 2 ਦਸੰਬਰ ਨੂੰ ਸਿੰਘ ਸਾਹਿਬਾਨ ਵੱਲੋਂ ਸ੍ਰੀ ਅਕਾਲ ਤਖ਼ਤ ਸਾਹਿਬ ਦੀ ਫ਼ਸੀਲ ਤੋਂ ਸੁਣਾਏ ਗਏ ਫ਼ੈਸਲਿਆਂ ਬਾਰੇ ਗੱਲ ਕਰਦਿਆਂ ਕਿਹਾ ਕਿ ਅਕਾਲ ਤਖ਼ਤ ਸਾਹਿਬ ਤੋਂ ਗੁਰਮਤਿ ਦੀ ਰੌਸ਼ਨੀ ਵਿੱਚ ਨਿਕਲੇ ਹੁਕਮਨਾਮਿਆਂ ਨਾਲ ਕੋਈ ਛੇੜ-ਛਾੜ ਨਹੀਂ ਹੋ ਸਕਦੀ ਅਤੇ ਇਹੀ ਗੱਲ 2 ਦਸੰਬਰ ਨੂੰ ਜਾਰੀ ਹੋਏ ਹੁਕਮਨਾਮਿਆਂ 'ਤੇ ਇੰਨ-ਬਿੰਨ ਲਾਗੂ ਹੁੰਦੀ ਹੈ ਪਰ ਮੌਜੂਦਾ ਹਾਲਾਤ ਨੂੰ ਦੇਖਦੇ ਹੋਏ ਭਰਤੀ ਕਮੇਟੀ ਦੇ ਸਬੰਧ ਵਿੱਚ ਮੁੜ ਨਜ਼ਰਸਾਨੀ ਕੀਤੀ ਜਾ ਸਕਦੀ ਹੈ ਤੇ ਸੰਬੰਧਿਤ ਧਿਰਾਂ ਦੇ ਇਤਰਾਜ਼ ਦੂਰ ਕਰਨ ਦੀ ਕੋਸ਼ਿਸ਼ ਕੀਤੀ ਜਾਵੇਗੀ। ਉਨ੍ਹਾਂ ਸੰਬੰਧਿਤ ਧਿਰਾਂ ਨੂੰ ਤਾਕੀਦ ਕੀਤੀ ਕਿ ਉਹ ਇਸ ਸੰਬੰਧ ਵਿੱਚ ਇੱਕ ਦੂਜੇ ਪ੍ਰਤੀ ਕੁੜੱਤਣ ਭਰੀ ਬਿਆਨਬਾਜ਼ੀ ਤੋਂ ਗੁਰੇਜ਼ ਕਰਨ । ਇਸ ਦੌਰਾਨ ਉਨ੍ਹਾਂ ਕੇਂਦਰ ਸਰਕਾਰ ਨੂੰ ਅਪੀਲ ਕੀਤੀ ਕਿ ਪੁਰਾਤਨ ਮੰਗ ਮੁਤਾਬਕ ਅੰਮ੍ਰਿਤਸਰ ਤੇ ਅਨੰਦਪੁਰ ਸਾਹਿਬ ਨੂੰ ਵੀ ਪਵਿੱਤਰ ਸ਼ਹਿਰ ਦਾ ਦਰਜਾ ਦਿੱਤਾ ਜਾਵੇ। ਇਸ ਮੌਕੇ ਉਨ੍ਹਾਂ ਨਸ਼ਿਆਂ ਅਤੇ ਧਰਮ ਪਰਿਵਰਤਨ 'ਤੇ ਵੀ ਡੂੰਘੀ ਚਿੰਤਾ ਪ੍ਰਗਟ ਕਰਦਿਆਂ ਕਿਹਾ ਕਿ ਇਨ੍ਹਾਂ ਸਾਰੀਆਂ ਸਮੱਸਿਆਵਾਂ ਦੇ ਹੱਲ ਲਈ ਜ਼ਮੀਨੀ ਪੱਧਰ 'ਤੇ ਅਸਰਦਾਰ ਧਰਮ ਪ੍ਰਚਾਰ ਲਹਿਰ ਦੀ ਜ਼ਰੂਰਤ ਹੈ, ਜਿਸ ਨੂੰ ਉਹ ਸਿੱਖ ਸੰਤਾਂ, ਮਹਾਂਪੁਰਖਾਂ, ਸੰਪਰਦਾਵਾਂ, ਗਿਆਨੀਆਂ ਅਤੇ ਵਿਦਵਾਨਾਂ ਦੀ ਮਦਦ ਨਾਲ ਪਹਿਲ ਦੇ ਅਧਾਰ 'ਤੇ ਸ਼ੁਰੂ ਕਰਨਗੇ

ਨਵੇਂ ਜਥੇਦਾਰ ਦੀ ਸੇਵਾ ਸੰਭਾਲ ਉੱਤੇ ਵਿਵਾਦ

ਸ੍ਰੀ ਕੇਸਗੜ੍ਹ ਸਾਹਿਬ ਦੇ ਜਥੇਦਾਰ ਗਿਆਨੀ ਕੁਲਦੀਪ ਸਿੰਘ ਗੜਗੱਜ ਨੇ ਜਿਸ ਤਰੀਕੇ ਨਾਲ ਸੇਵਾ ਸੰਭਾਲੀ ਉਸ ਉੱਤੇ ਵੀ ਵਿਵਾਦ ਹੋ ਗਿਆ ਹੈ। ਜਿੱਥੇ ਸ਼੍ਰੋਮਣੀ ਅਕਾਲੀ ਦਲ ਨੇ ਨਵੇਂ ਜਥੇਦਾਰ ਦੀ ਨਿਯੁਕਤੀ ਦਾ ਸਵਾਗਤ ਕੀਤਾ ਹੈ, ਉੱਥੇ ਹੀ ਕੁਝ ਅਕਾਲੀ ਆਗੂ ਅਤੇ ਪੰਥਕ ਵਿਦਵਾਨ ਇਸ ਉੱਤੇ ਸਵਾਲ ਚੁੱਕੇ ਰਹੇ ਹਨ। ਬੁੱਢਾ ਦਲ ਦੇ ਮੁਖੀ ਜਥੇਦਾਰ ਬਾਬਾ ਬਲਬੀਰ ਸਿੰਘ ਵਲੋਂ ਜਥੇਦਾਰ ਭਾਈ ਕੁਲਦੀਪ ਸਿੰਘ ਗੜਗੱਜ ਦੀ ਤਖਤ ਸ੍ਰੀ ਕੇਸਗੜ੍ਹ ਸਾਹਿਬ ਦੇ ਜਥੇਦਾਰ ਵਜੋਂ ਤਾਜਪੋਸ਼ੀ ਦਾ ਵਿਰੋਧ ਕਰਨ ਦਾ ਐਲਾਨ ਕੀਤਾ ਗਿਆ ਸੀ, ਉੱਥੇ ਹੁਣ ਦਲ ਖ਼ਾਲਸਾ ਨੇ ਤਖਤ ਸ੍ਰੀ ਦਮਦਮਾ ਸਾਹਿਬ (ਤਲਵੰਡੀ ਸਾਬੋ) ਦੇ ਨਵ-ਨਿਯੁਕਤ ਜਥੇਦਾਰ ਬਾਬਾ ਟੇਕ ਸਿੰਘ ਧਨੌਲਾ ਦੀ ਤਾਜਪੋਸ਼ੀ ਦਾ ਵਿਰੋਧ ਕਰਨ ਦਾ ਐਲਾਨ ਕੀਤਾ ਹੈ। ਦਲ ਖ਼ਾਲਸਾ ਦੇ ਸੀਨੀਅਰ ਉਪ-ਪ੍ਰਧਾਨ ਬਾਬਾ ਹਰਦੀਪ ਸਿੰਘ ਮਹਿਰਾਜ, ਕੇਂਦਰੀ ਕਮੇਟੀ ਮੈਂਬਰ ਗੁਰਵਿੰਦਰ ਸਿੰਘ ਬਠਿੰਡਾ ਆਦਿ ਨੇ ਕਿਹਾ ਕਿ ਇਸੇ ਰੋਸ ਵਜੋਂ ਦਲ ਖ਼ਾਲਸਾ ਸਿੱਖ ਜਥੇਬੰਦੀਆਂ ਨੂੰ ਨਾਲ ਲੈ ਕੇ ਜਥੇਦਾਰ ਬਾਬਾ ਟੇਕ ਸਿੰਘ ਧਨੌਲਾ ਦੀ ਤਾਜਪੋਸ਼ੀ ਦਾ ਵਿਰੋਧ ਕਰੇਗਾ ਅਤੇ ਉਨ੍ਹਾਂ ਨੂੰ ਤਖ਼ਤ ਸਾਹਿਬ ਦੀ ਸੇਵਾ ਸੰਭਾਲਣ ਨਹੀਂ ਦਿੱਤੀ ਜਾਵੇਗੀ । ਇਸ ਸਬੰਧੀ ਉਹ ਛੇਤੀ ਨੁਮਾਇੰਦਾ ਸਿੱਖ ਜਥੇਬੰਦੀਆਂ ਦਾ ਤਖ਼ਤ ਦਮਦਮਾ ਸਾਹਿਬ ਵਿਖੇ ਇਕੱਠ ਸੱਦ ਰਹੇ ਹਨ।

ਤਖ਼ਤ ਸ੍ਰੀ ਦਮਦਮਾ ਸਾਹਿਬ ਦੇ ਸਾਬਕਾ ਜਥੇਦਾਰ ਗਿਆਨੀ ਹਰਪ੍ਰੀਤ ਸਿੰਘ ਨੇ ਤਖ਼ਤ ਸ੍ਰੀ ਕੇਸਗੜ੍ਹ ਸਾਹਿਬ ਦੇ ਜਥੇਦਾਰ ਗਿਆਨੀ ਕੁਲਦੀਪ ਸਿੰਘ ਗੜਗੱਜ ਵੱਲੋਂ ਅਹੁਦੇ ਦਾ ਚਾਰਜ ਲਏ ਜਾਣ ਮੌਕੇ ਗੁਰੂ ਗ੍ਰੰਥ ਸਾਹਿਬ ਦਾ ਪ੍ਰਕਾਸ਼ ਨਾ ਹੋਣ ਅਤੇ ਸਿੱਖ ਸੰਗਤ ਦੀ ਹਾਜ਼ਰੀ ਤੋਂ ਬਿਨਾਂ ਕੀਤੇ ਗਏ ਸੇਵਾ ਸੰਭਾਲ ਸਮਾਗ਼ਮ ਨੂੰ ਮਰਿਆਦਾ ਦੀ ਘੋਰ ਉਲੰਘਣਾ ਕਰਾਰ ਦਿੱਤਾ ਹੈ। ਉਨ੍ਹਾਂ ਨੇ ਕਿਹਾ ਕਿ ਨਵ-ਨਿਯੁਕਤ ਜਥੇਦਾਰ ਦੀ ਸੇਵਾ ਸੰਭਾਲ ਦੇ ਸਮਾਗ਼ਮ ਦੌਰਾਨ ਨਾ ਤਾਂ ਤਖ਼ਤ ਸਾਹਿਬ ਵਿਖੇ ਸ੍ਰੀ ਗੁਰੂ ਗ੍ਰੰਥ ਸਾਹਿਬ ਦਾ ਪ੍ਰਕਾਸ਼ ਕੀਤਾ ਗਿਆ ਸੀ ਅਤੇ ਨਾ ਹੀ ਸ੍ਰੀ ਦਰਬਾਰ ਸਾਹਿਬ ਦੇ ਹੈੱਡ ਗ੍ਰੰਥੀ, ਨਾ ਹੀ ਸ੍ਰੀ ਅਕਾਲ ਤਖ਼ਤ ਦੇ ਜਥੇਦਾਰ ਅਤੇ ਨਾ ਹੀ ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਤੇ ਨਾ ਹੀ ਸਿੱਖ ਸੰਗਤਾਂ, ਜਥੇਬੰਦੀਆਂ, ਸੰਪਰਦਾਵਾਂ ਹਾਜ਼ਰ ਸਨ।

ਸਿੰਘ ਸਾਹਿਬ ਗਿਆਨੀ ਰਘਬੀਰ ਸਿੰਘ ਨੇ ਕਿਹਾ ਦਸਤਾਰਬੰਦੀ ਦੌਰਾਨ ਮਰਿਆਦਾ ਦਾ ਵੱਡਾ ਘਾਣ ਕੀਤਾ ਗਿਆ ਹੈ, ਜਿਸ ਸੰਬੰਧੀ ਉਨ੍ਹਾਂ ਕੋਲ ਦੇਸ਼ ਵਿਦੇਸ਼ ਤੋਂ ਸੰਗਤਾਂ ਨੇ ਵੀ ਇਤਰਾਜ਼ ਉਠਾਏ ਹਨ। ਉਨ੍ਹਾਂ ਕਿਹਾ ਕਿ ਸ਼੍ਰੋਮਣੀ ਕਮੇਟੀ ਦੀ ਅੰਤਰਿੰਗ ਕਮੇਟੀ ਜਥੇਦਾਰਾਂ ਦੀ ਨਿਯੁਕਤੀ ਕਰਦੀ ਹੈ ਅਤੇ ਜਥੇਦਾਰ ਦੀ ਸੇਵਾ ਸੰਭਾਲਣ ਸੰਬੰਧੀ ਵਿਸ਼ੇਸ਼ ਤੌਰ 'ਤੇ ਗੁਰਮਤਿ ਸਮਾਗਮ ਸਜਾਇਆ ਜਾਂਦਾ ਹੈ ਤੇ ਇਸ ਵਿੱਚ ਸ਼ਾਮਲ ਹੋਣ ਲਈ ਸਮੂਹ ਸਿੱਖ ਜਥੇਬੰਦੀਆਂ ਸੰਪਰਦਾਵਾਂ , ਨਿਹੰਗ ਸਿੰਘ ਜਥੇਬੰਦੀਆਂ, ਉਦਾਸੀਆਂ ਨਿਰਮਲਿਆਂ ਸੰਤਾਂ ਮਹਾਂਪੁਰਖਾਂ ਨੂੰ ਸੱਦਾ ਦਿੱਤਾ ਜਾਂਦਾ ਹੈ। ਇਸ ਸਮਾਗਮ ਦੌਰਾਨ ਸ੍ਰੀ ਦਰਬਾਰ ਸਾਹਿਬ ਦਾ ਮੁੱਖ ਗ੍ਰੰਥੀ ਸ੍ਰੀ ਅਕਾਲ ਤਖ਼ਤ ਸਾਹਿਬ ਤੋਂ ਜਥੇਦਾਰ ਦੀ ਨਿਯੁਕਤੀ ਦਾ ਐਲਾਨ ਕਰਦਾ ਹੈ ਤੇ ਸੰਗਤ ਜੈਕਾਰੇ ਬੁਲਾ ਕੇ ਉਸ ਨੂੰ ਪ੍ਰਵਾਨਗੀ ਦਿੰਦੀ ਹੈ। ਗਿਆਨੀ ਰਘਬੀਰ ਸਿੰਘ ਨੇ ਕਿਹਾ ਕਿ ਰਵਾਇਤ ਅਨੁਸਾਰ ਮੁੱਖ ਗ੍ਰੰਥੀ ਸ੍ਰੀ ਹਰਿਮੰਦਰ ਸਾਹਿਬ ਦਾ ਮੁੱਖ ਗ੍ਰੰਥੀ ਜਥੇਦਾਰ ਨੂੰ ਪਹਿਲੀ ਦਸਤਾਰ ਦਿੰਦਾ ਹੈ ਤੇ ਇਸੇ ਤਰ੍ਹਾਂ ਫ਼ਿਰ ਵੱਖ-ਵੱਖ ਸਿੱਖ ਜਥੇਬੰਦੀਆਂ ਵਲੋਂ ਉਨ੍ਹਾਂ ਨੂੰ ਦਸਤਾਰਾਂ ਭੇਟ ਕੀਤੀਆਂ ਜਾਂਦੀਆਂ ਹਨ ਦੂਜੇ ਪਾਸੇ ਰਘੂਜੀਤ ਸਿੰਘ ਵਿਰਕ ਨੇ ਕਿਹਾ ਕਿ ਗਿਆਨੀ ਕੁਲਦੀਪ ਸਿੰਘ ਦੇ ਸੇਵਾ ਸੰਭਾਲਣ ਮੌਕੇ ਪੰਜ ਪਿਆਰੇ ਸਾਹਿਬਾਨ ਅਤੇ ਸ਼੍ਰੋਮਣੀ ਕਮੇਟੀ ਵੱਲੋਂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਹਜ਼ੂਰੀ ਵਿੱਚ ਦਸਤਾਰਾਂ ਦਿੱਤੀਆਂ ਗਈਆਂ ਹਨ। ਇਸ ਦੀ ਪੁਸ਼ਟੀ ਤਖਤ ਸ੍ਰੀ ਕੇਸਗੜ੍ਹ ਸਾਹਿਬ ਦੇ ਹੈੱਡ ਗ੍ਰੰਥੀ ਗਿਆਨੀ ਜੋਗਿੰਦਰ ਸਿੰਘ ਵੱਲੋਂ ਕੀਤੀ ਗਈ ਉਹਨਾਂ ਕਿਹਾ ਕਿ ਮੈਂ ਖੁਦ ਉਸ ਸਮੇਂ ਹਾਜ਼ਰ ਸੀ। ਸ੍ਰੀ ਅਖੰਡ ਪਾਠ ਸਾਹਿਬ ਹੋ ਰਹੇ ਸਨ ਤੇ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਹਜ਼ੂਰੀ ਵਿੱਚ ਹੀ ਸਿੰਘ ਸਾਹਿਬ ਗਿਆਨੀ ਕੁਲਦੀਪ ਸਿੰਘ ਗੜਗੱਜ ਨੂੰ ਦਸਤਾਰਬੰਦੀ ਕੀਤੀ ਗਈ। ਮਰਿਆਦਾ ਦੀ ਕੋਈ ਉਲੰਘਣਾ ਨਹੀਂ ਹੋਈ।

ਉਧਰ ਸ਼੍ਰੋਮਣੀ ਅਕਾਲੀ ਦਲ ਦੇ ਸੀਨੀਅਰ ਆਗੂ ਪਰਮਜੀਤ ਸਿੰਘ ਸਰਨਾ ਨੇ ਸ਼੍ਰੋਮਣੀ ਕਮੇਟੀ ਦੇ ਫ਼ੈਸਲੇ ਦਾ ਸਵਾਗਤ ਕੀਤਾ ਹੈ। ਸਰਨਾ ਨੇ ਆਖਿਆ, 'ਗੁਰਦੁਆਰਾ ਪ੍ਰਬੰਧਕ ਕਮੇਟੀ ਨੇ ਸਿੱਖਾਂ ਵਿੱਚ ਬਣੇ ਹੋਏ ਹਾਲਾਤ ਦੇ ਮੱਦੇ-ਨਜ਼ਰ ਜੋ ਫ਼ੈਸਲਾ ਸਿੰਘ ਸਾਹਿਬਾਨ ਦੀ ਨਿਯੁਕਤੀ ਦਾ ਲਿਆ ਹੈ ਅਤੇ ਟਕਰਾਅ ਤੋਂ ਬਚਣ ਲਈ ਸਿੰਘ ਸਾਹਿਬ ਨੇ ਅੰਮ੍ਰਿਤ ਵੇਲੇ ਨੂੰ ਚੁਣਦੇ ਹੋਏ ਕੌਮ ਨੂੰ ਇੱਕਮੁੱਠ ਹੋਣ ਦਾ ਸੰਦੇਸ਼ ਦਿੱਤਾ ਹੈ, ਉਸ ਨਾਲ ਇਹ ਸਾਬਤ ਹੋਇਆ ਹੈ ਕਿ ਕਮੇਟੀ ਦਾ ਇਹ ਫ਼ੈਸਲਾ ਦੂਰ ਅੰਦੇਸ਼ੀ ਵਾਲਾ ਹੈ।'

## ਬਾਦਲ ਦਲ ਵਿੱਚ ਬਗ਼ਾਵਤ ਤਿੱਖੀ

ਕਿਹਾ ਕਿ ਇਸ ਮੁੱਦੇ 'ਤੇ ਅਨੁਸ਼ਾਸਨਹੀਣਤਾ ਨੂੰ ਕਿਸੇ ਵੀ ਕੀਮਤ 'ਤੇ ਬਰਦਾਸ਼ਤ ਨਹੀਂ ਕੀਤਾ ਜਾਵੇਗਾ। ਸਾਰਿਆਂ ਨੂੰ ਕਾਰਨ ਦੱਸੋ ਨੋਟਿਸ ਜਾਰੀ ਕੀਤੇ ਜਾਣਗੇ। ਉਨ੍ਹਾਂ ਦੇ ਜਵਾਬਾਂ 'ਤੇ ਵਿਚਾਰ ਕਰਨ ਤੋਂ ਬਾਅਦ ਉਨ੍ਹਾਂ ਉੱਪਰ ਕਾਰਵਾਈ ਕੀਤੀ ਜਾਵੇਗੀ।

ਸਿਆਸੀ ਮਾਹਿਰਾਂ ਦਾ ਮੰਨਣਾ ਹੈ ਕਿ ਭੂੰਦੜ ਦਾ ਇਹ ਕਥਨ ਸਹੀ ਹੈ ਕਿ ਬਾਦਲਾਂ ਦੇ ਰਾਜ-ਕਾਲ ਦੌਰਾਨ ਮਜੀਠੀਆ 'ਸੁਪਰ ਸੀ ਐਮ' ਵਜੋਂ ਵਿਚਰਦੇ ਰਹੇ। ਅਦਾਲਤੀ ਨਿਆਂ ਭਾਵੇਂ ਹੁਣ ਤਕ ਉਨ੍ਹਾਂ ਉਪਰ ਮਿਹਰਬਾਨ ਰਿਹਾ ਹੈ, ਪਰ ਪੰਜਾਬ ਵਿੱਚ 'ਚਿੱਟੇ' ਦੇ ਪ੍ਰਚਲਣ ਦੇ ਪ੍ਰਸੰਗ ਵਿੱਚ ਉਨ੍ਹਾਂ ਦਾ ਅਕਸ ਅਜੇ ਵੀ ਪਹਿਲਾਂ ਵਾਂਗ ਦਾਗ਼ਦਾਰ ਹੈ। ਸਿੱਖ ਵਿਚਾਰਵਾਨਾਂ ਦਾ ਮੰਨਣਾ ਹੈ ਕਿ ਜੇ ਮਜੀਠੀਆ ਆਪਣੇ ਜੀਜੇ ਸੁਖਬੀਰ ਸਿੰਘ ਬਾਦਲ ਜਾਂ ਉਨ੍ਹਾਂ ਦੇ ਸਲਾਹਕਾਰਾਂ ਦੇ ਖ਼ਿਲਾਫ਼ ਉੱਠ ਖੜੇ ਹੋਏ ਹਨ ਤਾਂ ਇਸ ਨੂੰ ਆਮ ਸਿੱਖ 'ਪਰਿਵਾਰਕ ਕਿੜ' ਦੀ ਉਪਜ ਮੰਨ ਰਹੇ ਹਨ ਤੇ ਇਸ ਪਿਛੇ ਭਾਜਪਾ ਦੀ ਚਾਲ ਸਮਝ ਰਹੇ ਹਨ।

ਰਾਜਨੀਤੀ ਦੇ ਪ੍ਰੋਫ਼ੈਸਰ ਰੌਣਕੀ ਰਾਮ ਕਹਿੰਦੇ ਹਨ ਕਿ ਅਕਾਲੀ ਦਲ ਪੰਜਾਬ ਦੀ ਖੇਤਰੀ ਪਾਰਟੀ ਹੈ, ਪੰਜਾਬੀ ਵੀ ਇਸ ਨੂੰ ਜਿਉਂਦਾ ਰੱਖਣਾ ਚਾਹੁੰਦੇ ਹਨ ਅਤੇ ਪੰਜਾਬ ਦੇ ਲੀਡਰ ਵੀ ਕਿਉਂਕਿ ਖੇਤਰੀ ਪਾਰਟੀ ਖ਼ਤਮ ਹੁੰਦੀ ਹੈ ਤਾਂ ਇਹ ਪੰਜਾਬ ਦੇ ਲੋਕਾਂ ਲਈ ਹੀ ਵੱਡਾ ਘਾਟਾ ਹੋਵੇਗਾ।

ਡਾਕਟਰ ਪਰਮਜੀਤ ਸਿੰਘ ਮਾਨਸਾ ਕਹਿੰਦੇ ਹਨ ਕਿ ਅਕਾਲੀ ਦਲ ਵਿੱਚ ਭਾਵੇਂ ਜਿੰਨੇ ਮਰਜ਼ੀ ਧੜੇ ਹੋਣ, ਪਰ ਸ਼ਕਤੀਸ਼ਾਲੀ ਧੜਾ ਉਹ ਹੈ ਜਿਸ ਦੇ ਕੋਲ ਸ਼੍ਰੋਮਣੀ ਕਮੇਟੀ ਹੈ। ਸ਼੍ਰੋਮਣੀ ਕਮੇਟੀ ਫ਼ਿਲਹਾਲ ਸੁਖਬੀਰ ਸਿੰਘ ਬਾਦਲ ਵਾਲੇ ਧੜੇ ਕੋਲ ਹੈ। ਇਸ ਕਰਕੇ ਜੇਕਰ ਮਜੀਠੀਆ ਬਗ਼ਾਵਤ ਕਰਦੇ ਵੀ ਹਨ ਤਾਂ ਅਕਾਲੀ ਦਲ ਨੂੰ ਸਿਆਸੀ ਨੁਕਸਾਨ ਜ਼ਰੂਰ ਹੋਵੇਗਾ, ਪਰ ਮਜੀਠੀਆ ਪੰਥਕ ਲੀਡਰ ਵਜੋਂ ਪ੍ਰਵਾਨ ਨਹੀਂ ਹੋਣਗੇ।

***

## ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਮਹੱਤਵਪੂਰਨ

ਪੁਸਤਕ ਹੈ ਜੋ ਨਵੇਂ ਖੋਜਾਰਥੀਆਂ ਲਈ ਖੋਜ ਟੂਲ ਵਜੋਂ ਵਰਤੀ ਜਾ ਸਕੇਗੀ ਅਤੇ ਇਸ ਪੁਸਤਕ ਤੋਂ ਆਉਣ ਵਾਲੀਆਂ ਨਵੀਆਂ ਕਮੇਟੀਆਂ ਅਤੇ ਨਵੀਆਂ ਪੀੜ੍ਹੀਆਂ ਨਿਰੰਤਰ ਸੇਧ ਲੈਂਦੀਆਂ ਰਹਿਣਗੀਆਂ ਕਿਉਂਕਿ ਇਸ ਪੁਸਤਕ ਨੂੰ ਆਧਾਰ ਬਣਾ ਕੇ ਵਰਤਮਾਨ ਅਤੇ ਭਵਿੱਖ ਵਿੱਚ ਦਰਪੇਸ਼ ਚੁਣੌਤੀਆਂ ਪ੍ਰਤੀ ਫ਼ੈਸਲੇ ਲੈਣੇ ਸੁਖੈਨ ਹੋਣਗੇ। ਇਸ ਪੁਸਤਕ ਦੇ ਹੋਂਦ ਵਿੱਚ ਆਉਣ ਤੋਂ ਪਹਿਲਾਂ 104 ਸਾਲਾਂ ਦੌਰਾਨ ਪਾਸ ਹੋਏ ਮਤਿਆਂ ਨੂੰ ਵਾਚਣਾ ਬਹੁਤ ਔਖਾ ਸੀ ਪਰ ਹੁਣ ਇਸ ਪੁਸਤਕ ਦੇ ਰੂਪ ਵਿੱਚ ਅਸੀਂ ਇੱਕੋ ਸਮੇਂ ਤੇ 104 ਸਾਲਾ ਮਤਿਆਂ ਨੂੰ ਵਾਚਣ ਦੇ ਸਮਰੱਥ ਹੋ ਗਏ ਹਾਂ ਅਤੇ ਇਹਨਾਂ ਮਤਿਆਂ ਤੋਂ ਸਿੱਖਿਆ ਲੈ ਸਕਦੇ ਹਾਂ, ਤਾਂ ਜੋ ਪੰਥ ਨੂੰ ਦਰਪੇਸ਼ ਸਮੱਸਿਆਵਾਂ ਵਿੱਚੋਂ ਬਾਹਰ ਕੱਢਣ ਲਈ ਸਮੇਂ-ਸਮੇਂ ਤੇ ਜਾਰੀ ਕੀਤੇ ਜਾਣ ਵਾਲੇ ਮਹੱਤਵਪੂਰਨ ਮਤੇ ਅਤੇ ਫ਼ੈਸਲੇ ਇਸੇ ਪੁਸਤਕ ਵਿੱਚ ਦਰਜ ਪਹਿਲਾਂ ਲਏ ਜਾ ਚੁੱਕੇ ਮਹੱਤਵਪੂਰਨ ਮਤੇ ਅਤੇ ਫ਼ੈਸਲਿਆਂ ਦੀ ਰੋਸ਼ਨੀ ਵਿੱਚ ਹੀ ਲਏ ਜਾ ਸਕਣ। ਮੈਂ ਡਾਕਟਰ ਪਰਮਵੀਰ ਸਿੰਘ ਅਤੇ ਸ੍ਰ. ਰਵਿੰਦਰ ਪਾਲ ਸਿੰਘ ਨੂੰ ਇਸ ਸੰਕਲਨ ਅਤੇ ਸੰਪਾਦਨ ਤੇ ਬਹੁਤ-ਬਹੁਤ ਮੁਬਾਰਕਬਾਦ ਦਿੰਦਾ ਹਾਂ ਅਤੇ ਆਸ ਕਰਦਾ ਹਾਂ ਕਿ ਆਉਣ ਵਾਲੇ ਸਮੇਂ ਵਿੱਚ ਬਾਕੀ ਰਹਿ ਗਏ ਮਤਿਆਂ ਨੂੰ ਵੀ ਖੋਜ ਕੇ ਇਸ ਪੁਸਤਕ ਦੀ ਨਵੀਂ ਐਡੀਸ਼ਨ ਵਿੱਚ ਦਰਜ ਕਰਕੇ ਪਾਠਕਾਂ ਤੱਕ ਪਹੁੰਚਾਉਣ ਦੀ ਖੇਚਲ ਕਰਨਗੇ ਤਾਂ ਜੋ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਸਮੇਂ-ਸਮੇਂ 'ਤੇ ਲਾਏ ਗਏ ਮਹੱਤਵਪੂਰਨ ਮਤੇ ਅਤੇ ਫ਼ੈਸਲਿਆਂ ਨਾਲ ਵਾਕਫ਼ੀਅਤ ਹੋ ਸਕੇ।

***

## ਪੰਜਾਬ ਦੇ ਸਿੱਖਿਆ ਖੇਤਰ 'ਚ

ਕੁੱਲ ਮਿਲਾ ਕੇ ਫਿਨਲੈਂਡ ਵਿੱਚ ਵਿਦਿਆਰਥੀ ਕੇਂਦਰਿਤ, ਤਾਕਤਾਂ ਦੇ ਵਿਕੇਂਦਰੀਕਰਨ ਅਤੇ ਅਕਾਦਮਿਕ ਆਜ਼ਾਦੀ ਆਧਾਰਿਤ ਮਜ਼ਬੂਤ ਤੇ ਮਿਆਰੀ ਸਿੱਖਿਆ ਪ੍ਰਬੰਧ ਹੈ। ਉੱਥੇ ਮਾਤ-ਭਾਸ਼ਾ ਆਧਾਰਿਤ ਸਿੱਖਿਆ 'ਤੇ ਬਹੁਤ ਜ਼ੋਰ ਦਿੱਤੇ ਜਾਣ ਕਾਰਨ ਫਿਨਸ਼ ਅਤੇ ਮਾਨਤਾ ਪ੍ਰਾਪਤ ਬਾਕੀ ਸਥਾਨਕ ਭਾਸ਼ਾਵਾਂ ਸਿੱਖਣ ਦੀ ਇੱਛਾ ਰੱਖਣ ਵਾਲੇ ਬਾਲਗਾਂ ਨੂੰ ਸਰਕਾਰ 200 ਯੂਰੋ ਦਿੰਦੀ ਹੈ; ਅੰਗਰੇਜ਼ੀ ਜਾਂ ਹੋਰ ਵਿਦੇਸ਼ੀ ਭਾਸ਼ਾ ਸਿੱਖਣ ਦੀ ਇੱਛਾ ਰੱਖਣ ਵਾਲੇ ਨੂੰ ਆਪਣੀ ਜੇਬ ਢਿੱਲੀ ਕਰਨੀ ਪੈਂਦੀ ਹੈ। ਉੱਥੇ ਹੋਰ ਭਾਸ਼ਾਵਾਂ ਨੂੰ ਦਬਾ ਕੇ ਅੱਗੇ ਵਧਣ ਦੀ ਨੀਤੀ ਨਹੀਂ।

ਸਾਡੇ ਦੇਸ਼ ਵਿੱਚ ਕੇਂਦਰ ਸਰਕਾਰ ਸੱਤਾ ਦੇ ਕੇਂਦਰੀਕਰਨ ਨੂੰ ਮੁੱਖ ਹਥਿਆਰ ਵਜੋਂ ਵਰਤ ਰਹੀ ਹੈ ਅਤੇ ਦੇਸ਼ ਪੱਧਰੀ ਚਰਚਾ ਤੋਂ ਬਿਨਾਂ ਹੀ ਤਿਆਰ ਕੌਮੀ ਸਿੱਖਿਆ ਨੀਤੀ-2020 ਅਤੇ ਕੌਮੀ ਪਾਠਕ੍ਰਮ ਫਰੇਮਵਰਕ-2023 ਜਬਰੀ ਥੋਪੇ ਜਾ ਰਹੇ ਹਨ। 'ਆਪ' ਸਰਕਾਰ ਵੀ ਸਿੱਖਿਆ ਦੇ ਨਿੱਜੀਕਰਨ, ਕੇਂਦਰੀਕਰਨ ਤੇ ਭਗਵਾਂਕਰਨ ਨੂੰ ਹੁਲਾਰਾ ਦਿੰਦੀ ਅਤੇ ਸੰਸਕ੍ਰਿਤ ਤੇ ਹਿੰਦੀ ਭਾਸ਼ਾ 'ਤੇ ਵਧੇਰੇ ਜ਼ੋਰ ਦੇ ਕੇ ਬਾਕੀ ਭਾਸ਼ਾਵਾਂ ਨੂੰ ਖੂੰਜੇ ਲਗਾਉਣ ਵਾਲੀ ਇਹ ਸਿੱਖਿਆ ਨੀਤੀ ਪੰਜਾਬ ਵਿੱਚ ਲਾਗੂ ਕਰ ਰਹੀ ਹੈ। ਕੌਮੀ ਸਿੱਖਿਆ ਨੀਤੀ ਵਿੱਚ ਸੁਝਾਏ ਕੰਪਲੈਕਸ ਸਕੂਲ ਮਾਡਲ ਅਨੁਸਾਰ 'ਸਕੂਲ ਆਫ ਐਮੀਨੈਂਸ' ਸਕੀਮ ਵਿਕਸਿਤ ਕੀਤੀ ਜਾ ਰਹੀ ਹੈ ਅਤੇ ਇਨ੍ਹਾਂ ਵਿੱਚ ਨੇੜਲੇ ਸਕੂਲਾਂ ਦੇ ਰਲੇਵੇਂ ਦੇ ਨਿਸ਼ਾਨੇ ਤਹਿਤ ਉਨ੍ਹਾਂ ਦੇ ਫੀਡਿੰਗ ਘੇਰੇ ਵਿੱਚ ਜਾ ਕੇ ਬੱਸ ਸਰਵਿਸ ਚਲਾਉਣ ਦੇ ਕਦਮ ਪੁੱਟੇ ਜਾ ਰਹੇ ਹਨ। ਪੰਜਾਬ ਸਕੂਲ ਸਿੱਖਿਆ ਬੋਰਡ ਕੌਮੀ ਪਾਠਕ੍ਰਮ ਫਰੇਮਵਰਕ-2023 ਵਿੱਚ ਦੱਸੇ ਪਾਠਕ੍ਰਮ ਟੀਚਿਆਂ ਨੂੰ ਆਧਾਰ ਮੰਨ ਕੇ ਕਿਤਾਬਾਂ ਤਿਆਰ ਕਰਵਾ ਰਿਹਾ ਹੈ ਹਾਲਾਂਕਿ ਇਸ ਦਾ ਸਮੁੱਚਾ ਮੁਲਾਂਕਣ ਕਿਤਾਬਾਂ ਛਪਣ ਤੋਂ ਬਾਅਦ ਹੀ ਹੋ ਸਕੇਗਾ। ਪੀਐੱਮ ਸ੍ਰੀ (ਪ੍ਰਧਾਨ ਮੰਤਰੀ ਸਕੂਲਜ਼ ਫਾਰ ਰਾਇਜਿ ਂਗ ਇੰਡੀਆ) ਅਧੀਨ ਲਿਆਂਦੇ ਪੰਜਾਬ ਦੇ 500 ਤੋਂ ਵਧੇਰੇ ਸਕੂਲਾਂ ਵਿੱਚ ਤਾਂ ਕੌਮੀ ਸਿੱਖਿਆ ਨੀਤੀ ਦੇ ਸਾਰੇ ਪੈਰਾਮੀਟਰ (ਸਮੇਤ ਢਾਂਚਾ ਤੇ ਪਾਠਕ੍ਰਮ) ਲਾਗੂ ਕਰਨ ਉੱਪਰ ਸਹਿਮਤੀ ਦਿੱਤੀ ਜਾ ਚੁੱਕੀ ਹੈ।

ਸਰਕਾਰੀ ਦਾਅਵੇ ਦੇ ਉਲਟ ਪੰਜਾਬ ਦੀ ਸਕੂਲੀ ਸਿੱਖਿਆ 'ਚ ਕੋਈ ਕ੍ਰਾਂਤੀਕਾਰੀ ਸੁਧਾਰ ਹੋਣ ਦੀ ਥਾਂ ਇਸ ਦਾ ਪੱਧਰ ਹੋਰ ਨਿਵਾਣ ਵੱਲ ਗਿਆ ਹੈ। ਉਂਝ ਵੀ ਸਿੱਖਿਆ ਢਾਂਚੇ 'ਚ ਵਿਗਿਆਨਕ ਸੁਧਾਰਾਂ ਦੀ ਮੰਗ ਉਥੋਂ ਦੇ ਆਰਥਿਕ ਤੇ ਸਮਾਜਿਕ ਢਾਂਚੇ ਵਿੱਚ ਲੋਕ ਪੱਖੀ ਤਬਦੀਲੀ ਨਾਲ ਜੁੜੇ ਸੰਘਰਸ਼ ਦਾ ਹਿੱਸਾ ਹੁੰਦੀ ਹੈ। ਇਸ ਕਰ ਕੇ ਕੌਮੀ ਸਿੱਖਿਆ ਨੀਤੀ ਪੰਜਾਬ ਵਿੱਚ ਲਾਗੂ ਕਰਨ 'ਤੇ ਰੋਕ ਲਗਾਉਣ, ਸਥਾਨਕ ਹਾਲਾਤ ਅਨੁਸਾਰ ਵਿਗਿਆਨਕ ਲੀਹਾਂ 'ਤੇ ਪੰਜਾਬ ਦੀ ਆਪਣੀ ਸਿੱਖਿਆ ਨੀਤੀ ਘੜਨ, ਸੱਤਾ ਦੇ ਵਧਦੇ ਕੇਂਦਰੀਕਰਨ ਦੀ ਥਾਂ ਰਾਜਾਂ ਦੇ ਵੱਧ ਅਧਿਕਾਰਾਂ ਨੂੰ ਮਾਨਤਾ ਦਿੰਦਿਆਂ ਸਿੱਖਿਆ ਨੂੰ ਸੰਵਿਧਾਨ ਦੀ ਰਾਜ ਸੂਚੀ ਵਿੱਚ ਦਰਜ ਕਰਨ ਅਤੇ ਸਿੱਖਿਆ ਵਿਭਾਗ ਦੇ ਸਾਰੇ ਅਹੁਦੇ ਸਿੱਖਿਆ ਸ਼ਾਸਤਰੀਆਂ ਨੂੰ ਸੌਂਪਣ ਦੀ ਮੰਗ ਲਈ ਸੰਘਰਸ਼ੀ ਲਾਮਬੰਦੀ ਕਰਨ ਦੇ ਨਾਲ-ਨਾਲ ਜਮਹੂਰੀ ਲਹਿਰ ਨੂੰ ਮਜ਼ਬੂਤ ਕਰਨਾ ਸਮੇਂ ਦੀ ਅਣਸਰਦੀ ਲੋੜ ਹੈ।

***

## ਆਪਣੇ ਆਪ 'ਚ ਕੋਈ ਗ਼ੈਰ-ਕਾਨੂੰਨੀ

ਸਾਫ਼ ਸ਼ਬਦਾਂ 'ਚ ਆਖੀਏ ਤਾਂ ਪਰਵਾਸ ਵਿਰੋਧੀ ਬਿਆਨਬਾਜ਼ੀ ਦੇ ਬਾਵਜੂਦ ਇਸ ਦਾ ਵੱਡਾ ਕਾਰਨ ਹੈ 'ਗਲੋਬਲ ਨੌਰਥ' ਵਿੱਚ ਸਸਤੀ ਲੇਬਰ ਦੀ ਲਗਾਤਾਰ ਲੋੜ, ਆਰਥਿਕ ਤੇ ਗਿਣਤੀ ਦੇ ਪੱਖ ਤੋਂ। ਮੇਰੇ ਮੁਲਕ ਫ਼ਰਾਂਸ ਨੂੰ ਹੀ ਲੈ ਲਓ, ਸਾਡੇ ਬਜ਼ੁਰਗਾਂ ਦਾ ਖਿਆਲ ਕੌਣ ਰੱਖਦਾ ਹੈ, ਹੋਟਲਾਂ ਦੇ ਕਮਰੇ, ਕੂੜਾ ਕੌਣ ਸਾਫ਼ ਕਰਦਾ ਤੇ ਚੁੱਕਦਾ ਹੈ, ਪੁਲ਼, ਸਕੂਲ, ਮਕਾਨ ਕੌਣ ਬਣਾਉਂਦਾ ਹੈ, ਸਾਡੇ ਆਰਡਰ ਕੌਣ ਡਿਲਿਵਰ ਕਰਦਾ ਹੈ? ਬੇਸ਼ੱਕ, ਪਰਦੇਸੀ ਤੇ ਇਨ੍ਹਾਂ ਵਿੱਚੋਂ ਬਹੁਤਿਆਂ ਕੋਲ ਢੁੱਕਵੇਂ ਕਾਗਜ਼ਾਤ ਨਹੀਂ ਹਨ। ਉਹ ਨਾ ਤਾਂ ਸਮਾਜਿਕ ਲਾਭਾਂ 'ਤੇ ਰਹਿਣ ਆਉਂਦੇ ਹਨ ਤੇ ਨਾ ਹੀ ਫ਼ਰਾਂਸੀਸੀਆਂ ਦੀਆਂ ਨੌਕਰੀਆਂ ਚੋਰੀ ਕਰਨ, ਜਿਵੇਂ ਕੱਟੜ ਸੱਜੇ ਪੱਖੀ ਕਹਿੰਦੇ ਰਹੇ।

ਫ਼ਿਰਤੂ ਹੋਣਾ ਕੋਈ ਅਪਰਾਧ ਨਹੀਂ। ਇਹ ਮਨੁੱਖ ਦੀ ਸੁਭਾਵਿਕ ਉਤੇਜਨਾ ਹੈ। ਕੌਮਾਂਤਰੀ ਸਰਹੱਦ ਉਲੰਘਣ ਦਾ ਮਤਲਬ ਇਹ ਨਹੀਂ ਹੋਣਾ ਚਾਹੀਦਾ ਕਿ ਕਿਸੇ ਤੋਂ ਉਸ ਦੇ ਬੁਨਿਆਦੀ ਹੱਕ ਅਤੇ ਅਣਖ ਖੋਹ ਲਈ ਜਾਵੇ। ਪਰਵਾਸੀ ਭਾਵੇਂ ਹੁਨਰਮੰਦ ਹੋਣ ਜਾਂ ਗ਼ੈਰ-ਹੁਨਰਮੰਦ, ਅਪਰਾਧੀ ਨਹੀਂ ਹਨ।

ਪਰਵਾਸੀਆਂ ਦੁਆਲੇ ਨਫ਼ਰਤੀ ਗ਼ੈਰ-ਮਾਨਵੀ ਬਿਰਤਾਂਤ ਸਿਰਜਣਾ ਕਈ ਪੱਛਮੀ ਮੁਲਕਾਂ ਵਿੱਚ ਆਮ ਜਿਹੀ ਗੱਲ ਹੋ ਗਈ ਹੈ। ਡੈਮੋਕਰੈਟ ਉਮੀਦਵਾਰ ਕਮਲਾ ਹੈਰਿਸ ਨਾਲ ਇੱਕ ਬਹਿਸ ਦੌਰਾਨ ਟਰੰਪ ਓਹਾਇਓ ਵਿੱਚ ਹੈਤੀ ਦੇ ਸ਼ਰਨਾਰਥੀਆਂ ਨੂੰ ਇਹ ਕਹਿਣ ਤੱਕ ਚਲੇ ਗਏ ਕਿ, ਉਹ ਉੱਥੇ ਰਹਿਣ ਵਾਲੇ ਲੋਕਾਂ ਦੇ ਪਾਲਤੂ ਜਾਨਵਰ ਖਾ ਰਹੇ ਹਨ।

ਕਈ ਪੈਰਵੀਕਾਰ ਗਰੁੱਪ ਤੇ ਲੋਕ ਪੱਛਮ 'ਚ ਇਸ ਬਿਆਨਬਾਜ਼ੀ ਦਾ ਵਿਰੋਧ ਕਰ ਰਹੇ ਹਨ ਤੇ ਦਲੀਲ ਦਿੰਦੇ ਹਨ ਕਿ ਸਰਹੱਦ 'ਤੇ ਲਾਗੂ ਕੀਤੀਆਂ ਜਾ ਰਹੀਆਂ ਨੀਤੀਆਂ ਪਰਵਾਸੀਆਂ ਲਈ ਵਿਨਾਸ਼ਕਾਰੀ ਹਨ, ਉਸ ਦੇਸ਼ ਨੂੰ ਵੀ ਮਹਿੰਗੀਆਂ ਪੈਣਗੀਆਂ ਜਿੱਥੇ ਉਹ ਆ ਰਹੇ ਹਨ ਤੇ ਆਖ਼ਿਰ ਅਸਰਹੀਣ ਹੋ ਜਾਣਗੀਆਂ ਕਿਉਂਕਿ ਖ਼ਤਰਿਆਂ ਦੇ ਬਾਵਜੂਦ, ਲੋਕ ਗਤੀਵਿਧੀ ਜਾਰੀ ਰੱਖਣਗੇ ਜਿਵੇਂ ਮਾਨਵੀ ਇਤਿਹਾਸ ਦੌਰਾਨ ਪਹਿਲਾਂ ਵੀ ਕਰਦੇ ਰਹੇ ਹਨ। ਪੰਜਾਬੀਆਂ ਦੇ ਮਾਮਲੇ 'ਚ ਸਮੂਹਿਕ ਪਰਵਾਸ ਬਰਤਾਨਵੀ ਸ਼ਾਸਨ ਨੇ ਆਪਣੇ ਫ਼ਾਇਦੇ ਲਈ ਸ਼ੁਰੂ ਕੀਤਾ ਤੇ ਕਰਵਾਇਆ ਸੀ। ਇਸ ਬਸਤੀਵਾਦੀ ਇੰਜਨੀਅਰੀ ਨੇ ਪਰਵਾਸ ਦਾ ਇੰਨਾ ਡੂੰਘਾ ਸੱਭਿਆਚਾਰ ਪੈਦਾ ਕਰ ਦਿੱਤਾ ਹੈ ਕਿ ਕੋਈ ਵੀ ਬੇਦਖ਼ਲੀ, ਸਰਹੱਦੀ ਨਿਯਮ ਅਤੇ ਕੰਧ ਇਸ ਨੂੰ ਜੜ੍ਹੋਂ ਖ਼ਤਮ ਨਹੀਂ ਕਰ ਸਕਣਗੇ।

***

## ਸੰਯੁਕਤ ਕਿਸਾਨ ਮੋਰਚਾ ਸੰਘਰਸ਼ ਵਾਪਸ ਲੈਣ

ਇਹ ਅੰਦੋਲਨ ਪੰਜਾਬ ਦੀ ਆਰਥਿਕਤਾ ਨੂੰ ਵੀ ਢਾਹ ਲਾ ਰਿਹਾ ਹੈ। ਇਸ ਨਾਲ ਪੰਜਾਬ ਵਿੱਚ ਨਿਵੇਸ਼ ਕਰਨ ਵਾਲੇ ਹੀ ਦੂਰ ਨਹੀਂ ਰਹਿ ਰਹੇ, ਸਗੋਂ ਪੰਜਾਬ ਦੇ ਆਪਣੇ ਉਦਯੋਗ ਵੀ ਪ੍ਰੇਸ਼ਾਨ ਹਨ ਤੇ ਨੁਕਸਾਨ ਸਹਿ ਰਹੇ ਹਨ। ਇਸੇ ਕਰਕੇ ਸਰਕਾਰਾਂ ਕਿਸਾਨਾਂ ਨੂੰ ਬਦਨਾਮ ਕਰਨ ਵਿੱਚ ਕਾਮਯਾਬ ਹਨ। ਕਿਸਾਨ ਪੱਖੀ ਲੋਕਾਂ ਦਾ ਕਹਿਣਾ ਹੈ ਕਿ ਕਿਸਾਨ ਲੀਡਰਸ਼ਿਪ ਇਨ੍ਹਾਂ ਮੁੱਦਿਆਂ ਬਾਰੇ ਮੰਥਨ ਕਰੇ ਅਤੇ ਆਪਣੀਆਂ ਗ਼ਲਤੀਆਂ ਤੇ ਕਮਜ਼ੋਰੀਆਂ ਨੂੰ ਖਿੜੇ ਮੱਥੇ ਸਵੀਕਾਰ ਕਰਦੀ ਹੋਈ ਦਰੁਸਤ ਕਦਮ ਉਠਾਏ, ਕਿਉਂਕਿ ਕੋਈ ਹੋਰ ਅਜਿਹੀ ਧਿਰ ਪਿੜ ਵਿੱਚ ਨਜ਼ਰ ਨਹੀਂ ਆ ਰਹੀ ਹੈ ਜੋ ਆਉਣ ਵਾਲੀਆਂ ਚੁਣੌਤੀਆਂ ਨਾਲ ਸਿੱਝਣ ਲਈ ਤਿਆਰ ਹੋਵੇ। ਕਿਸਾਨ ਜਥੇਬੰਦੀਆਂ ਆਪਣੀ ਲੜਾਈ ਲੜਨ ਲਈ ਨਵੇਂ ਰਾਹ ਤੇ ਤਰੀਕੇ ਸੋਚਣ ਜੋ ਪੰਜਾਬ ਦਾ ਨੁਕਸਾਨ ਨਾ ਕਰਨ। ਜੇ ਦਿੱਲੀ ਖਿਲਾਫ਼ ਮੁਜ਼ਾਹਰਾ ਕਰਨਾ ਹੀ ਹੈ ਤਾਂ ਇਕੱਠੇ ਹੋ ਕੇ ਹਿੱਕ ਦੇ ਜ਼ੋਰ ਜਾਣ ਦੀ ਕੀ ਲੋੜ ਹੈ? ਇਕੱਲੇ-ਇਕੱਲੇ ਪਹੁੰਚ ਕੇ ਵੀ ਤਾਂ ਉੱਥੇ ਇਕੱਠੇ ਹੋ ਕੇ ਰੋਸ ਮੁਜ਼ਾਹਰਾ ਕੀਤਾ ਜਾ ਸਕਦਾ ਹੈ। ਪੰਜਾਬ ਦੀਆਂ ਸੜਕਾਂ ਨੂੰ ਰੋਜ਼ ਬੰਦ ਕਰਨਾ ਠੀਕ ਨਹੀਂ।

ਪੰਜਾਬ ਦੇ ਸਾਰੇ ਸੰਸਦ ਮੈਂਬਰਾਂ ਨੂੰ ਚਾਹੀਦਾ ਹੈ ਕਿ ਪੰਜਾਬ ਦੀ ਹਾਲਤ ਸੁਧਾਰਨ ਲਈ ਪੰਜਾਬ ਦੇ ਮਸਲੇ ਤੇ ਕਿਸਾਨ ਮਸਲੇ ਪਾਰਲੀਮੈਂਟ ਵਿੱਚ ਜ਼ੋਰ ਨਾਲ ਉਠਾਉਣ ਲਈ ਆਪਸੀ ਸਹਿਮਤੀ ਨਾਲ ਮੀਟਿੰਗਾਂ ਕਰਕੇ ਕੋਈ ਘੱਟੋ-ਘੱਟ ਸਾਂਝਾ ਪ੍ਰੋਗਰਾਮ ਬਣਾਉਣ ਤੇ ਪਾਰਲੀਮੈਂਟ ਵਿੱਚ ਪੰਜਾਬ ਦੇ ਬਣਦੇ ਹੱਕ, ਪਾਕਿਸਤਾਨ ਨਾਲ ਪੰਜਾਬ ਰਾਹੀਂ ਵਪਾਰ ਖੋਲ੍ਹਣ, ਪੰਜਾਬ ਦੇ ਕਿਸਾਨਾਂ, ਪੰਜਾਬ ਦੇ ਸਰਹੱਦੀ ਪ੍ਰਾਂਤ ਹੋਣ ਕਾਰਨ ਪੰਜਾਬ ਨੂੰ ਕੋਈ ਵਿਸ਼ੇਸ਼ ਪੈਕੇਜ ਦੇਣ ਤੇ ਪੰਜਾਬ ਦੇ ਪਾਣੀਆਂ ਦੀ ਰਾਇਲਟੀ, ਚੰਡੀਗੜ੍ਹ ਤੇ ਹੋਰ ਮੁੱਦਿਆਂ ਦੀ ਖੁੱਲ੍ਹ ਕੇ ਗੱਲ ਕਰਨ। ਉਹ ਬਿਹਾਰ ਤੇ ਤਾਮਿਲਨਾਡੂ ਨੂੰ ਦਿੱਤੀ ਵਿਸ਼ੇਸ਼ ਆਰਥਿਕ ਮਦਦ ਵਾਂਗ ਪੰਜਾਬ ਲਈ ਵੀ ਮੰਗ ਤਾਂ ਉਠਾਉਣ।

***

## ਕੀ ਫ਼ਾਸ਼ੀਵਾਦ ਵੱਲ ਵੱਧ ਰਿਹੈ

ਵੀ-ਡੈਮ ਇੰਸਟੀਚਿਊਟ ਇਹ ਵੀ ਦੱਸਦਾ ਹੈ ਕਿ ਭਾਰਤ ਵਿੱਚ ਲੋਕਪ੍ਰਿਯਤਾ ਹੁਣ ਸ਼ਕਤੀ ਦੇ ਕੇਂਦਰੀਕਰਨ ਅਤੇ ਰਾਜਨੀਤਿਕ ਆਜ਼ਾਦੀਆਂ ਦੇ ਖੋਰੇ ਨਾਲ ਜੁੜੀ ਹੋਈ ਹੈ। ਇਸ ਰੁਝਾਨ ਕਾਰਨ ਚੋਣਾਂ ਲੋਕਤੰਤਰੀ ਭਾਗੀਦਾਰੀ ਦੀ ਥਾਂ ਸ਼ਕਤੀ ਦੇ ਕੇਂਦਰੀਕਰਨ ਦੇ ਬੋਲਬਾਲੇ ਦਾ ਦਬਾਅ ਵਧ ਜਾਂਦਾ ਹੈ। ਇਸ ਦੌਰਾਨ ਸਿਆਸੀ ਆਗੂ ਅਕਸਰ ਧਾਰਮਿਕ ਅਤੇ ਪਛਾਣ-ਅਧਾਰਿਤ ਰਾਜਨੀਤੀ ਦੀ ਵਰਤੋਂ ਬਹੁਗਿਣਤੀਵਾਦੀ ਭਾਵਨਾਵਾਂ ਨੂੰ ਜਗਾਉਣ ਲਈ ਕਰਦੇ ਹਨ ਤਾਂ ਜੋ ਸੱਤਾ ਵਿੱਚ ਆਪਣੀ ਸਥਿਤੀ ਨੂੰ ਮਜ਼ਬੂਤ ਕੀਤਾ ਜਾ ਸਕੇ ਅਤੇ ਚੋਣ ਨਤੀਜਿਆਂ ਨੂੰ ਪ੍ਰਭਾਵਿਤ ਕੀਤਾ ਜਾ ਸਕੇ। ਇਹ ਲੋਕਪ੍ਰਿਯ ਪਹੁੰਚ ਮੀਡੀਆ, ਨਿਆਂਪਾਲਿਕਾ ਅਤੇ ਸਿਵਲ ਸਮਾਜ ਵਰਗੀਆਂ ਸੰਸਥਾਵਾਂ ਦੀ ਮਰਿਯਾਦਾ ਨੂੰ ਕਮਜ਼ੋਰ ਕਰ ਰਹੀ ਹੈ, ਜੋ ਕਿ ਬਹੁਲਵਾਦੀ ਲੋਕਤੰਤਰ ਨੂੰ ਬਣਾਈ ਰੱਖਣ ਲਈ ਜ਼ਰੂਰੀ ਹਨ।

ਵੀ-ਡੈਮ ਰਿਪੋਰਟ ਭਾਰਤ ਵਿੱਚ ਪ੍ਰਗਟਾਵੇ ਦੀ ਆਜ਼ਾਦੀ, ਇਕੱਠ ਅਤੇ ਪ੍ਰੈਸ ਦੀ ਆਜ਼ਾਦੀ ਲਈ ਵਧ ਰਹੇ ਖਤਰਿਆਂ ਨੂੰ ਉਜਾਗਰ ਕਰਦੀ ਹੈ। ਪੱਤਰਕਾਰਾਂ, ਕਾਰਕੁਨਾਂ ਅਤੇ ਵਿਰੋਧੀ ਆਗੂਆਂ ਨੂੰ ਧਮਕੀਆਂ, ਪ੍ਰੇਸ਼ਾਨੀ ਅਤੇ ਡਰਾਉਣ-ਧਮਕਾਉਣ ਦਾ ਸਾਹਮਣਾ ਕਰਨਾ ਪੈ ਰਿਹਾ ਹੈ। ਸੱਤਾਧਾਰੀ ਪਾਰਟੀ 'ਤੇ ਅਸਹਿਮਤੀ ਨੂੰ ਦਬਾਉਣ ਦੇ ਗੰਭੀਰ ਦੋਸ਼ ਲਗਾਏ ਜਾ ਰਹੇ ਹਨ।

ਨਾਗਰਿਕ ਆਜ਼ਾਦੀਆਂ ਦੀ ਰੱਖਿਆ ਲਈ ਇੱਕ ਕਾਨੂੰਨੀ ਢਾਂਚਾ ਮੌਜੂਦ ਹੈ, ਪਰ ਇਹਨਾਂ ਕਾਨੂੰਨਾਂ ਨੂੰ ਲਾਗੂ ਨਹੀਂ ਕੀਤਾ ਜਾਂਦਾ, ਜਿਸ ਕਾਰਨ ਬਹੁਤ ਸਾਰੇ ਨਾਗਰਿਕ ਰਾਜ-ਪ੍ਰਯੋਜਿਤ ਜ਼ੁਲਮ ਤੇ ਅਨਿਆਂ ਦਾ ਸ਼ਿਕਾਰ ਹੋ ਜਾਂਦੇ ਹਨ। ਇਨ੍ਹਾਂ ਰੁਝਾਨਾਂ ਨੇ ਡਰ ਅਤੇ ਸਵੈ-ਸੈਂਸਰਸ਼ਿਪ ਦਾ ਮਾਹੌਲ ਪੈਦਾ ਕੀਤਾ ਹੈ। ਜ਼ਾਹਿਰ ਹੈ ਕਿ ਇਹ ਭਾਰਤ ਵਿੱਚ ਜਨਤਕ ਚਰਚਾ ਦੀ ਜੀਵੰਤਤਾ ਕਮਜ਼ੋਰ ਹੋ ਰਹੀ ਹੈ ਅਤੇ ਰਾਜਨੀਤਿਕ ਬਹਿਸ ਨੂੰ ਦਬਾਇਆ ਜਾ ਰਿਹਾ ਹੈ।

ਇਸ ਤੋਂ ਇਲਾਵਾ, ਰਾਜਨੀਤਿਕ ਤੌਰ 'ਤੇ ਪ੍ਰੇਰਿਤ ਹਿੰਸਾ, ਜੋ ਅਕਸਰ ਸੰਪਰਦਾਇਕਤਾ ਨਾਲ ਜੁੜੀ ਹੁੰਦੀ ਹੈ, ਨੇ ਇੱਕ ਅਜਿਹਾ ਮਾਹੌਲ ਬਣਾਇਆ ਹੈ ਜਿੱਥੇ ਸ਼ਕਤੀ ਦੇ ਕੇਂਦਰੀਕਰਨ ਦੇ ਹੱਕ ਵਿੱਚ ਲੋਕਤੰਤਰੀ ਨਿਯਮਾਂ ਨੂੰ ਨਕਾਰਿਆ ਜਾ ਰਿਹਾ ਹੈ। ਰਾਜਨੀਤੀ ਦੇ ਅਪਰਾਧੀਕਰਨ ਕਾਰਨ, ਅਪਰਾਧਿਕ ਪਿਛੋਕੜ ਵਾਲੇ ਸਿਆਸਤਦਾਨ ਵੀ ਸਜ਼ਾ ਤੋਂ ਬਚਣ ਦਾ ਫ਼ਾਇਦਾ ਉਠਾਉਂਦੇ ਹਨ। ਇਹ ਲੋਕਤੰਤਰੀ ਨਿਯਮਾਂ ਦੇ ਪਤਨ ਦਾ ਇੱਕ ਹੋਰ ਸੰਕੇਤ ਹੈ। ਵੀ-ਡੈਮ ਰਿਪੋਰਟ ਅਨੁਸਾਰ ਭਾਰਤ ਵਿੱਚ ਚੋਣ ਇਮਾਨਦਾਰੀ ਹਾਲ ਹੀ ਦੇ ਸਾਲਾਂ ਵਿੱਚ ਘਟਦੀ ਜਾ ਰਹੀ ਹੈ।

## ਮੇਰੀ ਅੱਜ ਦੀ ਦਿਹਾੜੀ

ਆਹ ਲੈ ਮਾਏ ਸਾਂਭ ਕੁੰਜੀਆਂ
ਧੀਆਂ ਕਰ ਚੱਲੀਆਂ ਸਰਦਾਰੀ।
ਉੱਥੇ ਅੰਮੜੀ ਵੀ ਜਾਣਦੀ ਅਤੇ ਮਹਿਸੂਸਦੀ ਹੈ ਕਿ ਕਿਸੇ ਦਾ ਵੀ ਕੋਈ ਦਾਅਵਾ ਨਹੀਂ। ਇਹ ਦਸਤੂਰ ਹੈ ਅਤੇ ਇਸ ਤਰ੍ਹਾਂ ਹੋਣਾ ਹੀ ਹੈ।
ਲਾਡੋ ਛੱਡ ਨੀਂ ਪੀੜ੍ਹੀ ਦਾ ਪਾਵਾ,
ਸਾਡਾ ਨਹੀਓਂ ਦਾਵਾ, ਦਾਵੇ ਵਾਲੇ ਲੈ ਨੀਂ ਚੱਲੇ।
ਡੋਲੀ ਤੁਰਨ ਸਮੇਂ ਵੀਰ ਡੋਲੀ ਨੂੰ ਧੱਕਾ ਲਗਾਉਂਦੇ ਹਨ। ਗੱਡੀ ਦੇ ਪਹੀਆਂ 'ਤੇ ਪਾਣੀ ਡੋਲ੍ਹਿਆ ਜਾਂਦਾ ਹੈ ਕਿਉਂਕਿ ਪੁਰਾਤਨ ਸਮੇਂ ਇਹ ਪਹੀਏ ਲੱਕੜੀ ਦੇ ਹੁੰਦੇ ਸਨ ਅਤੇ ਉਨ੍ਹਾਂ ਨੂੰ ਚੀਕਣ ਤੋਂ ਬਚਾਉਣ ਲਈ ਪਾਣੀ ਡੋਲ੍ਹਿਆ ਜਾਂਦਾ ਸੀ। ਇਹ ਵੀ ਹੋ ਸਕਦਾ ਹੈ ਕਿ ਕੱਚੇ ਰਾਹਾਂ ਦੀ ਮਿੱਟੀ ਨੂੰ ਡੋਲੀ ਦੇ ਅੰਦਰ ਜਾਣ ਤੋਂ ਰੋਕਣ ਲਈ ਪਾਣੀ ਡੋਲ੍ਹਿਆ ਜਾਂਦਾ ਹੋਵੇ। ਰਸਮ ਰੂਪ ਵਿੱਚ ਅੱਜ ਵੀ ਕਾਰ ਦੇ ਟਾਇਰਾਂ 'ਤੇ ਪਾਣੀ ਪਾਇਆ ਜਾਂਦਾ ਹੈ। ਲੜਕੇ ਦਾ ਪਿਓ ਇਸ ਸਮੇਂ ਡੋਲੀ ਤੋਂ ਪੈਸੇ ਵਾਰ ਕੇ ਸੁੱਟਦਾ ਹੈ। ਇਸ ਦਾ ਭਾਵ ਵਿਆਹੁਲੀ ਜੋੜੀ ਦੀ ਖ਼ੈਰ ਸੁੱਖ ਅਤੇ ਰੱਖਿਆ ਦੀ ਮੰਗ ਕਰਨਾ ਹੁੰਦਾ ਹੈ। ਪੈਸੇ ਵਾਰਨ ਤੋਂ ਇਹ ਭਾਵ ਹੁੰਦਾ ਹੈ ਕਿ ਉਸ ਨੂੰ ਜੋੜੀ ਨਾਲੋਂ ਮਾਇਆ ਉੱਪਰ ਨਹੀਂ ਹੈ। ਡੋਲੀ ਤੋਰ ਕੇ ਮਾਂਵਾਂ ਘਰ ਦੀ ਦੇਹਰੀ ਨੂੰ ਲਿੱਪਦੀਆਂ ਸਨ। ਉਸ ਘਰ ਨੂੰ ਪਵਿੱਤਰ ਮੰਨਿਆ ਜਾਂਦਾ ਹੈ ਜਿੱਥੋਂ ਕੰਨਿਆ ਦਾ ਦਾਨ ਕੀਤਾ ਗਿਆ ਹੈ।
ਅੱਜ ਸਮਾਂ ਬਹੁਤ ਬਦਲ ਗਿਆ ਹੈ। ਵਿਆਹ ਸ਼ਾਦੀਆਂ ਵਿੱਚ ਵਪਾਰਕ ਪੱਖ ਭਾਰੂ ਹੋ ਗਿਆ ਹੈ। ਪੁਰਾਣੇ ਸਮੇਂ ਡੋਲੀ ਸਮੇਂ ਲੜਕੀ ਦਾ ਰੋਣ ਧਰਤ ਨੂੰ ਕੰਬਾ ਦੇਣ ਵਾਲਾ ਹੁੰਦਾ ਸੀ। ਤਦ ਹੀ ਤਾਂ ਵਾਰਸ ਸ਼ਾਹ ਵੀ ਇਹੀ ਲਿਖਦਾ ਹੈ;
ਡੋਲੀ ਚੜ੍ਹਦਿਆਂ ਮਾਰੀਆਂ ਹੀਰ ਚੀਕਾਂ,
ਮੈਨੂੰ ਲੈ ਚਲੇ ਬਾਬਲਾ ਲੈ ਚਲੇ ਵੇ।
ਅੱਜ ਦੀ ਮੁਟਿਆਰ ਵਿਆਹ ਸਮੇਂ ਰੋਂਦੀ ਨਹੀਂ। ਇੱਕ ਕਾਰਨ ਤਾਂ ਇਹ ਹੈ ਕਿ ਉਸ ਭਾਵਨਾ ਵਿੱਚ ਵੀ ਕਮੀ ਆਈ ਹੈ। ਗੌਣ ਕਾਰਨ ਇਹ ਵੀ ਹੈ ਕਿ ਆਧੁਨਿਕ ਲੜਕੀ ਰੋ ਕੇ ਆਪਣਾ ਮੇਕਅਪ ਖ਼ਰਾਬ ਨਹੀਂ ਕਰਨਾ ਚਾਹੁੰਦੀ। ਅੱਜ ਵਿਛੋੜਾ ਵੀ ਪਹਿਲਾਂ ਵਾਂਗ ਨਹੀਂ ਰਿਹਾ, ਨਾ ਕੇਵਲ ਆਵਾਜਾਈ ਦੇ ਸਾਧਨਾਂ ਨੇ ਹੀ ਆਉਣਾ ਜਾਣਾ ਆਸਾਨ ਕਰ ਦਿੱਤਾ ਹੈ, ਸਗੋਂ ਇੱਕ ਲੜਕੀ ਵਿਆਹ ਤੋਂ ਬਾਅਦ ਵੀ ਮੋਬਾਈਲ ਰਾਹੀਂ ਹਰ ਰੋਜ਼ ਆਪਣੇ ਮਾਂ-ਬਾਪ ਦੇ ਸੰਪਰਕ ਵਿੱਚ ਰਹਿ ਸਕਦੀ ਹੈ। ਨਵੇਂ ਯੁੱਗ ਵਿੱਚ ਲੜਕੀਆਂ ਆਪ ਹੀ ਵਰ ਲੱਭਣ ਲੱਗੀਆਂ ਹਨ। ਅਜੋਕੀ ਦੀਆਂ ਲੋੜਾਂ ਦੇ ਸ਼ਿਕਾਰ ਅਸੀਂ ਵਿਆਹਾਂ 'ਤੇ ਬੇਅੰਤ ਖ਼ਰਚ ਕਰ ਰਹੇ ਹਾਂ। ਲੱਗਦਾ ਹੈ ਕਿ ਕੋਈ ਕੁਝ ਸਾਲਾਂ ਤੱਕ ਲੜਕੀ-ਲੜਕਾ ਸਿਰਫ਼ ਕੋਰਟ ਮੈਰਿਜ ਹੀ ਕਰਵਾਇਆ ਕਰਨਗੇ। ਮਾਂ-ਬਾਪ ਦਾ ਰੋਲ ਬਹੁਤ ਘਟ ਰਿਹਾ ਹੈ ਅਤੇ ਪੱਛਮੀ ਦੇਸ਼ਾਂ ਵਾਂਗ ਬਾਲਗ ਨੌਜਵਾਨ ਆਪਣੀ ਜ਼ਿੰਦਗੀ ਦੇ ਹਰ ਫ਼ੈਸਲੇ ਆਪ ਲੈ ਕੇ ਵਧੇਰੇ ਖ਼ੁਸ਼ ਅਤੇ ਸੰਤੁਸ਼ਟ ਹਨ। ਆਉਣ ਵਾਲੀਆਂ ਪੀੜ੍ਹੀਆਂ ਨੂੰ ਇਸ ਰਸਮ ਬਾਰੇ ਕਿਤਾਬਾਂ ਵਿੱਚੋਂ ਜਾਂ ਵੀਡੀਓਜ਼ ਵਿੱਚੋਂ ਹੀ ਪਤਾ ਲੱਗੇਗਾ, ਪਰ ਉਹ ਉਨ੍ਹਾਂ ਭਾਵਨਾਵਾਂ ਨੂੰ ਕਿਵੇਂ ਮਹਿਸੂਸ ਕਰਨਗੇ? ਜਿਉਂ ਜਿਉਂ ਭਾਵਨਾ ਖ਼ਤਮ ਹੁੰਦੀ ਜਾਏਗੀ, ਹੌਲੀ ਹੌਲੀ ਉਹ ਰਸਮ ਵੀ ਘਟਦੀ ਘਟਦੀ ਖ਼ਤਮ ਹੋ ਜਾਏਗੀ। ਅਜੋਕੇ ਵਿਆਹ ਪੈਲੇਸ ਵਿੱਚ ਹੁੰਦੇ ਹਨ, ਕਈ ਥਾਵਾਂ 'ਤੇ ਡੋਲੀ ਘਰੋਂ ਤੋਰਨ ਦੀ ਕੋਸ਼ਿਸ਼ ਜਾਰੀ ਹੈ, ਪਰ ਇਹ ਵੀ ਘਟ ਰਹੀ ਹੈ ਕਿਉਂਕਿ ਮੂਵੀ ਅਤੇ ਫੋਟੋਗ੍ਰਾਫੀ ਕਾਰਨ ਸਮਾਂ ਬਹੁਤ ਜ਼ਿਆਦਾ ਲੱਗ ਰਿਹਾ ਹੈ ਅਤੇ ਘਰ ਆਉਣ ਦਾ ਸਮਾਂ ਹੀ ਨਹੀਂ ਬਚਦਾ।

***

## ਸ੍ਰੀ ਅਕਾਲ ਤਖਤ ਸਾਹਿਬ

ਪੰਥ ਇਹ ਸਮਝਦਾ ਹੈ ਕਿ ਸ੍ਰੀ ਅਕਾਲ ਤਖ਼ਤ ਸਾਹਿਬ ਤੋਂ ਹੋਣ ਵਾਲਾ ਐਲਾਨ ਜਾਂ ਹੁਕਮਨਾਮਾ ਗੁਰੂ ਦੀ ਭਾਉ-ਭਾਵਨੀ ਅਤੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਰੌਸ਼ਨੀ ਵਿਚ ਹੋਣਾ ਚਾਹੀਦਾ ਹੈ। ਇਸ ਲਈ ਜਥੇਦਾਰ ਸਾਹਿਬਾਨ ਦੀ ਵੀ ਇਹ ਜ਼ਿੰਮੇਵਾਰੀ ਬਣ ਜਾਂਦੀ ਹੈ ਕਿ ਉਹਨਾਂ ਵੱਲੋਂ ਪੇਸ਼ ਕੀਤਾ ਜਾਣ ਵਾਲਾ ਹੁਕਮਨਾਮਾ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਵਿਚਾਰਧਾਰਾ ਅਤੇ ਗੁਰੂ ਸਾਹਿਬਾਨ ਅਤੇ ਗੁਰੂ ਪੰਥ ਦੁਆਰਾ ਸਥਾਪਿਤ ਕੀਤੀਆਂ ਗਈਆਂ ਮਰਯਾਦਾਵਾਂ ਦੇ ਅਨੁਸਾਰੀ ਹੋਵੇ। ਪਿਛੋਕੜ ਵਿੱਚ ਜਦੋਂ ਕਿਸੇ ਜਥੇਦਾਰ ਸਾਹਿਬ ਦਾ ਹੁਕਮਨਾਮਾ ਗੁਰਮਤਿ ਵਿਚਾਰਧਾਰਾ, ਪੰਥਕ ਪਰੰਪਰਾਵਾਂ ਅਤੇ ਮਰਯਾਦਾ ਦੀ ਰੌਸ਼ਨੀ ਵਿੱਚ ਸਾਹਮਣੇ ਨਹੀਂ ਆਇਆ ਤਾਂ ਉਸ ਨੂੰ ਪੰਥ ਦੇ ਵਿਰੋਧ ਕਾਰਨ ਵਾਪਸ ਲੈਣਾ ਪਿਆ ਹੈ।
ਕਈ ਵਾਰੀ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਅਧਿਕਾਰਾਂ ਨੂੰ ਲੈ ਕੇ ਮਤਭੇਦ ਵੀ ਸਾਹਮਣੇ ਆਉਂਦੇ ਰਹੇ ਹਨ ਅਤੇ ਇਸ ਸੰਬੰਧੀ ਅਕਾਲੀ ਆਗੂਆਂ ਅਤੇ ਵਿਦਵਾਨਾਂ ਵਿੱਚ ਵਿਚਾਰ ਚਰਚਾ ਵੀ ਦੇਖਣ ਨੂੰ ਮਿਲਦੀ ਹੈ। 1981 ਵਿੱਚ ਸੰਤ ਜਰਨੈਲ ਸਿੰਘ ਭਿੰਡਰਾਂਵਾਲਿਆਂ ਦਾ ਇਕ ਬਿਆਨ ਸਾਹਮਣੇ ਆਇਆ ਜਿਸ ਵਿੱਚ ਉਹਨਾਂ ਨੇ ਸਿੱਖ ਸਿਆਸਤਦਾਨਾਂ ਵੱਲੋਂ ਪੰਥਕ ਏਕਤਾ ਦੇ ਮੁੱਦੇ 'ਤੇ ਸ੍ਰੀ ਅਕਾਲ ਤਖ਼ਤ ਸਾਹਿਬ ਦਾ ਵਿਰੋਧ ਕਰਨ ਵਾਲਿਆਂ ਨੂੰ ਕਿਹਾ ਸੀ ਕਿ 'ਜਿਹੜੇ ਸਿੱਖ ਸਿਆਸਤਦਾਨ ਪੰਥਕ ਏਕਤਾ ਲਿਆਉਣ ਲਈ ਅਕਾਲ ਤਖ਼ਤ ਦੇ ਦਖਲ ਦੀ ਵਿਰੋਧਤਾ ਕਰਦੇ ਹਨ, ਉਹ 'ਅਸਲੀ ਸਿੱਖ' ਨਹੀਂ। ਕਿਸੇ ਸਿੱਖ ਨੂੰ ਕਿਸੇ ਵੀ ਕੀਮਤ 'ਤੇ ਅਕਾਲ ਤਖ਼ਤ ਅਤੇ ਇਸ ਦੇ ਜਥੇਦਾਰ ਦਾ ਸਨਮਾਨ ਨਹੀਂ ਘਟਾਉਣਾ ਚਾਹੀਦਾ।'
ਸ੍ਰੀ ਅਕਾਲ ਤਖ਼ਤ ਸਾਹਿਬ ਦਾ ਫ਼ੈਸਲਾ ਸਮੁੱਚੇ ਸਿੱਖ ਪੰਥ 'ਤੇ ਲਾਗੂ ਹੁੰਦਾ ਹੈ। ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਜਦੋਂ ਧਾਰਮਿਕ ਮਰਯਾਦਾ ਦੀ ਕਿਸੇ ਉਲਝਣ ਵਿੱਚ ਫਸ ਜਾਂਦੀ ਹੈ ਤਾਂ ਉਹ ਅੰਤਿਮ ਨਿਰਣੇ ਦਾ ਅਧਿਕਾਰ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਜਥੇਦਾਰ ਸਾਹਿਬ ਨੂੰ ਸੌਂਪ ਦਿੰਦੀ ਹੈ। ਸੰਸਾਰ ਭਰ ਵਿੱਚ ਵੱਸਦੇ ਸਿੱਖ ਵੀ ਪੰਥਕ ਮਸਲਿਆਂ ਸੰਬੰਧੀ ਸ੍ਰੀ ਅਕਾਲ ਤਖ਼ਤ ਸਾਹਿਬ ਕੋਲ ਪਹੁੰਚ ਕਰਦੇ ਹਨ। ਗੁਰਮਤਿ ਵਿਚਾਰਧਾਰਾ ਨੂੰ ਸਮਾਜਿਕ ਪੱਧਰ 'ਤੇ ਲਾਗੂ ਕਰਾਉਣ ਦੇ ਆਦੇਸ਼ ਵੀ ਜਥੇਦਾਰ ਸਾਹਿਬਾਨ ਰਾਹੀਂ ਕੀਤੇ ਜਾਂਦੇ ਹਨ ਜਿਵੇਂ 13 ਜੂਨ 1936 ਦੇ ਇੱਕ ਹੁਕਮਨਾਮੇ ਵਿੱਚ ਆਦੇਸ਼ ਕੀਤਾ ਗਿਆ ਹੈ, ਸਰਬੱਤ ਖਾਲਸਾ ਅਤੇ ਗੁਰਦੁਆਰਿਆਂ ਦੇ ਸੇਵਾਦਾਰਾਂ ਪ੍ਰਤੀ ਸ੍ਰੀ ਅਕਾਲ ਤਖ਼ਤ ਸਾਹਿਬ ਦਾ ਹੁਕਮ ਹੈ ਜੋ ਅੰਮ੍ਰਿਤਧਾਰੀ ਪ੍ਰਾਣੀ ਮਾਤ੍ਰ ਨਾਲ ਸੰਗਤ ਪੰਗਤ ਵਿੱਚ ਇਕੋ ਜਿਹਾ ਵਿਹਾਰ ਕਰਨਾ, ਪਿਛਲੀ ਜਾਤ ਪਾਤ ਨਹੀਂ ਪੁੱਛਣੀ, ਭਰਮ ਨਹੀਂ ਕਰਨਾ, ਇਹੋ ਹੀ ਗੁਰੂ ਜੀ ਦੀ ਆਗਿਆ ਹੈ। ਜੋ ਸਿਰ ਨਿਵਾਏਗਾ ਗੁਰੂ ਜੀ ਉਸ ਦੀ ਬਖ਼ਸ਼ੀ ਕਰਨਗੇ।
ਨਨਕਾਣਾ ਸਾਹਿਬ ਦੇ ਮਹੰਤ ਨਰੈਣ ਦਾਸ, ਨਕਲੀ ਨਿਰੰਕਾਰੀਆਂ, 1984 ਦੌਰਾਨ ਵਾਪਰੀਆਂ ਘਟਨਾਵਾਂ ਦੇ ਦੋਸ਼ੀਆਂ, ਰਾਜਨੀਤਿਕ ਆਗੂਆਂ ਸੰਬੰਧੀ ਜਥੇਦਾਰ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਆਦੇਸ਼ ਇਤਿਹਾਸ ਦੇ ਪੰਨਿਆਂ 'ਤੇ ਦਰਜ ਹਨ। ਜਥੇਦਾਰ ਸਾਹਿਬ ਨੂੰ ਪੂਰਨ ਅਧਿਕਾਰ ਹੁੰਦਾ ਹੈ ਕਿ ਕਿਸੇ ਵੀ ਮਸਲੇ ਸੰਬੰਧੀ ਫ਼ੈਸਲਾ ਕਰਨ ਤੋਂ ਪਹਿਲਾਂ ਉਹ ਕਿਸੇ ਕਮੇਟੀ ਦਾ ਸੁਝਾਉ ਲੈ ਸਕਦੇ ਹਨ, ਵਿਦਵਾਨਾਂ ਦੀ ਮੀਟਿੰਗ ਸੱਦ ਸਕਦੇ ਹਨ, ਦੂਜੇ ਸਿੰਘ ਸਾਹਿਬਾਨ ਨਾਲ ਮਸ਼ਵਰਾ ਕਰ ਸਕਦੇ ਹਨ ਅਤੇ ਮਸਲੇ ਦੀ ਗਹਿਰਾਈ ਅਤੇ ਗੰਭੀਰਤਾ ਨੂੰ ਦੇਖਦੇ ਹੋਏ ਅਖ਼ੀਰ ਸਰਬੱਤ ਖ਼ਾਲਸਾ ਵੀ ਬੁਲਾ ਸਕਦੇ ਹਨ। ਇਸ ਦ੍ਰਿਸ਼ਟੀ ਤੋਂ ਸ੍ਰੀ ਅਕਾਲ ਤਖ਼ਤ ਸਾਹਿਬ ਗੁਰਮਤਿ ਮਰਯਾਦਾ ਨੂੰ ਲਾਗੂ ਕਰਾਉਣ, ਪੰਥ ਵਿੱਚ ਏਕਤਾ ਲਈ ਯਤਨ ਕਰਨ ਅਤੇ ਸ਼ਰਨ ਆਏ ਨੂੰ ਗਲ ਨਾਲ ਲਾਉਣ ਵਾਲਾ ਕੇਂਦਰੀ ਸਥਾਨ ਹੈ।

***

## ਕਿਸਾਨਾਂ ਨੂੰ ਐਮ.ਐਸ.ਪੀ. ਦੇ ਕੇ ਕਰਜ਼

ਪੰਜਾਬ 'ਚ ਖੇਤੀਬਾੜੀ ਧੰਦੇ ਨੂੰ ਲਾਹੇਵੰਦ ਬਣਾ ਕੇ ਚੰਗਾ ਜੀਵਨ ਬਸਰ ਕਰਨ ਜੋਗੀ ਆਮਦਨ ਤੇ ਖੇਤੀ ਵਿੱਚ ਰੁਜ਼ਗਾਰ ਦਿੱਤਾ ਜਾ ਸਕਦਾ ਹੈ ਤਾਂ ਕਿ ਪੰਜਾਬੀਆਂ ਨੂੰ ਆਪਣੀ ਜਾਨ ਖ਼ਤਰੇ ਵਿੱਚ ਪਾ ਕੇ ਵਿਦੇਸ਼ਾਂ ਦਾ ਰਾਹ ਫੜਨ ਲਈ ਮਜਬੂਰ ਨਾ ਹੋਣਾ ਪਵੇ।
ਵਿਸ਼ਵ ਵਪਾਰ ਸੰਸਥਾ (ਡਬਲਿਊ.ਟੀ.ਓ.) ਦੇ ਦਬਾਅ ਥੱਲੇ ਆ ਕੇ ਭਾਰਤ ਸਰਕਾਰ ਖੇਤੀ ਸਬਸਿਡੀਆਂ ਨੂੰ ਖਤਮ ਕਰਨ ਤੇ ਖੇਤੀ ਨੂੰ ਕਾਰਪੋਰੇਟਾਂ ਦੇ ਹੱਥੀਂ ਸੌਂਪਣ ਲਈ ਕਾਹਲੀ ਪਈ ਹੋਈ ਹੈ। ਭਾਵੇਂ 2021 ਵਿੱਚ ਲੋਕ ਸੰਘਰਸ਼ ਦੇ ਦਬਾਅ ਹੇਠ ਤਿੰਨ ਕਾਲੇ ਖੇਤੀ ਕਾਨੂੰਨ ਵਾਪਸ ਲੈ ਲਏ ਗਏ ਸਨ, ਪਰ 2024 ਵਿੱਚ ਘੜੀ ਗਈ ਨਵੀਂ ਖੇਤੀ ਮੰਡੀਕਰਨ ਨੀਤੀ ਦਾ ਖਰੜਾ ਇਸੇ ਲੜੀ ਦਾ ਹਿੱਸਾ ਹੈ। ਹੁਣ ਜ਼ਰੂਰਤ ਹੈ ਕਿ ਕਿਸਾਨ ਕਮਿਸ਼ਨ ਵੱਲੋਂ ਤਿਆਰ ਕੀਤੀ ਗਈ ਪੰਜਾਬ ਦੀ ਨਵੀਂ ਖੇਤੀ ਨੀਤੀ ਨੂੰ ਲਾਗੂ ਕੀਤਾ ਜਾਵੇ, ਜਿਸ ਤਹਿਤ ਫ਼ਸਲ ਬੀਮਾ, ਮਜ਼ਦੂਰਾਂ ਲਈ ਰੁਜ਼ਗਾਰ ਵਧਾਉਣਾ, ਖੁਦਕੁਸ਼ੀ ਦਾ ਮੁਆਵਜ਼ਾ, ਕਿਸਾਨਾਂ ਨੂੰ ਪੈਨਸ਼ਨ ਦੇਣ ਦੇ ਨਾਲ-ਨਾਲ ਖੇਤੀ ਨੂੰ ਸਹਿਕਾਰਤਾ ਮਾਡਲ ਦੇ ਤਹਿਤ ਵਿਕਸਿਤ ਕੀਤੇ ਜਾਣ ਦੀ ਜ਼ਰੂਰਤ ਹੈ। ਕਿਸਾਨੀ ਦੀ ਦਸ਼ਾ, ਦੇਸ਼ ਦੇ ਅਰਥਚਾਰੇ ਦੀ ਡਾਵਾਂਡੋਲ ਸਥਿਤੀ ਅਤੇ ਕਿਸਾਨਾਂ ਦੇ ਰੋਹ ਨੂੰ ਸਮਝਦੇ ਹੋਏ ਕਿਸਾਨਾਂ/ਮਜ਼ਦੂਰਾਂ ਨੂੰ ਕਰਜ਼ੇ ਦੇ ਭਾਰ ਤੋਂ ਮੁਕਤ ਕਰਨਾ ਅੱਜ ਦੇ ਅਰਥਚਾਰੇ ਦੀ ਅਹਿਮ ਜ਼ਰੂਰਤ ਹੈ। ਇਸ ਦੇ ਨਾਲ ਹੀ ਕੇਂਦਰ ਸਰਕਾਰ ਨੂੰ ਵਿਸ਼ਵ ਵਪਾਰ ਸੰਸਥਾ ਤੇ ਕਾਰਪੋਰੇਟਾਂ ਦਾ ਹੱਥਕੰਡਾ ਬਣਨ ਤੋਂ ਗੁਰੇਜ਼ ਕਰਕੇ ਖੇਤੀ ਲਈ ਲੋਕ ਪੱਖੀ ਨੀਤੀਆਂ ਘੜਨੀਆਂ ਚਾਹੀਦੀਆਂ ਹਨ। ਕਿਸਾਨਾਂ ਨੂੰ ਫ਼ਸਲਾਂ ਲਈ ਐਮ.ਐਸ.ਪੀ. ਦੇ ਕੇ ਕਰਜ਼ੇ ਦੇ ਜਾਲ 'ਚੋਂ ਕੱਢਿਆ ਜਾਵੇ, ਤਾਂ ਜੋ ਦੇਸ਼ ਨੂੰ ਖ਼ੁਸ਼ਹਾਲੀ ਦੇ ਰਸਤੇ 'ਤੇ ਅੱਗੇ ਵਧਾਇਆ ਜਾ ਸਕੇ।

***

## ਸੀ.ਬੀ.ਐਸ.ਈ. ਦੁਆਰਾ ਪੰਜਾਬੀ ਨੂੰ ਪਾਠਕ੍ਰਮ

ਸੀ.ਬੀ.ਐਸ.ਈ. ਨੇ ਪ੍ਰੀਖਿਆਵਾਂ ਦੇ ਸੰਚਾਲਨ ਦੇ ਮਾਮਲੇ ਵਿੱਚ ਵਰਗੀਕਰਨ ਨੂੰ ਪੂਰੀ ਤਰ੍ਹਾਂ ਲੌਜਿਸਟਿਕਲ ਦੱਸਿਆ ਸੀ, ਪਰ ਸਮਝੇ ਜਾਂਦੇ ਵਿਤਕਰੇ ਦੀਆਂ ਵਾਰ-ਵਾਰ ਵਾਪਰ ਰਹੀਆਂ ਘਟਨਾਵਾਂ ਨੇ ਪੰਜਾਬੀ ਵਿਰੋਧੀ ਪੱਖਪਾਤ ਬਾਰੇ ਸ਼ੱਕ ਨੂੰ ਹੋਰ ਮਜ਼ਬੂਤ ਕੀਤਾ ਹੈ। ਇਹ ਵਿਵਾਦ ਰਾਸ਼ਟਰੀ ਸਿੱਖਿਆ ਨੀਤੀਆਂ ਵਿੱਚ ਖੇਤਰੀ ਭਾਸ਼ਾਵਾਂ ਲਈ ਰਸਮੀ ਸੁਰੱਖਿਆ ਦੀ ਤੁਰੰਤ ਲੋੜ ਨੂੰ ਉਜਾਗਰ ਕਰਦਾ ਹੈ। ਇੱਕ ਸੰਭਵ ਹੱਲ ਵਿਧਾਨਕ ਦਖਲਅੰਦਾਜ਼ੀ ਹੈ ਤਾਂ ਜੋ ਇਹ ਯਕੀਨੀ ਬਣਾਇਆ ਜਾ ਸਕੇ ਕਿ ਰਾਜ ਭਾਸ਼ਾਵਾਂ ਨੂੰ ਰਾਸ਼ਟਰੀ ਪਾਠਕ੍ਰਮ ਤੋਂ ਬਾਹਰ ਨਾ ਰੱਖਿਆ ਜਾ ਸਕੇ। ਤੇਲੰਗਾਨਾ ਵਰਗੇ ਰਾਜਾਂ ਨੇ ਪਹਿਲਾਂ ਹੀ ਸਕੂਲ ਸਿੱਖਿਆ ਵਿੱਚ ਤੇਲਗੂ ਨੂੰ ਸ਼ਾਮਲ ਕਰਨ ਲਈ ਕਾਨੂੰਨ ਲਾਗੂ ਕਰ ਦਿੱਤੇ ਹਨ, ਜਿਵੇਂ ਕਿ ਪੰਜਾਬੀ ਲਈ ਪੰਜਾਬ ਦੇ ਮਾਡਲ ਇਸ ਤੋਂ ਪਹਿਲਾਂ ਕਿ ਹਰੇਕ ਭਾਸ਼ਾ ਨੂੰ ਅਲੱਗ-ਥਲੱਗ ਕੀਤਾ ਜਾਵੇ, ਦਰਅਸਲ, ਪੰਜਾਬ ਦੇ ਮੁੱਖ ਮੰਤਰੀ ਨੂੰ ਸਮੂਹਿਕ ਤੌਰ 'ਤੇ ਇਸ ਲੜਾਈ ਨੂੰ ਛੇੜਨ ਲਈ ਸਾਰੇ ਗੈਰ-ਹਿੰਦੀ ਭਾਸ਼ੀ ਰਾਜਾਂ ਦੇ ਮੁੱਖ ਮੰਤਰੀਆਂ ਦਾ ਇੱਕ ਰਾਸ਼ਟਰੀ ਸੰਮੇਲਨ ਬੁਲਾਉਣਾ ਚਾਹੀਦਾ ਹੈ।
ਅੱਗੇ ਵਧਦੇ ਹੋਏ ਸੀ.ਬੀ.ਐਸ.ਈ. ਨੂੰ ਨੀਤੀਗਤ ਤਬਦੀਲੀਆਂ ਖਾਸ ਕਰਕੇ ਭਾਸ਼ਾ ਸਿੱਖਿਆ ਸੰਬੰਧੀ ਤਬਦੀਲੀਆਂ ਲਈ ਵਧੇਰੇ ਪਾਰਦਰਸ਼ੀ ਪਹੁੰਚ ਅਪਣਾਉਣੀ ਚਾਹੀਦੀ ਹੈ। ਰਾਜ ਸਰਕਾਰਾਂ, ਭਾਸ਼ਾਈ ਮਾਹਿਰਾਂ ਅਤੇ ਸਿਵਲ ਸੋਸਾਇਟੀ ਸੰਗਠਨਾਂ ਨਾਲ ਵਧੇਰੇ ਸਲਾਹ-ਮਸ਼ਵਰਾ ਕਰਕੇ ਅਜਿਹੀਆਂ ਗਲਤਫਹਿਮੀਆਂ ਨੂੰ ਰੋਕਣ ਅਤੇ ਖੇਤਰੀ ਭਾਸ਼ਾਵਾਂ ਨੂੰ ਉਚਿਤ ਮਾਨਤਾ ਪ੍ਰਾਪਤ ਕਰਨ ਵਿੱਚ ਮਦਦ ਕਰ ਸਕਦੀਆਂ ਹਨ।
ਪੰਜਾਬ ਲਈ ਇਹ ਐਪੀਸੋਡ ਸੰਸਥਾਗਤ ਵਿਧੀਆਂ ਨੂੰ ਮਜ਼ਬੂਤ ਕਰਨ ਲਈ ਇੱਕ ਜਾਗਣ ਦੀ ਘੰਟੀ ਵਜੋਂ ਕੰਮ ਕਰਦਾ ਹੈ ਜੋ ਇਸਦੀ ਭਾਸ਼ਾਈ ਵਿਰਾਸਤ ਦੀ ਰੱਖਿਆ ਕਰਦੇ ਹਨ। ਜੇਕਰ ਸੀ.ਬੀ.ਐਸ.ਈ. ਪੰਜਾਬ ਲਰਨਿੰਗ ਆਫ਼ ਪੰਜਾਬੀ ਐਂਡ ਅਦਰ ਲੈਂਗੂਏਜਜ਼ ਐਕਟ, 2008 ਦੀ ਪਾਲਣਾ ਕਰਨ ਤੋਂ ਇਨਕਾਰ ਕਰਦਾ ਹੈ, ਤਾਂ ਪੰਜਾਬ ਸਰਕਾਰ ਨੂੰ ਆਪਣੇ ਕਾਨੂੰਨੀ ਪ੍ਰਬੰਧਾਂ ਦੀ ਅਖੰਡਤਾ ਨੂੰ ਬਰਕਰਾਰ ਰੱਖਣ ਲਈ ਕਾਨੂੰਨੀ ਕਾਰਵਾਈ ਸ਼ੁਰੂ ਕਰਨ ਦੀ ਲੋੜ ਹੋ ਸਕਦੀ ਹੈ। ਸਿੱਖਿਆ ਪ੍ਰਣਾਲੀ ਵਿੱਚ ਪੰਜਾਬੀ ਦੇ ਸਹੀ ਸਥਾਨ ਲਈ ਲੜਾਈ ਅਜੇ ਖਤਮ ਨਹੀਂ ਹੋਈ ਹੈ, ਅਤੇ ਰਾਸ਼ਟਰੀ ਪਾਠਕ੍ਰਮ ਵਿੱਚ ਇਸਦੀ ਸਥਿਤੀ ਨੂੰ ਸੁਰੱਖਿਅਤ ਰੱਖਣ ਲਈ ਨਿਰੰਤਰ ਚੌਕਸੀ ਜ਼ਰੂਰੀ ਹੋਵੇਗੀ। ਜਿਸ ਭਾਸ਼ਾ ਨੇ ਮੁਗਲਾਂ, ਰਾਜਿਆਂ ਅਤੇ ਇੱਥੋਂ ਤੱਕ ਕਿ ਮਹਾਤਮਾ ਦਾ ਵੀ ਸਾਹਮਣਾ ਕੀਤਾ, ਉਸਨੂੰ, ਭਾਵੇਂ ਦੁਰਘਟਨਾ ਨਾਲ ਜਾਂ ਕਿਸੇ ਡਿਜ਼ਾਈਨ ਕਰਕੇ, ਭਾਰਤ ਸਰਕਾਰ ਦੇ ਉਦਾਸੀਨ ਨੌਕਰਸ਼ਾਹਾਂ ਦੇ ਹੱਥੋਂ ਪੰਜਾਬ ਵਿੱਚ ਖਤਮ ਹੋਣ ਦੀ ਇਜਾਜ਼ਤ ਨਹੀਂ ਦਿੱਤੀ ਜਾ ਸਕਦੀ।

***

## ਅਰਬਪਤੀਆਂ ਦੇ ਵੱਧ ਰਹੇ ਪ੍ਰਭਾਵ ਕਾਰਨ ਕਿਰਤੀਆਂ ਤੇ

ਕਾਰਪੋਰੇਟ ਮੀਡੀਆ ਵੱਲੋਂ ਇਸ ਮਾਮਲੇ ਦੀ ਅਣਦੇਖੀ ਕੀਤੀ ਜਾ ਰਹੀ ਹੈ। ਸਰਕਾਰੀ ਏਜੰਸੀਆਂ ਦਾ ਵਿਰੋਧੀ ਪਾਰਟੀਆਂ ਦੇ ਖ਼ਿਲਾਫ਼ ਦੁਰਉਪਯੋਗ ਹੋ ਰਿਹਾ ਹੈ ਪਰ ਕਾਰਪੋਰੇਟ ਮੀਡੀਆ ਚੁਪਚਾਪ ਬੇਧਿਆਨੀ ਨਾਲ ਮੂਕ ਦਰਸ਼ਕ ਬਣੀ ਬੈਠਾ ਹੈ। ਅਸਲ ਵਿੱਚ ਕਾਰਪੋਰੇਟ ਘਰਾਣਿਆਂ ਅਤੇ ਅਰਬਪਤੀਆਂ ਦਾ ਖਾਸਾ ਜਮਹੂਰੀਅਤ ਵਿਰੋਧੀ ਹੈ। ਇਹ ਜਮਾਤ ਪਬਲਿਕ ਸੈਕਟਰ ਵਿਰੋਧੀ ਵੀ ਹੈ। ਇਨ੍ਹਾਂ ਵੱਲੋਂ ਹੀ ਸਿਹਤ ਅਤੇ ਵਿੱਦਿਆ ਨੂੰ ਪ੍ਰਾਈਵੇਟ ਖੇਤਰ ਵਿੱਚ ਧੱਕਣ ਲਈ ਮਾਹੌਲ ਪੈਦਾ ਕੀਤਾ ਗਿਆ ਅਤੇ ਅਹਿਮ ਭੂਮਿਕਾ ਨਿਭਾਈ ਗਈ। ਇਨ੍ਹਾਂ ਦੇ ਬੁਨਿਆਦੀ ਮੁਫ਼ਾਦ ਸੰਵਿਧਾਨ ਅਤੇ ਗਣਤੰਤਰ ਦੀਆਂ ਕਦਰਾਂ-ਕੀਮਤਾਂ ਨਾਲ ਟਕਰਾਉਂਦੇ ਹਨ। ਇਨ੍ਹਾਂ ਅਰਬਪਤੀਆਂ ਨੂੰ ਦੇਸ਼ ਵਿੱਚ ਪਸਰੀ ਬੇਰੁਜ਼ਗਾਰੀ, ਗਰੀਬੀ ਅਤੇ ਬਿਮਾਰੀ ਅਤੇ ਲੋਕਾਂ ਦੇ ਖ਼ਿਲਾਫ਼ ਹੋ ਰਹੀ ਹਿੰਸਾ ਦਾ ਕੋਈ ਫ਼ਿਕਰ ਨਹੀਂ ਹੈ। ਇਸ ਕਰਕੇ ਜਮਹੂਰੀਅਤ ਅਤੇ ਸੰਵਿਧਾਨ ਨੂੰ ਬਚਾਉਣ ਦੇ ਕਾਰਜ ਵਾਸਤੇ ਜਮਹੂਰੀ ਲਹਿਰ ਕੋਲ ਸਰਕਾਰੀ ਨੀਤੀਆਂ ਦੇ ਨਾਲ-ਨਾਲ ਕਾਰਪੋਰੇਟ ਦੇ ਅਦਾਰਿਆਂ ਅਤੇ ਇਨ੍ਹਾਂ ਦੀ ਸੋਚ ਖ਼ਿਲਾਫ਼ ਵਿਚਾਰਧਾਰਕ ਅਤੇ ਸਿਆਸੀ ਲਹਿਰ ਉਸਾਰਨ ਤੋਂ ਬਗੈਰ ਹੋਰ ਕੋਈ ਰਸਤਾ ਨਹੀਂ ਹੈ।
ਦੇਸ਼ ਵਿੱਚ ਲੋਕਾਂ ਦੇ ਅਧਿਕਾਰਾਂ ਅਤੇ ਸ਼ਹਿਰੀ ਆਜ਼ਾਦੀਆਂ 'ਤੇ ਰੋਕਾਂ ਲਾਉਣ ਦੇ ਇਲਾਵਾ ਸੂਬਿਆਂ ਦੇ ਅਧਿਕਾਰਾਂ ਦੀ ਕਟੌਤੀ ਕਰਨ ਦੀ ਪ੍ਰਕਿਰਿਆ ਵਿੱਚ ਵੀ ਤੇਜ਼ੀ ਲਿਆਂਦੀ ਜਾ ਰਹੀ ਹੈ। ਖੇਤੀ ਉਤਪਾਦਨ ਅਤੇ ਮੰਡੀਕਰਨ ਦੇ ਕੰਮ ਨੂੰ ਸੂਬਿਆਂ ਤੋਂ ਖੋਹ ਕੇ ਕੇਂਦਰ ਸਰਕਾਰ ਦੀ ਨਿਗਰਾਨੀ ਵਿੱਚ ਪ੍ਰਾਈਵੇਟ ਕਾਰਪੋਰੇਟ ਸੈਕਟਰ ਨੂੰ ਦੇਣ ਦੀ ਕੋਸ਼ਿਸ਼ ਲਗਾਤਾਰ ਜਾਰੀ ਹੈ। ਕਾਨੂੰਨ ਵਿਵਸਥਾ ਵੀ ਸੂਬਿਆਂ ਤੋਂ ਅਸਿੱਧੇ ਤਰੀਕੇ ਨਾਲ ਖੋਹਣ ਦੀ ਕੋਸ਼ਿਸ਼ ਕੀਤੀ ਜਾ ਰਹੀ ਹੈ। ਪਹਿਲਾਂ ਅੰਤਰਰਾਸ਼ਟਰੀ ਬਾਰਡਰ ਦਾ ਘੇਰਾ 5 ਤੋਂ 10 ਕਿਲੋਮੀਟਰ ਤੱਕ ਹੁੰਦਾ ਸੀ, ਜਿਸ ਨੂੰ ਹੁਣ 50 ਕਿਲੋਮੀਟਰ ਕਰ ਦਿੱਤਾ ਗਿਆ ਹੈ। ਇਸ ਦੀ ਦੇਖਰੇਖ ਬਾਰਡਰ ਸਕਿਉਰਿਟੀ ਫ਼ੋਰਸ ਵੱਲੋਂ ਕੀਤੀ ਜਾਂਦੀ ਹੈ। ਯੂ.ਜੀ.ਸੀ. ਦੇ ਨਵੇਂ ਫ਼ੈਸਲੇ/ ਸਰਕੂਲਰ ਅਨੁਸਾਰ ਸੂਬਿਆਂ ਦੀਆਂ ਸਰਕਾਰੀ ਯੂਨੀਵਰਸਿਟੀਆਂ ਵਿੱਚ ਵਾਇਸ ਚਾਂਸਲਰ ਲਾਉਣ ਦਾ ਅਧਿਕਾਰ ਖੋਹਣ ਦਾ ਐਲਾਨ ਕਰ ਦਿੱਤਾ ਗਿਆ ਹੈ। ਇਹ ਨੋਟ ਕਰਨ ਵਾਲੀ ਗੱਲ ਹੈ ਕਿ ਇਨ੍ਹਾਂ ਯੂਨੀਵਰਸਿਟੀਆਂ ਦੇ ਵਿੱਤੀ ਸਾਧਨਾਂ ਦਾ ਪ੍ਰਬੰਧ ਤਾਂ ਸੂਬਿਆਂ ਦੀਆਂ ਸਰਕਾਰਾਂ ਵੱਲੋਂ ਕੀਤਾ ਜਾਵੇਗਾ ਪਰ ਇਨ੍ਹਾਂ ਦਾ ਕੰਟਰੋਲ ਕੇਂਦਰ ਸਰਕਾਰ ਕੋਲ ਤਬਦੀਲ ਹੋ ਜਾਵੇਗਾ। ਪਹਿਲਾਂ ਹੀ ਜੀ.ਐਸ.ਟੀ. ਲਾਗੂ ਕਰਨ ਨਾਲ ਸੂਬਿਆਂ ਦੇ ਵਿੱਤੀ ਸਾਧਨਾਂ ਤੋਂ ਸੂਬਿਆਂ ਦੀ ਖ਼ੁਦਮੁਖ਼ਤਿਆਰੀ ਲਗਭਗ ਖ਼ਤਮ ਕਰ ਦਿੱਤੀ ਗਈ ਹੈ। ਸੂਬਿਆਂ ਵਿੱਚ ਭਾਸ਼ਾ, ਸੱਭਿਆਚਾਰ, ਭੂਗੋਲਿਕ ਅਤੇ ਆਰਥਿਕ ਵਖਰੇਵੇਂ ਅਤੇ ਲੋੜਾਂ ਵੀ ਅਲੱਗ-ਅਲੱਗ ਹਨ। ਇਸ ਕਰਕੇ ਸੂਬਿਆਂ ਦੀਆਂ ਸਥਾਨਕ ਲੋੜਾਂ ਅਨੁਸਾਰ ਵਿਕਾਸ ਕਰਨ ਲਈ ਖ਼ੁਦਮੁਖ਼ਤਿਆਰੀ ਬਹੁਤ ਮਹੱਤਵਪੂਰਨ ਵਿਸ਼ਾ ਹੈ। ਇਸ ਨੂੰ ਕੇਵਲ ਖੇਤਰੀ ਪਾਰਟੀਆਂ ਹੀ ਸਮਝ ਸਕਦੀਆਂ ਹਨ ਅਤੇ ਬਚਾਅ ਸਕਦੀਆਂ ਹਨ। ਖੇਤਰੀ ਪਾਰਟੀਆਂ ਦਾ ਵਿਰੋਧ ਨਾ ਕੇਵਲ ਕੇਂਦਰੀ ਪਾਰਟੀਆਂ, ਸਗੋਂ ਕਾਰਪੋਰੇਟ ਕੰਪਨੀਆਂ ਵੀ ਕਰਦੀਆਂ ਹਨ। ਇਹ ਖੇਤਰੀ ਪਾਰਟੀਆਂ ਨੂੰ ਸਮਝਣ ਦੀ ਜ਼ਰੂਰਤ ਹੈ। ਖੇਤਰੀ ਪਾਰਟੀਆਂ ਦੀ ਹੋਂਦ ਜਿੱਥੇ ਸੂਬਿਆਂ ਦੀ ਖ਼ੁਦਮੁਖ਼ਤਿਆਰੀ ਵਾਸਤੇ ਜ਼ਰੂਰੀ ਹੈ, ਉੱਥੇ ਅਧਿਕਾਰਾਂ ਨੂੰ ਪਿੰਡਾਂ ਅਤੇ ਕਸਬਿਆਂ ਤੱਕ ਲਿਜਾਣ ਵਾਸਤੇ ਵੀ ਲਾਜ਼ਮੀ ਹੈ। ਇਹ ਤਾਂ ਹੀ ਸੰਭਵ ਹੈ ਜੇਕਰ ਖੇਤਰੀ ਪਾਰਟੀਆਂ ਦੇਸ਼ ਵਿੱਚ ਜਮਹੂਰੀਅਤ ਅਤੇ ਸੰਵਿਧਾਨ ਬਚਾਉਣ ਦੇ ਲਈ ਦੇਸ਼ ਪੱਧਰ 'ਤੇ ਇੱਕ ਸਾਂਝਾ ਮੁਹਾਜ਼ ਤਿਆਰ ਕਰਕੇ ਸੂਬਿਆਂ ਦੀ ਖ਼ੁਦਮੁਖ਼ਤਿਆਰੀ ਨੂੰ ਏਜੰਡੇ ਦੇ ਤੌਰ 'ਤੇ ਸਪੱਸ਼ਟ ਰੂਪ ਵਿੱਚ ਸਾਹਮਣੇ ਲਿਆਉਣ। ਖੇਤਰੀ ਪਾਰਟੀਆਂ ਇਹ ਕਾਰਜ ਮਜ਼ਬੂਤੀ ਨਾਲ ਤਾਂ ਹੀ ਕਰ ਸਕਣਗੀਆਂ ਜੇਕਰ ਉਹ ਦੇਸ਼ ਵਿੱਚ ਕਿਰਤੀਆਂ, ਕਿਸਾਨਾਂ ਅਤੇ ਮੱਧ ਵਰਗ ਦੀਆਂ ਜਥੇਬੰਦੀਆਂ ਨਾਲ ਤਾਲਮੇਲ ਕਰਨ ਅਤੇ ਉਨ੍ਹਾਂ ਦੇ ਅਧਿਕਾਰਾਂ 'ਤੇ ਹੋ ਰਹੇ ਹਮਲਿਆਂ ਵਿੱਚ ਮਿਹਨਤਕਸ਼ ਲੋਕਾਂ ਦਾ ਸਾਥ ਦੇਣ। ਦੇਸ਼ ਵਿੱਚ ਇਜਾਰੇਦਾਰ ਅਰਬਪਤੀਆਂ ਦੇ ਵੱਧ ਰਹੇ ਪ੍ਰਭਾਵ ਕਾਰਨ ਕਿਰਤੀਆਂ, ਕਿਸਾਨਾਂ ਅਤੇ ਆਮ ਲੋਕਾਂ ਦੇ ਅਧਿਕਾਰਾਂ ਨੂੰ ਸੀਮਤ ਕਰਕੇ ਕੇਂਦਰੀ ਪਾਰਟੀਆਂ ਸੂਬਿਆਂ ਦੀ ਖ਼ੁਦਮੁਖ਼ਤਿਆਰੀ ਨੂੰ ਖ਼ਤਮ ਕਰ ਰਹੀਆਂ ਹਨ। ਇਸ ਨਾਲ ਸੂਬਿਆਂ ਦੀਆਂ ਸਰਕਾਰਾਂ ਕਮਜ਼ੋਰ ਅਤੇ ਸ਼ਾਸਨ ਬੇਅਸਰ ਹੋ ਰਿਹਾ ਹੈ। ਸੂਬਿਆਂ ਦੇ ਕਮਜ਼ੋਰ ਹੋਣ ਨਾਲ ਨਿਸ਼ਚੇ ਹੀ ਦੇਸ਼ ਕਮਜ਼ੋਰ ਹੋਣ ਦੀ ਸੰਭਾਵਨਾ ਹੈ। ਖੇਤਰੀ ਪਾਰਟੀਆਂ ਇਹ ਕਾਰਜ ਮਜ਼ਬੂਤੀ ਨਾਲ ਤਾਂ ਹੀ ਕਰ ਸਕਦੀਆਂ ਹਨ ਜੇਕਰ ਉਹ ਸੰਘਰਸ਼ ਕਰ ਰਹੇ ਤਬਕਿਆਂ ਅਤੇ ਕਿਰਤੀਆਂ ਦਾ ਸਮਰਥਨ ਕਰਦੀਆਂ ਹਨ। ਇਵੇਂ ਹੀ ਲੋਕਾਂ ਦਾ ਵਿਸ਼ਵਾਸ ਤਾਂ ਹੀ ਮਜ਼ਬੂਤ ਹੋਵੇਗਾ, ਜੇਕਰ ਖੇਤਰੀ ਪਾਰਟੀਆਂ ਜਮਹੂਰੀਅਤ ਅਤੇ ਗਣਤੰਤਰ ਦੀਆਂ ਕਦਰਾਂ-ਕੀਮਤਾਂ 'ਤੇ ਪਹਿਰਾ ਦੇਣ ਲਈ ਵਚਨਬੱਧਤਾ ਆਮ ਨਾਗਰਿਕਾਂ ਤੱਕ ਲੈ ਕੇ ਜਾਂਦੀਆਂ ਹਨ।

***

## ਕੀ ਭਾਰਤ 2047 ਤੱਕ ਵਿਕਸਿਤ

ਇੱਥੇ ਇਹ ਵਰਨਣਯੋਗ ਹੈ ਕਿ ਚੋਣਵੇਂ ਵਿਕਸਿਤ ਦੇਸ਼ਾਂ ਨੂੰ ਵਿਸ਼ਵ ਵਿਆਪੀ ਭੁੱਖਮਰੀ ਸੂਚਕ ਦੇ ਸਰਵੇ 'ਚ ਸ਼ਾਮਿਲ ਨਹੀਂ ਕੀਤਾ ਜਾਂਦਾ, ਕਿਉਂਕਿ ਇਹ ਦੇਸ਼ ਭੁੱਖਮਰੀ ਦਾ ਸ਼ਿਕਾਰ ਨਹੀਂ ਹਨ, ਸਗੋਂ ਇਹ ਦੇਸ਼ ਖ਼ੁਰਾਕ ਸੁਰੱਖਿਅਤ ਹਨ। ਜਦੋਂ ਕਿ ਇਸ ਦੇ ਉਲਟ ਭਾਰਤ ਨੂੰ ਇਸ ਸਰਵੇ 'ਚ ਸ਼ਾਮਿਲ ਕੀਤਾ ਜਾਂਦਾ ਹੈ ਅਤੇ 2014 ਜਦੋਂ ਮੌਜੂਦਾ ਸਰਕਾਰ ਨੇ ਦੇਸ਼ ਦੀ ਵਾਗਡੋਰ ਸੰਭਾਲੀ ਤਾਂ ਉਦੋਂ ਦੇਸ਼ ਦਾ ਭੁੱਖਮਰੀ ਸੂਚਕ 28.2 ਅਤੇ ਦੁਨੀਆਂ ਦੇ ਦੇਸ਼ਾਂ 'ਚ ਦਰਜਾ 101ਵਾਂ ਸੀ ਅਤੇ 2022 'ਚ ਭੁੱਖਮਰੀ ਸੂਚਕ ਵਧ ਕੇ 29.1 ਹੋ ਗਿਆ ਅਤੇ ਦਰਜਾ ਹੋਰ ਪਿੱਛੇ ਖਿਸਕ ਕੇ 107ਵਾਂ 'ਤੇ ਪਹੁੰਚ ਗਿਆ। 2024 'ਚ ਇਸ ਦਾ ਭੁੱਖਮਰੀ ਸੂਚਕ 27.3 ਅਤੇ ਦਰਜਾ 105ਵਾਂ ਹੈ ਅਤੇ ਭਾਰਤ ਗੰਭੀਰ ਭੁੱਖਮਰੀ ਵਾਲੇ ਦੇਸ਼ਾਂ 'ਚ ਸ਼ਾਮਿਲ ਹੈ। ਗੁਆਂਢੀ ਦੇਸ਼ਾਂ ਪਾਕਿਸਤਾਨ, ਬੰਗਲਾਦੇਸ਼ ਅਤੇ ਸ੍ਰੀਲੰਕਾ ਦੇ ਭੁੱਖਮਰੀ ਸੂਚਕ ਅਤੇ ਦਰਜੇ ਭਾਰਤ ਨਾਲੋਂ ਕਿਤੇ ਵਧੀਆ ਹਨ। ਭਾਰਤ 'ਚ 1000 ਜਨਮੇ ਬੱਚਿਆਂ 'ਚੋਂ 25.8 ਦੀ ਜਨਮ ਵੇਲੇ ਹੀ ਮੌਤ ਹੋ ਜਾਂਦੀ ਹੈ, ਜਦੋਂ ਕਿ ਵਿਕਸਿਤ ਦੇਸ਼ਾਂ 'ਚ ਇਹ ਦਰ 1.7 ਤੋਂ 5.4 ਹੀ ਹੈ। ਸਾਡੇ ਦੇਸ਼ 'ਚ ਔਰਤ ਵਰਕਰਾਂ 'ਚੋਂ ਕੇਵਲ 24 ਪ੍ਰਤੀਸ਼ਤ ਹੀ ਕੰਮ ਕਰ ਰਹੀਆਂ ਹਨ। ਵਿਕਸਿਤ ਦੇਸ਼ਾਂ 'ਚ ਇਹ ਪ੍ਰਤੀਸ਼ਤ 41 ਤੋਂ 61 ਹੈ। ਭਾਰਤ 'ਚ ਆਰਥਿਕ ਨਾਬਰਾਬਰੀਆ, ਭਾਵ ਆਮਦਨ ਅਤੇ ਧਨ-ਦੌਲਤ 'ਚ, ਉੱਚੀ ਪੱਧਰ ਦੀਆਂ ਨਾਬਰਾਬਰੀਆਂ ਪਾਈਆਂ ਜਾਂਦੀਆਂ ਹਨ, ਜਦੋਂ ਕਿ ਵਿਕਸਿਤ ਦੇਸ਼ਾਂ 'ਚ ਨੀਵੇਂ ਪੱਧਰ ਦੀਆਂ ਨਾਬਰਾਬਰੀਆਂ ਹਨ।
ਉਪਰੋਕਤ ਵਿਸ਼ਲੇਸ਼ਣ ਅਤੇ ਤੱਥ ਸਪੱਸ਼ਟ ਕਰਦੇ ਹਨ ਕਿ ਭਾਵੇਂ ਭਾਰਤ 2047 ਤੱਕ ਕੁੱਲ ਘਰੇਲੂ ਪੈਦਾਵਾਰ ਦੇ ਹਿਸਾਬ ਨਾਲ ਦੁਨੀਆਂ ਦੀ ਸਭ ਤੋਂ ਵੱਡੀ ਅਰਥਵਿਵਸਥਾ ਵੀ ਬਣ ਜਾਵੇ। ਪਰ ਇਸ ਦੀ ਕੁੱਲ ਪ੍ਰਤੀ ਵਿਅਕਤੀ ਰਾਸ਼ਟਰੀ ਆਮਦਨ ਵਿਕਸਿਤ ਦੇਸ਼ਾਂ ਦੇ ਬਰਾਬਰ ਹੋਣੀ ਬਹੁਤ ਮੁਸ਼ਕਲ ਹੈ ਅਤੇ ਪੈਂਡਾ ਲੰਮਾ ਜਾਪਦਾ ਹੈ। ਜਿੱਥੋਂ ਤੱਕ ਵਿਕਸਿਤ ਦੇਸ਼ ਬਣਨ ਦੀ ਗੱਲ ਹੈ ਉਹ ਬਹੁਤ ਦੂਰ ਹੈ, ਕਿਉਂਕਿ ਅਰਥਵਿਵਸਥਾ ਦੇ ਮਹੱਤਵਪੂਰਨ ਆਰਥਿਕ, ਸਮਾਜਿਕ ਅਤੇ ਹੋਰ ਸੂਚਕ ਬਹੁਤ ਹੀ ਨੀਵੇਂ ਪੱਧਰ 'ਤੇ ਹਨ ਅਤੇ ਖ਼ਰਾਬ ਹਾਲਤ 'ਚ ਹਨ, ਇਨ੍ਹਾਂ ਨੂੰ ਏਨੇ ਘੱਟ ਸਮੇਂ 'ਚ ਵਿਕਸਿਤ ਦੇਸ਼ਾਂ ਦੇ ਬਰਾਬਰ ਕਰਨਾ ਸੌਖਾ ਨਹੀਂ ਹੈ, ਕਿਉਂਕਿ ਅਜਿਹਾ ਪਿਛਲੇ ਸਮੇਂ ਦੌਰਾਨ ਇਨ੍ਹਾਂ ਮਹੱਤਵਪੂਰਨ ਸੂਚਕਾਂ 'ਚ ਬਹੁਤ ਘੱਟ ਸੁਧਾਰ/ ਪ੍ਰਗਤੀ ਦੇ ਆਧਾਰ 'ਤੇ ਕਿਹਾ ਜਾ ਸਕਦਾ ਹੈ। ਸਿਆਸੀ ਪਾਰਟੀਆਂ ਅਤੇ ਨੇਤਾ ਆਰਥਿਕਤਾ ਸੰਬੰਧੀ ਸਿਆਸੀ ਬਿਆਨਬਾਜ਼ੀ ਕਰਕੇ ਸਿਆਸੀ ਲਾਹਾ ਖੱਟ ਕੇ ਚੋਣਾਂ ਜ਼ਰੂਰ ਜਿੱਤ ਸਕਦੇ ਹਨ, ਪਰ ਦੇਸ਼ ਨੂੰ ਭਵਿੱਖ 'ਚ ਵਿਕਸਿਤ ਦੇਸ਼ ਬਣਾਉਣ ਲਈ ਸਭ ਤੋਂ ਪਹਿਲਾਂ ਸਿਆਸੀ ਲੀਡਰਾਂ 'ਚ ਇੱਛਾ ਸ਼ਕਤੀ ਦਾ ਹੋਣਾ ਜ਼ਰੂਰੀ ਹੈ। ਆਰਥਿਕ ਅਤੇ ਹੋਰ ਨੀਤੀਆਂ ਨੂੰ ਅਮੀਰਾਂ, ਪੂੰਜੀਪਤੀਆਂ ਅਤੇ ਕਾਰਪੋਰੇਟਾਂ ਦੇ ਹਿੱਤਾਂ ਦੀ ਪੂਰਤੀ ਲਈ ਨਹੀਂ ਵਰਤਿਆ ਜਾਣਾ ਚਾਹੀਦਾ, ਸਗੋਂ ਨੀਤੀਆਂ ਨੂੰ ਆਮ ਲੋਕਾਂ ਖ਼ਾਸ ਕਰਕੇ ਦੱਬੇ ਕੁੱਚਲੇ ਲੋਕਾਂ ਦੇ ਹਿੱਤਾਂ ਦੀ ਪੂਰਤੀ ਲਈ ਵਰਤਿਆ ਜਾਣਾ ਚਾਹੀਦਾ ਹੈ। ਇੱਕ ਹੋਰ, ਮਹੱਤਵਪੂਰਨ ਸੂਚਕਾਂ ਨੂੰ ਵਿਕਸਿਤ ਦੇਸ਼ਾਂ ਦੇ ਬਰਾਬਰ ਕਰਨ ਲਈ ਸਰਕਾਰ ਨੂੰ ਲੰਮੇ ਸਮੇਂ ਤੱਕ ਇਨ੍ਹਾਂ ਖੇਤਰਾਂ, ਖ਼ਾਸ ਕਰਕੇ ਸਿੱਖਿਆ, ਸਿਹਤ ਅਤੇ ਲਾਭਕਾਰੀ ਰੁਜ਼ਗਾਰ, 'ਚ ਬਹੁਤ ਜ਼ਿਆਦਾ ਸਰਕਾਰੀ ਨਿਵੇਸ਼ ਕਰਨਾ ਪਵੇਗਾ, ਕਿਉਂਕਿ ਬਹੁਤੇ ਮਹੱਤਵਪੂਰਨ ਸੂਚਕ ਇਨ੍ਹਾਂ ਖੇਤਰਾਂ ਨਾਲ ਹੀ ਸੰਬੰਧਿਤ ਹਨ।

**

## ਵਿਦਿਆ ਵਿਚਾਰੀ

ਕਿਸੇ ਸਕੂਲ ਵਿੱਚ ਇੱਕ ਵਿਅਕਤੀ ਆਪਣੇ ਬੱਚੇ ਦਾ ਨੌਵੀਂ ਜਮਾਤ ਵਿੱਚ ਦਾਖਲਾ ਕਰਾਉਣ ਆਇਆ ਬੱਚਾ ਜਿਸ ਕੋਲ ਅੱਠਵੀਂ ਪਾਸ ਦਾ ਸਰਟੀਫ਼ਿਕੇਟ, ਜਿਸ ਵਿੱਚ ਉਹ ਵਧੀਆ ਅੰਕਾਂ ਵਿੱਚ ਪਾਸ ਹੋਇਆ ਸੀ, ਨਾਲ ਲੈ ਕੇ ਆਇਆ। ਜਦੋਂ ਉਹ ਨਵੇਂ ਸਕੂਲ ਵਿੱਚ ਦਾਖਲਾ ਲੈਣ ਸਮੇਂ ਨੌਵੀਂ ਜਮਾਤ ਦੇ ਇੰਚਾਰਜ ਅਧਿਆਪਕ ਨੇ ਨੌਵੀਂ ਦਾ ਦਾਖਲਾ ਫ਼ਾਰਮ ਭਰ ਕੇ ਵਿਦਿਆਰਥੀ ਅਤੇ ਉਸ ਦੇ ਪਿਤਾ ਨੂੰ ਦਸਤਖ਼ਤ ਕਰਨ ਲਈ ਕਿਹਾ ਤਾਂ ਵਿਦਿਆਰਥੀ ਦੇ ਪਿਤਾ ਨੇ ਤਾਂ ਦਾਖਲਾ ਫ਼ਾਰਮ ਉੱਤੇ ਦਸਤਖ਼ਤ ਕੀਤੇ ਜਦੋਂ ਕਿ ਵਿਦਿਆਰਥੀ ਕਹਿੰਦਾ ਕਿ ਮੈਂ ਅੰਗੂਠਾ ਲਗਾਵਾਂਗਾ, ਕਿਉਂਕਿ ਉਹ ਵਿਦਿਆਰਥੀ ਲਗਾਤਾਰ ਅੱਠ ਸਾਲ ਗੈਰਹਾਜ਼ਰ ਰਹਿਣ ਦੇ ਬਾਵਜੂਦ ਅੱਠ ਜਮਾਤਾਂ ਪਾਸ ਸੀ। ਅਜਿਹੇ ਅੱਠਵੀਂ ਪਾਸ ਹੋਣ ਦਾ ਕੀ ਲਾਭ? ਅਜਿਹੀਆਂ ਨੀਤੀਆਂ ਨਾਲ. ਇਹਨਾਂ ਨਾਲ ਕੀ ਭਲਾ ਹੋਵੇਗਾ?
ਬੋਰਡ ਦੀਆਂ ਕਲਾਸਾਂ ਦੇ ਪ੍ਰੀ- ਬੋਰਡ ਪੇਪਰ ਲੈਣੇ ਤਾਂ ਕਿਸੇ ਹੱਦ ਤੱਕ ਠੀਕ ਮੰਨੇ ਜਾ ਸਕਦੇ ਹਨ ਪ੍ਰੰਤੂ ਨੌਨ ਬੋਰਡ ਕਲਾਸਾਂ ਦੇ ਪ੍ਰੀ-ਬੋਰਡ ਪੇਪਰ ਲੈਣੇ ਭਲਾ ਕਿੱਥੋਂ ਦੀ ਸਿਆਣਪ ਹੈ?
ਪੇਪਰੋ- ਪੇਪਰ ਹੋਈ ਹੁਣ ਦੀ ਸਿੱਖਿਆ 'ਤੇ ਬਹੁਤ ਸੋਚ -ਸਮਝ ਕੇ ਵਿਚਾਰ ਕਰਨ ਦੀ ਜ਼ਰੂਰਤ ਹੈ। ਵਿਦਿਆਰਥੀਆਂ ਦੇ ਸਿੱਖਣ ਦਾ ਧਿਆਨ ਰੱਖ ਕੇ ਸਮੇਂ ਦਾ ਸਹੀ ਉਪਯੋਗ ਕਰਕੇ ਅਭਿਆਸ ਲਈ ਸਮਾਂ ਰੱਖ ਕੇ ਨੀਤੀਆਂ ਘੜਨੀਆਂ ਚਾਹੀਦੀਆਂ ਹਨ। ਜਿਨ੍ਹਾਂ ਵਿੱਚ ਉਹਨਾਂ ਦੀ ਸਰੀਰਕ ਕਸਰਤ ਦਾ ਵੀ ਧਿਆਨ ਰੱਖਿਆ ਜਾਵੇ ਤਾਂ ਜੋ ਵਿਦਿਆਰਥੀ ਦਾ ਸਰਵ -ਪੱਖੀ ਵਿਕਾਸ ਹੋ ਸਕੇ, ਕਿਉਂਕਿ ਤੰਦਰੁਸਤ ਸਰੀਰ ਵਿੱਚ ਹੀ ਤੰਦਰੁਸਤ ਦਿਮਾਗ ਰਹਿੰਦਾ ਹੈ। ਜਿਸ ਨਾਲ ਵਿਅਕਤੀ ਚੰਗੀ ਸੋਚ ਦਾ ਧਾਰਨੀ ਹੋ ਕੇ ਘਰ -ਪਰਿਵਾਰ ਅਤੇ ਸਮਾਜ ਲਈ ਉਪਯੋਗੀ ਬਣ ਸਕੇ ਨਾ ਕਿ ਦਿਨੋਂ ਦਿਨ ਗਿਰਾਵਟ ਵੱਲ ਜਾਵੇ।

ਰੋਜ਼ਾਨਾ ਦੇਸ਼-ਵਿਦੇਸ਼ ਦੇ ਰਾਜਨੀਤਕ, ਧਾਰਮਿਕ ਜਾਂ ਸੱਭਿਆਚਾਰਕ ਮੁੱਦਿਆਂ ਬਾਰੇ

# ਜਾਣੋ ਪਲ ਪਲ ਦੀ ਖਬਰ




ON

jus PUNJABI HD

sling

CREDIBILITY

RELIABILITY

## Minute to Minute Coverage of Punjab Elections

## Punjabi Super Pack

20 channels for only $25/month on

sling

SCAN ME TO SUBSCRIBE

Get 30% off ANY Pack for the first month! w/code: SLINGER854

To Subscribe Call: +1-718-752-9290

Visit: sling.com/juspunjabi

for advertisement & more information call: +1-718-752-9293

www.jusbroadcasting.com